
Mann Insurance Brokers, Inc.
Auto Home Business Worker Comp
COVERED CALIFORNIA
Free Enrollment
Easy Appointment
Deadline: Now April 30
-Travelers
-Progressive
-Fidelity Access
-Safeco-Victoria
-Fidelity Access
-Mapfre -GMAC
-Kemper Preferred
Gurdawar Singh Mann
Phone: 510-487-1000 Email: mann@ggiausa.com

License # 0D74334
Certified Agent


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2800 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrications & Additional Fees Apply.
800-914-1013 408-659-9400

COVERED CALIFORNIA
ਓਬਾਮਾ ਕੇਅਰ
ਇੰਸ਼ੋਰੈਂਸ ਕਰਵਾਓ, 2015 ਦੇ ਟੈਕਸ ਵਿਚ ਜ਼ੁਰਮਾਨੇ ਤੋਂ ਬਚੋ
ਹੁਣ 30 ਅਪਰੈਲ ਤੱਕ
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com

License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ

Sixteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 14, April 4, 2015 20451 N Plum Grove Rd., Palatine, IL 60074 Ph:847-359-0746, Fax:847-705-9388


ਸ਼ਿਕਾਗੋ ਵਿਚ 28 ਮਾਰਚ ਨੂੰ ਮਨਾਈ ਗਈ 'ਪੰਜਾਬ ਟਾਈਮਜ਼' ਦੀ 15ਵੀਂ ਵਰ੍ਹੇਗੰਢ ਮੌਕੇ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰ, ਚੀਫ ਗੈਸਟ ਡਾ. ਭੁਪਿੰਦਰ ਸਿੰਘ ਸੈਣੀ, ਸੰਪਾਦਕ ਅਮੋਲਕ ਸਿੰਘ ਜੰਮੂ (ਵੀਲ੍ਹ ਚੇਅਰ 'ਤੇ) ਅਤੇ ਹੋਰ ਮੁਅੱਜਜ਼ ਮਹਿਮਾਨ ਕੇਟ ਕੱਟਣ ਦੀ ਰਸਮ ਅਦਾ ਕਰਦੇ ਹੋਏ (ਰਿਪੋਰਟ ਅਗਲੇ ਅੰਕ ਵਿਚ)

# 84: ਫਿਰ ਟੁੱਟੀ ਇਨਸਾਫ ਦੀ ਉਮੀਦ

**ਨਵੀਂ ਦਿੱਲੀ (ਗੁਰਵਿੰਦਰ ਸਿੰਘ ਵਿਰਕ):** ਪਿਛਲੇ 30 ਸਾਲਾਂ ਤੋਂ ਇਨਸਾਫ ਦੀ ਉਡੀਕ ਵਿਚ ਬੈਠੇ 1984 ਸਿੱਖ ਕਤਲੇਆਮ ਪੀੜਤਾਂ ਦੀ ਉਮੀਦ ਇਕ ਵਾਰ ਫਿਰ ਟੁੱਟ ਗਈ ਹੈ। ਕਤਲੇਆਮ ਦੇ ਕੇਸ ਵਿਚ ਕਾਂਗਰਸ ਆਗੂ ਜਗਦੀਸ਼ ਟਾਈਟਲਰ ਨੂੰ ਲਗਾਤਾਰ ਤੀਜੀ ਵਾਰ ਕਲੀਨ ਚਿੱਟ ਦੇ ਦਿੱਤੀ ਹੈ। ਸੀ.ਬੀ.ਆਈ. ਨੇ ਦਿੱਲੀ ਦੀ ਅਦਾਲਤ ਵਿਚ ਇਸ ਕਾਂਗਰਸ ਆਗੂ ਖਿਲਾਫ ਚੱਲ ਰਹੇ ਕੇਸ ਨੂੰ ਬੰਦ ਕਰਨ ਲਈ ਕਿਹਾ ਹੈ। ਇਸ ਦੇ ਨਾਲ ਹੀ ਸੀ.ਬੀ.ਆਈ. ਵਲੋਂ ਚਾਰ ਮਹੀਨੇ ਬਾਅਦ ਇਸ ਰਿਪੋਰਟ ਦਾ ਖੁਲਾਸਾ ਕਰਨ 'ਤੇ ਸਵਾਲ ਖੜ੍ਹੇ ਹੋ ਗਏ

## ਜਗਦੀਸ਼ ਟਾਈਟਲਰ ਨੂੰ ਲਗਾਤਾਰ ਤੀਜੀ ਵਾਰ ਕਲੀਨ ਚਿੱਟ

ਹਨ। ਸੀ.ਬੀ.ਆਈ. ਨੇ ਕੇਸ ਬੰਦ ਕਰਨ ਦੀ ਰਿਪੋਰਟ ਪਿਛਲੇ ਸਾਲ 24 ਦਸੰਬਰ ਨੂੰ ਦਾਖ਼ਲ ਕੀਤੀ ਸੀ ਪਰ ਇਸ ਦਾ ਖੁਲਾਸਾ ਹੁਣ ਕੀਤਾ ਗਿਆ ਹੈ। ਦਿੱਲੀ ਦੀ ਇਕ ਅਦਾਲਤ ਨੇ ਕਲੋਜ਼ਰ ਰਿਪੋਰਟ ਬਾਰੇ ਸੁਣਵਾਈ ਲਈ ਭਾਵੇਂ 22 ਅਪਰੈਲ ਦੀ ਤਰੀਕ ਤੈਅ ਕੀਤੀ ਹੈ, ਪਰ ਕੋਈ ਸਬੂਤ ਨਾ ਹੋਣ ਦੇ ਦਾਅਵੇ ਕਾਰਨ ਪੀੜਤਾਂ ਵਿਚ ਨਿਰਾਸ਼ਾ ਫੈਲ ਗਈ ਹੈ।

ਸੀ.ਬੀ.ਆਈ. ਦਾ ਕਹਿਣਾ ਹੈ ਕਿ ਸੈਸ਼ਨ ਅਦਾਲਤ ਦੇ ਹੁਕਮਾਂ ਉਤੇ ਉਨ੍ਹਾਂ ਕੇਸ ਦੀ ਅੱਗੇ ਹੋਰ ਜਾਂਚ ਕੀਤੀ ਸੀ ਤੇ ਕੋਈ ਸਬੂਤ ਨਾ ਮਿਲਣ 'ਤੇ ਕੇਸ ਬੰਦ ਕਰਨ ਦੀ ਰਿਪੋਰਟ ਦਾਖ਼ਲ ਕੀਤੀ ਹੈ। ਅਪਰੈਲ 2013 ਵਿਚ ਸੈਸ਼ਨ ਅਦਾਲਤ ਨੇ ਸੀ.ਬੀ.ਆਈ. ਦੀ ਪਹਿਲੀ ਕਲੋਜ਼ਰ ਰਿਪੋਰਟ ਰੱਦ ਕਰਦਿਆਂ ਏਜੰਸੀ ਨੂੰ ਹੁਕਮ ਦਿੱਤਾ ਸੀ ਕਿ ਉਹ ਕੇਸ 'ਚ ਹੋਰ ਜਾਂਚ ਕਰੇ।


ਉਘੇ ਵਕੀਲ ਐਚ.ਐਸ. ਫੂਲਕਾ ਨੇ ਦੋਸ਼ ਲਾਇਆ ਹੈ

(ਬਾਕੀ ਸਫਾ 6 'ਤੇ)

# ਪਹਿਲੇ ਗੇੜ 'ਚ ਹੀ ਹਫ ਗਈ 'ਆਪ'

**ਨਵੀਂ ਦਿੱਲੀ:** ਜਨ ਲੋਕ ਪਾਲ ਅੰਦੋਲਨ ਤੋਂ ਸਿਆਸਤ ਵਿਚ ਤਹਿਲਕਾ ਮਚਾਉਣ ਵਾਲੀ ਆਮ ਆਦਮੀ ਪਾਰਟੀ (ਆਪ) ਆਪਸੀ ਕਲੇਸ਼ ਕਾਰਨ ਖਿਲਰਦੀ ਜਾ ਰਹੀ ਹੈ। ਕੌਮੀ ਕਾਰਜਕਾਰਨੀ ਕਮੇਟੀ ਵਿਚੋਂ ਕੱਢੇ ਯੋਗੇਂਦਰ ਯਾਦਵ ਤੇ ਪ੍ਰਸ਼ਾਂਤ ਭੂਸ਼ਨ ਨੂੰ ਹੁਣ ਪਾਰਟੀ ਦੇ ਬੁਲਾਰੇ ਦੇ ਅਹੁਦੇ ਤੋਂ ਵੀ ਲਾਂਭੇ ਕਰ ਦਿੱਤਾ ਗਿਆ ਹੈ। ਉਧਰ ਯਾਦਵ ਤੇ ਪ੍ਰਸ਼ਾਂਤ ਭੂਸ਼ਨ ਨੇ ਹੁਣ ਅਗਲੀ ਰਣਨੀਤੀ ਘੜਨ ਲਈ 14 ਅਪਰੈਲ ਨੂੰ ਡਾ. ਬੀ.ਆਰ. ਅੰਬੇਦਕਰ ਦੇ ਜਨਮ


ਯੋਗੇਂਦਰ ਯਾਦਵ


ਪ੍ਰਸ਼ਾਂਤ ਭੂਸ਼ਨ


ਦਿਵਸ ਮੌਕੇ ਸਮਰਥਕਾਂ ਦੀ ਮੀਟਿੰਗ ਬੁਲਾ ਲਈ ਹੈ ਜਿਸ ਵਿਚ ਨਵੀਂ ਪਾਰਟੀ ਬਣਾਉਣ ਉਪਰ ਵਿਚਾਰ ਕੀਤਾ ਜਾਵੇਗਾ।

ਸ੍ਰੀ ਯਾਦਵ ਨੇ ਦਾਅਵਾ ਕੀਤਾ ਹੈ ਕਿ ਉਸ ਖਿਲਾਫ ਕਾਰਵਾਈ ਕਰ ਕੇ ਲੋਕਤੰਤਰ ਦੀ ਹੱਤਿਆ ਕੀਤੀ ਗਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਪਾਰਟੀ ਨੇਤਾ ਨੇ ਮੀਟਿੰਗ ਦੌਰਾਨ ਬਾਊਂਸਰਾਂ ਰਾਹੀਂ ਮਾਰ-ਕੁਟਾਈ ਕਰਵਾਉਣ, ਗੁਪਤ ਮਤਦਾਨ ਨਾ ਕਰਵਾਉਣ ਤੇ ਦੂਜੀ ਧਿਰ ਨੂੰ ਬੋਲਣ ਦਾ ਕੋਈ ਵੀ ਮੌਕਾ ਨਾ ਦਿੱਤਾ। ਕਮੇਟੀ ਵਿਚੋਂ ਕੱਢੇ ਨੇਤਾਵਾਂ ਨੇ ਇਕ ਤਰ੍ਹਾਂ ਮੀਡੀਆ ਸਾਹਮਣੇ ਆਪਣਾ ਸ਼ਕਤੀ ਪ੍ਰਦਰਸ਼ਨ ਵੀ ਕੀਤਾ। ਇਨ੍ਹਾਂ ਨੇਤਾਵਾਂ ਨਾਲ ਭਾਵੇਂ ਬਹੁ-ਗਿਣਤੀ ਨਹੀਂ ਸੀ ਪਰ ਕੌਮੀ ਕਾਰਜਕਾਰਨੀ ਤੇ ਨੈਸ਼ਨਲ ਕੌਂਸਲ ਦੇ ਕੁਝ

(ਬਾਕੀ ਸਫਾ 6 'ਤੇ)

Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill
510-207-9067

Jassi Gill
CA DRE Lic.#01180969
CA DRE# 00966763

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Follow us on:
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

## ਆਰ.ਡੀ.ਐਕਸ. ਕੇਸ 'ਚ ਹਵਾਰਾ ਬਰੀ

**ਲੁਧਿਆਣਾ:** ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਦੇ ਦੋਸ਼ੀ ਤੇ ਬੱਬਰ ਖ਼ਾਲਸਾ ਦੇ ਖਾੜਕੂ ਜਗਤਾਰ ਸਿੰਘ ਹਵਾਰਾ ਨੂੰ ਲੁਧਿਆਣਾ ਵਿਚ ਆਰ.ਡੀ.ਐਕਸ. ਕੇਸ ਵਿਚ ਐਡੀਸ਼ਨਲ ਸੈਸ਼ਨ ਜੱਜ ਸੰਜੀਵ ਜੋਸ਼ੀ ਦੀ ਅਦਾਲਤ ਵੱਲੋਂ ਬਰੀ ਕਰ ਦਿੱਤਾ ਗਿਆ। ਉਸ ਨੂੰ ਵੀਡਿਓ ਕਾਨਫਰੰਸਿੰਗ ਰਾਹੀਂ ਤਿਹਾੜ ਜੇਲ੍ਹ ਦਿੱਲੀ ਤੋਂ ਪੇਸ਼ ਕੀਤਾ ਗਿਆ ਸੀ। ਹਵਾਰਾ ਵੱਲੋਂ ਵਕੀਲ ਜਸਪਾਲ ਸਿੰਘ ਮੰਝਪੁਰ ਪੇਸ਼ ਹੋਏ।




ਕੇਸ ਅਨੁਸਾਰ ਲੁਧਿਆਣਾ ਦੀ ਫੋਕਲ ਪੁਆਇੰਟ ਪੁਲਿਸ ਨੇ 28 ਜਨਵਰੀ 1995 ਨੂੰ ਜਗਤਾਰ ਸਿੰਘ ਹਵਾਰਾ ਨੂੰ 7 ਕਿਲੋ ਆਰ.ਡੀ.ਐਕਸ. ਅਤੇ 12 ਕਿਲੋ ਜੈਲੇਟੀਨ ਨਾਲ ਗ੍ਰਿਫ਼ਤਾਰ ਕੀਤਾ ਸੀ ਅਤੇ ਚਲਾਨ 1996 ਵਿਚ ਪੇਸ਼ ਕੀਤਾ ਗਿਆ। ਬਾਅਦ ਵਿਚ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਕੇਸ ਬੁੜੈਲ ਜੇਲ੍ਹ ਵਿਚ ਚੱਲਣ ਦਾ ਨੋਟੀਫਿਕੇਸ਼ਨ ਹੋਣ ਕਾਰਨ ਇਸ ਕੇਸ ਦੀ ਕਾਰਵਾਈ ਰੁਕ ਗਈ ਸੀ ਤੇ 30 ਮਾਰਚ 2011 ਨੂੰ ਹਵਾਰਾ ਖ਼ਿਲਾਫ਼ ਇਸ ਕੇਸ ਦਾ ਚਾਰਜ ਲਗਾਇਆ ਗਿਆ ਸੀ। ਇਸ ਕੇਸ ਵਿਚ ਜ਼ਿਲ੍ਹਾ ਮੈਜਿਸਟਰੇਟ ਦੇ ਅਹਿਲਮਦ ਪ੍ਰਭਜੀਤ ਸਿੰਘ, ਇੰਸਪੈਕਟਰ ਨਰਿੰਦਰਜੀਤ ਸਿੰਘ, ਇੰਸਪੈਕਟਰ ਗੁਰਿੰਦਰਜੀਤ ਸਿੰਘ, ਇੰਸਪੈਕਟਰ ਸ਼ਿਵ ਚਰਨ, ਅਸਿਸਟੈਂਟ ਸਬ-ਇੰਸਪੈਕਟਰ ਕੁਲਦੀਪ ਸਿੰਘ ਤੇ ਹੌਲਦਾਰ ਰਵਿੰਦਰ ਸਿੰਘ ਦੀਆਂ ਗਵਾਹੀਆਂ ਦਰਜ ਹੋਈਆਂ ਸਨ। ਇਸ ਕੇਸ ਸਬੰਧੀ ਹਵਾਰਾ ਨੂੰ ਪਿਛਲੀਆਂ ਤਰੀਕਾਂ 'ਤੇ ਸਿੱਧੇ ਰੂਪ ਵਿਚ ਹਾਜ਼ਰ ਨਾ ਕਰ ਕੇ ਵੀਡਿਓ ਕਾਨਫਰੰਸਿੰਗ ਰਾਹੀਂ ਪੇਸ਼ੀ ਭੁਗਤਾਈ ਜਾ ਰਹੀ ਸੀ।

## ਬਾਬਰੀ ਮਸਜਿਦ ਕੇਸ 'ਚ ਅਡਵਾਨੀ ਤੇ ਹੋਰਾਂ ਨੂੰ ਨੋਟਿਸ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 6 ਫਰਵਰੀ 1992 ਨੂੰ ਬਾਬਰੀ ਮਸਜਿਦ ਢਾਹੁਣ ਦੇ ਕੇਸ ਵਿਚ ਭਾਜਪਾ ਦੇ ਸੀਨੀਅਰ ਨੇਤਾ ਐਲ.ਕੇ. ਅਡਵਾਨੀ, ਉਮਾ ਭਾਰਤੀ, ਮੁਰਲੀ ਮਨੋਹਰ ਜੋਸ਼ੀ, ਰਾਜਸਥਾਨ ਦੇ ਰਾਜਪਾਲ ਕਲਿਆਣ ਸਿੰਘ ਤੇ ਹੋਰਨਾਂ ਖਿਲਾਫ ਅਪਰਾਧਕ ਸਾਜ਼ਿਸ਼ ਰਚਨ ਦੇ ਦੋਸ਼ ਨੂੰ ਹਟਾਉਣ ਦਾ ਵਿਰੋਧ ਕਰਨ ਵਾਲੀ ਪਟੀਸ਼ਨ ਉਪਰ ਉਨ੍ਹਾਂ ਪਾਸੋਂ ਜੁਆਬ ਮੰਗਿਆ ਹੈ। ਚੀਫ ਜਸਟਿਸ ਐਚ.ਐਲ. ਦੱਤੂ ਤੇ ਜਸਟਿਸ ਏ.ਕੇ. ਮਿਸ਼ਰਾ ਦੇ ਬੈਂਚ ਨੇ ਬਾਬਰੀ ਮਸਜਿਦ ਕੇਸ ਦੇ ਪਟੀਸ਼ਨਰ ਹਾਜੀ ਮਹਿਬੂਬ ਅਹਿਮਦ ਵੱਲੋਂ ਦਾਇਰ ਪਟੀਸ਼ਨ ਉਪਰ ਭਾਜਪਾ ਨੇਤਾਵਾਂ ਅਤੇ ਸੀ.ਬੀ.ਆਈ. ਤੋਂ ਚਾਰ ਹਫਤਿਆਂ ਦੇ ਅੰਦਰ-ਅੰਦਰ ਜਵਾਬ ਮੰਗਿਆ ਹੈ। ਪਟੀਸ਼ਨ ਵਿਚ ਦੋਸ਼ ਲਾਇਆ ਗਿਆ ਹੈ ਕਿ ਕੇਂਦਰ ਵਿਚ ਸਰਕਾਰ ਬਦਲਣ ਨਾਲ ਸੀ.ਬੀ.ਆਈ. ਆਪਣਾ ਰੁਖ ਨਰਮ ਕਰ ਸਕਦੀ ਹੈ।

ਇਸ ਤੋਂ ਪਹਿਲਾਂ ਸੀ.ਬੀ.ਆਈ. ਬਾਬਰੀ ਮਸਜਿਦ ਡੇਗਣ ਵਾਲੇ ਕੇਸ ਵਿਚ ਅਡਵਾਨੀ ਤੇ 20 ਹੋਰਨਾਂ ਖਿਲਾਫ ਸਾਜ਼ਿਸ਼ ਰਚਨ ਦੇ ਦੋਸ਼ਾਂ ਨੂੰ ਹਟਾਉਣ ਸਬੰਧੀ ਅਲਾਹਾਬਾਦ ਹਾਈ ਕੋਰਟ ਦੇ ਫੈਸਲੇ ਖਿਲਾਫ ਸੁਪਰੀਮ ਕੋਰਟ ਗਈ ਸੀ। ਸੀ.ਬੀ.ਆਈ. ਨੇ ਹੁਣ ਕੇਸ ਦੀ ਸੁਣਵਾਈ ਦੌਰਾਨ ਅਪੀਲ ਦਾਇਰ ਕਰਨ ਵਿਚ ਹੋਈ ਦੇਰੀ ਸਬੰਧੀ ਤਾਜ਼ਾ ਹਲਫਨਾਮਾ ਦਾਇਰ ਕਰਨ ਲਈ ਸਮਾਂ ਮੰਗਿਆ ਹੈ। ਅਦਾਲਤ ਨੇ ਜਾਂਚ ਏਜੰਸੀ ਦੀ ਅਰਜ਼ੀ ਮਨਜ਼ੂਰ ਕਰਦਿਆਂ ਉਸ ਨੂੰ ਜੁਆਬ ਦੇਣ ਲਈ 4 ਹਫਤਿਆਂ ਦਾ ਸਮਾਂ ਦਿੱਤਾ ਹੈ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਅਲਾਹਬਾਦ ਹਾਈ ਕੋਰਟ ਦੇ ਹੁਕਮ ਖਿਲਾਫ ਅਪੀਲ ਦਰਜ ਕਰਨ ਵਿਚ ਦੇਰੀ ਲਈ ਸੀ.ਬੀ.ਆਈ. ਦੀ ਖਿਚਾਈ ਕੀਤੀ।



ਐਲ ਕੇ ਅਡਵਾਨੀ

ਸੀ.ਬੀ.ਆਈ. ਨੇ ਹਾਈ ਕੋਰਟ ਵੱਲੋਂ 21 ਮਈ 2010 ਨੂੰ ਸੁਣਾਏ ਗਏ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਸੀ। ਹਾਈ ਕੋਰਟ ਨੇ ਨੇਤਾਵਾਂ ਖਿਲਾਫ ਦੋਸ਼ ਹਟਾਉਣ ਦੇ ਵਿਸ਼ੇਸ਼ ਅਦਾਲਤ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਸੀ। ਹਾਈ ਕੋਰਟ ਨੇ ਆਪਣੇ ਫੈਸਲੇ ਵਿਚ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਦੇ ਉਸ ਫੈਸਲੇ ਨੂੰ ਬਰਕਰਾਰ ਰੱਖਿਆ ਸੀ ਜਿਸ ਵਿਚ ਅਡਵਾਨੀ, ਕਲਿਆਣ ਸਿੰਘ, ਉਮਾ ਭਾਰਤੀ, ਵਿਨੈ ਕਟਿਆਰ ਤੇ ਮੁਰਲੀ ਮਨੋਹਰ ਜੋਸ਼ੀ ਉਪਰ ਲੱਗੇ ਸਾਜ਼ਿਸ਼ ਰਚਨ ਦੇ ਦੋਸ਼ਾਂ ਨੂੰ ਹਟਾ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਸਤੀਸ਼ ਪ੍ਰਧਾਨ, ਸੀ.ਆਰ. ਬਾਂਸਲ, ਅਸ਼ੋਕ ਸਿੰਘਲ, ਗਿਰੀਰਾਜ ਕਿਸ਼ੋਰ, ਸਾਧਵੀ ਰਿਤੰਭਰਾ, ਵੀ.ਐਚ. ਡਾਲਮੀਆ, ਮਹੰਤ ਅਵੈਧਨਾਥ, ਵੀ.ਆਰ. ਵੇਦਾਂਤੀ, ਪਰਮ ਹੰਸ ਰਾਮ ਚੰਦਰ ਦਾਸ, ਜਗਦੀਸ਼ ਮੁਨੀ ਮਹਾਰਾਜ, ਬੀ.ਐਲ. ਸ਼ਰਮਾ, ਨਰਿਤਿਆ ਗੋਪਾਲ ਦਾਸ, ਧਰਮ ਦਾਸ, ਸਤੀਸ਼ ਕੁਮਾਰ ਤੇ ਮੋਰੇਸ਼ਵਰ ਸਾਵੇ ਖਿਲਾਫ ਵੀ ਦੋਸ਼ ਹਟਾ ਦਿੱਤੇ ਗਏ ਸਨ। ਬਾਲ ਠਾਕਰੇ ਦੀ ਮੌਤ ਕਾਰਨ ਉਨ੍ਹਾਂ ਦਾ ਨਾਮ ਮੁਲਜ਼ਮਾਂ ਵਿਚੋਂ ਕੱਟ ਦਿੱਤਾ ਗਿਆ ਸੀ।

## ਨਸ਼ੇੜੀਆਂ ਦੇ ਇਲਾਜ ਲਈ ਦਿੱਤਾ ਦਾਨ ਵਿਵਾਦ ਵਿਚ ਘਿਰਿਆ

**ਬਠਿੰਡਾ:** ਪਾਵਰਕੌਮ ਵੱਲੋਂ ਨਸ਼ੇੜੀਆਂ ਦੇ ਇਲਾਜ ਲਈ ਦਿੱਤਾ 25 ਕਰੋੜ ਰੁਪਏ ਦਾ ਦਾਨ ਵਿਵਾਦਾਂ ਵਿਚ ਘਿਰ ਗਿਆ ਹੈ। ਪੰਜਾਬ ਸਰਕਾਰ ਨੂੰ ਖੁਸ਼ ਕਰਨ ਲਈ ਪਾਵਰਕੌਮ ਨੇ ਪ੍ਰਬੰਧਕੀ ਬੋਰਡ ਨੇ ਇਹ ਕਦਮ ਚੁੱਕਿਆ ਸੀ ਪਰ ਹੁਣ ਇਹ ਉਲਟਾ ਪੈਂਦਾ ਨਜ਼ਰ ਆ ਰਿਹਾ ਹੈ। ਪਾਵਰਕੌਮ ਦੀਆਂ ਮੁਲਾਜ਼ਮ ਧਿਰਾਂ ਨੇ ਵੀ ਇਸ ਦਾ ਨੋਟਿਸ ਲਿਆ ਹੈ। ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਤਾਜ਼ਾ ਰਿਪੋਰਟ ਵਿਚ ਪਾਵਰਕੌਮ ਦੇ ਇਸ ਦਾਨ 'ਤੇ ਕਿੰਤੂ-ਪ੍ਰੰਤੂ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੰਜਾਬ ਮੰਡੀ ਬੋਰਡ ਨੇ ਇਸ ਫੰਡ ਲਈ 24 ਕਰੋੜ ਰੁਪਏ ਵੱਖਰੇ ਤੌਰ 'ਤੇ ਦਿੱਤੇ ਹਨ।

ਪੰਜਾਬ ਸਰਕਾਰ ਨੇ ਕੈਂਸਰ ਪੀੜਤਾਂ ਅਤੇ ਨਸ਼ੇੜੀਆਂ ਦੇ ਇਲਾਜ ਲਈ 'ਪੰਜਾਬ ਸਟੇਟ ਕੈਂਸਰ ਐਂਡ ਡਰੱਗ ਐਡੀਕਸ਼ਨ ਟਰੀਟਮੈਂਟ ਇਨਫ੍ਰਾਸਟਰਕਚਰ ਫੰਡ ਐਕਟ 2013' ਸਥਾਪਤ ਕੀਤਾ ਸੀ ਜਿਸ ਤਹਿਤ ਕਾਫੀ ਅਦਾਰਿਆਂ 'ਤੇ ਇਸ ਫੰਡ ਤਹਿਤ ਸੈੱਸ ਲਾਇਆ ਗਿਆ ਸੀ। ਇਸ ਐਕਟ ਦੀ ਧਾਰਾ (ਸੀ) ਦੇ ਅਨੁਸਾਰ ਪੰਜਾਬ ਰਾਜ ਦੇ ਬੋਰਡ, ਕਾਰਪੋਰੇਸ਼ਨ, ਅਪੈਕਸ ਕੋਆਪਰੇਟਿਵ, ਲੋਕਲ ਬਾਡੀਜ਼, ਨਗਰ ਸੁਧਾਰ ਟਰੱਸਟ ਅਤੇ ਪੰਚਾਇਤੀ ਰਾਜ ਸੰਸਥਾਵਾਂ ਆਪਣੀ ਆਮਦਨ ਦਾ ਦੋ ਫੀਸਦੀ ਜਾਂ ਇਸ ਤੋਂ ਵੱਧ ਹਿੱਸਾ ਫੰਡ ਲਈ ਦੇ ਸਕਦੀਆਂ ਹਨ। ਸ਼ਰਤ ਇਹ ਹੈ ਕਿ ਉਹ ਅਦਾਰੇ ਜਾਂ ਬੋਰਡ ਘਾਟੇ ਵਿਚ ਨਹੀਂ ਹੋਣੇ ਚਾਹੀਦੇ ਹਨ।

ਆਡਿਟ ਇਤਰਾਜ਼ ਹੈ ਕਿ ਪਾਵਰਕੌਮ ਨੇ ਘਾਟੇ ਦੇ ਬਾਵਜੂਦ 25 ਕਰੋੜ ਰੁਪਏ ਸਰਕਾਰ ਨੂੰ ਦਾਨ ਵਜੋਂ ਦਿੱਤੇ ਹਨ। ਇਸ ਤੋਂ ਇਲਾਵਾ ਕੰਪਨੀ ਐਕਟ 1956 ਦੀ ਧਾਰਾ 293 (1) (ਈ) ਅਨੁਸਾਰ ਪਬਲਿਕ ਕੰਪਨੀ ਦਾ ਪ੍ਰਬੰਧਕੀ ਮੰਡਲ ਉਸ ਕੰਮ ਲਈ ਦਾਨ ਜਾਂ ਹੋਰ ਫੰਡ ਨਹੀਂ ਦੇ ਸਕਦਾ ਜੋ ਉਨ੍ਹਾਂ ਦੀ ਕੰਪਨੀ ਦੇ ਵਪਾਰ ਜਾਂ ਉਸ ਕੰਪਨੀ ਦੇ ਕਰਮਚਾਰੀਆਂ ਦੀ ਭਲਾਈ ਨਾਲ ਸਬੰਧਤ ਨਾ ਹੋਵੇ। ਜੇ ਇਹ ਦਾਨ ਕੰਪਨੀ ਦੇ ਵਪਾਰ ਜਾਂ ਕਰਮਚਾਰੀਆਂ ਦੀ ਭਲਾਈ ਨਾਲ ਸਬੰਧਤ ਹੈ, ਤਾਂ ਉਹ ਦਾਨ ਪ੍ਰਤੀ ਸਾਲ 50 ਹਜ਼ਾਰ ਰੁਪਏ ਜਾਂ ਫਿਰ ਪਿਛਲੇ ਤਿੰਨ ਵਰ੍ਹਿਆਂ ਦੇ ਲਾਭ ਦੇ ਔਸਤ ਦਾ ਪੰਜ ਫੀਸਦੀ ਤੋਂ ਵੱਧ ਨਹੀਂ ਹੋਣਾ ਚਾਹੀਦਾ। ਵੰਡ ਦੇਣ ਤੋਂ ਪਹਿਲਾਂ ਕੰਪਨੀ ਦੀ ਜਨਰਲ ਮੀਟਿੰਗ ਵਿਚ ਆਗਾਮੀ ਸਹਿਮਤੀ ਲੈਣੀ ਜ਼ਰੂਰੀ ਹੈ।

ਪਾਵਰਕੌਮ ਨੇ ਮਈ 2013 ਵਿਚ ਸਰਕਾਰ ਨੂੰ 25 ਕਰੋੜ ਰੁਪਏ ਵੰਡ ਦੇਣ ਦਾ ਫੈਸਲਾ ਕੀਤਾ ਸੀ ਜੋ 30 ਮਈ ਨੂੰ ਦੇ ਦਿੱਤੇ ਗਏ, ਪਰ ਵਿਭਾਗ ਦੇ ਪ੍ਰਬੰਧਕੀ ਬੋਰਡ ਕੋਲੋਂ ਪਹਿਲਾਂ ਪ੍ਰਵਾਨਗੀ ਨਹੀਂ ਲਈ। ਇਹ ਪ੍ਰਵਾਨਗੀ ਜੁਲਾਈ 2013 ਵਿਚ ਲਈ ਗਈ। ਲੇਖਾ ਪੜਤਾਲ ਰਾਹੀਂ ਖੁਲਾਸਾ ਹੋਇਆ ਹੈ ਕਿ ਪਾਵਰਕੌਮ ਨੂੰ ਸਾਲ 2010-11 ਵਿਚ 1639.77 ਕਰੋੜ ਅਤੇ ਸਾਲ 2011-12 ਵਿਚ 537.05 ਕਰੋੜ ਦਾ ਘਾਟਾ ਪਿਆ ਸੀ ਜਦਕਿ ਨਿਯਮਾਂ ਅਨੁਸਾਰ ਕੰਪਨੀ ਘਾਟੇ ਵਿਚ ਹੋਣ ਕਾਰਨ ਫ਼ੰਡ ਨਹੀਂ ਸੀ ਦੇ ਸਕਦੀ।

## ਸਿੱਖਿਆ ਬੋਰਡ ਦਾ ਘਾਟੇ ਵਾਲਾ ਬਜਟ ਪਾਸ

**ਮੁਹਾਲੀ:** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਇਸ ਵਰ੍ਹੇ 43 ਕਰੋੜ ਰੁਪਏ ਦੇ ਘਾਟੇ ਵਾਲਾ ਬਜਟ ਪਾਸ ਕੀਤਾ ਗਿਆ ਹੈ। ਇਸ ਦੇ ਬਾਵਜੂਦ ਬੋਰਡ ਮੈਨੇਜਮੈਂਟ ਨੇ ਸੂਬੇ ਦੇ ਵਿਦਿਆਰਥੀਆਂ ਨੂੰ ਵੱਡੀ ਰਾਹਤ ਦਿੰਦਿਆਂ ਐਤਕੀਂ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀਆਂ ਪ੍ਰੀਖਿਆ ਫੀਸਾਂ ਵਿਚ ਕੋਈ ਵਾਧਾ ਨਹੀਂ ਕੀਤਾ ਹੈ। ਉਂਜ ਬੋਰਡ ਦੇ ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਫੀਸਾਂ ਵਿਚ ਵਾਧਾ ਨਹੀਂ ਕੀਤਾ ਗਿਆ ਹੈ। ਇਹ ਫੈਸਲਾ ਸਿੱਖਿਆ ਬੋਰਡ ਆਫ਼ ਡਾਇਰੈਕਟਰ ਦੀ ਸਕੂਲ ਬੋਰਡ ਦੀ ਮੁਖੀ ਡਾ. ਤੇਜਿੰਦਰ ਕੌਰ ਧਾਲੀਵਾਲ ਦੀ ਪ੍ਰਧਾਨਗੀ ਹੇਠ ਹੋਈ ਬਜਟ ਮੀਟਿੰਗ ਵਿਚ ਲਿਆ ਗਿਆ।


ਸਿਟੀ ਆਫ ਸੈਨ ਹੋਜ਼ੇ ਦੇ ਡਿਸਟ੍ਰਿਕਟ 4 ਤੋਂ ਕੌਂਸਲ ਮੈਂਬਰ ਬਣਨ ਲਈ

ਦਸਤਾਰਧਾਰੀ ਸਿੱਖ ਉਮੀਦਵਾਰ ਭੁਪਿੰਦਰ ਸਿੰਘ ਢਿੱਲੋਂ ਨੂੰ

ਵੋਟਾਂ ਪਾਉਣ ਦੀ ਅਪੀਲ



ਸ. ਭੁਪਿੰਦਰ ਸਿੰਘ ਢਿੱਲੋਂ

ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਸਿਟੀ ਆਫ ਸੈਨ ਹੋਜ਼ੇ ਦੇ ਡਿਸਟ੍ਰਿਕਟ 4 ਤੋਂ ਕੌਂਸਲ ਮੈਂਬਰ ਬਣਨ ਲਈ ਦਸਤਾਰਧਾਰੀ ਸਿੱਖ ਉਮੀਦਵਾਰ ਭੁਪਿੰਦਰ ਸਿੰਘ (ਬਾਬ ਢਿੱਲੋਂ) ਨੂੰ ਵੋਟਾਂ ਪਾ ਕੇ ਕਾਮਯਾਬ ਬਣਾਓ ਜੀ। ਸ. ਢਿੱਲੋਂ ਦੇ ਜਿੱਤ ਜਾਣ ਨਾਲ ਸਿੱਖਾਂ ਦਾ ਅਮਰੀਕਨ ਸਿਸਟਮ ਵਿਚ ਆਉਣ ਲਈ ਰਾਹ ਖੁਲ੍ਹਦਾ ਹੈ ਅਤੇ ਹੋਰ ਸਿੱਖਾਂ ਨੂੰ ਵੀ ਚੋਣਾਂ ਲੜਨ ਲਈ ਉਤਸ਼ਾਹ ਮਿਲੇਗਾ। ਇਸ ਲਈ 7 ਅਪਰੈਲ ਨੂੰ ਆਪਣਾ ਕੀਮਤੀ ਵੋਟ ਪਾ ਕੇ ਸ. ਭੁਪਿੰਦਰ ਸਿੰਘ ਢਿੱਲੋਂ ਨੂੰ ਕਾਮਯਾਬ ਕਰੋ ਜੀ।



ਬੇਨਤੀ ਕਰਤਾ

ਭਾਈ ਗੁਰਮੀਤ ਸਿੰਘ ਖਾਲਸਾ

(ਸਾਬਕਾ ਪ੍ਰਧਾਨ ਗੁਰਦੁਆਰਾ ਸਾਹਿਬ ਫਰੀਮਾਂਟ)

ਭਾਈ ਰਾਮ ਸਿੰਘ

(ਸਾਬਕਾ ਸੁਪਰੀਮ ਕੌਂਸਲ ਮੈਂਬਰ ਗੁਰਦੁਆਰਾ ਸਾਹਿਬ ਫਰੀਮਾਂਟ)



Advt.

# ਝੂਠੇ ਮੁਕਾਬਲੇ ਕੇਸ ਵਿਚ ਐਸ.ਪੀ. ਸਮੇਤ ਅੱਠ ਨੂੰ ਉਮਰ ਕੈਦ

**ਪਟਿਆਲਾ:** ਦੋ ਝੂਠੇ ਪੁਲਿਸ ਮੁਕਾਬਲਿਆਂ ਵਿਚ ਪੰਜ ਨੌਜਵਾਨਾਂ ਨੂੰ ਮੌਤ ਦੇ ਘਾਟ ਉਤਾਰਨ ਦੇ 24 ਸਾਲ ਪੁਰਾਣੇ ਕੇਸ ਵਿਚ ਸੀ.ਬੀ.ਆਈ. ਕੋਰਟ ਨੇ ਇਕ ਐਸ.ਪੀ ਅਤੇ ਦੋ ਇੰਸਪੈਕਟਰਾਂ ਸਮੇਤ ਅੱਠ ਪੁਲਿਸ ਵਾਲਿਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਅਤੇ 16 ਨੂੰ ਬਰੀ ਕਰ ਦਿੱਤਾ ਹੈ। ਇਹ ਫੈਸਲਾ ਇਥੇ ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਕੁਲਦੀਪ ਸਿੰਘ ਦੀ ਅਦਾਲਤ ਵਿਚ ਸੁਣਾਇਆ ਗਿਆ। ਮ੍ਰਿਤਕਾਂ ਵਿਚ ਦਿੱਲੀ ਵਾਸੀ ਵਿਜੈਪਾਲ ਸਿੰਘ ਨਾਂ ਦੇ ਖਾੜਕੂ ਤੇ ਇਕ ਹੋਰ ਅਣਪਛਾਤੇ ਨੌਜਵਾਨ ਸਮੇਤ ਪੰਜਾਬ ਪੁਲਿਸ ਵਿਚ ਨਵੇਂ ਭਰਤੀ ਹੋਏ ਤਿੰਨ ਸਿਪਾਹੀ ਵੀ ਸ਼ਾਮਲ ਸਨ।

ਕੇਸ ਫਾਈਲ ਅਨੁਸਾਰ ਇਹ ਮਾਮਲਾ 1992 ਦਾ ਹੈ। ਜਲੰਧਰ ਟਰੇਨਿੰਗ ਸੈਂਟਰ ਵਿਚ ਹੋਏ ਬੰਬ ਧਮਾਕੇ ਬਾਰੇ ਸੀ.ਆਈ.ਏ. ਸਟਾਫ ਜਲੰਧਰ ਦੀ ਪੁਲਿਸ ਤਿਲਕ ਨਗਰ ਦਿੱਲੀ ਦੇ ਵਸਨੀਕ ਵਿਜੈਪਾਲ ਸਿੰਘ ਨਾਂ ਦੇ ਇੱਕ ਨੌਜਵਾਨ ਨੂੰ ਪੁੱਛ ਪੜਤਾਲ ਲਈ ਲੈ ਕੇ ਆਈ ਸੀ ਅਤੇ 4 ਸਤੰਬਰ, 1992 ਨੂੰ ਉਸ ਨਾਲ ਸਬੰਧਾਂ ਕਾਰਨ ਪੰਜਾਬ ਪੁਲਿਸ ਵਿਚ ਨਵੇਂ ਭਰਤੀ ਦੋ ਸਿਪਾਹੀਆਂ ਰਾਜਵਿੰਦਰ ਸਿੰਘ (ਵਾਸੀ ਸੰਗੇ ਜੰਗੀਰ) ਅਤੇ ਮੁਖਤਿਆਰ ਸਿੰਘ (ਪਿੰਡ ਕਾਲਾਂਵਾਲਾ, ਗੁਰਦਾਸਪੁਰ) ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਪੁਲਿਸ ਦੀ ਕਹਾਣੀ ਅਨੁਸਾਰ ਜਦੋਂ ਇਨ੍ਹਾਂ ਨੂੰ ਬਾਰੂਦ ਬਰਾਮਦ ਕਰਵਾਉਣ ਲਈ 5/6 ਸਤੰਬਰ, 1992 ਦੀ ਦਰਮਿਆਨੀ ਰਾਤ ਨੂੰ ਲਿਜਾਇਆ ਜਾ ਰਿਹਾ ਸੀ ਤਾਂ ਰਸਤੇ ਵਿਚ ਅਤਿਵਾਦੀਆਂ ਨੇ ਹਮਲਾ ਕਰ ਦਿੱਤਾ। ਇਸ ਦੌਰਾਨ ਵਿਜੈਪਾਲ ਸਿੰਘ ਤੇ ਇੱਕ ਹੋਰ ਅਣਪਛਾਤੇ ਵਿਅਕਤੀ ਦੀ ਮੌਤ ਹੋ ਗਈ ਅਤੇ ਇਹ ਦੋਵੇਂ ਸਿਪਾਹੀ ਹੱਥਕੜੀਆਂ ਸਮੇਤ ਫਰਾਰ ਹੋ ਗਏ ਸਨ (ਜਿਨ੍ਹਾਂ ਦਾ ਹੁਣ ਤਕ ਕੋਈ ਪਤਾ ਨਹੀਂ ਲੱਗਾ)। ਉਨ੍ਹਾਂ ਦਿਨਾਂ ਵਿਚ ਹੀ ਪੰਜਾਬ ਪੁਲਿਸ ਦਾ ਹੀ ਇੱਕ ਹੋਰ ਸਿਪਾਹੀ ਬਲਜੀਤ ਸਿੰਘ (ਪਿੰਡ ਧਰਿ, ਜ਼ਿਲ੍ਹਾ ਗੁਰਦਾਸਪੁਰ) ਵੀ ਜਲੰਧਰ ਪੁਲਿਸ ਨੇ ਮੁਕਾਬਲੇ ਵਿਚ ਮਾਰ ਦਿੱਤਾ ਸੀ। ਇਸ ਬਾਰੇ ਕਿਹਾ ਗਿਆ ਸੀ ਕਿ ਨਾਕੇ 'ਤੇ ਜਦੋਂ ਪੁਲਿਸ ਨੇ ਅੱਗਿਉਂ ਆ ਰਹੇ ਇਸ ਨੌਜਵਾਨ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਸ ਨੇ ਗੋਲੀਆਂ ਚਲਾ ਦਿੱਤੀਆਂ ਤੇ ਪੁਲਿਸ ਦੀ ਜਵਾਬੀ ਫਾਈਰਿੰਗ ਦੌਰਾਨ ਉਸ ਦੀ ਮੌਤ ਹੋ ਗਈ। ਇਨ੍ਹਾਂ ਤਿੰਨਾਂ ਨੌਜਵਾਨਾਂ ਦੇ ਵਾਰਸਾਂ ਦਾ ਕਹਿਣਾ ਸੀ ਕਿ ਪੁਲਿਸ ਨੇ ਇਨ੍ਹਾਂ ਤਿੰਨਾਂ ਨੂੰ ਝੂਠੇ ਮੁਕਾਬਲਿਆਂ ਵਿਚ ਮਾਰਿਆ ਹੈ। ਉਨ੍ਹਾਂ ਦੀ ਅਪੀਲ 'ਤੇ 19 ਦਸੰਬਰ, 1996 ਨੂੰ ਹਾਈ ਕੋਰਟ ਨੇ ਇਹ ਮਾਮਲਾ ਸੀ.ਬੀ.ਆਈ. ਹਵਾਲੇ ਕਰ ਦਿੱਤਾ ਅਤੇ ਜਾਂਚ ਮੁਕੰਮਲ ਕਰਨ ਬਾਅਦ ਸੀ.ਬੀ.ਆਈ. ਨੇ 4 ਫਰਵਰੀ, 1997 ਨੂੰ ਐਸ.ਪੀ. ਸਮੇਤ 24 ਪੁਲਿਸ ਅਧਿਕਾਰੀਆਂ ਤੇ ਮੁਲਾਜ਼ਮਾਂ ਖ਼ਿਲਾਫ਼ ਧਾਰਾ 302, 218, 364, 120 ਬੀ ਤਹਿਤ ਕੇਸ ਦਰਜ ਕੀਤਾ ਸੀ।

ਜਾਂਚ ਏਜੰਸੀ ਦਾ ਕਹਿਣਾ ਸੀ ਕਿ ਇਹ ਪੁਲਿਸ ਮੁਕਾਬਲੇ ਝੂਠੇ ਸਨ ਕਿਉਂਕਿ ਵਿਜੈਪਾਲ ਸਿੰਘ ਅਤੇ ਅਣਛਾਤੇ ਵਿਅਕਤੀ ਦੀਆਂ ਪੋਸਟ-ਮਾਰਟਮ ਦੀਆਂ ਰਿਪੋਰਟਾਂ ਅਨੁਸਾਰ ਦੋਵਾਂ ਦੀਆਂ ਖੋਪੜੀਆਂ ਤੋੜੀਆਂ ਹੋਈਆਂ ਸਨ ਤੇ ਦੋਵਾਂ ਦਾ ਦਿਮਾਗ ਵਾਲਾ ਹਿੱਸਾ ਬਾਹਰ ਲਟਕ ਰਿਹਾ ਸੀ। ਬਲਜੀਤ ਸਿੰਘ ਦੀ ਪੋਸਟ-ਮਾਰਟਮ ਰਿਪੋਰਟ ਅਨੁਸਾਰ ਉਸ ਦੀ ਚਮੜੀ ਖਿੱਚੀ ਗਈ ਅਤੇ ਸੱਟਾਂ ਮਾਰ ਕੇ ਖੋਪੜੀ ਤੋੜੀ ਗਈ ਸੀ। ਉਸ ਦੀ ਛਾਤੀ ਵਿਚੋਂ ਥਰੀ-ਨਟ-ਥਰੀ ਦੀ ਇੱਕ ਗੋਲੀ ਮਿਲੀ ਸੀ ਜਦੋਂ ਕਿ ਪੁਲਿਸ ਵੱਲੋਂ ਅਜਿਹਾ ਕੋਈ ਹਥਿਆਰ ਹੀ ਨਹੀਂ ਸੀ ਵਰਤਿਆ ਗਿਆ।

ਸੀ.ਬੀ.ਆਈ. ਦੇ ਸਪੈਸ਼ਲ ਐਡਵੋਕੇਟ ਹਰਿੰਦਰਪਾਲ ਸਿੰਘ ਵਰਮਾ ਨੇ ਅਦਾਲਤ ਸਾਹਮਣੇ ਇਹ ਤੱਥ ਪੇਸ਼ ਕਰਦਿਆਂ ਭਗੌੜੇ ਵਿਖਾਏ ਗਏ ਦੋਵੇਂ ਪੁਲਿਸ ਮੁਲਾਜ਼ਮਾਂ ਨੂੰ ਵੀ ਝੂਠੇ ਪੁਲਿਸ ਮੁਕਾਬਲੇ ਵਿਚ ਮਾਰ ਕੇ ਖਪਾ ਦੇਣ ਦੀ ਗੱਲ ਆਖੀ। ਜ਼ਿਕਰਯੋਗ ਹੈ ਕਿ ਦੋਵਾਂ ਘਟਨਾਵਾਂ ਦਾ ਕੇਸ ਭਾਵੇਂ ਇੱਕ ਹੀ ਹੈ, ਪਰ ਚਾਰਜਸ਼ੀਟ ਵੱਖਰੀ ਪੇਸ਼ ਕੀਤੀ ਗਈ ਸੀ। ਇਸ ਤਹਿਤ ਵਿਜੈਪਾਲ ਸਿੰਘ ਤੇ ਇਕ ਹੋਰ ਦੀ ਮੌਤ ਦੂਜੇ ਦੋਵਾਂ ਦੇ ਫਰਾਰ ਹੋਣ ਦੀ ਕਹਾਣੀ ਦੇ ਕੇਸ ਵਿਚ ਐਸ.ਪੀ ਰਾਮ ਸਿੰਘ (ਬੱਦਲ ਡੋਨਾ ਕਪੂਰਥਲਾ) ਇੰਸਪੈਕਟਰ ਅਮਰੀਕ ਸਿੰਘ (ਤਲਵੰਡੀ ਗੁਰਾਇਆਂ ਹਾਲ ਵਾਸੀ ਕ੍ਰਿਸ਼ਨਾ ਬਸਤੀ ਜਲੰਧਰ) ਤੇ ਹਰਭਜਨ ਸਿੰਘ (ਵਾਸੀ ਪੂਰਨ ਰੋਡ ਜਲੰਧਰ) ਸਮੇਤ ਐਸ.ਆਈ. ਅਜੀਤ ਸਿੰਘ (ਭਲੱਥ ਕਪੂਰਥਲਾ) ਸਮੇਤ ਐਸ.ਆਈ. ਅਜੈਬ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਂਦਿਆਂ 15 ਹੋਰਨਾਂ ਪੁਲਿਸ ਮੁਲਾਜ਼ਮਾਂ ਨੂੰ ਬਰੀ ਕਰ ਦਿੱਤਾ ਹੈ। ਬਰੀ ਹੋਏ ਏ.ਐਸ.ਆਈ. ਗੁਰਨਾਮ ਸਿੰਘ ਦੀ ਮੌਤ ਹੋ ਚੁੱਕੀ ਹੈ। ਇਸੇ ਤਰ੍ਹਾਂ ਸਿਪਾਹੀ ਬਲਜੀਤ ਸਿੰਘ ਦੇ ਕਤਲ ਸਬੰਧੀ ਐਸ.ਆਈ. ਸੁਖਵੰਤ ਸਿੰਘ (ਮਛਰਾਨਾ ਗੁਰਦਾਸਪੁਰ) ਏ.ਐਸ.ਆਈ. ਰਾਜਿੰਦਰ ਸਿੰਘ (ਬੰਗਾ) ਅਤੇ ਸਿਪਾਹੀ ਨੰਦ ਸਿੰਘ (ਗੁਰਦਾਸਪੁਰ) ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਅਤੇ ਐਸ.ਆਈ. ਫੁੰਮਣ ਲਾਲ ਨੂੰ ਬਰੀ ਕਰ ਦਿੱਤਾ ਗਿਆ ਹੈ।

## ਆਸਟਰੇਲੀਆ 5ਵੀਂ ਵਾਰ ਬਣਿਆ ਵਿਸ਼ਵ ਚੈਂਪੀਅਨ

**ਮੈਲਬਰਨ:** ਕ੍ਰਿਕਟ ਵਿਸ਼ਵ ਕੱਪ ਦੇ ਫਾਈਨਲ ਮੁਕਾਬਲੇ ਵਿਚ ਆਸਟਰੇਲੀਆ ਦੀ ਟੀਮ ਨੇ ਨਿਊਜ਼ੀਲੈਂਡ ਨੂੰ ਸੱਤ ਵਿਕਟਾਂ ਨਾਲ ਹਰਾ ਕੇ ਪੰਜਵੀਂ ਵਾਰ ਵਿਸ਼ਵ ਚੈਂਪੀਅਨ ਦਾ ਖ਼ਿਤਾਬ ਹਾਸਲ ਕੀਤਾ।


ਨਿਊਜ਼ੀਲੈਂਡ ਦੀ ਟੀਮ, ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਦਿਆਂ 45 ਓਵਰਾਂ ਵਿਚ ਸਿਰਫ਼ 183 ਦੌੜਾਂ ਹੀ ਬਣਾ ਸਕੀ। ਇਸ ਦੇ ਜਵਾਬ ਵਿਚ ਆਸਟਰੇਲੀਆ ਦੀ ਟੀਮ ਨੇ ਤਿੰਨ ਵਿਕਟਾਂ ਗਵਾ ਕੇ 101 ਗੇਂਦਾਂ ਬਾਕੀ ਰਹਿੰਦਿਆਂ ਇਹ ਟੀਚਾ ਹਾਸਲ ਕਰ ਲਿਆ।

ਆਸਟਰੇਲੀਆ ਦੀ ਜਿੱਤ ਦਾ ਨਾਇਕ ਤੇਜ਼ ਗੇਂਦਬਾਜ਼ ਫੌਕਨਰ ਰਿਹਾ। ਉਸ ਨੇ 36 ਦੌੜਾਂ ਦੇ ਕੇ ਤਿੰਨ ਵਿਕਟਾਂ ਲਈਆਂ। ਫੌਕਨਰ ਨੂੰ 'ਮੈਨ ਆਫ ਦਿ ਮੈਚ' ਖ਼ਿਤਾਬ ਦਿੱਤਾ ਗਿਆ।

Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu

*Doctor of Chiropractic*

Ph: 510-940-8236

1090 La Playa Dr., Hayward CA 94545

# ਦਸਤਾਰਧਾਰੀ ਸਿੱਖ ਨੂੰ ਵੋਟਾਂ ਪਾਉਣ ਦੀ ਅਪੀਲ



ਸ. ਭੁਪਿੰਦਰ ਸਿੰਘ ਢਿੱਲੋਂ

ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੇ ਜਨਰਲ ਸਕੱਤਰ ਸਰਦਾਰ ਭੁਪਿੰਦਰ ਸਿੰਘ ਢਿੱਲੋਂ ਸਿਟੀ ਆਫ ਸੈਨ ਹੋਜ਼ੇ ਦੇ ਡਿਸਟ੍ਰਿਕਟ 4 ਤੋਂ ਕੌਂਸਲ ਮੈਂਬਰ ਦੀ ਚੋਣ ਲੜ ਰਹੇ ਹਨ। ਸ. ਢਿੱਲੋਂ ਜੇ ਚੋਣ ਜਿੱਤ ਜਾਂਦੇ ਹਨ ਤਾਂ ਸਿਟੀ ਆਫ ਸੈਨ ਹੋਜ਼ੇ ਵਿਚ ਭਾਰਤੀ ਭਾਈਚਾਰੇ ਖਾਸ ਕਰਕੇ ਸਿੱਖਾਂ ਦੇ ਬਹੁਤ ਸਾਰੇ ਮਸਲੇ ਆਪਣੇ ਆਪ ਹੀ ਹੱਲ ਹੋ ਸਕਦੇ ਹਨ, ਦੂਸਰਾ ਅਮਰੀਕੀ ਸਿਸਟਮ ਵਿਚ ਸਿੱਖਾਂ ਦੀ ਪਛਾਣ ਲਈ ਜਿੱਤਣਾ ਜ਼ਰੂਰੀ ਵੀ ਹੈ। ਸ. ਢਿੱਲੋਂ ਇਕ ਦਰਵੇਸ਼ ਅਤੇ ਇਮਾਨਦਾਰ ਸਿਆਸਤਦਾਨ ਹਨ। ਉਨ੍ਹਾਂ ਦੀ ਸੋਚ ਸੀ ਕਿ ਅਮਰੀਕਾ ਵਿਚ ਇਕ ਇਸ ਤਰ੍ਹਾਂ ਦੇ ਗੁਰਦੁਆਰਾ ਸਾਹਿਬ ਬਣੇ ਜੋ ਸਿੱਖੀ ਪ੍ਰਚਾਰ ਤੇ ਪਸਾਰ ਦਾ ਵੱਡਾ ਕੇਂਦਰ ਬਣ ਸਕੇ। ਪਹਿਲਾਂ ਉਨ੍ਹਾਂ ਪਹਾੜੀ ਉਪਰ ਬਿਨਾਂ ਕਮਿਸ਼ਨ 40 ਏਕੜ ਜ਼ਮੀਨ ਖਰੀਦ ਕੇ ਗੁਰਦੁਆਰਾ ਸਾਹਿਬ ਨੂੰ ਸੌਂਪੀ। ਜਿਸ ਵੇਲੇ ਜ਼ਮੀਨ ਖਰੀਦੀ ਅਤੇ ਗੁਰਦੁਆਰਾ ਸਾਹਿਬ ਦਾ ਨੀਂਹ ਪੱਥਰ ਰੱਖਣ ਦੀ ਤਿਆਰੀ ਹੋਈ ਤਾਂ ਕਈ ਸਮੱਸਿਆਵਾਂ ਆਈਆਂ ਪਰ ਢਿੱਲੋਂ ਸਾਹਿਬ ਦਾ ਅਮਰੀਕਨ ਰਾਜਨੀਤੀ ਵਿਚ ਅਸਰ-ਰਸੂਖ ਹੋਣ ਕਰਕੇ ਸਭ ਹੱਲ ਕਰਵਾਈਆਂ। ਗੁਰ ਚਰਨਾਂ ਵਿਚ ਕੀਤੀ ਅਰਦਾਸ, ਸੰਗਤਾਂ ਦੇ ਸਹਿਯੋਗ ਤੇ ਪਿਆਰ ਸਦਕਾ ਦ੍ਰਿੜ ਇਰਾਦੇ ਅਤੇ ਵਿਸ਼ਵਾਸ ਨਾਲ ਕਾਰਜ ਅਰੰਭ ਕਰ ਦਿੱਤਾ। ਢਿੱਲੋਂ ਸਾਹਿਬ ਨੇ ਆਪਣਾ ਘਰ ਦਾ ਕੰਮ-ਕਾਜ ਛੱਡ ਕੇ ਦਿਨ ਰਾਤ ਇਕ ਕਰਕੇ ਪਹਾੜੀ ਉਪਰ 40 ਏਕੜ ਵਿਚ ਸ਼ਾਨਦਾਰ ਗੁਰਦੁਆਰਾ ਸਾਹਿਬ ਅਤੇ ਗੁਰੂ ਨਾਨਕ ਖਾਲਸਾ ਸਕੂਲ ਦੀ ਇਮਾਰਤ ਤਿਆਰ ਕਾਰਵਾਈ ਜਿਸ ਵਿਚ ਸਿੱਖੀ ਪ੍ਰਚਾਰ ਤੇ ਪਸਾਰ ਤੋਂ ਇਲਾਵਾ 700 ਬੱਚੇ ਗੁਰਮਤਿ ਗਿਆਨ, ਕੀਰਤਨ, ਕਥਾ ਅਤੇ ਪੰਜਾਬੀ ਬੋਲੀ ਸਿੱਖ ਰਹੇ ਹਨ। ਇਸ ਵੱਡੇ ਕਾਰਜ ਤੋਂ ਬਾਅਦ ਸਿੱਖਾਂ ਦੀ ਗੱਲ ਕਰਨ ਲਈ ਢਿੱਲੋਂ ਸਾਹਿਬ ਹੁਣ ਚੋਣ ਲੜ ਰਹੇ ਹਨ। ਹੁਣ ਭਾਰਤੀ ਭਾਈਚਾਰੇ ਦਾ ਫਰਜ਼ ਬਣਦਾ ਹੈ ਕਿ ਆਪਣੀ ਕੀਮਤੀ ਵੋਟ ਪਾ ਕੇ ਢਿੱਲੋਂ ਸਾਹਿਬ ਨੂੰ ਕਾਮਯਾਬ ਕੀਤਾ ਜਾਵੇ। ਬੈਲਟ ਪੇਪਰ ਘਰਾਂ ਵਿਚ ਪੁੱਜ ਚੁੱਕੇ ਹਨ। ਉਨ੍ਹਾਂ ਉਪਰ ਨਿਸ਼ਾਨੀ ਲਾ ਕੇ ਵਾਪਸ ਕੀਤੇ ਜਾਣ ਜਾਂ ਫਿਰ 7 ਅਪਰੈਲ ਨੂੰ ਵੋਟ ਜ਼ਰੂਰ ਪਾਈ ਜਾਵੇ ਜੀ। ਇਸ ਇਲਾਕੇ ਵਿਚ ਵੱਡੀ ਗਿਣਤੀ ਭਾਰਤੀ ਭਾਈਚਾਰੇ ਦੀ ਹੈ, ਜੇ ਸਾਰੀ ਵੋਟ ਸ. ਢਿੱਲੋਂ ਦੇ ਹੱਕ ਵਿਚ ਭੁਗਤ ਜਾਂਦੀ ਹੈ ਤਾਂ ਜਿੱਤਣਾ ਕੋਈ ਔਖਾ ਨਹੀਂ ਹੈ। ਮਾਵਰੀ ਰੋਡ ਤੋਂ ਲੈ ਕੇ 237 ਤੱਕ ਸੈਨ ਹੋਜ਼ੇ ਦਾ ਵਿਚਕਾਰਲਾ ਇਲਾਕਾ ਅਤੇ ਐਲਵੀਸੋ ਸਿਟੀ ਦਾ ਇਲਾਕਾ ਇਸ ਡਿਸਟ੍ਰਿਕਟ ਵਿਚ ਆਉਂਦਾ ਹੈ। ਸਮੂਹ ਭਾਰਤੀ ਭਾਈਚਾਰੇ ਨੂੰ ਨਿਮਰਤਾ ਸਾਹਿਤ ਬੇਨਤੀ ਹੈ ਕਿ ਇਸ ਇਲਾਕੇ ਵਿਚ ਆਪ ਜੀ ਦਾ ਕੋਈ ਰਿਸ਼ਤੇਦਾਰ ਜਾਂ ਦੋਸਤ-ਮਿੱਤਰ ਰਹਿੰਦਾ ਹੈ ਤਾਂ ਵੋਟ ਪਾਉਣ ਲਈ ਜ਼ਰੂਰ ਸੰਪਰਕ ਕੀਤਾ ਜਾਵੇ ਜੀ।

**ਬੇਨਤੀ ਕਰਤਾ**

ਪ੍ਰੀਤਮ ਸਿੰਘ ਜੋਗਾ ਨੰਗਲ, ਗੁਰਚਰਨ ਸਿੰਘ ਮਾਨ, ਅਮਰਜੀਤ ਸਿੰਘ ਸਿੱਧੂ, ਲਖਬੀਰ ਸਿੰਘ ਪਟਵਾਰੀ, ਗੁਰਦਾਵਰ ਸਿੰਘ ਮਾਨ, ਅਵਤਾਰ ਸਿੰਘ ਧਾਮੀ, ਅਵਤਾਰ ਸਿੰਘ ਤਾਰੀ, ਮਹਿੰਗਾ ਸਿੰਘ ਸਰਪੰਚ, ਬਲਵਿੰਦਰ ਸਿੰਘ ਬਰਾੜ, ਸੁਰਜੀਤ ਸਿੰਘ ਹੋਠੀ



ਗੁਰਚਰਨ ਸਿੰਘ ਮਾਨ

Advt.

# ਸ਼੍ਰੋਮਣੀ ਕਮੇਟੀ ਦਾ 993 ਕਰੋੜ ਰੁਪਏ ਦਾ ਬਜਟ ਪਾਸ

**ਅੰਮ੍ਰਿਤਸਰ:** ਸਿੱਖਾਂ ਦੀ ਮਿੰਨੀ ਸੰਸਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਤੀ ਵਰ੍ਹੇ 2015-16 ਵਾਸਤੇ ਤਕਰੀਬਨ 993 ਕਰੋੜ 23 ਲੱਖ ਰੁਪਏ ਦੇ ਬਜਟ ਨੂੰ ਅੰਤ੍ਰਿੰਗ ਕਮੇਟੀ ਵੱਲੋਂ ਪ੍ਰਵਾਨਗੀ ਦਿੱਤੀ ਗਈ ਜੋ ਪਿਛਲੇ ਵਰ੍ਹੇ ਦੇ ਬਜਟ ਨਾਲੋਂ ਤਕਰੀਬਨ 10 ਫ਼ਸਦੀ ਵਧੇਰੇ ਹੈ। ਇਸ ਵਾਰ ਦੇ ਬਜਟ ਵਿਚ ਵਿਦਿਅਕ ਅਦਾਰਿਆਂ ਲਈ 28 ਕਰੋੜ ਰੁਪਏ ਤੇ ਸੈਕਸ਼ਨ 85 ਹੇਠ ਆਉਂਦੇ ਗੁਰਦੁਆਰਿਆਂ ਵਾਸਤੇ ਤਕਰੀਬਨ 43 ਕਰੋੜ ਰੁਪਏ ਦੀ ਰਕਮ ਦਾ ਵਾਧਾ ਕੀਤਾ ਗਿਆ ਹੈ। ਧਰਮ ਪ੍ਰਚਾਰ ਲਈ ਸ਼੍ਰੋਮਣੀ ਕਮੇਟੀ ਨੇ 'ਚਾਰ ਸਾਹਿਬਜ਼ਾਦੇ' ਫਿਲਮ ਦੇ ਹੱਕ ਖ਼ਰੀਦ ਲਏ ਹਨ ਤੇ ਇਹ ਫਿਲਮ ਪਿੰਡਾਂ ਵਿਚ ਮੁਫ਼ਤ ਦਿਖਾਈ ਜਾਵੇਗੀ। ਇਸੇ ਤਰ੍ਹਾਂ ਹੋਰ ਐਨੀਮੇਟਿਡ ਫਿਲਮਾਂ ਵੀ ਬਣਵਾਉਣ ਦੀ ਤਜਵੀਜ਼ ਹੈ। ਪਟਿਆਲਾ ਸਥਿਤ ਖ਼ਾਲਸਾ ਕਾਲਜ ਨੂੰ ਖ਼ਰੀਦਣ ਵਾਸਤੇ 73 ਕਰੋੜ ਰੁਪਏ ਖ਼ਰਚੇ ਜਾਣ ਦਾ ਅਨੁਮਾਨ ਹੈ।



ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਬਲਾਕ ਦੇ ਇਕੱਤਰਤਾ ਹਾਲ ਵਿਚ ਅੰਤ੍ਰਿੰਗ ਕਮੇਟੀ ਦੀ ਹੋਈ ਮੀਟਿੰਗ ਵਿਚ ਇਹ ਬਜਟ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਨੇ ਪੇਸ਼ ਕੀਤਾ। ਮੀਟਿੰਗ ਦੀ ਪ੍ਰਧਾਨਗੀ ਜਥੇਦਾਰ ਅਵਤਾਰ ਸਿੰਘ ਨੇ ਕੀਤੀ। ਮਗਰੋਂ ਉਨ੍ਹਾਂ ਦੱਸਿਆ ਕਿ ਬਜਟ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ ਹੈ। ਬਜਟ ਦੇ ਵੇਰਵੇ ਦਿੰਦਿਆਂ ਉਨ੍ਹਾਂ ਦੱਸਿਆ ਕਿ ਨਵੇਂ ਵਿੱਤੀ ਵਰ੍ਹੇ ਵਾਸਤੇ 993 ਕਰੋੜ 23 ਲੱਖ 89 ਹਜ਼ਾਰ 600 ਰੁਪਏ ਦੇ ਬਜਟ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਬਜਟ ਨੂੰ ਸੱਤ ਭਾਗਾਂ ਵਿਚ ਵੰਡਿਆ ਗਿਆ ਹੈ, ਜਿਸ ਵਿਚ ਜਨਰਲ ਬੋਰਡ ਫੰਡ ਲਈ 59 ਕਰੋੜ ਰੁਪਏ, ਟਰਸਟ ਫੰਡ ਲਈ ਤਕਰੀਬਨ 43 ਕਰੋੜ 13 ਲੱਖ ਰੁਪਏ, ਵਿਦਿਆ ਫੰਡ ਲਈ 31 ਕਰੋੜ ਰੁਪਏ, ਪ੍ਰਿੰਟਿੰਗ ਪ੍ਰੈਸਾਂ ਵਾਸਤੇ ਸੱਤ ਕਰੋੜ ਰੁਪਏ, ਧਰਮ ਪ੍ਰਚਾਰ ਲਈ 67 ਕਰੋੜ ਰੁਪਏ, ਸੈਕਸ਼ਨ 85 ਦੇ ਗੁਰਦੁਆਰਿਆਂ ਲਈ 603 ਕਰੋੜ 84 ਲੱਖ ਰੁਪਏ, ਵਿਦਿਅਕ ਅਦਾਰਿਆਂ ਵਾਸਤੇ 182 ਕਰੋੜ ਰੁਪਏ ਰੱਖੇ ਗਏ ਹਨ। ਜੇਲ੍ਹਾਂ ਵਿਚ ਬੰਦ ਨਿਰਦੋਸ਼ ਸਿੱਖਾਂ ਦੀ ਸਹਾਇਤਾ ਲਈ ਇਕ ਕਰੋੜ ਰਕਮ ਰੱਖੀ ਗਈ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਘੰਟਾ ਘਰ ਵਾਲੀ ਬਾਹੀ ਦਾ ਨਵੀਨੀਕਰਨ ਕਰਨ ਲਈ 5 ਕਰੋੜ, ਲੰਗਰ ਹਾਲ ਸ੍ਰੀ ਗੁਰੂ ਰਾਮਦਾਸ ਦੇ ਵਿਸਥਾਰ ਲਈ 17 ਕਰੋੜ, ਸਾਰਾਗੜ੍ਹੀ ਯਾਤਰੀ ਨਿਵਾਸ ਲਈ 2 ਕਰੋੜ 50 ਲੱਖ, ਪਿੰਗਲਵਾੜਾ ਭਗਤ ਪੂਰਨ ਸਿੰਘ ਲਈ 10 ਲੱਖ, ਭਾਈ ਬਚਿੱਤਰ ਸਿੰਘ ਨਿਵਾਸ ਸ੍ਰੀ ਅਨੰਦਪੁਰ ਸਾਹਿਬ ਦੇ ਨਿਰਮਾਣ ਲਈ ਤਿੰਨ ਕਰੋੜ 40 ਲੱਖ, ਸ੍ਰੀ ਗੁਰੂ ਗੋਬਿੰਦ ਸਿੰਘ ਯਾਤਰੀ ਨਿਵਾਸ ਲਈ ਪੰਜ ਕਰੋੜ, ਗੁਰੂ ਨਾਨਕ ਘਾਟ ਉਜੈਨ ਲਈ ਇਕ ਕਰੋੜ ਰੁਪਏ ਰੱਖੇ ਗਏ ਹਨ।

ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਅੰਮ੍ਰਿਤਧਾਰੀ ਬੱਚਿਆਂ ਲਈ ਪ੍ਰਾਇਮਰੀ ਪੱਧਰ ਤੋਂ ਲੈ ਕੇ ਸੈਕੰਡਰੀ ਪੱਧਰ ਤੱਕ ਸਾਲਾਨਾ ਵਜ਼ੀਫ਼ੇ ਦਿੱਤੇ ਜਾਣਗੇ। ਸ਼੍ਰੋਮਣੀ ਕਮੇਟੀ ਵੱਲੋਂ ਉਸਾਰੇ ਜਾ ਰਹੇ 13 ਸਕੂਲਾਂ-ਕਾਲਜਾਂ ਦੀਆਂ ਇਮਾਰਤਾਂ ਦੀ ਉਸਾਰੀ ਲਈ 20 ਕਰੋੜ ਰੁਪਏ ਰੱਖੇ ਗਏ ਹਨ। ਹਰਿਆਣਾ ਸਥਿਤ ਮੀਰੀ ਪੀਰੀ ਮੈਡੀਕਲ ਕਾਲਜ ਵਾਸਤੇ ਪੰਜ ਕਰੋੜ ਰੁਪਏ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਲਈ ਅੱਠ ਕਰੋੜ ਰੁਪਏ ਰੱਖੇ ਗਏ ਹਨ। ਕੈਂਬਰਿਜ ਯੂਨੀਵਰਸਿਟੀ ਯੂਕੇ ਵਿਚ ਪੜ੍ਹ ਰਹੇ ਸਿੱਖ ਵਿਦਿਆਰਥੀਆਂ ਦੇ ਵਜ਼ੀਫ਼ੇ ਲਈ ਇਕ ਕਰੋੜ ਰੁਪਏ ਰੱਖੇ ਗਏ ਹਨ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸਦਨ ਦਾ ਵਜੂਦ ਬਹਾਲ ਨਾ ਹੋਣ ਕਾਰਨ 2012 ਤੋਂ ਲਗਾਤਾਰ ਅੰਤ੍ਰਿੰਗ ਕਮੇਟੀ ਵੱਲੋਂ ਸਿੱਖ ਸੰਸਥਾ ਦੇ ਸਾਲਾਨਾ ਬਜਟ ਨੂੰ ਪ੍ਰਵਾਨਗੀ ਦਿੱਤੀ ਜਾ ਰਹੀ ਹੈ। ਉਂਜ ਸਿੱਖ ਗੁਰਦੁਆਰਾ ਐਕਟ 1925 ਮੁਤਾਬਕ ਸਿੱਖ ਸੰਸਥਾ ਦਾ ਸਾਲਾਨਾ ਬਜਟ ਹਰ ਵਰ੍ਹੇ ਜਨਰਲ ਹਾਊਸ ਵੱਲੋਂ ਪ੍ਰਵਾਨ ਕੀਤਾ ਜਾਂਦਾ ਹੈ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸਦਨ ਦਾ ਮਾਮਲਾ ਅਦਾਲਤ ਦੇ ਵਿਚਾਰ ਅਧੀਨ ਹੈ। ਇਸੇ ਕਾਰਨ 2012 ਤੋਂ ਜਨਰਲ ਹਾਊਸ ਦੀ ਕੋਈ ਮੀਟਿੰਗ ਨਹੀਂ ਹੋਈ ਹੈ।

## ਚੀਫ਼ ਖ਼ਾਲਸਾ ਦੀਵਾਨ ਦਾ 118 ਕਰੋੜ ਦਾ ਬਜਟ ਪਾਸ

ਅੰਮ੍ਰਿਤਸਰ: ਚੀਫ਼ ਖ਼ਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਦੇ ਪ੍ਰਧਾਨ ਚਰਨਜੀਤ ਸਿੰਘ ਚੱਢਾ ਦੀ ਪ੍ਰਧਾਨਗੀ ਹੇਠ ਹੋਏ ਸਾਲਾਨਾ ਜਨਰਲ ਇਜਲਾਸ ਵਿਚ ਸਰਬਸੰਮਤੀ ਨਾਲ 2015-16 ਦੇ 118 ਕਰੋੜ ਦੇ ਬਜਟ ਨੂੰ ਪ੍ਰਵਾਨਗੀ ਦੇ ਦਿੱਤੀ ਗਈ। ਪਿਛਲੇ ਸਾਲ ਇਹ ਬਜਟ 105 ਕਰੋੜ ਰੁਪਏ ਦਾ ਸੀ ਜਿਸ ਵਿਚ 12.36 ਫ਼ੀਸਦੀ ਦਾ ਵਾਧਾ ਕਰਦਿਆਂ 118 ਕਰੋੜ ਰੁਪਏ ਦਾ ਪਾਸ ਕੀਤਾ ਗਿਆ ਹੈ। ਸੁਸਾਇਟੀ ਦੇ ਆਨਰੇਰੀ ਸਕੱਤਰ ਨਰਿੰਦਰ ਸਿੰਘ ਖੁਰਾਣਾ ਨੇ ਕਿਹਾ ਕਿ ਬਜਟ ਵਿਚ ਚੀਫ਼ ਖ਼ਾਲਸਾ ਦੀਵਾਨ ਅਧੀਨ ਸਕੂਲਾਂ ਦੇ ਆਧੁਨਿਕੀਕਰਨ ਤੇ ਨਵੇਂ ਐਜੂਕੇਸ਼ਨਲ ਪ੍ਰੋਜੈਕਟਾਂ ਦੀ ਇਮਾਰਤ ਉਸਾਰੀ ਦੇ ਖਰਚ ਵਜੋਂ ਰੱਖੇ ਗਏ ਹਨ।

## ਹਰਿਆਣਾ ਕਮੇਟੀ ਦੀ ਬਜਟ ਤਜਵੀਜ਼ ਨੂੰ ਚੁਣੌਤੀ

**ਅੰਮ੍ਰਿਤਸਰ:** ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਗਾਮੀ ਵਰ੍ਹੇ ਲਈ ਆਪਣਾ ਵੱਖਰਾ ਬਜਟ ਪੇਸ਼ ਕਰਨ ਨਾਲ ਇਹ ਮਾਮਲਾ ਮੁੜ ਭਖ ਗਿਆ ਹੈ। ਹਰਿਆਣਾ ਕਮੇਟੀ ਵੱਲੋਂ ਜਾਰੀ ਕੀਤੇ ਪਹਿਲੇ ਬਜਟ ਦੌਰਾਨ ਪਾਸ ਕੀਤੇ ਏਜੰਡਿਆਂ ਨੂੰ ਗੈਰ-ਵਿਧਾਨਿਕ ਕਰਾਰ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਹਰਿਆਣਾ ਕਮੇਟੀ ਕੋਲ ਕੰਮ ਕਾਰ ਦੀ ਮਾਨਤਾ ਨਾ ਹੋਣ ਕਾਰਨ ਬਜਟ ਪਾਸ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਅਦਾਲਤ ਵੱਲੋਂ ਸਥਿਤੀ ਜਿਉਂ ਦੀ ਤਿਉਂ ਰੱਖਣ ਕਾਰਨ ਹਰਿਆਣਾ ਕਮੇਟੀ ਕੋਲ ਬਜਟ ਦੇ ਅਖਤਿਆਰ ਨਹੀਂ ਹਨ ਤੇ ਜੇਕਰ ਉਹ ਅਜਿਹੀ ਕੋਈ ਤਜਵੀਜ਼ ਨਸ਼ਰ ਕਰਦੇ ਹਨ, ਤਾਂ ਇਸ ਨੂੰ ਚੁਣੌਤੀ ਦਿੱਤੀ ਜਾਵੇਗੀ।

# ਹੋਂਦ ਚਿੱਲੜ: ਜਾਂਚ ਰਿਪੋਰਟ ਸਰਕਾਰ ਹਵਾਲੇ

**ਚੰਡੀਗੜ੍ਹ:** ਹਰਿਆਣਾ ਦੇ ਹੋਂਦ-ਚਿੱਲੜ ਵਿਚ ਦੋ ਨਵੰਬਰ, 1984 ਨੂੰ 32 ਸਿੱਖਾਂ ਦੇ ਕਤਲੇਆਮ ਮਾਮਲੇ ਦੀ ਜਾਂਚ ਰਿਪੋਰਟ ਗਰਗ ਕਮਿਸ਼ਨ ਵੱਲੋਂ ਮੁੱਖ ਮੰਤਰੀ ਹਰਿਆਣਾ ਨੂੰ ਪੇਸ਼ ਕਰਨ ਦੀ ਸੂਚਨਾ ਪ੍ਰਾਪਤ ਹੋਈ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਜਸਟਿਸ ਟੀ.ਪੀ. ਗਰਗ ਵੱਲੋਂ




ਇਹ ਰਿਪੋਰਟ ਪੇਸ਼ ਕੀਤੀ ਗਈ। ਹੋਂਦ ਚਿੱਲੜ ਮਾਮਲੇ ਦੀ ਜਾਂਚ ਨੂੰ ਲੈ ਕੇ ਗਰਗ ਕਮਿਸ਼ਨ ਵਿਚ ਤਕਰੀਬਨ ਢਾਈ ਸਾਲ ਸੁਣਵਾਈਆਂ ਦਾ ਦੌਰ ਚੱਲਿਆ। ਇਸ ਦਰਦਨਾਕ ਕਾਂਡ ਦਾ ਖੁਲਾਸਾ 23 ਜਨਵਰੀ, 2011 ਨੂੰ ਲੁਧਿਆਣਾ ਦੇ ਸਿੱਖ ਨੌਜਵਾਨ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ, ਜੋ ਕਿ ਉਸ ਵੇਲੇ ਗੁੜਗਾਉਂ ਵਿਖੇ ਪ੍ਰਾਈਵੇਟ ਨੌਕਰੀ ਕਰਦੇ ਸਨ, ਨੇ ਕੀਤਾ ਸੀ ਤੇ ਇਹ ਨਸ਼ਰ ਹੋਇਆ ਸੀ ਕਿ ਦੋ ਨਵੰਬਰ, 1984 ਨੂੰ ਪਿੰਡ ਹੋਂਦ ਚਿੱਲੜ ਵਿਖੇ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ 31 ਸਿੱਖਾਂ ਤੇ ਇਕ ਫੌਜੀ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਮਾਮਲੇ ਪ੍ਰਤੀ ਸਿੱਖਾਂ ਵਿਚ ਰੋਸ ਉੱਠਣ 'ਤੇ ਹਰਿਆਣਾ ਦੀ ਤਤਕਾਲੀਨ ਹੁੱਡਾ ਸਰਕਾਰ ਨੇ ਛੇ ਮਾਰਚ, 2011 ਨੂੰ ਸਾਬਕਾ ਜਸਟਿਸ ਟੀ.ਪੀ. ਗਰਗ ਦੀ ਅਗਵਾਈ ਵਾਲਾ ਕਮਿਸ਼ਨ ਬਣਾਇਆ ਸੀ ਜਿਸ ਦੀ ਰਿਪੋਰਟ ਛੇ ਮਹੀਨਿਆਂ ਵਿਚ ਦਿੱਤੀ ਜਾਣੀ ਸੀ ਪਰ ਤਕਰੀਬਨ ਸਾਢੇ ਤਿੰਨ ਸਾਲ ਦੀ ਦੇਰੀ ਮਗਰੋਂ ਇਹ ਰਿਪੋਰਟ ਹਰਿਆਣਾ ਸਰਕਾਰ ਅੱਗੇ ਪੇਸ਼ ਕੀਤੀ ਗਈ। ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਪ੍ਰਧਾਨ ਇੰਜੀਨੀਅਰ ਗਿਆਸਪੁਰਾ ਤੇ ਜਨਰਲ ਸਕੱਤਰ ਭਾਈ ਦਰਸ਼ਨ ਸਿੰਘ ਘੋਲੀਆ ਨੇ ਦੱਸਿਆ ਕਿ ਇਹ ਰਿਪੋਰਟ ਫਿਲਹਾਲ ਕਮਿਸ਼ਨ ਨੇ ਬਹੁਤ ਗੁਪਤ ਰੱਖੀ ਹੈ, ਜਿਸ ਦੇ ਖੁਲਾਸੇ ਨੂੰ ਅਜੇ ਸਮਾਂ ਲੱਗ ਸਕਦਾ ਹੈ।

## ਜ਼ਖ਼ਮ ਮੁਆਵਜ਼ੇ ਨਾਲ ਨਹੀਂ ਭਰਨਗੇ: ਪੀਰ ਮੁਹੰਮਦ

**ਕਾਦੀਆਂ:** ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਹਰਿਆਣਾ ਦੇ ਜ਼ਿਲ੍ਹਾ ਰਿਵਾੜੀ ਦੇ ਪਿੰਡ ਹੋਂਦ ਚਿੱਲੜ ਵਿਖੇ ਦੋ ਨਵੰਬਰ 1984 ਨੂੰ 32 ਸਿੱਖਾਂ ਦੇ ਕਤਲੇ ਆਮ ਬਾਰੇ ਗਰਗ ਕਮਿਸ਼ਨ ਵੱਲੋਂ ਹਰਿਆਣਾ ਸਰਕਾਰ ਨੂੰ ਸੌਂਪੀ ਰਿਪੋਰਟ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਆਖਿਆ ਕਿ ਇਹ ਰਿਪੋਰਟ ਅਧੂਰੀ ਹੈ, ਜਿਸ ਵਿਚ ਮੁਆਵਜ਼ੇ ਦੀ ਕੀਤੀ ਗੱਲ ਇਨਸਾਫ਼ ਨੂੰ ਅੱਖੋਂ ਪਰੋਖੇ ਕਰਨ ਵਾਲੀ ਹੈ। ਉਨ੍ਹਾਂ ਕਿਹਾ ਕਿ ਪੀੜਤ ਸਿੱਖਾਂ ਦੇ ਜ਼ਖ਼ਮ ਮੁਆਵਜ਼ੇ ਨਾਲ ਨਹੀਂ ਇਨਸਾਫ਼ ਮਿਲਣ ਨਾਲ ਭਰਨਗੇ ਤੇ ਹੋਂਦ ਚਿੱਲੜ ਸਿੱਖ ਕਤਲੇਆਮ ਦੀ ਗਰਗ ਕਮਿਸ਼ਨ ਦੀ ਰਿਪੋਰਟ ਹਰਿਆਣਾ ਸਰਕਾਰ ਨੂੰ ਬਿਨਾਂ ਕਿਸੇ ਦੇਰੀ ਦੇ ਜਨਤਕ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਦੋਸ਼ੀਆਂ ਦੀ ਸ਼ਨਾਖ਼ਤ ਤੇ ਉਨ੍ਹਾਂ ਖ਼ਿਲਾਫ਼ ਕਾਰਵਾਈ ਨਾ ਕਰਕੇ ਇਨਸਾਫ਼ ਦਾ ਗਲਾ ਘੁੱਟ ਕੇ ਪੀੜਤ ਸਿੱਖ ਪਰਿਵਾਰਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਜਾ ਰਿਹਾ ਹੈ।

# ਬ੍ਰਿਟਿਸ਼ ਲਾਇਬ੍ਰੇਰੀ 'ਚ 350 ਸਾਲ ਪੁਰਾਣਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਸੁਸ਼ੋਭਿਤ

**ਲੰਡਨ:** ਸੰਨ 1947 ਤੋਂ ਪਹਿਲਾਂ ਭਾਰਤ, ਪੰਜਾਬ ਤੇ ਸਿੱਖ ਰਾਜ ਨਾਲ ਸਬੰਧਤ ਜਿਥੇ ਬਹੁਤ ਸਾਰਾ ਕੀਮਤੀ ਖਜ਼ਾਨਾ ਗੋਰੇ ਲੁੱਟ ਕੇ ਵਲੈਤ ਵਿਚ ਲੈ ਆਏ ਸਨ, ਉੱਥੇ ਕਈ ਮਹੱਤਵਪੂਰਨ ਇਤਿਹਾਸਕ ਦਸਤਾਵੇਜ਼ ਤੇ ਧਾਰਮਿਕ ਗ੍ਰੰਥ ਵੀ ਨਾਲ ਲੈ ਆਏ। ਜਿਨ੍ਹਾਂ ਵਿਚੋਂ 350 ਸਾਲ ਪੁਰਾਣਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਬੀਤੇ 130 ਸਾਲ ਤੋਂ ਬ੍ਰਿਟਿਸ਼ ਲਾਇਬ੍ਰੇਰੀ ਵਿਚ ਸੁਸ਼ੋਬਿਤ ਹੈ, ਇਹ ਹੱਥ ਲਿਖਤ ਸਰੂਪ 17ਵੀਂ ਸਦੀ ਦਾ (1660-1675 ਸੰਮਤ) ਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ 1604 ਈਸਵੀ ਵਿਚ ਆਦਿ ਗ੍ਰੰਥ ਦੀ ਸੰਪੂਰਨਤਾ ਕੀਤੀ ਸੀ, ਜਿਸ ਨੂੰ ਕਰਤਾਰਪੁਰ ਵਾਲੀ ਬੀੜ ਕਿਹਾ ਜਾਂਦਾ ਹੈ। ਬ੍ਰਿਟਿਸ਼ ਲਾਇਬ੍ਰੇਰੀ ਵਿਚ ਸੁਸ਼ੋਬਿਤ ਇਹ ਬੀੜ ਦੁਨੀਆ ਦੇ ਸਭ ਤੋਂ ਪੁਰਾਤਨ 20 ਸਰੂਪਾਂ ਵਿਚੋਂ ਇਕ ਹੈ। ਇਸ ਸਰੂਪ ਨੂੰ ਬ੍ਰਿਟਿਸ਼ ਮਿਊਜ਼ੀਅਮ ਨੇ 1884 ਵਿਚ ਅੰਮ੍ਰਿਤਸਰ ਦੇ ਮਿਸ਼ਨਰੀ ਸਕੂਲ ਦੇ ਪ੍ਰਿੰਸੀਪਲ ਰਿਵਰਇੰਡ ਏ ਫਿਸ਼ਰ ਤੋਂ ਖਰੀਦਿਆ ਸੀ। ਇਥੇ ਜ਼ਿਕਰਯੋਗ ਹੈ ਕਿ ਆਦਿ ਗ੍ਰੰਥ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ ਸੀ, ਜਦ ਕਿ ਬਾਅਦ ਵਿਚ ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1708 ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਆਦਿ ਗ੍ਰੰਥ ਵਿਚ ਦਰਜ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਸੰਪੂਰਨ ਕੀਤਾ ਤੇ ਸ੍ਰੀ ਅਬਚਲ ਨਗਰ ਨਾਂਦੇੜ ਸਾਹਿਬ ਵਿਖੇ ਗੁਰਤਾ ਗੱਦੀ ਦੇ ਕੇ ਖਾਲਸਾ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਬ੍ਰਿਟਿਸ਼ ਲਾਇਬ੍ਰੇਰੀ ਵਿਚ ਦਸਮ ਗ੍ਰੰਥ, ਜਨਮ ਸਾਖੀ ਸਮੇਤ ਹੋਰ ਵੀ ਸਿੱਖ ਇਤਿਹਾਸ ਨਾਲ ਸਬੰਧਤ ਪੁਰਾਤਨ ਇਤਿਹਾਸਕ ਦਸਤਾਵੇਜ਼ ਪਏ ਹਨ।



# ਬਾਦਲ ਸਮੇਤ 9 ਸ਼ਖਸੀਅਤਾਂ ਨੂੰ ਪਦਮ ਵਿਭੂਸ਼ਣ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਰਾਸ਼ਟਰਪਤੀ ਭਵਨ ਦੇ ਦਰਬਾਰ ਹਾਲ ਵਿਚ ਹੋਏ ਸਮਾਗਮ ਵਿਚ ਭਾਰਤ ਦੇ ਦੂਜੇ ਸਭ ਤੋਂ ਵੱਡੇ ਸਿਵਲੀਅਨ ਸਨਮਾਨ ਪਦਮ ਵਿਭੂਸ਼ਣ ਨਾਲ ਸਨਮਾਨਤ ਕੀਤਾ ਗਿਆ। 68 ਸਾਲ ਪਹਿਲਾਂ ਆਪਣੇ ਪਿੰਡ ਦੀ ਸਰਪੰਚੀ ਤੋਂ ਸਿਆਸਤ ਦੀ ਸ਼ੁਰੂਆਤ ਕਰਨ ਵਾਲੇ ਸ. ਬਾਦਲ ਨੂੰ ਆਪਣੇ ਖੇਤਰ ਵਿਚ ਬਿਹਤਰੀਨ ਕਾਰਗੁਜ਼ਾਰੀ ਕਰਨ ਲਈ ਇਸ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਚਾਰ ਵਾਰ ਸੂਬੇ ਦੇ ਮੁੱਖ ਮੰਤਰੀ ਬਣੇ ਸ. ਬਾਦਲ ਦੇ ਜੀਵਨ ਦੇ ਇਸ ਯਾਦਗਾਰ ਮੌਕੇ ਉਨ੍ਹਾਂ ਦਾ ਪੁੱਤਰ ਤੇ ਸੂਬੇ ਦੇ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਉਨ੍ਹਾਂ ਦੀ ਨੂੰਹ ਤੇ ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਹਰਸਿਮਰਤ ਕੌਰ ਬਾਦਲ ਵੀ ਉਨ੍ਹਾਂ ਦੇ ਨਾਲ ਸਨ।



ਸ. ਪ੍ਰਕਾਸ਼ ਸਿੰਘ ਬਾਦਲ ਤੋਂ ਇਲਾਵਾ ਭਾਜਪਾ ਦੇ ਸੀਨੀਅਰ ਨੇਤਾ ਤੇ ਭਾਰਤ ਦੇ ਸਾਬਕਾ ਉੱਪ ਪ੍ਰਧਾਨ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਤੇ ਸਵਾਮੀ ਰਾਮਭਦਰਾ ਅਚਾਰੀਆ ਨੂੰ ਪਦਮ ਵਿਭੂਸ਼ਣ ਪੁਰਸਕਾਰ ਦਿੱਤੇ ਗਏ। ਪਦਮ ਭੂਸ਼ਣ ਪੁਰਸਕਾਰਾਂ ਲਈ ਪਹਿਲਵਾਨ ਸੁਸ਼ੀਲ ਕੁਮਾਰ ਦੇ ਕੋਚ ਸਤਪਾਲ, ਸੀਨੀਅਰ ਪੱਤਰਕਾਰ ਰਜਤ ਸ਼ਰਮਾ ਸਮੇਤ ਕਈ ਸ਼ਖ਼ਸੀਅਤਾਂ ਨੂੰ ਇਹ ਸਨਮਾਨ ਦਿੱਤਾ ਗਿਆ। ਮਾਈਕਰੋਸਾਫਟ ਦੇ ਸੰਸਥਾਪਕ ਬਿਲ ਗੇਟਸ ਤੇ ਉਨ੍ਹਾਂ ਦੀ ਪਤਨੀ ਮੇਲਿੰਡਾ ਗੇਟਸ ਨੂੰ ਵੀ ਪਦਮ ਭੂਸ਼ਣ ਨਾਲ ਸਨਮਾਨਤ ਕੀਤਾ ਗਿਆ ਪਰ ਉਹ ਸਮਾਗਮ ਵਿਚ ਹਾਜ਼ਰ ਨਹੀਂ ਹੋਏ। ਪਦਮ ਸ੍ਰੀ ਹਾਸਿਲ ਕਰਨ ਵਾਲੇ ਪਤਵੰਤਿਆਂ ਵਿਚ ਫ਼ਿਲਮ ਨਿਰਦੇਸ਼ਕ ਸੰਜੇ ਲੀਲਾ ਭੰਸਾਲੀ, ਹਾਕੀ ਦੇ ਕਪਤਾਨ ਸਰਦਾਰ ਸਿੰਘ ਤੇ ਬੈਡਮਿੰਟਨ ਖਿਡਾਰਨ ਪੀ.ਵੀ. ਸੰਧੂ ਸ਼ਾਮਲ ਹਨ। ਦੱਸਣਯੋਗ ਹੈ ਕਿ ਹਰ ਸਾਲ ਸਾਹਿਤ, ਕਲਾ, ਸਿੱਖਿਆ ਸਮੇਤ ਆਪੋ-ਆਪਣੇ ਖੇਤਰਾਂ ਵਿਚ ਬਿਹਤਰੀਨ ਕਾਰਗੁਜ਼ਾਰੀ ਕਰਨ ਵਾਲੀਆਂ ਹਸਤੀਆਂ ਨੂੰ ਪਦਮ ਪੁਰਸਕਾਰਾਂ ਨਾਲ ਸਨਮਾਨਤ ਕੀਤਾ ਜਾਂਦਾ ਹੈ। ਇਸ ਵਾਰ ਪ੍ਰੋਟੋਕੋਲ ਤੋਂ ਪਰ੍ਹਾਂ ਹਟਦਿਆਂ ਰਾਸ਼ਟਰਪਤੀ ਪ੍ਰਣਾਬ ਮੁਖਰਜੀ ਨੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਡਿੱਗਦੀ ਸਿਹਤ ਕਾਰਨ, ਉਨ੍ਹਾਂ ਦੀ ਰਿਹਾਇਸ਼ 'ਤੇ ਜਾ ਕੇ ਇਹ ਸਨਮਾਨ ਦਿੱਤਾ ਸੀ। ਹੈਰਾਨੀ ਦੀ ਗੱਲ ਹੈ ਕਿ ਕੋਈ ਵੀ ਕਾਂਗਰਸੀ ਨੇਤਾ ਪੁਰਸਕਾਰ ਪ੍ਰਦਾਨ ਸਮਾਰੋਹ ਵਿਚ ਮੌਜੂਦ ਨਹੀਂ ਸੀ। ਰਾਸ਼ਟਰਪਤੀ ਭਵਨ ਦੇ ਸੂਤਰਾਂ ਨੇ ਦੱਸਿਆ ਕਿ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਪ੍ਰੋਟੋਕੋਲ ਮੁਤਾਬਕ ਸੱਦਾ ਦਿੱਤਾ ਗਿਆ ਸੀ।

## ਮਾਲਵੀਆ ਨੂੰ ਭਾਰਤ ਰਤਨ ਨਾਲ ਨਿਵਾਜਿਆ

ਉੱਘੇ ਸੁਤੰਤਰਤਾ ਸੰਗਰਾਮੀ ਤੇ ਸਿੱਖਿਆ ਸ਼ਾਸਤਰੀ ਮਦਨ ਮੋਹਨ ਮਾਲਵੀਆ ਨੂੰ ਦੇਸ਼ ਦੇ ਸਰਬ ਉੱਚ ਸਨਮਾਨ ਭਾਰਤ ਰਤਨ ਨਾਲ ਨਿਵਾਜਿਆ ਗਿਆ। ਕਾਂਸ਼ੀ ਹਿੰਦ ਯੂਨੀਵਰਸਿਟੀ ਦੇ ਸੰਸਥਾਪਕ ਰਹੇ ਸ੍ਰੀ ਮਾਲਵੀਆ ਨੂੰ ਮਰਨ ਉਪਰੰਤ ਦਿੱਤਾ ਇਹ ਸਨਮਾਨ ਉਨ੍ਹਾਂ ਦੇ ਪੋਤੇ ਨੇ ਹਾਸਲ ਕੀਤਾ। ਸ੍ਰੀ ਮਾਲਵੀਆ ਨੂੰ 24 ਦਸੰਬਰ ਨੂੰ ਭਾਰਤ ਰਤਨ ਦੇਣ ਦਾ ਐਲਾਨ ਕੀਤਾ ਗਿਆ ਤੇ ਉਹ ਇਹ ਸਨਮਾਨ ਹਾਸਲ ਕਰਨ ਵਾਲੀ 45ਵੀਂ ਹਸਤੀ ਹਨ।

## ਨਿਊ ਸਾਊਥ ਵੇਲਜ਼ ਵਿਚ ਲਿਬਰਲ ਗੱਠਜੋੜ ਮੁੜ ਜੇਤੂ

**ਸਿਡਨੀ:** ਨਿਊ ਸਾਊਥ ਵੇਲਜ਼ ਸੂਬਾਈ ਚੋਣਾਂ ਵਿਚ ਹੁਕਮਰਾਨ ਲਿਬਰਲ ਪਾਰਟੀ ਆਫ ਆਸਟਰੇਲੀਆ ਦੀ ਅਗਵਾਈ ਵਾਲੇ ਗੱਠਜੋੜ ਦੀ ਦੋਬਾਰਾ ਸਰਕਾਰ ਬਣ ਗਈ ਹੈ। ਗੱਠਜੋੜ ਨੂੰ 93 ਮੈਂਬਰੀ ਸਦਨ ਵਿਚੋਂ 51 ਸੀਟਾਂ ਉਪਰ ਜਿੱਤ ਪ੍ਰਾਪਤ ਹੋਈ ਜਦੋਂ ਕਿ ਮੁੱਖ ਵਿਰੋਧੀ ਆਸਟਰੇਲੀਅਨ ਲੇਬਰ ਪਾਰਟੀ ਨੂੰ 29 ਸੀਟਾਂ ਮਿਲੀਆਂ। ਗਰੀਨ ਪਾਰਟੀ ਨੂੰ ਦੋ ਸੀਟਾਂ ਉਪਰ ਜਿੱਤ ਪ੍ਰਾਪਤ ਹੋਈ ਹੈ। ਲਿਬਰਲ ਆਗੂ ਤੇ ਸੂਬੇ ਦੇ ਪ੍ਰੀਮੀਅਰ ਮਾਈਕ ਬੇਅਰਡ ਤੇ ਵਿਰੋਧੀ ਧਿਰ ਦੇ ਨੇਤਾ ਤੇ ਲੇਬਰ ਪਾਰਟੀ ਆਗੂ ਲਿਊਕ ਫ਼ੋਲੀ ਆਪੋ ਆਪਣੇ ਹਲਕਿਆਂ ਵਿਚੋਂ ਚੋਣ ਜਿੱਤ ਗਏ ਹਨ। ਸੂਬੇ ਵਿਚ ਇਕੋ ਇਕ ਪੰਜਾਬੀ ਉਮੀਦਵਾਰ ਰਮਨ ਭੱਲਾ, ਜੋ ਲਿਬਰਲ ਗੱਠਜੋੜ ਦੇ ਬਲੈਕਟਾਊਨ ਹਲਕੇ ਤੋਂ ਉਮੀਦਵਾਰ ਸਨ, ਚੋਣ ਹਾਰ ਗਏ ਹਨ। ਉਨ੍ਹਾਂ ਨੂੰ ਲੇਬਰ ਪਾਰਟੀ ਦੇ ਜੌਹਨ ਰੋਬਰਟਸਨ ਨੇ ਹਰਾਇਆ। ਲੇਬਰ ਪਾਰਟੀ ਵੱਲੋਂ ਭਾਰਤੀ ਮੂਲ ਦੇ ਸੁਸਾਈਂ ਬੈਂਜ਼ਾਮਿਨ ਤੇ ਕਰਿਸ਼ਮਾ ਕੈਲੀਏਡ ਨੂੰ ਕ੍ਰਮਵਾਰ ਟੂੰਗਾਰਬੀ ਤੇ ਹੋਲਸਵਰਥੀ ਹਲਕਿਆਂ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ।

# ਕੇਬਲ ਮਾਫ਼ੀਆ ਦੀ ਭੇਟ ਚੜ੍ਹ ਗਿਆ ਅੰਮ੍ਰਿਤਸਰ ਦਾ ਅਪਰੇਟਰ

**ਅੰਮ੍ਰਿਤਸਰ:** ਕੇਬਲ ਮਾਫ਼ੀਆ ਦੀ ਦਹਿਸ਼ਤ ਤੋਂ ਤੰਗ ਇਥੇ ਅਦਾਲਤ ਵਿਚ ਜੱਜਾਂ ਦੀ ਮੌਜੂਦਗੀ ਵਿਚ ਜ਼ਹਿਰੀਲੀ ਦਵਾਈ ਪੀਣ ਵਾਲਾ ਅੰਮ੍ਰਿਤਸਰ ਦਾ ਕੇਬਲ ਅਪਰੇਟਰ ਦਮ ਤੋੜ ਗਿਆ। ਮੌਤ ਉਪਰੰਤ ਭੜਕੇ ਵਾਰਸਾਂ ਅਤੇ ਕੇਬਲ ਅਪਰੇਟਰਾਂ ਨੇ ਲਾਸ਼ ਚੌਕ ਵਿਚ ਰੱਖ ਕੇ ਨਾਅਰੇਬਾਜ਼ੀ ਕੀਤੀ। ਪੁਲਿਸ ਨੇ ਇਸ ਮਾਮਲੇ ਵਿਚ ਫਾਸਟਵੇਅ ਦੇ ਐਮ.ਡੀ. ਤੇ ਸਥਾਨਕ ਇੰਚਾਰਜ ਤੋਂ ਇਲਾਵਾ ਇਕ ਅਕਾਲੀ ਆਗੂ ਸਣੇ 5 ਖ਼ਿਲਾਫ਼ ਆਤਮ ਹੱਤਿਆ ਲਈ ਮਜਬੂਰ ਕਰਨ ਦੇ ਦੋਸ਼ ਅਧੀਨ ਪਰਚਾ ਦਰਜ ਕੀਤਾ। ਵਾਰਸਾਂ ਨੂੰ ਗ੍ਰਿਫ਼ਤਾਰੀ ਦਾ ਭਰੋਸਾ ਦੇਣ ਪਿਛੋਂ ਧਰਨਾ ਚੁੱਕ ਲਿਆ ਗਿਆ। ਮ੍ਰਿਤਕ ਦੀ ਸ਼ਨਾਖਤ ਜਸਵਿੰਦਰ ਸਿੰਘ ਜੱਸੀ (40) ਵਾਸੀ ਗਲੀ ਪੰਜਾਬ ਸਿੰਘ, ਚੌਕ ਬਾਬਾ ਸਾਹਿਬ ਅੰਮ੍ਰਿਤਸਰ ਵਜੋਂ ਹੋਈ ਹੈ।

ਜਸਵਿੰਦਰ ਸਿੰਘ ਦੇ ਹੋਰ ਕੇਬਲ ਅਪਰੇਟਰ ਸਾਥੀਆਂ ਗੁਰਦੇਵ ਸਿੰਘ ਭੁੱਲਰ ਤੇ ਗੁਰਮੁੱਖ ਸਿੰਘ ਨੇ ਦੋਸ਼ ਲਾਇਆ ਕਿ ਜਸਵਿੰਦਰ ਚਰਚਿਤ ਸਿਟੀ ਕੇਬਲ ਸੈਕਸ ਸਕੈਂਡਲ ਦਾ ਗਵਾਹ ਸੀ ਜਿਸ ਨੇ 17 ਸਤੰਬਰ 2014 ਨੂੰ ਸੀ.ਬੀ.ਆਈ. ਦੀ ਅਦਾਲਤ ਵਿਚ ਦਰਖਾਸਤ ਦੇ ਕੇ ਬੇਨਤੀ ਕੀਤੀ ਸੀ ਕਿ ਉਸ ਨੂੰ ਗਵਾਹੀ ਬਦਲਣ ਲਈ ਡਰਾਇਆ ਜਾ ਰਿਹਾ ਹੈ ਅਤੇ ਤੰਗ-ਪ੍ਰੇਸ਼ਾਨ ਵੀ ਕੀਤਾ ਜਾ ਰਿਹਾ ਹੈ। ਮਨੁੱਖੀ ਅਧਿਕਾਰ ਸੰਗਠਨ ਦੇ ਚੇਅਰਮੈਨ ਅਤੇ ਸਾਬਕਾ ਜੱਜ ਅਜੀਤ ਸਿੰਘ ਤੇ ਮਨੁੱਖੀ ਅਧਿਕਾਰ ਕਾਰਕੁਨ ਸਰਬਜੀਤ ਸਿੰਘ ਵੇਰਕਾ ਨੇ ਦੱਸਿਆ ਕਿ ਸੈਕਸ ਸਕੈਂਡਲ ਦਾ ਗਵਾਹ ਹੋਣ ਕਾਰਨ ਸੀ.ਬੀ.ਆਈ. ਵੱਲੋਂ ਉਸ ਨੂੰ ਪੰਜਾਬ ਸਰਕਾਰ ਵੱਲੋਂ ਸੁਰੱਖਿਆ ਦੇਣ ਦੇ ਵੀ ਨਿਰਦੇਸ਼ ਦਿੱਤੇ ਗਏ ਸਨ, ਪਰ ਸੂਬਾ ਸਰਕਾਰ ਨੇ ਫਾਸਟਵੇਅ ਕੰਪਨੀ ਦੇ ਐਮ.ਡੀ. ਨੂੰ ਤਾਂ ਸੁਰੱਖਿਆ ਦੇ ਦਿੱਤੀ, ਪਰ ਜਸਵਿੰਦਰ ਸਿੰਘ ਨੂੰ ਸੁਰੱਖਿਆ ਨਹੀਂ ਦਿੱਤੀ। ਉਨ੍ਹਾਂ ਸ਼ੱਕ ਪ੍ਰਗਟਾਇਆ ਕਿ ਹੁਣ ਪੁਲਿਸ ਦੋਸ਼ੀਆਂ ਨੂੰ ਬਚਾਉਣ ਲਈ ਵਾਹ ਲਾ ਰਹੀ ਹੈ। ਇਸ ਲਈ ਪਰਚਾ ਜਸਵਿੰਦਰ ਸਿੰਘ ਦੀ ਪਤਨੀ ਦੇ ਨਾਂ 'ਤੇ ਦਰਜ ਕਰਨ ਦੀ ਥਾਂ ਕਿਸੇ ਪੁਲਿਸ ਮੁਲਾਜਮ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ।

ਜੇ ਪੁਲਿਸ ਨੇ ਸੀ.ਬੀ.ਆਈ. ਦੀ ਗੱਲ ਮੰਨੀ ਹੁੰਦੀ: ਪੰਜਾਬ ਪੁਲਿਸ ਨੇ ਜੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੀਆਂ ਹਦਾਇਤਾਂ ਅਨੁਸਾਰ ਅੰਮ੍ਰਿਤਸਰ ਸੈਕਸ ਸਕੈਂਡਲ ਕੇਸ ਦੇ ਗਵਾਹ ਜਸਵਿੰਦਰ ਸਿੰਘ ਜੱਸੀ ਨੂੰ ਸੁਰੱਖਿਆ ਮੁਹੱਈਆ ਕਰਾਈ ਹੁੰਦੀ ਤਾਂ ਉਸ ਦਾ ਦੁੱਖਦ ਅੰਤ ਨਹੀਂ ਹੋਣਾ ਸੀ। ਸੀ.ਬੀ.ਆਈ. ਨੇ ਗਵਾਹਾਂ ਦੀ ਸੁਰੱਖਿਆ ਲਈ ਪੰਜਾਬ ਪੁਲਿਸ ਨੂੰ ਵਾਰ-ਵਾਰ ਪੱਤਰ ਲਿਖੇ ਪਰ ਸੁਰੱਖਿਆ ਮੁਹੱਈਆ ਨਾ ਕਰਾਏ ਜਾਣ ਕਾਰਨ ਅੰਮ੍ਰਿਤਸਰ ਦੇ ਇਸ ਕੇਬਲ ਅਪਰੇਟਰ ਨੇ 28 ਮਾਰਚ ਨੂੰ ਸੁਪਰੀਮ ਕੋਰਟ ਤੇ ਹਾਈ ਕੋਰਟ ਦੇ ਜੱਜਾਂ ਮੂਹਰੇ ਜ਼ਹਿਰ ਨਿਗਲ ਲਈ। ਚੰਡੀਗੜ੍ਹ ਵਿਚ ਪ੍ਰੈੱਸ ਕਾਨਫਰੰਸ ਦੌਰਾਨ ਪੰਜਾਬ ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਸੀ.ਬੀ.ਆਈ. ਵੱਲੋਂ ਪੰਜਾਬ ਪੁਲਿਸ ਨੂੰ ਅੰਮ੍ਰਿਤਸਰ ਸੈਕਸ ਸਕੈਂਡਲ ਬਾਰੇ ਲਿਖੇ ਤਿੰਨ ਅਰਧ-ਸਰਕਾਰੀ (ਡੀ.ਓ.) ਪੱਤਰ ਜਾਰੀ ਕਰਦਿਆਂ ਦੋਸ਼ ਲਾਇਆ ਕਿ ਇਹ ਖੁਦਕੁਸ਼ੀ ਨਹੀਂ, ਸਗੋਂ ਕਤਲ ਹੈ ਜਿਸ ਲਈ ਉਪ ਮੁੱਖ ਮੰਤਰੀ ਤੇ ਗ੍ਰਹਿ ਵਿਭਾਗ ਦੇ ਇੰਚਾਰਜ ਸੁਖਬੀਰ ਸਿੰਘ ਬਾਦਲ ਜ਼ਿੰਮੇਵਾਰ ਹਨ।

ਯਾਦ ਰਹੇ ਕਿ ਹਾਈ ਕੋਰਟ ਦੀਆਂ ਹਦਾਇਤਾਂ 'ਤੇ ਸੀ.ਬੀ.ਆਈ. ਵੱਲੋਂ ਥਾਣਾ ਸਿਵਲ ਲਾਈਨ ਅੰਮ੍ਰਿਤਸਰ ਵਿਚ ਦਰਜ ਫਰੌਤੀ ਮੰਗਣ ਤੇ ਸੈਕਸ ਸਕੈਂਡਲ ਦੇ ਕੇਸ ਦੀ ਪੜਤਾਲ ਕੀਤੀ ਜਾ ਰਹੀ ਹੈ। ਸੀ.ਬੀ.ਆਈ. ਵੱਲੋਂ 16 ਅਗਸਤ, 2005 ਨੂੰ ਮੁਲਜ਼ਮ ਸਰਬਜੀਤ ਸਿੰਘ, ਹਰੀ ਓਮ ਧਨੂਕਾ, ਗਗਨ ਬੇਦੀ ਤੇ ਗਣੇਸ਼ ਪੋਧਾਰ ਸਮੇਤ 8 ਵਿਰੁੱਧ ਅਦਾਲਤ ਵਿਚ ਚਾਰਜਸ਼ੀਟ ਪੇਸ਼ ਕੀਤੀ। ਇਸ ਕੇਸ ਦੇ ਤਿੰਨ ਗਵਾਹ ਪਹਿਲਾਂ ਹੀ ਸਰਬਜੀਤ ਸਿੰਘ ਤੇ ਹੋਰਾਂ ਦੀਆਂ ਧਮਕੀਆਂ ਕਾਰਨ ਮੁੱਕਰ ਚੁੱਕੇ ਹਨ।

## ਮਾਤਾ ਨਰੰਜਣ ਕੌਰ ਦਾ ਦੇਹਾਂਤ

**ਸੈਨ ਹੋਜ਼ੇ (ਬਿਊਰੋ)** ਮਾਤਾ ਨਰੰਜਣ ਕੌਰ ਲੰਘੀ 23 ਮਾਰਚ ਨੂੰ ਅਕਾਲ ਚਲਾਣਾ ਕਰ ਗਏ। ਉਹ ਪੰਜਾਬੀ ਭਾਈਚਾਰੇ ਦੇ




ਪਤਵੰਤੇ ਸ. ਮੋਹਨ ਸਿੰਘ ਦੇ ਧਰਮ ਪਤਨੀ ਸਨ ਤੇ ਜਿਲ੍ਹਾ ਜਲੰਧਰ ਦੇ ਪਿੰਡ ਹਰੀਪੁਰ ਤੋਂ ਸਨ।

ਮਾਤਾ ਨਰੰਜਣ ਕੌਰ ਦਾ ਅੰਤਿਮ ਸਸਕਾਰ ਸ਼ੁੱਕਰਵਾਰ, 3 ਅਪਰੈਲ ਨੂੰ ਚੈਪਲ ਆਫ ਚਾਈਮਜ਼ (32992 ਮਿਸ਼ਨ ਬੁਲੇਵਾਰਡ, ਹੇਵਰਡ) ਵਿਖੇ ਬਾਅਦ ਦੁਪਹਿਰ ਇਕ ਵਜੇ ਤੋਂ ਢਾਈ ਵਜੇ ਦਰਮਿਆਨ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸੈਨ ਹੋਜ਼ੇ ਵਿਚ ਸ਼ਾਮ 4 ਵਜੇ ਤੋਂ 5:30 ਵਜੇ ਦਰਮਿਆਨ ਹੋਵੇਗੀ। ਪਰਿਵਾਰ ਨਾਲ ਸੰਪਰਕ ਮਾਤਾ ਨਰੰਜਣ ਕੌਰ ਦੀ ਧੀ ਜਸਬੀਰ ਬੈਂਸ (ਫੋਨ: 408-623-2452) ਜਾਂ ਪੁੱਤਰ ਗੋਗੀ ਦਿਓਲ (ਫੋਨ: 408-661-3529) ਰਾਹੀਂ ਕੀਤਾ ਜਾ ਸਕਦਾ ਹੈ।

## ਸ੍ਰੀ ਸ੍ਰੀ ਰਵੀ ਸ਼ੰਕਰ ਨੂੰ ਆਈ.ਐਸ. ਨੇ ਦਿੱਤੀ ਜਾਨੋਂ ਮਾਰਨ ਦੀ ਧਮਕੀ

**ਨਵੀਂ ਦਿੱਲੀ**: ਦੁਨੀਆ ਦੇ ਸਭ ਤੋਂ ਖ਼ਤਰਨਾਕ ਅਤਿਵਾਦੀ ਸੰਗਠਨ ਇਸਲਾਮਿਕ ਸਟੇਟ ਨੇ ਆਰਟ ਆਫ਼ ਲਿਵਿੰਗ ਦੇ ਸੰਸਥਾਪਕ ਸ੍ਰੀ ਸ੍ਰੀ ਰਵੀ ਸ਼ੰਕਰ ਨੂੰ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਹੈ। ਇਹ ਧਮਕੀ ਉਨ੍ਹਾਂ ਨੂੰ ਉਸ ਸਮੇਂ ਦਿੱਤੀ ਗਈ ਜਦੋਂ ਉਹ ਮਲੇਸ਼ੀਆ ਵਿਚ ਆਪਣਾ ਸਮਾਗਮ ਕਰਵਾ ਰਹੇ ਸਨ।



ਮਲੇਸ਼ੀਆ ਦੇ ਪੇਨਾਂਗ ਵਿਚ ਹੋਟਲ ਜੇਨ ਦੇ ਮੈਨੇਜ਼ਰ ਨੂੰ ਇਕ ਪੱਤਰ ਮਿਲਿਆ, ਜਿਸ ਵਿਚ ਆਈ.ਐਸ. ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਹੋਟਲ ਵਿਚ ਰਵੀ ਸੰਕਰ ਨੂੰ ਠਹਿਰਨ ਦਿੱਤਾ ਗਿਆ ਤਾਂ ਉਸ ਨੂੰ ਬੁਰੇ ਨਤੀਜੇ ਭੁਗਤਣੇ ਪੈਣਗੇ। ਉਸ ਲਿਫ਼ਾਫੇ ਵਿਚ ਇਕ ਪੱਤਰ ਰਵੀ ਸ਼ੰਕਰ ਨੂੰ ਜਾਨ ਤੋਂ ਮਾਰਨ ਦੀ ਧਮਕੀ ਭਰਿਆ ਵੀ ਸੀ। ਬੇਂਗਲੂਰੂ ਵਿਚ ਸੰਸਥਾ ਦੀ ਇਕ ਅਧਿਕਾਰੀ ਮਾਨਸੀ ਧਰਮਰਾਜ ਨੇ ਦੱਸਿਆ ਕਿ ਮਲੇਸ਼ੀਆ ਦੇ ਸਮਾਗਮ ਵਿਚ 10 ਹਜ਼ਾਰ ਲੋਕਾਂ ਨੇ ਹਿੰਸਾ ਲਿਆ ਸੀ, ਇਸ ਦੌਰਾਨ ਹੀ ਧਮਕੀ ਵਾਲਾ ਪੱਤਰ ਮਿਲਿਆ ਸੀ।

## ਸੰਤ ਦਾਦੂਵਾਲ ਦੀ ਫ਼ਿਲਮ ਸੈਂਸਰ ਬੋਰਡ ਵਲੋਂ ਪਾਸ

**ਸਿਰਸਾ:** ਪੰਥਕ ਸੇਵਾ ਲਹਿਰ ਦੇ ਮੁਖੀ ਸੰਤ ਬਲਜੀਤ ਸਿੰਘ ਦਾਦੂਵਾਲ ਦੇ ਨਿਰਦੇਸ਼ਨ ਹੇਠ ਬਣੀ ਫਿਲਮ 'ਦਿ ਬਲੱਡ ਸਟਰੀਟ' ਨੂੰ ਸੈਂਸਰ ਬੋਰਡ ਵੱਲੋਂ ਪ੍ਰਮਾਣ ਪੱਤਰ ਮਿਲ ਗਿਆ ਹੈ। ਵਿਦੇਸ਼ਾਂ ਵਿਚ ਇਹ ਫਿਲਮ ਦਿਖਾਉਣ ਦੀ ਆਗਿਆ ਪਹਿਲਾਂ ਹੀ ਦੇ ਦਿੱਤੀ ਗਈ ਸੀ। ਹੁਣ ਇਹ ਫਿਲਮ ਮਈ ਦੇ ਪਹਿਲੇ ਹਫਤੇ ਰਿਲੀਜ਼ ਕੀਤੀ ਜਾ ਰਹੀ ਹੈ। ਫਿਲਮ ਵਿਚ ਮੁੱਖ ਭੂਮਿਕਾ ਨਿਭਾਉਣ ਵਾਲੇ ਕਲਾਕਾਰ ਕਰਮਜੀਤ ਸਿੰਘ ਬਰਾੜ ਨੇ ਦੱਸਿਆ ਹੈ ਕਿ ਇਹ ਫਿਲਮ ਪੰਜਾਬ ਦੇ ਕਾਲੇ ਦੌਰ ਦੌਰਾਨ ਵਾਪਰੀਆਂ ਸੱਚੀਆਂ ਘਟਨਾਵਾਂ 'ਤੇ ਆਧਾਰਤ ਹੈ।

## ਵਿਸਾਖੀ ਨੂੰ ਸਮਰਪਿਤ ਸਮਾਗਮ 19 ਨੂੰ

**ਸੈਕਰਾਮੈਂਟੋ:** ਵਿਸਾਖੀ ਦਾ ਦਿਨ ਮਨਾਉਣ ਅਤੇ ਖਾਲਸਾ ਪੰਥ ਦੀਆਂ ਬਰਕਤਾਂ ਦਰਸਾਉਣ ਲਈ ਇਕ ਪ੍ਰੋਗਰਾਮ 19 ਅਪਰੈਲ, ਐਤਵਾਰ ਨੂੰ ਦਪਹਿਰ ਦੋ ਵਜੇ ਸੈਕਰਾਮੈਂਟੋ ਸਾਊਥ ਗੇਟ ਟਾਊਨ ਐਂਡ ਟੈਰਿਸ (ਚੰਡੀਗੜ੍ਹ ਅਪਾਰਟਮੈਂਟਸ) ਵਿਚ ਰੱਖਿਆ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਸ. ਚਰਨ ਸਿੰਘ ਜੱਜ ਨੇ ਦੱਸਿਆ ਕਿ ਇਸ ਮੌਕੇ ਕਵੀਜਨ ਆਪਣੀਆਂ ਕਵਿਤਾਵਾਂ, ਗਾਇਕ ਆਪਣੇ ਗੀਤਾਂ ਅਤੇ ਬੁਲਾਰੇ ਆਪਣੀਆਂ ਤਕਰੀਰਾਂ ਰਾਹੀਂ ਵਿਸਾਖੀ ਦੀ ਮਹੱਤਤਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਪੰਥ ਸਾਜਨਾ ਦਾ ਸੰਕਲਪ ਤੇ ਮਨਸੂਬਾ ਸਹੀ ਪਰਿਪੇਖ ਵਿਚ ਦਰਸਾਉਣਗੇ। ਕਵੀ ਸੱਜਣਾਂ ਨੂੰ ਜ਼ਿਆਦਾ ਸਮਾਂ ਦਿੱਤਾ ਜਾਵੇਗਾ। ਚਾਹ-ਪਾਣੀ ਅਤੇ ਲੰਗਰ ਦਾ ਪ੍ਰਬੰਧ ਹੋਵੇਗਾ।

ਸ. ਜੱਜ ਨੇ ਆਖਿਆ ਕਿ ਵਿਸਾਖੀ ਦਾ ਦਿਨ ਭਾਰਤ ਦੇ ਇਤਿਹਾਸ ਵਿਚ ਇਕ ਸੁਨਹਿਰੀ ਦਿਨ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਇਨਕਲਾਬੀ ਸਫਰ ਦਰਸ਼ਨਿਕ, ਰਾਜਨੀਤਕ, ਸਮਾਜਿਕ, ਸਾਹਿਤਕ, ਮੁਕੰਮਲ ਆਜ਼ਾਦੀ, ਬਰਾਬਰੀ, ਜਮਹੂਰੀਅਤ, ਧਰਮ ਨਿਰਪੱਖਤਾ, ਨਿਆਂ ਭਰੇ ਨਵੇਂ ਨਰੋਏ, ਤਰੱਕੀ ਪਸੰਦ ਖੁਸ਼ਹਾਲ ਸਮਾਜ ਦੀ ਸਿਰਜਣਾ ਨੂੰ ਪ੍ਰਨਾਏ ਆਦਰਸ਼ਾਂ ਦੀ ਪੂਰਤੀ ਦੇ ਨਿਸ਼ਾਨੇ ਲਈ ਆਪਣਾ ਸਭ ਕੁਝ ਨਿਛਾਵਰ ਕਰਨ ਦੀ ਭਾਵਨਾ ਦੇ ਰੂਬਰੂ ਹੁੰਦੇ ਹੋਏ, ਸ੍ਰੀ ਅਨੰਦਪੁਰ ਵਿਚ 1699 ਨੂੰ ਵਿਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਿਰਜਣਾ ਕੀਤੀ। ਖਾਲਸਾ ਪੰਥ ਨੂੰ ਅਗਵਾਈ ਦੇਣ ਵਾਸਤੇ ਪੰਜ ਪਿਆਰਿਆਂ ਦਾ ਜਮਹੂਰੀਅਤ-ਪਸੰਦ ਦਲ ਖੜ੍ਹਾ ਕੀਤਾ। ਬੇਵਸ, ਦਬੀ-ਕੁਚਲੀ, ਸਾਹ-ਸਤ ਹੀਣ ਹੋਈ ਗਰੀਬ ਜਨਤਾ ਦੇ ਹੱਥ ਵਿਚ ਤਲਵਾਰ ਫੜਾ ਕੇ ਰਾਜ ਸੱਤਾ ਨਾਲ ਟੱਕਰ ਲੈ ਕੇ ਰਾਜ ਸੱਤਾ ਉਪਰ ਕਿਰਤੀਆਂ ਦੇ ਬੋਲ-ਬਾਲੇ ਦਾ ਹੋਕਾ ਦੇਣਾ ਦੁਨੀਆਂ ਅਤੇ ਭਾਰਤ ਦੇ ਇਤਿਹਾਸ ਵਿਚ ਇਕ ਪਹਿਲੀ ਇਨਕਲਾਬੀ ਜੁਗ ਪਲਟਾਊ ਘਟਨਾ ਸੀ।

## ਫਰਿਜ਼ਨੋ 'ਚ ਵਾਲੀਬਾਲ ਟੂਰਨਾਮੈਂਟ 4 ਤੇ 5 ਨੂੰ

**ਫਰਿਜ਼ਨੋ (ਬਿਊਰੋ):** ਫਰਿਜ਼ਨੋ ਵਾਲੀਬਾਲ ਕਮੇਟੀ ਵਲੋਂ ਸਾਲਾਨਾ ਦੂਸਰਾ ਵਾਲੀਵਾਲ ਟੂਰਨਾਮੈਂਟ 4 ਤੇ 5 ਅਪਰੈਲ ਨੂੰ ਬੰਬੇ ਬਿਜ਼ਨਸ ਪਾਰਕ ਵਿਚ ਕਰਵਾਇਆ ਜਾ ਰਿਹਾ ਹੈ।

ਪ੍ਰਬੰਧਕਾਂ ਮੁਤਾਬਕ ਟੂਰਨਾਮੈਂਟ ਸਬੰਧੀ ਸਭ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਟੂਰਨਾਮੈਂਟ ਦੇ ਮੁਖ ਮਹਿਮਾਨ ਚਰਨਜੀਤ ਸਿੰਘ ਬਾਠ ਹੋਣਗੇ ਅਤੇ ਉਨ੍ਹਾਂ ਵਲੋਂ ਜੇਤੂ ਟੀਮ ਨੂੰ ਪਹਿਲਾ ਇਨਾਮ ਦਿੱਤਾ ਜਾਵੇਗਾ। ਪੰਜ ਅਪਰੈਲ ਨੂੰ ਬਾਅਦ ਦੁਪਹਿਰ ਗਾਇਕੀ ਦਾ ਖੁਲ੍ਹਾ ਅਖਾੜਾ ਲੱਗੇਗਾ ਜਿਸ ਵਿਚ ਉਘੇ ਗਾਇਕ ਅਕਾਸ਼ਦੀਪ, ਜੀਤਾ ਗਿੱਲ, ਧਰਮਵੀਰ ਥਾਂਦੀ ਅਤੇ ਅਵਤਾਰ ਗਰੇਵਾਲ ਲੋਕਾਂ ਦਾ ਮਨੋਰੰਜਨ ਕਰਨਗੇ।

## ਵਿਸਾਖੀ ਨੂੰ ਸਮਰਪਿਤ ਗੁਰਮਤਿ ਦੀਵਾਨ 10 ਤੋਂ

**ਫਰਿਜ਼ਨੋ (ਬਿਊਰੋ):** ਪੰਜਾਬੀ ਕਲਚਰਲ ਐਸੋਸੀਏਸ਼ਨ (ਪੀ.ਸੀ.ਏ.) ਵਲੋਂ ਸਥਾਨਕ ਗੁਰਦੁਆਰਾ ਸਿੰਘ ਸਭਾ ਵਿਖੇ 10 ਅਪਰੈਲ ਤੋਂ 16 ਅਪਰੈਲ ਤੱਕ ਗੁਰਮਤਿ ਦੀਵਾਨ ਸਜਾਏ ਜਾਣਗੇ। ਇਨ੍ਹਾਂ ਦੀਵਾਨਾਂ ਵਿਚ ਪ੍ਰਸਿਧ ਕਥਾਵਾਚਕ ਭਾਈ ਸਰਬਜੀਤ ਸਿੰਘ ਧੂੰਦਾ, ਗਿਆਨੀ ਗੁਰਬਚਨ ਸਿੰਘ ਅਤੇ ਬੀਬੀ ਜਸਵੀਰ ਕੌਰ ਸੰਗਤਾਂ ਨਾਲ ਗੁਰ ਸ਼ਬਦ ਦੀ ਸਾਂਝ ਪਾਉਣਗੇ।

ਸੰਸਥਾ ਅਨੁਸਾਰ 10 ਅਪਰੈਲ ਨੂੰ ਗਿਆਨੀ ਗੁਰਬਚਨ ਸਿੰਘ ਸ਼ਾਮੀਂ 6 ਤੋਂ 8 ਵਜੇ ਤੱਕ ਆਪਣੇ ਵਿਚਾਰ ਰੱਖਣਗੇ। 11 ਅਪਰੈਲ ਨੂੰ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਗੁਰਮਤਿ ਕਨਵੈਨਸ਼ਨ ਹੋਵੇਗੀ ਜਿਸ ਵਿਚ ਤਿੰਨੇ ਹੀ ਪ੍ਰਚਾਰਕ ਬੱਚਿਆਂ ਅਤੇ ਸਮੂਹ ਸੰਗਤ ਦੇ ਰੂਬਰੂ ਹੋਣਗੇ। 12 ਅਪਰੈਲ ਨੂੰ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਬੀਬੀ ਜਸਵੀਰ ਅਤੇ ਗਿਆਨੀ ਗੁਰਬਚਨ ਸਿੰਘ ਬੱਚਿਆਂ ਨਾਲ ਇੱਕ ਖਾਸ ਗੁਰਮਤਿ ਵਿਚਾਰ ਪ੍ਰੋਗਰਾਮ ਕਰਨਗੇ। ਉਪਰੰਤ ਅੰਮ੍ਰਿਤ ਸੰਚਾਰ ਹੋਵੇਗਾ। ਸ਼ਾਮ ਦੇ ਦੀਵਾਨ ਦੌਰਾਨ ਸ਼ਾਮੀਂ 6 ਤੋਂ 8 ਵਜੇ ਦਰਮਿਆਨ ਸਰਬਜੀਤ ਸਿੰਘ ਧੂੰਦਾ ਕਥਾ ਵਿਆਖਿਆ ਕਰਨਗੇ। ਭਾਈ ਧੂੰਦਾ 13 ਤੋਂ 16 ਅਪਰੈਲ ਤੱਕ ਰੋਜ਼ਾਨਾ ਸ਼ਾਮੀਂ 6 ਤੋਂ 8 ਵਜੇ ਤੱਕ ਗੁਰਬਾਣੀ ਦੀ ਕਥਾ ਕਰਨਗੇ। ਹੋਰ ਜਾਣਕਾਰੀ ਲਵਨੀਤ ਸਿੰਘ (559-862-9918), ਗੁਰਨੇਕ ਸਿੰਘ (559-916-5953) ਜਾਂ ਸੁਖਦੀਪ ਸਿੰਘ (559-351-9690) ਪਾਸੋਂ ਲਈ ਜਾ ਸਕਦੀ ਹੈ।

## Matrimonial

### ਕੰਨਿਆ ਦੀ ਲੋੜ

Looking suitable match for handsome Sikh Lachhar, MBA, US born clean shaven, 37, 6'-0", runs his own business. Contact, Call: 513-546-7246, e-mail: wunjeet1@hotmail.com 14-17

Looking suitable match for Jat Sikh, Dhillon, 26, 5'-11" handsome, athlete, very sober, clean shaven, boy running a gas station business with father in USA. Contact, Cell: 812-664-4021, Email: Dhillonzfamily@gmail.com 11-14

### ਵਰ ਦੀ ਲੋੜ

Match sought for US citizen divorce Khatri Arora girl 32, high school pass, working in a salon. Boy should be US citizen, Green Card holder or with any legal US status, clean shave, Sikh or Hindu Punjabi. Can be single or divorce with no kids. Contact, Ph: 917-796-4788 10-13

## ਇਰਫਾਨ ਹਬੀਬ ਵਲੋਂ ਗਾਂਧੀ ਦੀ ਅੰਨ੍ਹੀ ਆਲੋਚਨਾ ਦਾ ਵਿਰੋਧ

**ਅਲੀਗੜ੍ਹ:** ਇਤਿਹਾਸਕਾਰ ਇਰਫਾਨ ਹਬੀਬ ਨੇ ਕਿਹਾ ਹੈ ਕਿ ਪੱਛਮੀ ਲੇਖਕਾਂ ਸਣੇ ਪਿਛਲੇ ਕੁਝ ਮਹੀਨਿਆਂ ਤੋਂ ਮਹਾਤਮਾ ਗਾਂਧੀ ਦੀ ਜੋ ਜ਼ੋਰਦਾਰ ਆਲੋਚਨਾ ਕੀਤੀ ਜਾ ਰਹੀ ਹੈ, ਉਹ ਕੁੱਲ ਮਿਲਾ ਕੇ ਇਤਿਹਾਸ ਉਤੇ ਆਧਾਰਤ ਨਹੀਂ ਹੈ।

'ਮਹਾਤਮਾ ਗਾਂਧੀ ਤੇ ਭਾਰਤ' ਵਿਸ਼ੇ ਉਤੇ ਦਿੱਤੇ ਲੈਕਚਰ ਵਿਚ ਉਨ੍ਹਾਂ ਕਿਹਾ ਕਿ ਜੇਕਰ ਆਧੁਨਿਕ ਭਾਰਤ ਦੀ ਉਸਾਰੀ ਵਿਚ ਗਾਂਧੀ ਦੇ ਅਸਲ ਯੋਗਦਾਨ ਬਾਰੇ ਕੋਈ ਜਾਨਣਾ ਚਾਹੁੰਦਾ ਹੈ ਤਾਂ ਉਸ ਨੂੰ ਮਹਾਤਮਾ ਦੀ ਹੱਤਿਆ ਤੋਂ ਪਹਿਲਾਂ ਦੇ ਆਖਰੀ ਚਾਰ ਹਫਤਿਆਂ ਨਾਲ ਜੁੜੀਆਂ ਘਟਨਾਵਾਂ ਦੀ ਗੰਭੀਰ ਪੁਣਛਾਣ ਤੇ ਪੜਤਾਲ ਕਰਨੀ ਚਾਹੀਦੀ ਹੈ। ਇਰਫਾਨ ਹਬੀਬ ਖੁਦ ਵੀ ਦੇਸ਼ ਦੀ ਵੰਡ ਤੇ ਆਜ਼ਾਦੀ ਦੇ ਮੁੱਢਲੇ ਦਿਨਾਂ ਦਾ ਸੰਤਾਪ ਝੱਲਣ ਵਾਲਿਆਂ ਵਿਚੋਂ ਇਕ ਹਨ।

*punjabtimesusa.com*

**Upgrade your Security Cameras to High Definition at very reasonable prices**




*For a Free Demo of our new HD Cameras Please Contact us*

Balbir S Sidhu

209-495-3905 (Cell)

www.dvrunlimited.com

Toll Free (888) 233-4566

**DVRunlimited Inc.** Installation Available

## ਵੇਟਰ ਦੀ ਫੌਰੀ ਲੋੜ ਹੈ

ਇੰਡੀਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਵੇਟਰ ਦੀ ਫੌਰੀ ਤੌਰ 'ਤੇ ਲੋੜ ਹੈ

*ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼

*ਸਹੀ ਵਿਅਕਤੀ ਨੂੰ ਸਪਾਂਸਰ ਵੀ ਕੀਤਾ ਜਾ ਸਕਦਾ ਹੈ

**Restaurant Help**

**Immediately hiring WAITER for Indian restaurant in Indiana.**

**Good salary and free accommodation.*

**Sponsorship is available for right candidate.*

ਸੰਪਰਕ ਕਰੋ: ਟੋਨੀ

ਫੋਨ: 317-340-1470

14-15

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸੱਤਾਧਾਰੀਆਂ ਨੇ ਕੱਢਿਆ ਜਮਹੂਰੀਅਤ ਦਾ ਜਨਾਜ਼ਾ

ਲੰਬੀ ਵਿਚ ਸੱਤਾਧਾਰੀ ਬਾਦਲਾਂ ਦੇ ਹੁਕਮਾਂ ਅਨੁਸਾਰ ਪੁਲਿਸ ਅਧਿਕਾਰੀਆਂ ਨੇ ਉਥੇ ਆਪਣੀਆਂ ਮੰਗਾਂ ਮੰਨੇ ਜਾਣ ਅਤੇ ਵਾਅਦੇ ਪੂਰੇ ਕਰਨ ਲਈ ਆਵਾਜ਼ ਉਠਾ ਰਹੇ ਮੁਲਾਜ਼ਮਾਂ, ਖ਼ਾਸ ਕਰ ਕੇ ਔਰਤਾਂ ਨੂੰ ਕੋਲ ਖੜ੍ਹ ਕੇ ਜਿਵੇਂ ਮਰਦ ਮੁਲਾਜ਼ਮਾਂ ਤੋਂ ਕੁਟਵਾਇਆ ਅਤੇ ਚੁੰਨੀਆਂ ਲਾਹ-ਲਾਹ ਕੇ ਜ਼ਲੀਲ ਤੇ ਲਹੂ-ਲੁਹਾਣ ਕਰਵਾਇਆ, ਉਹ ਪੁਲਿਸ ਕੋਲੋਂ ਹੋਈ ਅਣਭੋਲ ਗ਼ਲਤੀ ਨਹੀਂ ਸੀ, ਸਗੋਂ ਸੱਤਾਧਾਰੀਆਂ ਦੀ ਸੋਚੀ-ਸਮਝੀ ਬੁਰਛਾਗਰਦੀ ਸੀ। ਇਸ ਦਾ ਮਨੋਰਥ ਦਿਨੋ-ਦਿਨ ਵਧੇਰੇ ਤੋਂ ਵਧੇਰੇ ਤਾਦਾਦ ਵਿਚ ਹਾਸ਼ੀਏ 'ਤੇ ਧੱਕੇ ਜਾ ਰਹੇ ਅਵਾਮ ਦੀ ਜਥੇਬੰਦਕ ਹੱਕ-ਜਤਾਈ ਨੂੰ ਐਸੇ ਬੇਰਹਿਮ ਢੰਗ ਨਾਲ ਕੁਚਲਣਾ ਸੀ/ਹੈ ਜੋ ਬਾਕੀਆਂ ਲਈ ਸਬਕ ਬਣ ਜਾਵੇ। ਫਿਰ 23 ਮਾਰਚ ਦੇ ਦਿਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪੰਜਾਬ ਫੇਰੀ ਮੌਕੇ ਅੰਮ੍ਰਿਤਸਰ ਵਿਚ ਸੱਤਾਧਾਰੀਆਂ ਦੇ ਖ਼ਿਲਾਫ਼ ਕੀਤੇ ਜਾ ਰਹੇ ਪ੍ਰਦਰਸ਼ਨ ਨੂੰ ਨਾਕਾਮ ਬਣਾਉਣ ਲਈ ਕਿਸ ਤਰ੍ਹਾਂ ਦੇ ਜ਼ਾਲਮ ਤਰੀਕੇ ਅਪਣਾਏ ਗਏ, ਇਸ ਦੀ ਮਿਸਾਲ ਜਲੰਧਰ ਦੇ ਇਕ ਸਕੂਲ ਦੀ ਗਰਭਵਤੀ ਅਧਿਆਪਕਾ ਨੂੰ ਗ੍ਰਿਫ਼ਤਾਰ ਕਰ ਕੇ 7 ਘੰਟੇ ਥਾਣੇ ਵਿਚ ਖੜ੍ਹੀ ਰੱਖਣ ਤੋਂ ਮਿਲਦੀ ਹੈ। ਪੁਲਿਸ ਦੇ ਇਸ ਤਸ਼ੱਦਦ ਅੱਗੇ ਬੇਵੱਸ ਉਸ ਮਾਂ ਦਾ ਗਰਭਪਾਤ ਹੋ ਗਿਆ।

ਇਸ ਤੋਂ ਤਿੰਨ ਦਿਨ ਬਾਅਦ 26 ਮਾਰਚ ਨੂੰ ਦਲਿਤ ਵਿਦਿਆਰਥੀ ਤੇ ਵਿਦਿਆਰਥਣਾਂ ਪੰਜਾਬ ਸਟੂਡੈਂਟਸ ਯੂਨੀਅਨ ਦੀ ਅਗਵਾਈ ਵਿਚ



*ਲੰਬੀ ਵਿਚ ਲਾਠੀਆਂ ਵਰ੍ਹਾ ਰਹੇ ਪੁਲਿਸ ਮੁਲਾਜ਼ਮ।*

ਨਵਾਂ ਸ਼ਹਿਰ ਦੇ ਬਾਰਾਂਦਰੀ ਬਾਗ਼ ਵਿਚ ਰੋਸ ਵਿਖਾਵਾ ਕਰਨ ਲਈ ਜੁੜੇ। ਉਨ੍ਹਾਂ ਦੀ ਮੰਗ ਸੀ ਕਿ ਪ੍ਰਾਈਵੇਟ ਕਾਲਜ ਦਲਿਤ ਵਿਦਿਆਰਥੀਆਂ ਤੋਂ ਨਜਾਇਜ਼ ਵਸੂਲੀਆਂ ਫ਼ੀਸਾਂ ਦੇ ਕਰੋੜਾਂ ਰੁਪਏ ਵਾਪਸ ਨਹੀਂ ਕਰ ਰਹੇ। ਸਿਵਲ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਹੋਈਆਂ ਦੋ ਮੀਟਿੰਗਾਂ ਵਿਚ ਇਨ੍ਹਾਂ ਕਾਲਜਾਂ ਦੀਆਂ ਮੈਨੇਜਮੈਂਟਾਂ ਨੂੰ ਵਸੂਲੀਆਂ ਫ਼ੀਸਾਂ ਵਾਪਸ ਕਰਨ ਲਈ ਕਿਹਾ ਗਿਆ ਸੀ, ਪਰ ਇਨ੍ਹਾਂ ਪ੍ਰਾਈਵੇਟ ਕਾਲਜਾਂ ਦੇ ਮਾਲਕ ਇਹ ਫ਼ੈਸਲੇ ਲਾਗੂ ਕਰਨ ਤੋਂ ਇਨਕਾਰੀ ਹਨ। ਬਹਾਨਾ ਬਣਾਇਆ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਸਰਕਾਰ ਨੇ ਇਸ ਸਬੰਧ ਵਿਚ ਅਦਾਇਗੀ ਨਹੀਂ ਕੀਤੀ, ਪਰ ਜ਼ਿਲ੍ਹਾ ਭਲਾਈ ਅਫ਼ਸਰ ਅਮਰੀਕ ਸਿੰਘ ਮੁਤਾਬਕ ਸਰਕਾਰ ਵੱਲੋਂ 2014-15 ਦੇ ਸੈਸ਼ਨ ਦੌਰਾਨ ਕੇ.ਸੀ. ਕਾਲਜ ਨੂੰ 2 ਕਰੋੜ 97 ਲੱਖ, 61 ਹਜ਼ਾਰ 936 ਰੁਪਏ, ਦੋਆਬਾ ਕਾਲਜ ਛੋਕਰਾਂ ਨੂੰ 2 ਕਰੋੜ 5 ਲੱਖ 58 ਹਜ਼ਾਰ 927 ਰੁਪਏ ਅਤੇ ਰਿਆਤ ਕਾਲਜ ਨੂੰ 4 ਕਰੋੜ 64 ਲੱਖ 2829 ਰੁਪਏ, ਭਾਵ ਸਰਕਾਰ ਵੱਲੋਂ 79 ਪ੍ਰਤੀਸ਼ਤ ਰਾਸ਼ੀ ਮੁਹੱਈਆ ਕਰਵਾਈ ਜਾ ਚੁੱਕੀ ਹੈ।

ਡੀ.ਐਸ.ਪੀ. ਅਤੇ ਥਾਣਾ ਮੁਖੀ ਦੀ ਅਗਵਾਈ ਵਿਚ ਵਿਦਿਆਰਥੀਆਂ ਨੂੰ ਬਾਰਾਂਦਰੀ ਬਾਗ ਵਿਚ ਘੇਰ ਕੇ, ਗੇਟ ਬੰਦ ਕਰ ਕੇ ਛੱਲੀਆਂ ਵਾਂਗ ਕੁੱਟਿਆ ਗਿਆ। ਪੁਲਿਸ ਦੀ ਵਹਿਸ਼ੀ ਜ਼ਿਹਨੀਅਤ ਨੂੰ ਦੋ ਵਿਦਿਆਰਥਣਾਂ, ਬਲਜੀਤ ਕੌਰ ਅਤੇ ਰਾਜਵੰਤ ਕੌਰ ਵਲੋਂ ਐਸ.ਡੀ.ਐਮ. ਦੀ ਮੌਜੂਦਗੀ ਵਿਚ ਬਿਆਨੀ ਹਕੀਕਤ ਤੋਂ ਸਮਝਿਆ ਜਾ ਸਕਦਾ ਹੈ।

ਉਨ੍ਹਾਂ ਨੇ ਦੱਸਿਆ ਕਿ ਸਿਵਲ ਵਰਦੀ ਵਾਲੇ ਮਰਦ ਪੁਲਿਸ ਮੁਲਾਜ਼ਮਾਂ ਨੇ ਲੜਕੀਆਂ 'ਤੇ ਤੇਜ਼ਾਬਨੁਮਾ ਵਸਤੂ ਸੁੱਟੀ ਜਿਸ ਕਰ ਕੇ ਉਨ੍ਹਾਂ ਦੋਨਾਂ ਦੀਆਂ ਚੁੰਨੀਆਂ ਸੜ ਗਈਆਂ। ਦੋ ਵਿਦਿਆਰਥੀਆਂ ਦੀਆਂ ਲੱਤਾਂ ਦੀਆਂ ਹੱਡੀਆਂ ਕੁੱਟ-ਕੁੱਟ ਕੇ ਤੋੜ ਦਿੱਤੀਆਂ ਗਈਆਂ। ਯੂਨੀਅਨ ਦੇ ਜ਼ਿਲ੍ਹਾ ਕਮੇਟੀ ਮੈਂਬਰ ਸੁਖਵੀਰ ਸਿੰਘ ਦੀ ਦਸਤਾਰ ਲਾਹ ਕੇ ਪੁਲਿਸ ਮੁਲਾਜ਼ਮਾਂ ਨੇ ਹਵਾ 'ਚ ਉਛਾਲੀ। ਲਾਠੀਚਾਰਜ ਲਈ ਪੁਲਿਸ ਅਧਿਕਾਰੀਆਂ ਨੇ ਡਿਊਟੀ ਮੈਜਿਸਟਰੇਟ ਤੋਂ ਕੋਈ ਕਾਨੂੰਨੀ ਮਨਜ਼ੂਰੀ ਵੀ ਨਹੀਂ ਲਈ। ਹੁਣ ਸਵਾਲ ਹੈ ਕਿ, ਕੀ ਜਮਹੂਰੀਅਤ ਦਾ ਕਿਰਦਾਰ ਇਹੀ ਹੈ ਕਿ ਇਸ ਵਿਚ ਲਫ਼ਜ਼ਾਂ ਦੇ ਅਸਲ ਮਾਇਨੇ ਅਧਿਕਾਰਤ ਦਾਅਵਿਆਂ ਤੋਂ ਉਲਟ ਹੁੰਦੇ ਹਨ? ਹੁਣ ਦੂਜਾ ਅਹਿਮ ਸਵਾਲ ਇਹ ਬਣਦਾ ਹੈ ਕਿ ਅੱਕੇ ਹੋਏ ਲੋਕ, ਹਾਕਮ ਜਮਾਤੀ ਲਾਣੇ ਖਿਲਾਫ ਆਪਣਾ ਮੋਰਚਾ ਕਿਸ ਤਰ੍ਹਾਂ ਬੰਨ੍ਹਣ।

*-ਬੂਟਾ ਸਿੰਘ*

# ਪਹਿਲੇ ਗੇੜ ਵਿਚ ਹੀ ਹਫ ਗਈ 'ਆਪ'

*(ਸਫਾ ਇਕ ਦੀ ਬਾਕੀ)*

ਮੈਂਬਰਾਂ ਤੋਂ ਇਲਾਵਾ ਪਟਿਆਲਾ ਤੋਂ ਸੰਸਦ ਡਾ. ਧਰਮਵੀਰ ਗਾਂਧੀ ਦਾ ਸਾਥ ਵੀ ਇਨ੍ਹਾਂ ਨੂੰ ਹਾਸਲ ਹੋਇਆ। ਪ੍ਰਸ਼ਾਂਤ ਭੂਸ਼ਨ ਨੇ ਕਿਹਾ ਕਿ ਮੀਟਿੰਗ ਵਿਚ ਸਭ ਕੁਝ ਪਹਿਲਾਂ ਤੋਂ ਨਿਸ਼ਚਿਤ ਸੀ। ਸਵਰਾਜ ਦੇ ਮੁੱਦੇ 'ਤੇ ਹੋਂਦ ਵਿਚ ਆਈ ਪਾਰਟੀ ਦੇ ਅਜਿਹੇ ਰੂਪ ਦੀ ਕਦੀ ਕਲਪਨਾ ਵੀ ਨਹੀਂ ਸੀ ਕੀਤੀ। ਯਾਦਵ-ਭੂਸ਼ਨ ਧੜੇ ਨੇ ਇਹ ਇਲਜ਼ਾਮ ਵੀ ਲਾਇਆ ਕਿ ਉਨ੍ਹਾਂ ਨੂੰ ਇਲਜ਼ਾਮਾਂ ਦਾ ਸਪਸ਼ਟੀਕਰਨ ਦੇਣ ਦਾ ਮੌਕਾ ਵੀ ਨਹੀਂ ਦਿੱਤਾ ਗਿਆ ਤੇ ਨਾ ਹੀ ਪਾਰਟੀ ਦੇ ਅੰਦਰੂਨੀ ਲੋਕਪਾਲ ਐਡਮਿਰਲ ਰਾਮਦਾਸ, ਜੋ ਹਾਲੇ ਤੱਕ ਹੋਈਆਂ ਸਾਰੀਆਂ ਮੀਟਿੰਗਾਂ ਦਾ ਹਿੱਸਾ ਰਹੇ ਸਨ, ਨੂੰ ਮੀਟਿੰਗ ਵਿਚ ਸ਼ਾਮਲ ਹੋਣ ਤੋਂ ਰੋਕਿਆ ਗਿਆ। ਦੂਜੇ ਪਾਸੇ ਆਮ ਆਦਮੀ ਪਾਰਟੀ ਨੇ ਯਾਦਵ, ਭੂਸ਼ਨ ਵਲੋਂ ਲਾਏ ਸਾਰੇ ਇਲਜ਼ਾਮਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਕਿਹਾ ਕਿ ਲੋੜ ਪੈਣ 'ਤੇ ਪਾਰਟੀ ਸਬੂਤ ਵੀ ਪੇਸ਼ ਕਰੇਗੀ। ਦੱਸਣਯੋਗ ਹੈ ਕਿ ਦਿੱਲੀ ਦੇ ਕਾਪਸਹੇੜਾ ਇਲਾਕੇ ਵਿਚ ਹੋਈ ਮੀਟਿੰਗ ਵਿਚ ਇਨ੍ਹਾਂ ਆਗੂਆਂ ਨੂੰ ਕੌਮੀ ਕਾਰਜਕਾਰਨੀ ਵਿਚੋਂ ਕੱਢਣ ਦਾ ਮਤਾ ਲਿਆਂਦਾ ਗਿਆ ਜਿਸ ਦਾ 247 ਮੈਂਬਰਾਂ ਨੇ ਸਮਰਥਨ ਕੀਤਾ, ਅੱਠ ਨੇ ਵਿਰੋਧ ਤੇ 54 ਮੈਂਬਰਾਂ ਨੇ ਵੋਟਿੰਗ ਦੇ ਅਮਲ ਵਿਚ ਹਿੱਸਾ ਨਹੀਂ ਲਿਆ। ਇਨ੍ਹਾਂ ਨੇਤਾਵਾਂ 'ਤੇ ਪਾਰਟੀ ਵਿਰੋਧੀ ਕਾਰਵਾਈਆਂ ਕਰਨ ਦਾ ਇਲਜ਼ਾਮ ਲਾਇਆ ਗਿਆ। ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਹੰਗਾਮਿਆਂ ਦੇ ਆਸਾਰ ਉਸ ਵੇਲੇ ਸਪਸ਼ਟ ਹੋ ਗਏ ਜਦ ਯੋਗੇਂਦਰ ਯਾਦਵ ਤੇ ਪ੍ਰਸ਼ਾਂਤ ਭੂਸ਼ਨ ਦੇ ਮੀਟਿੰਗ ਵਿਚ ਆਉਣ 'ਤੇ ਮੁਰਦਾਬਾਦ ਤੇ ਪਾਰਟੀ ਦੇ ਗ਼ੱਦਾਰ ਵਰਗੇ ਨਾਅਰਿਆਂ ਨਾਲ ਉਨ੍ਹਾਂ ਦਾ ਵਿਰੋਧ ਕੀਤਾ ਗਿਆ ਪਰ ਹੰਗਾਮਿਆਂ ਦੀ ਪੇਸ਼ੀਨਗੋਈ ਹੁੰਦਿਆਂ ਉਥੇ ਪੁਲਿਸ ਦਾ ਪੁਖਤਾ ਇੰਤਜ਼ਾਮ ਕੀਤਾ ਗਿਆ।

ਦੂਜੇ ਪਾਸੇ 'ਆਪ' ਵਿਚ ਇਲਜ਼ਾਮਾਂ ਦਾ ਸਿਲਸਿਲਾ ਅਜੇ ਵੀ ਜਾਰੀ ਹੈ। ਪਾਰਟੀ ਦੇ ਸਾਬਕਾ ਵਿਧਾਇਕ ਰਾਜੇਸ਼ ਗਰਗ ਨੇ 'ਆਪ' ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਇਲਜ਼ਾਮ ਲਾਉਂਦਿਆਂ ਕਿਹਾ ਕਿ ਕੇਜਰੀਵਾਲ ਨੇ ਆਪਣੇ ਹੀ ਲੋਕਾਂ ਤੋਂ ਆਪਣੇ ਵਿਧਾਇਕਾਂ ਨੂੰ ਝੂਠੇ ਫੋਨ ਕਰਵਾ ਕੇ ਪੈਸੇ ਦਾ ਲਾਲਚ ਦਿੱਤਾ ਸੀ ਤੇ ਇਸ ਦਾ ਦੋਸ਼ ਭਾਜਪਾ 'ਤੇ ਲਾ ਦਿੱਤਾ। ਰਾਜੇਸ਼ ਗਰਗ ਨੇ ਕਿਹਾ ਕਿ 49 ਦਿਨਾਂ ਦੀ ਸਰਕਾਰ ਚਲਾਉਣ ਤੋਂ ਬਾਅਦ ਮੁੜ ਸੱਤਾ ਵਿਚ ਆਉਣ ਦੀਆਂ ਕੋਸ਼ਿਸ਼ਾਂ ਦੌਰਾਨ ਉਨ੍ਹਾਂ ਨੂੰ ਵੀ ਅਰੁਣ ਜੇਤਲੀ ਦੇ ਨਾਂ 'ਤੇ ਫੋਨ ਆਇਆ ਸੀ।

ਦੱਸਣਯੋਗ ਹੈ ਕਿ ਰਾਜੇਸ਼ ਗਰਗ ਨੇ ਪਹਿਲਾਂ ਵੀ ਇਕ ਆਡੀਓ ਟੇਪ ਜਾਰੀ ਕਰ ਕੇ ਕੇਜਰੀਵਾਲ ਵੱਲੋਂ ਕਾਂਗਰਸ ਦੇ ਵਿਧਾਇਕ ਤੋੜਨ ਦੀ ਗੱਲ ਕਹੀ ਸੀ। ਭਾਜਪਾ ਨੇ ਇਸ ਤਾਜ਼ਾ ਖ਼ੁਲਾਸੇ 'ਤੇ ਸਖ਼ਤ ਟਿੱਪਣੀ ਕਰਦਿਆਂ ਆਮ ਆਦਮੀ ਪਾਰਟੀ 'ਤੇ ਜਨਤਾ ਨੂੰ ਠੱਗਣ ਦਾ ਇਲਜ਼ਾਮ ਲਾਇਆ ਹੈ।

# 84: ਫਿਰ ਟੁੱਟੀ ਇਨਸਾਫ ਦੀ ਉਮੀਦ

*(ਸਫਾ ਇਕ ਦੀ ਬਾਕੀ)*

ਕਿ ਤਿੰਨ ਮਹੀਨੇ ਇਸ ਰਿਪੋਰਟ ਨੂੰ ਭੇਤ ਬਣਾ ਕੇ ਰੱਖਿਆ ਗਿਆ ਹੈ ਤੇ ਭਾਜਪਾ ਤੇ ਇਸ ਦੇ ਭਾਈਵਾਲ ਅਕਾਲੀ ਦਲ ਨੂੰ ਕੇਸ ਦੀ ਮੁਕੰਮਲ ਜਾਣਕਾਰੀ ਹੋਣ ਦੇ ਬਾਵਜੂਦ ਉਨ੍ਹਾਂ ਸੀ.ਬੀ.ਆਈ. ਦੇ ਇਸ ਕਦਮ ਬਾਰੇ ਚੁੱਪ ਧਾਰੀ ਰੱਖੀ ਜਦਕਿ 2009 ਵਿਚ ਯੂ.ਪੀ.ਏ. ਸਰਕਾਰ ਦੇ ਕਾਰਜਕਾਲ ਦੌਰਾਨ ਟਾਈਟਲਰ ਨੂੰ ਕਲੀਨ ਚਿੱਟ ਮਿਲਣ 'ਤੇ ਦੋਹਾਂ ਪਾਰਟੀਆਂ ਨੇ ਰੌਲਾ ਪਾਇਆ ਸੀ।



ਦੱਸਣਯੋਗ ਹੈ ਕਿ ਮੋਦੀ ਸਰਕਾਰ ਵਲੋਂ 23 ਦਸੰਬਰ 2014 ਨੂੰ ਬਣਾਈ ਜਸਟਿਸ ਮਾਥੁਰ ਕਮੇਟੀ ਦੀ ਸਿਫਾਰਸ਼ 'ਤੇ ਕਤਲੇਆਮ ਦੇ ਸਾਰੇ ਕੇਸਾਂ ਦੀ ਮੁੜ ਘੋਖ ਲਈ ਐਸ.ਆਈ.ਟੀ. ਦਾ ਗਠਨ ਕੀਤਾ ਹੋਇਆ ਹੈ ਪਰ ਪੜਤਾਲੀਆ ਏਜੰਸੀ ਵੱਲੋਂ ਵਾਰ-ਵਾਰ ਇਨ੍ਹਾਂ ਕੇਸਾਂ ਵਿਚ ਕੋਈ ਸਬੂਤ ਨਾ ਹੋਣ ਦੇ ਦਾਅਵਿਆਂ ਨੇ ਪੀੜਤਾਂ ਦੀਆਂ ਉਮੀਦਾਂ ਨੂੰ ਢਾਅ ਲਾਈ ਹੈ। ਏਜੰਸੀ ਦੀ ਰਿਪੋਰਟ ਨੇ ਸਾਬਤ ਕੀਤਾ ਹੈ ਕਿ ਪੀੜਤਾਂ ਲਈ ਇਨਸਾਫ ਸਿਰਫ ਸਿਆਸੀ ਖੇਡ ਬਣ ਗਈ ਹੈ।

ਇਸ ਕਤਲੇਆਮ ਦੀ ਜਾਂਚ ਲਈ ਨਵੰਬਰ 1984 ਤੋਂ ਲੈ ਕੇ ਨਵੰਬਰ 2014 ਤੱਕ ਤਕਰੀਬਨ 10 ਸਰਕਾਰੀ ਕਮਿਸ਼ਨ ਤੇ ਕਮੇਟੀਆਂ ਬਣ ਚੁੱਕੀਆਂ ਹਨ ਪਰ ਪੀੜਤਾਂ ਨੂੰ ਹਾਲੇ ਤੱਕ ਨਾ ਹੀ ਇਨਸਾਫ਼ ਮਿਲ ਸਕਿਆ ਹੈ ਤੇ ਨਾ ਉਨ੍ਹਾਂ ਦਾ ਲੋੜੀਂਦਾ ਮੁੜ-ਵਸੇਬਾ ਕੀਤਾ ਗਿਆ ਹੈ। ਸਿਆਸੀ ਪਾਰਟੀਆਂ ਇਸ ਮੁੱਦੇ ਨੂੰ ਚੋਣਾਂ ਸਮੇਂ ਸਿੱਖ ਭਾਈਚਾਰੇ ਦੀਆਂ ਵੋਟਾਂ ਬਟੋਰਨ ਲਈ ਮੁੜ-ਮੁੜ ਰਿੜਕਣ ਦਾ ਕੰਮ ਕਰਦੀਆਂ ਆ ਕਰ ਰਹੀਆਂ ਹਨ। 1984 ਦੇ ਕਤਲੇਆਮ ਉਤੇ ਸਿਆਸਤ ਸਿਰਫ ਭਾਜਪਾ ਹੀ ਨਹੀਂ, ਬਲਕਿ ਕਾਂਗਰਸ ਵੀ ਕਰਦੀ ਆ ਰਹੀ ਹੈ। ਉਸ ਨੇ ਆਪਣੇ ਕਾਰਜਕਾਲ ਵਿਚ ਕਈ ਕਮੇਟੀਆਂ ਤੇ ਕਮਿਸ਼ਨ ਗਠਿਤ ਕੀਤੇ ਪਰ ਸਿਆਸੀ ਕਾਰਨਾਂ ਕਰ ਕੇ ਉਨ੍ਹਾਂ ਦੀਆਂ ਸਿਫ਼ਾਰਸ਼ਾਂ ਨੂੰ ਕਦੇ ਵੀ ਅਮਲ ਵਿਚ ਲਾਗੂ ਨਾ ਕੀਤਾ ਗਿਆ। ਨਾਨਾਵਤੀ ਕਮਿਸ਼ਨ ਨੇ ਸਰਕਾਰ ਨੂੰ ਜਾਣਕਾਰੀ ਵੀ ਦਿੱਤੀ ਪਰ ਦੋਸ਼ੀਆਂ ਦੇ ਨਾਂ ਸਬੂਤਾਂ ਦੀ ਘਾਟ ਦੀ ਵਜ੍ਹਾ ਨਾਲ ਸਾਹਮਣੇ ਨਹੀਂ ਆਏ।

ਪੁਲਿਸ ਵਲੋਂ ਬੰਦ ਕੀਤੇ 241 ਮਾਮਲੇ ਮੁੜ ਖੋਲ੍ਹਣ ਦੀ ਮੰਗ ਉਠਦੀ ਰਹੀ ਹੈ। ਸਰਕਾਰੀ ਅੰਕੜਿਆਂ ਮੁਤਾਬਕ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਪਿੱਛੋਂ ਹੋਏ ਸਿੱਖ ਕਤਲੇਆਮ ਵਿਚ ਕੁੱਲ 3325 ਸਿੱਖ ਮਾਰੇ ਗਏ ਸਨ ਜਿਨ੍ਹਾਂ ਵਿਚੋਂ ਇਕੱਲੀ ਦਿੱਲੀ ਵਿਚ 2733 ਸਿੱਖਾਂ ਦੀਆਂ ਹੱਤਿਆਵਾਂ ਕੀਤੀਆਂ ਗਈਆਂ ਸਨ। ਬਾਕੀ ਸਿੱਖ ਉੱਤਰ ਪ੍ਰਦੇਸ਼, ਹਰਿਆਣਾ, ਮੱਧ ਪ੍ਰਦੇਸ਼, ਮਹਾਰਾਸ਼ਟਰ ਤੇ ਹੋਰ ਸੂਬਿਆਂ ਵਿਚ ਮਾਰੇ ਗਏ ਸਨ। 1984 ਸਿੱਖ ਕਤਲੇਆਮ ਪੀੜਤ ਵੈਲਫੇਅਰ ਸੁਸਾਇਟੀ, ਸਿੱਖ ਸਟੂਡੈਂਟਸ ਫੈਡਰੇਸ਼ਨ (ਮਹਿਤਾ) ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਪੀਰ ਮੁਹੰਮਦ) ਕਤਲੇਆਮ ਦੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਨਿੱਤਰ ਆਈਆਂ ਹਨ। ਦਿੱਲੀ ਗੁਰਦੁਆਰਾ ਕਮੇਟੀ ਵਲੋਂ ਜਾਂਚ ਏਜੰਸੀ ਦੇ ਮੁੱਖ ਦਫ਼ਤਰ ਦੇ ਬਾਹਰ ਪੀੜਤ ਪਰਿਵਾਰਾਂ ਦੇ ਨਾਲ ਰੋਸ ਪ੍ਰਦਰਸ਼ਨ ਕੀਤਾ ਗਿਆ।

## ਕੀ ਹੈ ਟਾਈਟਲਰ ਨਾਲ ਸਬੰਧਤ ਕੇਸ...

ਲਖਵਿੰਦਰ ਕੌਰ ਦੇ ਪਤੀ ਬਾਦਲ ਸਿੰਘ ਤੇ ਦੋ ਹੋਰ ਠਾਕੁਰ ਸਿੰਘ ਤੇ ਗੁਰਚਰਨ ਸਿੰਘ ਨੂੰ ਗੁਰਦੁਆਰਾ ਪੁਲ ਬੰਗਸ਼ ਨੇੜੇ ਭੜਕੀ ਹੋਈ ਭੀੜ ਨੇ ਕਤਲ ਕਰ ਦਿੱਤਾ ਸੀ। ਕਾਂਗਰਸ ਆਗੂ ਜਗਦੀਸ਼ ਟਾਈਟਲਰ ਉਤੇ ਲਖਵਿੰਦਰ ਕੌਰ ਨੇ ਦੋਸ਼ ਲਾਇਆ ਸੀ ਕਿ ਭੀੜ ਦੀ ਅਗਵਾਈ ਉਹ ਕਰ ਰਹੇ ਸਨ। ਅਦਾਲਤ ਨੇ ਦਸੰਬਰ 2007 ਵਿਚ ਸੀ.ਬੀ.ਆਈ. ਵੱਲੋਂ ਦਾਖ਼ਲ ਕਲੋਜ਼ਰ ਰਿਪੋਰਟ ਨੂੰ ਅਸਵੀਕਾਰ ਕਰਦਿਆਂ ਇਸ ਮਾਮਲੇ ਦੀ ਮੁੜ ਤੋਂ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਸਨ। ਸੀ.ਬੀ.ਆਈ. ਨੇ ਦੋ ਅਪਰੈਲ 2009 ਨੂੰ ਸਬੂਤਾਂ ਦੀ ਘਾਟ ਦਾ ਦਾਅਵਾ ਕਰਦਿਆਂ ਫਿਰ ਟਾਈਟਲਰ ਨੂੰ ਕਲੀਨ ਚਿੱਟ ਦੇ ਦਿੱਤੀ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਪੰਜਾਬ 'ਚ ਹੁਣ ਸੜਕੀ ਸਫਰ ਹੋਇਆ ਪਹਿਲਾਂ ਨਾਲੋਂ ਹੋਰ ਵੀ ਮਹਿੰਗਾ

**ਜਲੰਧਰ:** ਪੰਜਾਬ ਵਿਚ ਸੜਕੀ ਸਫਰ ਬੜਾ ਮਹਿੰਗਾ ਹੋ ਗਿਆ ਹੈ। ਪਿਛਲੇ ਸੱਤ ਸਾਲਾਂ ਵਿਚ ਸੜਕਾਂ 'ਤੇ ਸਫਰ ਕਰਨ ਬਦਲੇ ਪੰਜਾਬ ਦੇ ਲੋਕਾਂ ਦੀਆਂ ਜੇਬਾਂ ਤੋਂ 2500 ਕਰੋੜ ਰੁਪਏ ਜਾ ਚੁੱਕੇ ਹਨ ਤੇ ਇਨ੍ਹਾਂ ਵਿਚੋਂ 1495 ਕਰੋੜ ਰੁਪਏ ਕੌਮੀ ਰਾਜ ਮਾਰਗਾਂ ਦੇ 9 ਟੋਲ ਪਲਾਜ਼ਾ ਤੋਂ ਵਸੂਲੇ ਗਏ ਹਨ। ਚਾਹੇ ਵੱਡੀ ਰਕਮ ਲੋਕਾਂ ਦੀਆਂ ਜੇਬਾਂ ਵਿਚੋਂ ਜਾਂਦੀ ਰਹੀ ਹੈ ਪਰ ਰਾਜਮਾਰਗਾਂ ਦਾ ਹਾਲ ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ। ਜਲੰਧਰ ਤੋਂ ਅੰਮ੍ਰਿਤਸਰ ਦੇ ਟੋਲ ਪਲਾਜ਼ਾ ਤੋਂ ਹੁਣ ਤੱਕ 113 ਕਰੋੜ ਤੋਂ ਜ਼ਿਆਦਾ ਰਕਮ ਵਸੂਲ ਕੀਤੀ ਜਾ ਚੁੱਕੀ ਹੈ। ਅੰਬਾਲਾ ਤੋਂ ਜ਼ੀਰਕਪੁਰ ਤੋਂ 142 ਕਰੋੜ ਰੁਪਏ, ਜ਼ੀਰਕਪੁਰ ਤੋਂ ਚੰਡੀਮੰਦਿਰ ਤੱਕ 68 ਕਰੋੜ ਤੱਕ ਟੋਲ ਪਲਾਜ਼ਾ ਫੀਸ ਵਸੂਲੀ ਜਾ ਚੁੱਕੀ ਹੈ।

ਦੂਜੇ ਪਾਸੇ ਰਾਜ ਮਾਰਗ ਅਥਾਰਟੀ ਨੇ ਇਕ ਅਪ੍ਰੈਲ ਤੋਂ ਕਈ ਟੋਲ ਪਲਾਜ਼ਾ ਤੋਂ ਲੰਘਣਾ ਮਹਿੰਗਾ ਕਰ ਦਿੱਤਾ ਹੈ ਜਿਨ੍ਹਾਂ ਟੋਲ ਪਲਾਜ਼ਾ 'ਤੇ ਲੰਘਣਾ ਮਹਿੰਗਾ ਕੀਤਾ ਗਿਆ ਹੈ, ਉਨ੍ਹਾਂ ਵਿਚ ਕੌਮੀ ਰਾਜ ਮਾਰਗ-1 ਦੇ ਟੋਲ ਪਲਾਜਾ ਅੰਮ੍ਰਿਤਸਰ ਤੋਂ ਵਾਹਗਾ ਬਾਰਡਰ, ਮੁਕੇਰੀਆਂ ਤੋਂ ਮਾਧੋਪੁਰ ਤੇ ਜਲੰਧਰ ਤੋਂ ਮੁਕੇਰੀਆਂ ਸ਼ਾਮਲ ਹਨ। ਇਨ੍ਹਾਂ ਟੋਲ ਪਲਾਜ਼ਾ ਦੀਆਂ ਲਾਂਘਾ ਫੀਸਾਂ ਸੋਧੀਆਂ ਗਈਆਂ ਹਨ। ਸੋਧੀਆਂ ਦਰਾਂ ਮੁਤਾਬਕ ਅੰਮ੍ਰਿਤਸਰ-ਵਾਹਗਾ ਬਾਰਡਰ ਛਿਦਾਂ ਟੋਲ ਪਲਾਜਾ 'ਤੇ ਕਾਰ ਜੀਪ ਤੇ



ਵੈਨ ਦੇ ਇਕ ਪਾਸੇ ਜਾਣ ਲਈ 35 ਰੁਪਏ ਤੇ ਆਉਣ ਜਾਣ ਲਈ 55 ਰੁਪਏ ਦੇਣੇ ਪੈਣਗੇ। ਹਲਕੀਆਂ ਕਮਰਸ਼ੀਅਲ ਗੱਡੀਆਂ, ਮਿੰਨੀ ਬੱਸਾਂ ਇਕ ਪਾਸੇ ਜਾਣ ਲਈ 60 ਰੁਪਏ ਤੇ 85 ਰੁਪਏ ਆਉਣ ਜਾਣ ਦੀ ਫੀਸ ਲਾਗੂ ਹੋਏਗੀ। ਬੱਸ ਜਾਂ ਟਰੱਕ ਦੇ ਜਾਣ ਲਈ 60 ਰੁਪਏ ਤੇ ਆਉਣ ਜਾਣ ਲਈ 185 ਰੁਪਏ, ਕਮਰਸ਼ੀਅਲ ਗੱਡੀਆਂ (ਤਿੰਨ ਐਕਸਲ) 135 ਰੁਪਏ ਤੇ 200 ਰੁਪਏ, ਹੈਵੀ ਮਸ਼ੀਨਰੀ ਵਾਲੀਆਂ ਗੱਡੀਆਂ ਤੋਂ 190 ਰੁਪਏ ਤੇ 285 ਰੁਪਏ, ਸੱਤ ਤੇ ਜ਼ਿਆਦਾ ਐਕਸਲ ਵਾਲੀਆਂ ਗੱਡੀਆਂ ਤੋਂ ਇਕ ਪਾਸੇ ਲਈ 230 ਤੇ 350 ਰੁਪਏ (ਆਉਣ-ਜਾਣ) ਵਸੂਲੇ ਜਾਣਗੇ।

ਮੁਕੇਰੀਆਂ ਤੋਂ ਮਾਧੋਪੁਰ ਨੂੰ ਜਾਣ ਵਾਲੇ ਹਰਸਾ ਮਾਨਸਰ ਟੋਲ ਪਲਾਜ਼ਾ ਲਈ ਕਾਰ, ਜੀਪ ਤੇ ਵੈਨ ਦੀ 75 ਰੁਪਏ ਤੇ ਜਾਣ ਆਉਣ ਲਈ 115 ਰੁਪਏ, ਹਲਕੀਆਂ ਕਮਰਸ਼ੀਅਲ ਗੱਡੀਆਂ, ਮਿੰਨੀ ਬੱਸਾਂ ਲਈ 125 ਜਾਣ ਤੇ ਆਉਣ ਜਾਣ ਲਈ 190 ਰੁਪਏ ਵਸੂਲ ਕੀਤੇ ਜਾਣਗੇ। ਬੱਸ ਜਾਂ ਟਰੱਕ 260 ਰੁਪਏ ਤੇ 395 ਰੁਪਏ, ਤਿੰਨ ਐਕਸਲ ਵਾਲੀਆਂ ਗੱਡੀਆਂ 285 ਤੇ 430 ਰੁਪਏ, ਹੈਵੀ ਮਸ਼ੀਨਰੀ ਵਾਲੀਆਂ ਗੱਡੀਆਂ 410 ਰੁਪਏ ਤੇ 615 ਰੁਪਏ, ਸੱਤ ਜਾਂ ਜ਼ਿਆਦਾ ਐਕਸਲ ਵਾਲੀਆਂ ਗੱਡੀਆਂ ਤੋਂ 500 ਤੇ 750 ਰੁਪਏ ਫੀਸ ਵਸੂਲੀ ਜਾਏਗੀ। ਜਲੰਧਰ ਤੋਂ ਮੁਕੇਰੀਆਂ ਜਾਣ ਲਈ ਚੌਲਾਂਗ ਟੋਲ ਪਲਾਜ਼ਾ 'ਤੇ ਕਾਰ, ਜੀਪ, ਵੈਨ ਤੋਂ ਜਾਣ ਲਈ 70 ਰੁਪਏ ਤੇ ਆਉਣ ਜਾਣ ਲਈ 110 ਰੁਪਏ ਤੇ ਕਮਰਸ਼ੀਅਲ ਗੱਡੀਆਂ (ਹਲਕੀਆਂ) ਤੋਂ 115 ਤੇ 175 ਰੁਪਏ ਵਸੂਲੇ ਜਾਣਗੇ। ਬੱਸ ਜਾਂ ਟਰੱਕ ਤੋਂ 245 ਤੇ 370 ਰੁਪਏ, ਤਿਨ ਐਕਸਲ ਵਾਲੀਆਂ ਕਮਰਸ਼ੀਅਲ ਗੱਡੀਆਂ 270 ਤੇ 400 ਰੁਪਏ, ਵੱਡੀ ਮਸ਼ੀਨਰੀ ਵਾਲੀਆਂ ਗੱਡੀਆਂ 385 ਤੇ 575 ਤੇ ਸੱਤ ਜਾਂ ਜ਼ਿਆਦਾ ਐਕਸਲ ਵਾਲੀਆਂ ਗੱਡੀਆਂ ਤੋਂ ਇਕ ਪਾਸੇ ਲਈ 470 ਰੁਪਏ ਤੇ ਆਉਣ ਜਾਣ ਲਈ 705 ਰੁਪਏ ਫੀਸ ਵਸੂਲੀ ਜਾਵੇਗੀ।

## ਪੈਸੇ ਲੈ ਕੇ ਵੀ ਸੜਕਾਂ ਦੀ ਹਾਲਤ ਖਸਤਾ

ਪੰਜਾਬ ਵਿਚ ਚਾਹੇ ਟੋਲ ਪਲਾਜ਼ਾ ਉਤੇ ਮੋਟੀਆਂ ਰਕਮਾਂ ਵਸੂਲ ਕੀਤੀਆਂ ਜਾਂਦੀਆਂ ਹਨ ਪਰ ਰਾਜ ਮਾਰਗਾਂ ਦੀ ਹਾਲਤ ਬਹੁਤ ਜ਼ਿਆਦਾ ਖਰਾਬ ਹੈ। ਫਿਲੌਰ ਤੋਂ ਜਲੰਧਰ ਆਉਣ ਲਈ 174 ਰੁਪਏ ਟੋਲ ਪਲਾਜ਼ਾ ਦੀ ਫੀਸ ਵਸੂਲ ਕੀਤੀ ਜਾਂਦੀ ਹੈ ਪਰ ਇਸ ਸੜਕ 'ਤੇ ਥਾਂ-ਥਾਂ ਟੋਏ ਪਏ ਹੋਏ ਹਨ। ਲੁਧਿਆਣਾ ਜਾਣ ਲਈ ਵੀ ਰਾਜ ਮਾਰਗ ਦੀ ਹਾਲਤ ਕਾਫੀ ਖ਼ਰਾਬ ਹੈ। ਜਲੰਧਰ ਤੋਂ ਪਾਣੀਪਤ ਰਾਜ ਮਾਰਗ ਲੰਬੇ ਸਮੇਂ ਤੋਂ ਫਸਿਆ ਹੋਇਆ ਹੈ, ਉਸ ਨੂੰ ਅਜੇ ਤੱਕ ਪੂਰਾ ਨਹੀਂ ਕੀਤਾ ਗਿਆ ਹੈ।


ਕੱਰੀ ਕੁਕ ਅਤੇ ਤੰਦੂਰੀਏ ਦੀ ਲੋੜ ਹੈ

ਬੇ-ਏਰੀਏ (ਕੈਲੀਫੋਰਨੀਆ) ਵਿਚ ਵਧੀਆ ਚਲਦੇ ਉਤਰ-ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਅਤੇ ਕੱਰੀ ਕੁਕ ਦੀ ਲੋੜ ਹੈ।

*ਘੱਟੋ-ਘੱਟ 5 ਸਾਲ ਦਾ ਤਜਰਬਾ ਜਰੂਰੀ। ਚੰਗੀ ਤਨਖਾਹ ਤੇ ਹੋਰ ਸਹੂਲਤਾਂ*

ਸੰਪਰਕ ਕਰੋ: 510-421-3849

Wanted Tandoori & Curry Chef

Northern Indian restaurant in Bay Area (CA) need curry chef, tandoori chef and helper.
Minimum 5 years work experience must
Good salary and other benefits.

**Contact: 510-421-3849**

13-14




Prince's Barber Shop

37477 Fremont Blvd, suite C, Fremont, CA 94536

**Men & Children's Hair Cut**

*Threading
*Custom Text
*Men's Facials
*Hair Coler
*Custom Designing
*Shave &
*Line-ups
*Head Massage



*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



**Cell: (510)-677-9942**
**Shop: (510)-505-9605**

*www.princebarbershop.com*



Pinnacle Carriers, Inc

Now Hiring Drivers

ਡਰਾਈਵਰਾਂ ਦੀ ਲੋੜ ਹੈ



Limited availability
Team or Solo
36-38 CPM
$1900 starting to Midwest
$300 quarterly driver safety bonus
$50 dot inspection bonus
$1000 sign in bonus (1 year)

*Brand New Trucks & Trailers*

Please Contact

Ph: (916) 833-5022

10-13



*"Ask us about the...*
**AARP® Auto Insurance Program from The Hartford."**

***NOW AVAILABLE IN YOUR AREA!***

**Find out more about the Special Benefits of The Hartford's Program for AARP members and our Competitive Rates!**



*Satwant Singh*

**You'll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through.**
*-Satwant Singh!*

Call today for your FREE, no-obligation quote:

**+1-408-771-2438**

Satwant Singh: 2774 Aborn Rd,
San Jose, CA 95121
satwant@satwantins.com
www.satwantins.com
CA License# 0H11256

AARP® | Auto Insurance Program from THE HARTFORD

The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent.

*107792 2nd Rev*

# ਧੂਰੀ ਹਲਕੇ ਵਿਚ ਕਾਂਗਰਸ ਦੇ ਕਲੇਸ਼ ਤੋਂ ਅਕਾਲੀ ਆਗੂ ਖੁਸ਼

**ਜਲੰਧਰ:** ਵਿਧਾਨ ਸਭਾ ਹਲਕਾ ਧੂਰੀ ਦੀ ਉਪ ਚੋਣ ਵਿਚ ਪੈਦਾ ਹੋ ਰਹੇ ਹਾਲਾਤ ਅਕਾਲੀ ਦਲ ਦੇ ਵਿਧਾਨ ਸਭਾ ਵਿਚ ਬਹੁਮਤ ਦਾ ਰਾਹ ਪੱਧਰ ਕਰਦੇ ਨਜ਼ਰ ਆ ਰਹੇ ਹਨ। ਇਸ ਵੇਲੇ ਵਿਧਾਨ ਸਭਾ ਵਿਚ ਅਕਾਲੀ ਦੇ ਵਿਧਾਇਕਾਂ ਦੀ ਗਿਣਤੀ 58 ਹੈ ਤੇ ਜੇਕਰ ਧੂਰੀ ਚੋਣ ਜਿੱਤ ਜਾਂਦੇ ਹਨ ਤਾਂ ਦਲ ਇਕੱਲੇ ਤੌਰ ਉਤੇ ਬਹੁਮਤ ਆ ਜਾਵੇਗਾ। ਆਮ ਆਦਮੀ ਪਾਰਟੀ ਦੇ ਉਪ ਚੋਣ ਨੂੰ ਨਾ ਲੜਨ ਦੇ ਐਲਾਨ ਨਾਲ ਅਕਾਲੀ ਦਲ ਨੂੰ ਵੱਡੀ ਰਾਹਤ ਮਿਲੀ ਹੈ।

ਧੂਰੀ ਹਲਕੇ ਵਿਚ ਆਮ ਆਦਮੀ ਪਾਰਟੀ ਨੂੰ ਵੱਡਾ ਹੁਲਾਰਾ ਮਿਲਿਆ ਸੀ। 'ਆਪ' ਦੇ ਲੋਕ ਸਭਾ ਉਮੀਦਵਾਰ ਭਗਵੰਤ ਮਾਨ ਇਸ ਹਲਕੇ ਵਿਚੋਂ 32 ਹਜ਼ਾਰ ਤੋਂ ਵੱਧ ਫਰਕ ਨਾਲ ਅੱਗੇ ਰਹੇ ਸਨ ਪਰ ਆਮ ਆਦਮੀ ਪਾਰਟੀ ਵੱਲੋਂ ਉਪ ਚੋਣ ਨਾ ਲੜਨ ਦੇ ਫੈਸਲੇ ਨਾਲ ਹੀ 'ਆਪ' ਹਮਾਇਤੀ ਵੋਟ ਸ਼ਸ਼ੋਪੰਜ ਵਿਚ ਜਾ ਪਏ ਹਨ। ਜਿਸ ਤਰ੍ਹਾਂ ਪਾਰਟੀ ਅੰਦਰਲਾ ਕਲੇਸ਼ ਬਾਹਰ ਆ ਰਿਹਾ ਹੈ, ਉਸ ਨੇ ਉਤਸ਼ਾਹੀ ਵੋਟਾਂ ਅੰਦਰ ਭੰਬਲਭੂਸਾ ਪੈਦਾ ਕਰ ਦਿੱਤਾ ਹੈ। 'ਆਪ' ਦੇ ਚੋਣ ਮੈਦਾਨ ਤੋਂ ਵੱਖ ਹੋਣ ਨਾਲ ਅਕਾਲੀ ਦਲ ਤੇ ਕਾਂਗਰਸ ਵਿਚਕਾਰ ਸਿੱਧੀ ਟੱਕਰ ਦੇ ਆਸਾਰ ਹਨ ਪਰ ਪ੍ਰਦੇਸ਼ ਕਾਂਗਰਸ ਦੀ ਪਾਟੋਧਾੜ ਦਾ ਪਰਛਾਵਾਂ ਉਪ ਚੋਣ ਉਪਰ ਵੀ ਪੈਂਦਾ ਨਜ਼ਰ ਆ ਰਿਹਾ ਹੈ। ਧੂਰੀ ਜ਼ਿਮਨੀ ਚੋਣ ਭਾਵੇਂ 11 ਅਪਰੈਲ ਨੂੰ ਹੋਣੀ ਹੈ ਪਰ ਧੂਰੀ ਅੰਦਰ ਉਮੀਦਵਾਰਾਂ ਵੱਲੋਂ ਨਾਮਜ਼ਦਗੀ ਕਾਗਜ਼ ਦਾਖਲ ਕਰਨ ਤੋਂ ਬਾਅਦ ਨਾਮਾਤਰ ਚੋਣ ਸਰਗਰਮੀਆਂ ਹੀ ਨਜ਼ਰ ਆ ਰਹੀਆਂ ਹਨ।

ਕਾਂਗਰਸ ਦਾ ਚੋਣ ਪ੍ਰਚਾਰ ਖਾਸਾ ਸੁਸਤ ਚਾਲ ਚੱਲਦਾ ਦਿਖਾਈ ਦੇ ਰਿਹਾ ਹੈ, ਜਿਸ ਕਾਰਨ ਇਹ ਜ਼ਿਮਨੀ ਚੋਣ ਸਰਕਾਰ ਨਾਲ ਦੋਸਤਾਨਾ ਮੈਚ ਖੇਡਣ ਵਾਂਗ ਜਾਪ ਰਹੀ ਹੈ। ਇਸ ਜ਼ਿਮਨੀ ਚੋਣ ਵਿਚ ਜਿਥੇ ਕਾਂਗਰਸ ਤੇ ਸਾਂਝੇ ਮੋਰਚੇ ਨੇ ਤਿੰਨ ਵਾਰ ਵਿਧਾਇਕ ਰਹਿ ਚੁੱਕੇ ਸ਼੍ਰੋਮਣੀ ਅਕਾਲੀ ਦਲ (ਬ) ਦੇ ਉਮੀਦਵਾਰ ਭਾਈ ਗੋਬਿੰਦ ਸਿੰਘ ਲੌਂਗੋਵਾਲ ਅੱਗੇ ਇਕ ਨਾ ਤਜਰਬੇਕਾਰ ਆਗੂ ਐਡਵੋਕੇਟ ਸਿਮਰਪ੍ਰਤਾਪ ਸਿੰਘ ਬਰਨਾਲਾ, ਜੋ ਕਿ ਪੇਸ਼ੇ ਵਜੋਂ ਇਕ ਵਕੀਲ ਹੈ, ਨੂੰ ਚੋਣ ਮੈਦਾਨ ਵਿਚ ਉਤਾਰ ਕੇ ਕਾਂਗਰਸੀ ਆਗੂਆਂ ਵਿਚ ਰੋਸ ਪੈਦਾ ਕਰ ਦਿੱਤਾ ਹੈ, ਉਥੇ ਹੀ ਕਾਂਗਰਸ ਦੇ ਚੋਣ ਪ੍ਰਚਾਰ ਵਿਚ ਵੱਡੇ ਸਿਆਸੀ ਆਗੂਆਂ ਦੀ ਦਿਲਚਸਪੀ ਨਾ ਹੋਣ ਕਾਰਨ ਇਹ ਜ਼ਿਮਨੀ ਚੋਣ ਇਕ ਦੋਸਤਾਨਾ ਮੈਚ ਹੀ ਦਿਖ ਰਹੀ ਹੈ। ਪਾਰਟੀ ਅੰਦਰਲੇ ਸੂਤਰਾਂ ਮੁਤਾਬਕ ਕੈਪਟਨ ਧੜਾ ਪੂਰੀ ਤਰ੍ਹਾਂ ਇਸ ਚੋਣ ਵਿਚ ਸ਼ਾਮਲ ਹੋਣ ਤੋਂ ਮੂੰਹ ਭਵਾਈ ਬੈਠਾ ਹੈ।

ਕੁਝ ਕਾਂਗਰਸੀ ਬਰਨਾਲਾ ਪਰਿਵਾਰ ਨੂੰ ਟਿਕਟ ਦਿੱਤੇ ਜਾਣ 'ਤੇ ਵੀ ਨਾਖੁਸ਼ ਹਨ। ਅਜਿਹੇ ਇਕ ਆਗੂ ਦਾ ਕਹਿਣਾ ਸੀ ਕਿ ਜੇਕਰ ਬਰਨਾਲਾ ਜਾਂ ਮਨਪ੍ਰੀਤ ਸਿੰਘ ਬਾਦਲ ਵਰਗਿਆਂ ਦੀ ਹੀ ਕਾਂਗਰਸ ਵਿਚ ਵੀ ਚੱਲਣੀ ਹੈ ਤੇ ਫਿਰ ਅਸੀਂ ਸਿੱਧੇ ਅਕਾਲੀ ਦਲ ਵਿਚ ਕਿਉਂ ਨਾ ਜਾਵਾਂਗੇ? ਕਾਂਗਰਸ ਦੀ ਪਾਟੋਧਾੜ ਨੂੰ ਦੂਰ ਕਰਨ ਲਈ ਕੇਂਦਰੀ ਲੀਡਰਸ਼ਿਪ ਵੱਲੋਂ ਵੀ ਕੋਈ ਕਦਮ ਨਹੀਂ ਉਠਾਇਆ ਜਾ ਰਿਹਾ ਹੈ। ਅਹਿਮ ਗੱਲ ਇਹ ਹੈ ਕਿ ਸੰਗਰੂਰ-ਪਟਿਆਲਾ ਖੇਤਰਾਂ ਦੇ ਜ਼ਿਆਦਾਤਰ ਕਾਂਗਰਸੀ ਕੈਪਟਨ ਧੜੇ ਨਾਲ ਸਬੰਧਤ ਹਨ, ਅਜਿਹੀ ਹਾਲਤ ਵਿਚ ਕੈਪਟਨ ਧੜੇ ਦੀ ਸਰਗਰਮ ਹਮਾਇਤ ਬਿਨਾਂ ਚੋਣ ਮੁਹਿੰਮ ਭਖਾ ਸਕਣ ਬਾਰੇ ਕਿਸੇ ਨੂੰ ਕੋਈ ਸ਼ੰਕਾ ਨਹੀਂ।

ਦੂਜੇ ਪਾਸੇ ਅਕਾਲੀ ਉਮੀਦਵਾਰ ਗੋਬਿੰਦ ਸਿੰਘ ਲੌਂਗੋਵਾਲ ਨੇ ਉਮੀਦਵਾਰ ਐਲਾਨੇ ਜਾਣ ਵਾਲੇ ਦਿਨ ਤੋਂ ਹੀ ਪਾਰਟੀ ਆਗੂਆਂ ਨਾਲ ਮਿਲ ਕੇ ਚੋਣ ਮੁਹਿੰਮ ਸ਼ੁਰੂ ਕਰ ਰੱਖੀ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੂਰੇ ਪੰਜਾਬ ਦੀ ਲੀਡਰਸ਼ਿਪ ਨੂੰ ਧੂਰੀ ਸੱਦ ਲਿਆ ਹੈ ਤੇ ਸਮੁੱਚੀ ਲੀਡਰਸ਼ਿਪ ਹਲਕੇ ਵਿਚ ਡੇਰੇ ਲਗਾ ਕੇ ਬੈਠ ਗਈ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪਹਿਲਾਂ ਪਿਛਲੇ ਦੋ ਮਹੀਨਿਆਂ ਵਿਚ ਪਿੰਡ-ਪਿੰਡ ਸੰਗਤ ਦਰਸ਼ਨ ਕਰ ਚੁੱਕੇ ਹਨ।




## ਬਾਦਲ 'ਤੇ ਜੁੱਤੀ ਸੁੱਟਣ ਵਾਲੇ ਉਮੀਦਵਾਰ ਨੂੰ 'ਜੁੱਤੀ' ਚੋਣ ਨਿਸ਼ਾਨ ਅਲਾਟ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲ ਆਪਣਾ ਕੋਈ ਗੁੱਸਾ ਕੱਢਣ ਲਈ ਜੁੱਤੀ ਸੁੱਟਣ ਵਾਲੇ ਬਿਕਰਮ ਨਾਂ ਦੇ ਇਕ ਆਜ਼ਾਦ ਉਮੀਦਵਾਰ ਨੂੰ ਵਿਧਾਨ ਸਭਾ ਦੇ ਹਲਕਾ ਧੂਰੀ ਦੀ ਉਪ-ਚੋਣ ਲੜਨ ਲਈ ਰਿਟਰਨਿੰਗ ਅਧਿਕਾਰੀ ਨੇ 'ਜੁੱਤੀ' ਦਾ ਚੋਣ ਨਿਸ਼ਾਨ ਅਲਾਟ ਕਰ ਦਿੱਤਾ। ਉਕਤ ਉਮੀਦਵਾਰ ਨੇ ਇਹੀ ਚੋਣ ਨਿਸ਼ਾਨ ਮੰਗਿਆ ਸੀ, ਜਿਸ 'ਤੇ ਕਿਸੇ ਵੀ ਦੂਜੇ ਉਮੀਦਵਾਰ ਨੇ ਇਤਰਾਜ਼ ਨਹੀਂ ਕੀਤਾ। ਇਹ ਚੋਣ ਨਿਸ਼ਾਨ ਆਜ਼ਾਦ ਉਮੀਦਵਾਰਾਂ ਲਈ ਰਾਖਵੇਂ ਚੋਣ ਨਿਸ਼ਾਨਾਂ ਵਿਚੋਂ ਇਕ ਸੀ। ਕਿਹਾ ਜਾਂਦਾ ਹੈ ਕਿ ਬਿਕਰਮ ਆਮ ਆਦਮੀ ਪਾਰਟੀ ਦਾ ਸਮਰਥਕ ਰਿਹਾ ਹੈ, ਜੋ ਆਪ ਚੋਣ ਮੈਦਾਨ ਤੋਂ ਬਾਹਰ ਹੈ।

## ਬਰਨਾਲਾ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਵਿਸ਼ਵਾਸਘਾਤ ਕੀਤਾ: ਬਾਦਲ

**ਪਟਿਆਲਾ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ 'ਤੇ ਦੋਸ਼ ਲਾਇਆ ਕਿ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਪਿੱਠ ਵਿਚ ਛੁਰਾ ਮਾਰਿਆ ਹੈ। ਸ. ਬਾਦਲ ਨੇ ਆਖਿਆ ਜਿਸ ਸ਼੍ਰੋਮਣੀ ਅਕਾਲੀ ਦਲ ਸਦਕਾ ਉਹ ਰਾਜ ਵਿਚ ਮੁੱਖ ਮੰਤਰੀ, ਰਾਜਪਾਲ ਤੇ ਕੇਂਦਰੀ ਕੈਬਨਿਟ ਮੰਤਰੀ ਵਰਗੇ ਉੱਚ ਅਹੁਦਿਆਂ 'ਤੇ ਰਹੇ ਅੱਜ ਉਨ੍ਹਾਂ ਨੇ ਉਸ ਪਾਰਟੀ ਖ਼ਿਲਾਫ਼ ਹੀ ਮੋਰਚਾ ਖੋਲ੍ਹ ਦਿੱਤਾ ਹੈ। ਉਨ੍ਹਾਂ ਆਖਿਆ ਕਿ ਬਰਨਾਲਾ ਨੇ ਧੂਰੀ ਉਪ ਚੋਣ ਵਿਚ ਆਪਣੇ ਪੋਤੇ ਸਿਮਰਪ੍ਰੀਤ ਸਿੰਘ ਬਰਨਾਲਾ ਨੂੰ ਕਾਂਗਰਸ ਪਾਰਟੀ ਦੀ ਟਿਕਟ 'ਤੇ ਉਮੀਦਵਾਰ ਵਜੋਂ ਖੜ੍ਹਾ ਕੇ ਆਪਣੀ ਮਾਂ ਪਾਰਟੀ ਨੂੰ ਧੋਖਾ ਦਿੱਤਾ ਹੈ।

# ਡੇਢ ਦਹਾਕੇ ਪਿਛੋਂ ਵੀ ਬੇਘਰਿਆਂ ਨੂੰ ਪਲਾਟ ਨਾ ਮਿਲੇ

**ਗੁਰਦਾਸਪੁਰ:** ਤਕਰੀਬਨ ਡੇਢ ਦਹਾਕਾ ਪਹਿਲਾਂ ਪੰਜਾਬ ਸਰਕਾਰ ਵੱਲੋਂ ਬੇਘਰਿਆਂ ਨੂੰ ਪੰਜ-ਪੰਜ ਮਰਲੇ ਦੇ ਪਲਾਟ ਦੇਣ ਦੇ ਹੁਕਮਾਂ ਉੱਤੇ ਅਜੇ ਤਾਈਂ ਅਮਲ ਨਹੀਂ ਹੋਇਆ ਹੈ। ਤਕਰੀਬਨ 14 ਸਾਲ ਪਹਿਲਾਂ ਸੱਤ ਅਪਰੈਲ 2001 ਨੂੰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਵਿੱਤ ਕਮਿਸ਼ਨਰ ਵੱਲੋਂ ਬੇਘਰਿਆਂ ਨੂੰ ਪਲਾਟ ਦੇਣ ਬਾਰੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਪੱਤਰ (ਡੀ.ਡੀ.ਐਲ.ਡੀ 2001/1721) ਜਾਰੀ ਕੀਤਾ ਗਿਆ ਸੀ। ਇਸ ਵਿਚ ਬੇਘਰਿਆਂ ਨੂੰ ਪੰਜ-ਪੰਜ ਮਰਲੇ ਦੇ ਪਲਾਟ ਦਿਵਾਉਣ ਲਈ ਪੰਚਾਇਤਾਂ ਰਾਹੀਂ ਕਾਰਵਾਈ ਮੁਕੰਮਲ ਕਰਨ ਲਈ ਆਖਿਆ ਗਿਆ ਸੀ।

ਇਸ ਦੇ ਬਾਵਜੂਦ ਪੰਜਾਬ ਸਰਕਾਰ ਦੀਆਂ ਹਦਾਇਤਾਂ ਉੱਤੇ ਅਮਲ ਨਹੀਂ ਹੋਇਆ ਹੈ। ਇਸ ਕਾਰਨ 25 ਫੀਸਦੀ ਗਰੀਬ ਪਰਿਵਾਰ ਬੇਘਰਿਆਂ ਵਾਲਾ ਜੀਵਨ ਬਸਰ ਕਰ ਰਹੇ ਹਨ। ਹਾਲਾਂਕਿ ਬਾਅਦ ਵਿਚ ਡਿਪਟੀ ਡਾਇਰੈਕਟਰ (ਐਲ.ਡੀ) ਮੁਹਾਲੀ ਵੱਲੋਂ ਵੀ ਤਿੰਨ ਅਪਰੈਲ 2013 ਨੂੰ ਪੰਜਾਬ ਦੇ ਸਮੂਹ ਵਧੀਕ ਡਿਪਟੀ ਕਮਿਸ਼ਨਰਾਂ ਨੂੰ ਵੀ ਲਿਖਿਆ ਜਾ ਚੁੱਕਾ ਹੈ। ਵਧੀਕ ਡਿਪਟੀ ਕਮਿਸ਼ਨਰ ਨੇ 12 ਅਪਰੈਲ 2013 ਨੂੰ ਆਪਣੇ ਪੱਤਰ ਨੰਬਰ 4257-58 ਰਾਹੀਂ ਅੱਗੇ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਨੂੰ ਲਿਖਿਆ ਸੀ।

ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ/ਲੈਨਿਨਵਾਦੀ) ਲਿਬਰੇਸ਼ਨ ਦੇ ਆਗੂਆਂ ਨੇ ਇਲਾਕੇ ਦੇ ਗਰੀਬ ਪਰਿਵਾਰਾਂ ਦੇ ਹੱਕ ਵਿਚ ਆਉਂਦਿਆਂ ਡਿਪਟੀ ਕਮਿਸ਼ਨਰ (ਗੁਰਦਾਸਪੁਰ) ਡਾ. ਅਭਿਨਵ ਤ੍ਰਿਖਾ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਨੂੰ ਅਲਾਟ ਕੀਤੇ ਪਲਾਟ ਤੁਰੰਤ ਦੇਣ ਦਾ ਮੁੱਦਾ ਚੁੱਕਿਆ। ਆਗੂਆਂ ਨੇ ਕਿਹਾ ਕਿ ਪਾਰਟੀ ਨੇ ਸਮੂਹ ਬੇਘਰਿਆਂ ਨੂੰ 10-10 ਮਰਲੇ ਦੇ ਪਲਾਟ ਤੇ ਮਕਾਨ ਉਸਾਰੀ ਲਈ ਤਿੰਨ ਲੱਖ ਰੁਪਏ ਗ੍ਰਾਂਟ ਦਿਵਾਉਣ ਤੇ ਸ਼ਹਿਰੀ ਬੇਘਰੇ ਮਜ਼ਦੂਰਾਂ ਨੂੰ ਫਲੈਟ ਉਸਾਰ ਕੇ ਦੇਣ ਦੀ ਮੰਗ ਨੂੰ ਲੈ ਕੇ ਸੰਘਰਸ਼ ਵਿੱਢਣ ਦਾ ਫੈਸਲਾ ਕੀਤਾ ਹੈ।

## ਕੈਨੇਡਾ ਦੀ ਹਾਕੀ ਟੀਮ 'ਚ ਦੋ ਪੰਜਾਬੀ ਸ਼ਾਮਲ



**ਵੈਨਕੂਵਰ:** ਮਲੇਸ਼ੀਆ ਵਿਚ ਹੋ ਰਹੇ ਵਿਸ਼ਵ ਪੱਧਰੀ ਸੁਲਤਾਨ ਅਜ਼ਲਾਨ ਸ਼ਾਹ ਕੱਪ ਹਾਕੀ ਮੁਕਾਬਲਿਆਂ ਵਿਚ ਹਿੱਸਾ ਲੈਣ ਲਈ ਕੈਨੇਡੀਅਨ ਹਾਕੀ ਟੀਮ ਵਿਚ ਇਸ ਵਾਰ ਦੋ ਪੰਜਾਬੀ ਖਿਡਾਰੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਵੈਨਕੂਵਰ ਦਾ ਸੁੱਖੀ ਪਨੇਸਰ ਤੇ ਟੋਰਾਂਟੋ ਦਾ ਜਗਦੀਸ਼ ਗਿੱਲ 18 ਖਿਡਾਰੀਆਂ ਦੀ ਸੂਚੀ ਵਿਚ ਸ਼ਾਮਲ ਹੈ। ਇਹ ਖਿਡਾਰੀ 5 ਤੋਂ 12 ਅਪਰੈਲ ਤੱਕ ਹੋਣ ਵਾਲੇ ਹਾਕੀ ਮੁਕਾਬਲਿਆਂ ਵਿਚ ਆਪਣੀ ਖੇਡ ਦੇ ਜੌਹਰ ਦਿਖਾਉਣਗੇ। ਇਸ ਕੌਮੀ ਟੀਮ ਦੇ 18 ਮੈਂਬਰਾਂ ਵਿਚ 14 ਤਾਂ ਉਹ ਖਿਡਾਰੀ ਹਨ, ਜੋ ਹੁਣੇ ਜਿਹੇ ਹੀ ਅਮਰੀਕਾ ਦੇ ਸਾਨ ਡਾਗਿਓ ਵਿਚ ਵਿਸ਼ਵ ਲੀਗ ਦੀ ਦੂਜੀ ਪਾਰੀ ਵਿਚ ਹਿੱਸਾ ਲੈ ਕੇ ਪਰਤੇ ਹਨ। ਖੇਡ ਪ੍ਰੇਮੀਆਂ ਦਾ ਮੰਨਣਾ ਹੈ ਕਿ ਦੋਹਾਂ ਪੰਜਾਬੀਆਂ ਦੀ ਕਾਬਲੀਅਤ ਦੇ ਮੱਦੇਨਜ਼ਰ ਇਨ੍ਹਾਂ ਨੂੰ ਮੌਕਾ ਦਿੱਤਾ ਗਿਆ ਹੈ।

# ਸਰਕਾਰ ਨੂੰ ਘੇਰਨ ਲਈ ਸੰਘਰਸ਼ਸ਼ੀਲ ਜਥੇਬੰਦੀਆਂ ਨੇ ਪਾਏ ਧੂਰੀ ਵੱਲ ਚਾਲੇ

**ਚੰਡੀਗੜ੍ਹ:** ਧੂਰੀ ਵਿਧਾਨ ਸਭਾ ਹਲਕੇ ਦੀ ਉਪ ਚੋਣਾਂ ਵਿਚ ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੂੰ ਘੇਰਨ ਲਈ ਪੰਜਾਬ ਦੀਆਂ ਸਮੂਹ ਮੁਲਾਜ਼ਮ ਤੇ ਬੇਰੁਜ਼ਗਾਰ ਜਥੇਬੰਦੀਆਂ ਨੇ ਘੇਰਨ ਦੀ ਤਿਆਰੀ ਕਰ ਲਈ ਹੈ। ਸਰਵ ਸਿੱਖਿਆ ਅਭਿਆਨ/ਰਮਸਾ ਦਫ਼ਤਰੀ ਕਰਮਚਾਰੀਆਂ ਵੱਲੋਂ ਮੰਗਾਂ ਦੀ ਪੂਰਤੀ ਲਈ ਧੂਰੀ ਜ਼ਿਮਨੀ ਚੋਣ ਦੌਰਾਨ ਸੂਬਾ ਸਰਕਾਰ ਖ਼ਿਲਾਫ਼ ਭੰਡੀ ਪ੍ਰਚਾਰ ਕਰਨ ਦੀ ਧਮਕੀ ਦੇਣ ਤੋਂ ਬਾਅਦ ਹੁਣ ਗੌਰਮਿੰਟ ਲੈਕਚਰਾਰ ਯੂਨੀਅਨ ਪੰਜਾਬ ਨੇ ਪੰਜ ਅਪਰੈਲ ਨੂੰ ਹਲਕੇ ਵਿਚ ਹੁਕਮਰਾਨਾਂ ਵਿਰੁੱਧ ਝੰਡਾ ਮਾਰਚ ਕਰਨ ਦਾ ਐਲਾਨ ਕਰ ਦਿੱਤਾ ਹੈ। ਉਧਰ ਪੰਜਾਬ ਦੀਆਂ ਕੁੱਕ ਬੀਬੀਆਂ ਨੇ ਸਰਕਾਰ ਨੂੰ ਧੂਰੀ ਵਿਚ ਘੇਰਿਆ ਹੋਇਆ ਹੈ।

ਮੁਲਾਜ਼ਮ ਜਥੇਬੰਦੀਆਂ ਦੀ ਪੰਜਾਬ ਸਰਕਾਰ ਨਾਲ ਹੋਈ ਮੀਟਿੰਗ ਬੇਸਿੱਟਾ ਰਹੀ ਹੈ ਜਿਸ ਕਾਰਨ ਦੋਵਾਂ ਧਿਰਾਂ ਵਿਚਕਾਰ ਸਿਧਾ ਟਕਰਾਅ ਪੈਦਾ ਹੋ ਗਿਆ ਹੈ ਤੇ ਪੰਜਾਬ ਤੇ ਯੂ.ਟੀ. ਮੁਲਾਜ਼ਮ ਸੰਘਰਸ਼ ਕਮੇਟੀ ਨੇ ਬਾਦਲ ਸਰਕਾਰ ਨੂੰ ਸਬਕ ਸਿਖਾਉਣ ਲਈ ਜ਼ਿਮਨੀ ਚੋਣ ਦੌਰਾਨ ਅੱਠ ਅਪਰੈਲ ਨੂੰ ਧੂਰੀ ਵਿਚ ਸੂਬਾਈ ਰੈਲੀ ਕਰਨ ਦਾ ਐਲਾਨ ਕਰ ਦਿੱਤਾ ਹੈ। ਸੰਘਰਸ਼ ਕਮੇਟੀ ਦੇ 22 ਮੈਂਬਰੀ ਵਫਦ ਦੀ ਉਚ ਤਾਕਤੀ ਅਫਸਰ ਕਮੇਟੀ ਨਾਲ ਇਥੇ ਪੰਜਾਬ ਭਵਨ ਵਿਚ ਹੋਈ ਮੀਟਿੰਗ ਦੌਰਾਨ ਛੇਵਾਂ ਪੰਜਾਬ ਤਨਖਾਹ ਕਮਿਸ਼ਨ ਸਥਾਪਤ ਕਰਨ ਸਮੇਤ ਹੋਰ ਕਿਸੇ ਵੀ ਮੰਗ ਉਪਰ ਸਰਕਾਰ ਨੇ ਕੋਈ ਹੁੰਗਾਰਾ ਨਹੀਂ ਦਿੱਤਾ। ਵਫਦ ਨੇ ਮੀਟਿੰਗ ਵਿਚ ਰੋਸ ਪ੍ਰਗਟ ਕੀਤਾ ਕਿ ਸਰਕਾਰ ਵੱਲੋਂ ਤਿੰਨ ਸਾਲ ਦੀ ਸੇਵਾ ਵਾਲੇ ਠੇਕੇ 'ਤੇ ਕੰਮ ਕਰਦੇ, ਠੇਕੇਦਾਰ ਰਾਹੀਂ ਨਿਯੁਕਤ ਕੀਤੇ ਤੇ ਦਿਹਾੜੀਦਾਰ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਬਾਰੇ ਕਈ ਮਹੀਨਿਆਂ ਤੋਂ ਲਾਰੇ ਲਾਏ ਜਾ ਰਹੇ ਹਨ।

ਇਸ ਤੋਂ ਇਲਾਵਾ ਸਰਕਾਰ ਨੇ 24 ਅਪਰੈਲ 2014 ਨੂੰ ਸੰਘਰਸ਼ ਕਮੇਟੀ ਨਾਲ ਛੇਵਾਂ ਪੰਜਾਬ ਤਨਖਾਹ ਕਮਿਸ਼ਨ ਸਥਾਪਤ ਕਰਨ ਲਈ ਲਿਖਤੀ ਸਮਝੌਤਾ ਕੀਤਾ ਸੀ ਪਰ ਇਹ ਮੰਗ ਵੀ ਸਿਰੇ ਨਹੀਂ ਚਾੜ੍ਹੀ ਗਈ। ਦੂਸਰੇ ਪਾਸੇ ਮੰਤਰੀਆਂ ਤੇ ਵਿਧਾਇਕਾਂ ਦੀਆਂ ਤਨਖਾਹਾਂ ਦੁੱਗਣੀਆਂ ਕਰਨ ਤੇ ਸਰਮਾਏਦਾਰਾਂ ਨੂੰ ਕਰੋੜਾਂ ਰੁਪਏ ਦੀਆਂ ਰਿਆਇਤਾਂ ਦੇਣ ਲਈ ਪਲਾਂ ਵਿਚ ਹੀ ਫੈਸਲੇ ਲੈ ਲਏ ਗਏ। ਵਫਦ ਨੇ ਮੀਟਿੰਗ ਦੌਰਾਨ ਰੋਸ ਪ੍ਰਗਟ ਕੀਤਾ ਕਿ ਮੁਲਾਜ਼ਮਾਂ ਨੂੰ ਦਿੱਤੀਆਂ ਡੀਏ ਦੀਆਂ ਦੋ ਕਿਸ਼ਤਾਂ ਦੇ 17 ਮਹੀਨਿਆਂ ਦੇ ਬਕਾਏ ਦੇ ਭੁਗਤਾਨ ਉਪਰ ਵੀ ਸਰਕਾਰ ਖਾਮੋਸ਼ ਹੈ।

ਇਸ ਤੋਂ ਇਲਾਵਾ ਕੈਸ਼ਲੈਸ ਹੈਲਥ ਸਕੀਮ ਲਾਗੂ ਕਰਨ, ਬਿਨਾਂ ਛੇੜਛਾੜ ਦੇ 4-9-14 ਸਾਲਾ ਏਸੀਪੀ ਸਕੀਮ ਲਾਗੂ ਕਰਨ ਸਮੇਤ 13 ਲਿਖਤੀ ਤੌਰ 'ਤੇ ਮੰਨੀਆਂ ਮੰਗਾਂ ਵੀ ਲਾਗੂ ਨਹੀਂ ਕੀਤੀਆਂ ਗਈਆਂ। ਅਫਸਰਾਂ ਦੀ ਕਮੇਟੀ ਨੇ ਇਸ ਮੌਕੇ 11 ਮੁਲਾਜ਼ਮ ਮਾਰੂ ਕੀਤੇ ਫੈਸਲੇ ਰੱਦ ਕਰਨ ਤੋਂ ਵੀ ਟਾਲਮਟੋਲ ਕਰਨ ਕਾਰਨ ਮੀਟਿੰਗ ਵਿਚ ਦੋਵਾਂ ਧਿਰਾਂ ਵਿਚਕਾਰ ਗਰਮਾ-ਗਰਮੀ ਵੀ ਹੁੰਦੀ ਰਹੀ। ਉਧਰ ਪੀਡਬਲਿਊਡੀ ਫੀਲਡ ਐਂਡ ਵਰਕਰਜ਼ ਯੂਨੀਅਨ ਦੇ ਜਨਰਲ ਸਕੱਤਰ ਮੱਖਣ ਸਿੰਘ ਵਹਿਦਪੁਰੀ ਨੇ ਵਾਟਰ ਸਪਲਾਈ, ਲਘੂ ਉਦਯੋਗ, ਸੀਵਰੇਜ ਬੋਰਡ ਤੇ ਪੁੱਡਾ ਵਿਚ ਠੇਕੇ ਤੇ ਦਿਹਾੜੀ 'ਤੇ ਕੰਮ ਕਰਦੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਮੰਗ ਨੂੰ ਲੈ ਕੇ ਚਾਰ ਅਪਰੈਲ ਨੂੰ ਵਿਧਾਨ ਸਭਾ ਹਲਕਾ ਧੂਰੀ ਵਿਚ ਝੰਡਾ ਮਾਰਚ ਕਰਨ ਦਾ ਐਲਾਨ ਕਰ ਦਿੱਤਾ ਹੈ। ਇਸ ਤੋਂ ਇਲਾਵਾ ਕਈ ਹੋਰ ਮੁਲਾਜ਼ਮ ਜਥੇਬੰਦੀਆਂ ਨੇ ਵੀ ਚੋਣਾਂ ਦੌਰਾਨ ਧੂਰੀ ਵਿਚ ਝੰਡੇ ਗੱਡਣ ਦੇ ਫੈਸਲੇ ਲੈ ਲਏ ਹਨ।

ਪੰਜਾਬ ਦੀਆਂ ਵੱਖ-ਵੱਖ ਮੁਲਾਜ਼ਮ ਜਥੇਬੰਦੀਆਂ ਵੱਲੋਂ ਧੂਰੀ ਜ਼ਿਮਨੀ ਚੋਣ ਦੌਰਾਨ ਸੂਬਾ ਸਰਕਾਰ ਨੂੰ ਘੇਰਨ ਦੀ ਧਮਕੀ ਤੋਂ ਬਾਅਦ ਪੁਲਿਸ ਵੱਲੋਂ ਸਿੱਖਿਆ ਮੁਲਾਜ਼ਮਾਂ ਦੇ ਮੋਹਰੀ ਆਗੂਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਇਸ ਕਾਰਨ ਮੁਲਾਜ਼ਮਾਂ ਵਿਚ ਰੋਸ ਹੈ।

ਯੂਨੀਅਨ ਦੇ ਸੂਬਾਈ ਪ੍ਰਧਾਨ ਇਮਰਾਨ ਭੱਟੀ ਨੇ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਰਾਤ ਬਰਾਤੇ ਅਧਿਆਪਕਾਂ ਨੂੰ ਘਰਾਂ ਵਿਚੋਂ ਚੁੱਕਣ ਦੀ ਕਾਰਵਾਈ ਨਿੰਦਣਯੋਗ ਹੈ। ਪੁਲਿਸ ਨੇ ਮਹਿਲਾ ਅਧਿਆਪਕਾਂ ਨੂੰ ਵੀ ਨਹੀਂ ਬਖ਼ਸ਼ਿਆ ਹੈ। ਰਮਸਾ ਆਗੂਆਂ ਨੇ ਬਠਿੰਡਾ ਵਿਚ ਸਿਹਤ ਕਰਮਚਾਰੀਆਂ 'ਤੇ ਕੀਤੇ ਲਾਠੀਚਾਰਜ ਦੀ ਵੀ ਨਿਖੇਧੀ ਕੀਤੀ।



## ਸੰਘਰਸ਼ ਦੇ ਪੁੜ ਵਿਚ ਪਿਸੇ ਧੂਰੀ ਦੇ ਲੋਕ

**ਧੂਰੀ:** ਕਾਂਗਰਸੀ ਵਿਧਾਇਕ ਅਰਵਿੰਦ ਖੰਨਾ ਵੱਲੋਂ ਦਿੱਤਾ ਅਸਤੀਫ਼ਾ ਧੂਰੀ ਹਲਕੇ ਦੇ ਲੋਕਾਂ ਲਈ ਸੰਤਾਪ ਸਾਬਤ ਹੋਣ ਲੱਗਿਆ ਹੈ। ਜ਼ਿਮਨੀ ਚੋਣ ਤੋਂ ਪਹਿਲਾਂ ਹੀ ਪੰਜਾਬ ਭਰ ਦੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਨੇ ਆਪਣੀਆਂ ਮੰਗਾਂ ਮੰਨਵਾਉਣ ਲਈ ਧੂਰੀ ਵਿਚ ਡੇਰੇ ਲਾ ਕੇ ਥਾਂ-ਥਾਂ ਉਤੇ ਧਰਨੇ ਲਾਉਣੇ ਸ਼ੁਰੂ ਕਰ ਦਿੱਤੇ। ਇਸ ਕਾਰਨ ਹਲਕੇ ਦੇ ਲੋਕ ਪ੍ਰੇਸ਼ਾਨ ਹਨ। ਸ਼ਹਿਰ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸੰਗਤ ਦਰਸ਼ਨ ਦੌਰਾਨ ਬੇਰੁਜ਼ਗਾਰ ਲਾਈਨਮੈਨਾਂ ਨੇ ਪ੍ਰਸ਼ਾਸਨ ਦੀ ਨੀਂਦ ਹਰਾਮ ਕਰ ਦਿੱਤੀ ਸੀ। ਜਥੇਬੰਦੀ ਦੇ ਆਗੂਆਂ ਦੇ ਬਿਜਲੀ ਦੇ ਟਾਵਰ 'ਤੇ ਚੜ੍ਹਨ ਨਾਲ ਬਿਜਲੀ ਸਪਲਾਈ ਬੰਦ ਰੱਖਣੀ ਪਈ ਸੀ। ਸ਼ਹਿਰ ਦੇ ਲੋਕਾਂ ਤੇ ਪ੍ਰਦਰਸ਼ਕਾਰੀਆਂ ਦੇ ਸਾਥੀਆਂ ਦੀ ਝੜਪ ਵੀ ਹੋ ਗਈ ਸੀ। ਤਕਰੀਬਨ ਸਵਾ ਮਹੀਨੇ ਤੋਂ ਈਟੀਟੀ ਟੈਂਟ ਪਾਸ ਬੇਰੁਜ਼ਗਾਰ ਅਧਿਆਪਕ ਜਥੇਬੰਦੀ ਦੇ ਚਾਰ ਆਗੂ ਪਾਣੀ ਦੀ ਟੈਂਕੀ 'ਤੇ ਚੜ੍ਹੇ ਹੋਏ ਹਨ, ਜਿਨ੍ਹਾਂ ਦੀ ਪ੍ਰਸ਼ਾਸਨ ਨੇ ਸਾਰ ਲੈਣੀ ਠੀਕ ਨਾ ਸਮਝੀ। ਜਿਉਂ-ਜਿਉਂ ਜ਼ਿਮਨੀ ਚੋਣ ਨਜ਼ਦੀਕ ਆ ਰਹੀ ਹੈ, ਹੋਰ ਵੀ ਜਥੇਬੰਦੀਆਂ ਧੂਰੀ ਵੱਲ ਰੁਖ ਕਰ ਰਹੀਆਂ ਹਨ।

# ਅਮਰੀਕਾ ਵਿਚ ਹੁੰਦੇ ਨੇ ਸਿੱਖਾਂ ਉਤੇ ਨਸਲੀ ਹਮਲੇ

**ਵਾਸ਼ਿੰਗਟਨ:** ਅਮਰੀਕਾ ਵਿਚ ਸਿੱਖਾਂ ਤੇ ਹਿੰਦੂਆਂ 'ਤੇ ਹੋਣ ਵਾਲੇ ਹਮਲਿਆਂ ਨੂੰ ਹੁਣ ਨਸਲੀ ਹਮਲੇ ਮੰਨਿਆ ਜਾਏਗਾ। ਸਿੱਖਾਂ ਤੇ ਹਿੰਦੂਆਂ ਸਮੇਤ ਘੱਟ-ਗਿਣਤੀਆਂ ਕਈ ਸਾਲਾਂ ਤੋਂ ਇਹ ਮੰਗ ਕਰ ਰਹੀਆਂ ਸਨ। ਅਮਰੀਕਾ ਦੀ ਤਫ਼ਤੀਸ਼ੀ ਏਜੰਸੀ ਐਫ਼.ਬੀ.ਆਈ. ਨੇ ਪਹਿਲੀ ਵਾਰ ਅਧਿਕਾਰਤ ਤੌਰ 'ਤੇ ਮੰਨ ਲਿਆ ਹੈ ਕਿ ਸਿੱਖਾਂ 'ਤੇ ਨਸਲੀ ਹਮਲੇ ਹੁੰਦੇ ਹਨ। ਹੁਣ ਤੱਕ ਸਿੱਖ-ਵਿਰੋਧੀ ਹਮਲਿਆਂ ਨੂੰ ਨਸਲੀ ਹਮਲੇ ਨਹੀਂ ਮੰਨਿਆ ਜਾਂਦਾ ਸੀ। ਹੁਣ ਨਸਲੀ ਹਮਲੇ ਮੰਨ ਕੇ ਜਾਂਚ-ਪੜਤਾਲ ਕੀਤੀ ਜਾਵੇਗੀ। ਦੇਸ਼ ਵਿਚ ਸਿੱਖਾਂ ਤੇ ਹਿੰਦੂਆਂ 'ਤੇ ਪਿਛਲੇ ਸਮੇਂ ਦੌਰਾਨ ਕਈ ਹਮਲੇ ਹੋਏ ਹਨ। ਸਿੱਖਾਂ ਨੂੰ ਉਨ੍ਹਾਂ ਦੀ ਦਸਤਾਰ ਤੇ ਦਾਹੜੀ ਕਰ ਕੇ ਨਿਸ਼ਾਨਾ ਬਣਾਇਆ ਜਾਂਦਾ ਹੈ।

ਮੂਲ ਅਮਰੀਕੀ ਜਾਂ ਹੋਰ ਲੋਕ ਉਨ੍ਹਾਂ ਨੂੰ ਮੁਸਲਮਾਨ ਸਮਝ ਬੈਠਦੇ ਹਨ ਤੇ ਆਪਣੇ ਗੁੱਸੇ ਦਾ ਨਿਸ਼ਾਨਾ ਬਣਾ ਲੈਂਦੇ ਹਨ। ਇਸ ਫ਼ੈਸਲੇ ਦਾ ਅਮਰੀਕੀ ਸੰਸਦ ਮੈਂਬਰਾਂ, ਸਿੱਖਾਂ ਤੇ ਹਿੰਦੂਆਂ ਨੇ ਸਵਾਗਤ ਕੀਤਾ ਹੈ। ਕਾਂਗਰਸ ਦੇ ਸੰਸਦ ਮੈਂਬਰ ਜੋਅ ਕਰੋਲੇ ਨੇ ਕਿਹਾ ਕਿ ਨਸਲੀ ਹਮਲੇ ਮੰਨ ਲੈਣ ਦਾ ਮਤਲਬ ਸਿਰਫ਼ ਇਹੋ ਨਹੀਂ ਕਿ ਸਰਕਾਰੀ ਕਾਗਜ਼ ਦੇ ਇਕ ਖ਼ਾਨੇ ਵਿਚ 'ਨਸਲੀ ਹਮਲਾ' ਲਿਖ ਦਿੱਤਾ ਜਾਏਗਾ ਸਗੋਂ ਹੁਣ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਲੋੜੀਂਦੇ ਸਰੋਤ ਤੇ ਜਾਣਕਾਰੀ ਦਿੱਤੀ ਜਾਵੇਗੀ ਤਾਕਿ ਘੱਟ-ਗਿਣਤੀਆਂ ਵਿਰੁੱਧ ਹੋਣ ਵਾਲੇ ਹਮਲਿਆਂ ਨੂੰ ਠੱਲ੍ਹ ਪਾਈ ਜਾ ਸਕੇ। ਕਰੋਲੇ ਨੇ ਇਸ ਬਾਰੇ ਹਸਤਾਖਰ ਮੁਹਿੰਮ ਚਲਾਈ ਹੋਈ ਸੀ। ਸੰਸਦ ਮੈਂਬਰਾਂ ਦਾ ਕਹਿਣਾ ਹੈ ਕਿ ਐਫ਼.ਬੀ.ਆਈ. ਵੱਲੋਂ ਐਲਾਨੀਆਂ ਗਈਆਂ ਨਵੀਆਂ ਤਬਦੀਲੀਆਂ ਸਦਕਾ ਨੀਤੀਘਾੜੇ ਸਿੱਖਾਂ ਤੇ ਹੋਰ ਘੱਟ-ਗਿਣਤੀਆਂ 'ਤੇ ਹੋਣ ਵਾਲੇ ਨਸਲੀ ਹਮਲਿਆਂ ਪਿਛਲੇ ਕਾਰਨਾਂ ਆਦਿ ਨੂੰ ਬਿਹਤਰ ਤਰੀਕੇ ਨਾਲ ਸਮਝ ਸਕਣਗੇ ਤੇ ਹਮਲਿਆਂ ਨੂੰ ਠੱਲ੍ਹ ਪਾਉਣ ਲਈ ਹੋਰ ਜ਼ਿਆਦਾ ਪ੍ਰਭਾਵਸ਼ਾਲੀ ਤਰੀਕੇ ਅਪਣਾਉਣਗੇ।

ਨਿਆਂ ਵਿਭਾਗ ਵੱਲੋਂ ਨਸਲੀ ਹਮਲਿਆਂ ਨੂੰ ਅਪਰਾਧਾਂ ਦੀ ਸੂਚੀ ਵਿਚ ਸ਼ਾਮਲ ਕੀਤੇ ਜਾਣ ਤੋਂ ਬਾਅਦ ਐਫ.ਬੀ.ਆਈ ਨੇ ਵੀ ਇਨ੍ਹਾਂ ਦੀ ਪੜਤਾਲ ਕਰਨ ਨੂੰ ਸਹਿਮਤੀ ਦੇ ਦਿੱਤੀ ਸੀ। ਹਿੰਦੂ ਮੰਦਰਾਂ 'ਤੇ ਹਮਲਿਆਂ ਦੇ ਮਾਮਲੇ ਵਧਣ ਤੋਂ ਬਾਅਦ ਅਮਰੀਕਾ ਨੇ ਇਨ੍ਹਾਂ ਨੂੰ ਰੋਕਣ ਵਾਸਤੇ ਉਪਰਾਲੇ ਸ਼ੁਰੂ ਕਰ ਦਿੱਤੇ ਸਨ। ਭਾਰਤੀ ਮੂਲ ਦੇ ਸੰਸਦ ਮੈਂਬਰ ਅਮੀ ਬੇਰਾ ਨੇ ਐਫ.ਬੀ.ਆਈ ਦੇ ਫ਼ੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਧਰਮ ਦੇ ਆਧਾਰ 'ਤੇ ਹੁੰਦੇ ਨਸਲੀ ਹਮਲਿਆਂ ਨੂੰ ਰੋਕਣ ਲਈ ਅਜਿਹੇ ਮਜ਼ਬੂਤ ਉਪਰਾਲੇ ਦੀ ਲੋੜ ਸੀ।

## ਯਮਨ ਵਿਚੋਂ ਭਾਰਤੀਆਂ ਨੂੰ ਕੱਢਣ ਲਈ ਵਿਸ਼ੇਸ਼

**ਨਵੀਂ ਦਿੱਲੀ:** ਭਾਰਤ ਨੂੰ ਯਮਨ ਵਿਚੋਂ ਆਪਣੇ ਨਾਗਰਿਕਾਂ ਨੂੰ ਕੱਢਣ ਲਈ ਤਿੰਨ ਘੰਟਿਆਂ ਲਈ ਰੋਜ਼ ਜਹਾਜ਼ ਭੇਜਣ ਦੀ ਇਜਾਜ਼ਤ ਮਿਲ ਗਈ ਹੈ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਕਿਹਾ ਕਿ ਇਸ ਸਮੇਂ ਦੌਰਾਨ ਭਾਰਤੀਆਂ ਨੂੰ ਕੱਢਣ ਲਈ ਹਰ ਸੰਭਵ ਉਪਰਾਲੇ ਕੀਤੇ ਜਾਣਗੇ।

ਸਰਕਾਰੀ ਸੂਤਰਾਂ ਅਨੁਸਾਰ ਸਰਕਾਰ ਨੇ ਉਡਾਣਾਂ ਲਈ ਰਣਨੀਤੀ ਬਣਾ ਲਈ ਹੈ। ਸ੍ਰੀਮਤੀ ਸਵਰਾਜ ਨੇ ਟਵੀਟ ਕਰਕੇ ਦੱਸਿਆ ਕਿ 1500 ਮੁਸਾਫ਼ਰਾਂ ਦੀ ਸਮਰੱਥਾ ਵਾਲਾ ਸਮੁੰਦਰੀ ਜਹਾਜ਼ ਭੇਜਣ ਦੀ ਵੀ ਤਿਆਰੀ ਕੀਤੀ ਜਾ ਰਹੀ ਹੈ।


ਤੰਦੂਰੀਏ ਕੁੱਕ ਦੀ ਲੋੜ ਹੈ

ਸੈਂਟਾ ਕਲੈਰੀਟਾ, ਐਲ ਏ ਏਰੀਆ, ਕੈਲੀਫੋਰਨੀਆ ਵਿਚ ਭਾਰਤੀ ਰੈਸਟੋਰੈਂਟ ਲਈ ਕੁੱਕ ਦੀ ਲੋੜ ਹੈ ਜੋ ਵੱਖ ਵੱਖ ਪੰਜਾਬੀ ਤੇ ਭਾਰਤੀ ਖਾਣੇ ਤਿਆਰ ਕਰ ਸਕਦਾ ਹੋਵੇ।

*ਚੰਗੀ ਤਨਖਾਹ, ਸਿਰਫ ਲੀਗਲ ਵਰਕਰ*

Cook needed for Indian restaurant at Santa Clarita, LA area CA.

*Good Salary.*
*Only legal workers.*



Please call
661-644-3430 or 661-263-2300

12-14



ਤੰਦੂਰੀਏ ਅਤੇ ਹੈਲਪਰ ਦੀ ਫੌਰੀ ਲੋੜ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ
ਤੰਦੂਰੀਏ ਅਤੇ ਹੈਲਪਰ ਦੀ ਫੌਰੀ ਲੋੜ ਹੈ
ਮੁਫਤ ਖਾਣਾ, ਮੁਫਤ ਰਿਹਾਇਸ਼ ਅਤੇ ਚੰਗੀ ਤਨਖਾਹ
ਪਤੀ-ਪਤਨੀ ਨੂੰ ਪਹਿਲ
ਮਿਸਟਰ ਸਿੰਘ, ਫੋਨ: 515-291-1961



*To Advertise with Punjab Times Call: 847-359-0746*



ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over

24 ਘੰਟੇ ਸੱਤੇ ਦਿਨ ਸੁਣੋ

Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200



Golden State Realty

9912 Kapalua Ln., Elk Grove, CA 95624



*Please Contact For*
Commercial
or
Residential
Needs

Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

ਅਸੀਂ ਲੋਨ ਲੈਣ ਵਿਚ
ਤੁਹਾਡੀ ਮਦਦ ਕਰਦੇ ਹਾਂ

*Call: Sohanpreet 'Sam' Chahal*
Ph: 916-612-5773

**email:** samchahal@hotmail.com

***Serving all over California***



Reliable and Experienced
Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ

COLDWELL BANKER
VALLEY CENTRAL
EQUAL HOUSING OPPORTUNITY
REALTOR®



Gurbans Singh Gill
Realtor
DRE#01227109

15 Years Experiance
in Real Estate
e-mail: gurbans@gotracy.com

Gurbans Gill
Office 209-835-4545
Direct 209-815-1869

Fax: 209-836-0706
www.gotracy.com

1486 W 11th Street, Tracy, CA 95376

# ਵਿਧਾਨ ਸਭਾ ਵਿਚ 'ਸ਼ਰਾਫ਼ਤ' ਦਿਖਾਉਣ 'ਚ ਹੀ ਉਲਝੇ ਰਹੇ ਕਾਂਗਰਸੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਕਾਂਗਰਸ ਦੀ ਲੀਡਰਸ਼ਿਪ ਅਕਾਲੀ-ਭਾਜਪਾ ਗਠਜੋੜ ਨੂੰ ਕਈ ਗੰਭੀਰ ਮੁੱਦਿਆਂ ਦੇ ਬਾਵਜੂਦ ਘੇਰਨ ਵਿਚ ਨਾਕਾਮ ਰਹੀ। ਸਦਨ ਵਿਚ ਸਰਕਾਰ ਵਿਰੁਧ ਮੈਂਬਰਾਂ ਦਾ ਇਕ ਵੱਡਾ ਗਰੁਪ ਸੀ ਤੇ ਆਜ਼ਾਦ ਵਿਧਾਇਕਾਂ ਬਲਵਿੰਦਰ ਸਿੰਘ ਬੈਂਸ ਤੇ ਸਿਮਰਜੀਤ ਸਿੰਘ ਬੈਂਸ ਨੇ ਸਿੱਧੇ ਤੌਰ 'ਤੇ ਸਰਕਾਰ ਖਾਸ ਕਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਨਿਸ਼ਾਨਾ ਬਣਾਇਆ ਪਰ ਕਾਂਗਰਸੀ ਇਸ ਦਾ ਲਾਭ ਲੈਣ ਤੋਂ ਖੁੰਝ ਗਏ।

ਸੈਸ਼ਨ ਦੌਰਾਨ ਭਾਵੇਂ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤੇ ਪਾਰਟੀ ਦੇ ਕਿਸਾਨ ਸੈਲ ਦੇ ਚੇਅਰਮੈਨ ਇੰਦਰਜੀਤ ਸਿੰਘ ਜ਼ੀਰਾ ਨੇ ਵਿਧਾਨ ਸਭਾ ਦੇ ਬਾਹਰ ਵੀ ਸਰਕਾਰ ਨੂੰ ਘੇਰਨ ਲਈ ਵੱਡੇ ਐਕਸ਼ਨ ਕੀਤੇ ਪਰ ਲੀਡਰਸ਼ਿਪ ਵਿਚਕਾਰ ਤਾਲਮੇਲ ਦੀ ਘਾਟ ਹੋਣ ਕਾਰਨ ਇਹ ਵੀ ਕੋਈ ਖਾਸ ਅਸਰਦਾਰ ਸਾਬਤ ਨਹੀਂ ਹੋਏ।

ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵਲੋਂ ਡਰੱਗ ਮਾਫੀਆ ਦੇ ਮਾਮਲੇ ਵਿਚ ਅਦਾਲਤ ਵਿਚ ਪੇਸ਼ ਕੀਤੀ ਚਾਰਜਸ਼ੀਟ ਵਿਚ ਬਾਦਲ ਪਰਿਵਾਰ ਦੇ ਨਜ਼ਦੀਕੀ ਰਿਸ਼ਤੇਦਾਰ ਤੇ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਜ਼ਿਕਰ ਹੋਣ ਦੀ ਸੂਹ ਲੱਗਣ ਤੋਂ ਬਾਅਦ ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਨੇ ਇਸ ਮੁੱਦੇ ਉਪਰ ਸਰਕਾਰ ਵਿਰੁਧ ਮਰਿਆਦਾ ਭੰਗ ਕਰਨ ਦਾ ਮਤਾ ਲਿਆ ਕੇ ਸਰਕਾਰ ਨੂੰ ਘੇਰਨ ਦੇ ਦਾਅਵੇ ਕੀਤੇ ਸਨ ਪਰ ਸੈਸ਼ਨ ਦੌਰਾਨ ਵਿਰੋਧੀ ਧਿਰ ਇਸ ਮੁੱਦੇ ਉਪਰ ਸਰਕਾਰ ਲਈ ਕੋਈ ਖਾਸ ਮੁਸੀਬਤ ਖੜ੍ਹੀ ਨਹੀਂ ਕਰ ਸਕੀ। ਸ੍ਰੀ ਜਾਖੜ ਨੇ ਵਿਧਾਨ ਸਭਾ ਵਿਚ ਮਰਿਆਦਾ ਮਤਾ ਲਿਆਂਦਾ ਸੀ ਕਿ ਪਿਛਲੇ ਸੈਸ਼ਨ ਦੌਰਾਨ ਸ੍ਰੀ ਮਜੀਠੀਆ ਨੇ ਇਹ ਕਹਿ ਕੇ ਸਦਨ ਨੂੰ ਗੁਮਰਾਹ ਕੀਤਾ ਸੀ ਕਿ ਉਨ੍ਹਾਂ ਨੂੰ ਈ.ਡੀ. ਨੇ ਇਕ ਮੁਲਜ਼ਮ ਵਜੋਂ ਨਹੀਂ ਮਹਿਜ਼ ਗਵਾਹ ਵਜੋਂ ਤਲਬ ਕੀਤਾ ਸੀ।

ਸਦਨ ਵਿਚ ਭਾਵੇਂ ਸ੍ਰੀ ਜਾਖੜ ਨੇ ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਦੇ ਵਜ਼ੀਫਿਆਂ, ਨਿੱਜੀ ਥਰਮਲ ਪਲਾਂਟਾਂ ਨੂੰ ਵਾਧੂ ਰਾਸ਼ੀ ਦੇਣ, ਵਾਟਰ ਸਪਲਾਈ ਤੇ ਸੀਵਰੇਜ ਪ੍ਰਾਜੈਕਟਾਂ ਦੇ ਧੜਾਧੜ ਨੀਂਹ ਪੱਥਰ ਰੱਖਣ ਤੇ ਦਲਿਤ ਵਰਗ ਦੇ ਮੁੱਦੇ ਜ਼ੋਰ-ਸ਼ੋਰ ਨਾਲ ਉਠਾਏ ਪਰ ਉਹ ਸਰਕਾਰ ਲਈ ਕੋਈ ਵੱਡੀ ਮੁਸੀਬਤ ਖੜੀ ਨਹੀਂ ਕਰ ਸਕੇ। ਕਾਂਗਰਸੀ ਵਿਧਾਇਕ ਮਹਿਜ਼ ਵਾਕਆਊਟ ਦੇ ਰੂਪ ਵਿਚ ਬਾਹਰ ਗੇੜੀ ਲਾ ਕੇ ਵਾਪਸ ਆਉਣ ਤੱਕ ਹੀ ਸੀਮਤ ਰਹੇ।

ਸੈਸ਼ਨ ਦੌਰਾਨ ਕਾਂਗਰਸੀ ਵਿਧਾਇਕ ਮੁੱਖ ਤੌਰ 'ਤੇ ਆਪੋ-ਆਪਣੇ ਹਲਕੇ ਦੇ ਮੁੱਦਿਆਂ ਨੂੰ ਹੀ ਉਠਾਉਣ ਲਈ ਜ਼ਿਆਦਾਤਰ ਚਿੰਤਤ ਰਹੇ। ਖਾਸ ਕਰਕੇ ਸ੍ਰੀ ਜਾਖੜ ਜਦੋਂ ਪ੍ਰਸ਼ਨਕਾਲ ਦੌਰਾਨ ਕਿਸੇ ਮੁੱਦੇ ਨੂੰ ਲੈ ਕੇ ਲੰਮੀ ਬਹਿਸ ਕਰਦੇ ਸਨ ਤਾਂ ਅਕਸਰ ਕਾਂਗਰਸੀ ਵਿਧਾਇਕ ਇਸ ਡਰੋਂ ਚਿੰਤਤ ਜਾਪਦੇ ਸਨ ਕਿ ਉਨ੍ਹਾਂ ਦੇ ਪ੍ਰਸ਼ਨ ਆਉਣ ਤੱਕ ਪ੍ਰਸ਼ਨਕਾਲ ਖਤਮ ਹੋ ਸਕਦਾ ਹੈ।

ਕਾਂਗਰਸ ਦੀ ਸੀਨੀਅਰ ਆਗੂ ਤੇ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਤੇ ਸਾਬਕਾ ਕੇਂਦਰੀ ਰਾਜ ਮੰਤਰੀ ਪ੍ਰਨੀਤ ਕੌਰ ਵੀ ਰਾਜ ਪੱਧਰੀ ਗੰਭੀਰ ਮੁੱਦਿਆਂ ਉਪਰ ਸਰਕਾਰ ਵਿਰੁਧ ਕੋਈ ਹਮਲਾਵਰ ਰੁਖ ਅਖਤਿਆਰ ਨਹੀਂ ਕਰ ਸਕੇ। ਸੀਨੀਅਰ ਕਾਂਗਰਸੀ ਵਿਧਾਇਕ ਲਾਲ ਸਿੰਘ ਨੇ ਬਜਟ ਉਪਰ ਸਰਕਾਰ ਨੂੰ ਮਿੱਠੀਆਂ ਚੋਭਾਂ ਜ਼ਰੂਰ ਮਾਰੀਆਂ। ਕਾਂਗਰਸ ਨੇ ਸਰਕਾਰ ਨੂੰ ਸੈਸ਼ਨ ਦੌਰਾਨ ਬਾਹਰੋਂ ਵੀ ਘੇਰਨ ਦੀ ਰਣਨੀਤੀ ਬਣਾਈ ਸੀ। ਇਸ ਤਹਿਤ ਕਾਂਗਰਸ ਕਿਸਾਨ ਤੇ ਮਜ਼ਦੂਰ ਸੈਲ ਦੇ ਚੇਅਰਮੈਨ ਇੰਦਰਜੀਤ ਸਿੰਘ ਜ਼ੀਰਾ ਨੇ ਰੋਜ਼ਾਨਾ ਵਿਧਾਨ ਸਭਾ ਦੇ ਮੂਹਰੇ ਪ੍ਰਦਰਸ਼ਨ ਕਰਨ ਦੇ ਸਖਤ ਐਕਸ਼ਨ ਕੀਤੇ ਤੇ ਉਨ੍ਹਾਂ ਵਿਰੁਧ ਇਰਾਦਾ ਕਤਲ (307) ਦਾ ਕੇਸ ਵੀ ਦਰਜ ਹੋਇਆ ਹੈ। ਦੂਜੇ ਪਾਸੇ ਸ੍ਰੀ ਬਾਜਵਾ ਦੀ ਅਗਵਾਈ ਹੇਠ ਹਜ਼ਾਰਾਂ ਕਾਂਗਰਸੀਆਂ ਨੇ ਚੰਡੀਗੜ੍ਹ ਆ ਕੇ ਮੋਦੀ ਸਰਕਾਰ ਦੇ ਭੂਮੀ ਗ੍ਰਹਿਣ ਬਿੱਲ ਵਿਰੁਧ ਜ਼ੋਰਦਾਰ ਆਵਾਜ਼ ਉਠਾਈ।

ਇਸ ਦੌਰਾਨ ਪੁਲਿਸ ਨੇ ਜਿਥੇ 500 ਤੋਂ ਵੱਧ ਕਾਂਗਰਸੀ ਗ੍ਰਿਫਤਾਰ ਕੀਤੇ ਸਨ, ਉਥੇ ਕੌਮੀ ਸਕੱਤਰ ਤੇ ਵਿਧਾਇਕ ਕੁਲਜੀਤ ਸਿੰਘ ਨਾਗਰਾ ਜ਼ਖ਼ਮੀ ਹੋਏ ਸਨ। ਉਨ੍ਹਾਂ ਦੇ ਚੂਲੇ 'ਤੇ ਗੰਭੀਰ ਚੋਟ ਆਈ ਹੈ। ਸ੍ਰੀ ਜਾਖੜ ਭਾਵੇਂ ਆਪਣੇ ਵਿਧਾਇਕਾਂ ਸਮੇਤ ਰੈਲੀ ਵਿਚ ਪੁੱਜੇ ਪਰ ਉਹ ਪੁਲਿਸ ਨਾਲ ਝੜਪ ਹੋਣ ਤੋਂ ਪਹਿਲਾਂ ਹੀ ਉਥੋਂ ਚਲੇ ਗਏ।

ਕਾਂਗਰਸੀ ਵਿਧਾਇਕਾਂ ਵਲੋਂ ਵਿਧਾਨ ਸਭਾ ਵਿਚ ਪੁਲਿਸ ਵਲੋਂ ਸ੍ਰੀ ਜ਼ੀਰਾ ਵਿਰੁਧ ਇਰਾਦਾ ਕਤਲ ਦਾ ਕੇਸ ਦਰਜ ਕਰਨ ਅਤੇ ਸ੍ਰੀ ਬਾਜਵਾ ਤੇ ਹੋਰ ਲੀਡਰਸ਼ਿਪ ਉਪਰ ਜਲ ਤੋਪਾਂ ਚਲਾ ਕੇ ਜ਼ਖ਼ਮੀ ਕਰਨ ਦੇ ਮੁੱਦਿਆਂ ਨੂੰ ਠੋਸ ਢੰਗ ਨਾਲ ਨਹੀਂ ਉਠਾਇਆ। ਜਿਸ ਤੋਂ ਸੰਕੇਤ ਮਿਲੇ ਹਨ ਕਿ ਪਾਰਟੀ ਦੇ ਆਗੂ ਆਪੋ-ਆਪਣੇ ਖੇਮੇ ਦੀ ਰਾਜਨੀਤੀ ਮੁਤਾਬਕ ਹੀ ਸਰਗਰਮ ਰਹੇ।

## ਮੁੱਦਿਆਂ ਦੇ ਬਾਵਜੂਦ ਸਰਕਾਰ ਨੂੰ ਘੇਰਨ 'ਚ ਨਾਕਾਮ



## ਸਰਕਾਰ ਨੇ ਬੋਲਣ ਦਾ ਮੌਕਾ ਹੀ ਨਹੀਂ ਦਿੱਤਾ: ਜਾਖੜ

ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਦਾ ਦਾਅਵਾ ਹੈ ਕਿ ਕਾਂਗਰਸ ਨੇ ਸਰਕਾਰ ਨੂੰ ਨਸ਼ਿਆਂ ਤੇ ਹੋਰਨਾਂ ਮੁੱਦਿਆਂ 'ਤੇ ਘੇਰਨ ਦਾ ਯਤਨ ਕੀਤਾ ਪਰ ਸਰਕਾਰ ਵਲੋਂ ਵਿਰੋਧੀ ਧਿਰ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਕਿਹਾ ਕਿ ਫਿਰ ਵੀ ਰਾਜਪਾਲ ਦੇ ਭਾਸ਼ਨ 'ਤੇ ਹੋਈ ਬਹਿਸ ਵਿਚ ਕਾਂਗਰਸ ਨੇ ਨਸ਼ਿਆਂ ਦੇ ਮਾਮਲੇ 'ਤੇ ਮਾਲ ਮੰਤਰੀ ਦਾ ਮਾਮਲਾ ਚੁੱਕਿਆ ਪਰ ਅਸੀਂ ਸਿੱਧੇ ਟਕਰਾਅ ਦੀ ਥਾਂ ਉਸਾਰੂ ਬਹਿਸ ਚਾਹੁੰਦੇ ਸਾਂ ਜੋ ਸਰਕਾਰ ਨੂੰ ਪਸੰਦ ਨਹੀਂ ਤੇ ਸਰਕਾਰ ਟਕਰਾਅ ਚਾਹੁੰਦੀ ਹੈ।

# ਸ਼੍ਰੋਮਣੀ ਕਮੇਟੀ ਨੂੰ ਸ੍ਰੀ ਹਜ਼ੂਰ ਸਾਹਿਬ ਦੇ ਨਾਮਜ਼ਦ ਪ੍ਰਧਾਨ 'ਤੇ ਇਤਰਾਜ਼

**ਅੰਮ੍ਰਿਤਸਰ:** ਮਹਾਰਾਸ਼ਟਰ ਸਰਕਾਰ ਵਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ ਦੇ ਨਿਯੁਕਤ ਮੈਂਬਰਾਂ ਤੋਂ ਵੱਖਰੇ ਤੌਰ ਉਤੇ ਮੁੱਖ ਪ੍ਰਬੰਧਕ ਲਗਾਉਣ ਉਤੇ ਇਤਰਾਜ਼ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਨੇ ਕਿਹਾ ਹੈ ਕਿ ਸਿੱਖ ਕੌਮ ਦੇ ਪੰਜ ਇਤਿਹਾਸਕ ਤਖ਼ਤ ਸਾਹਿਬਾਨਾਂ ਵਿਚੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਨਾਂਦੇੜ, ਮਹਾਰਾਸ਼ਟਰ ਦੀ ਮਹਾਨਤਾ ਵੀ ਅਹਿਮ ਹੈ।

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਛੋਹ ਪ੍ਰਾਪਤ ਇਸ ਮਹਾਨ ਤਖ਼ਤ ਦਾ ਮੁੱਖ ਪ੍ਰਬੰਧਕ ਪੂਰਨ ਗੁਰ ਸਿੱਖ ਤੇ ਰਹਿਣੀ-ਬਹਿਣੀ ਵਾਲਾ ਹੀ ਲਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਤਖ਼ਤ ਸਾਹਿਬ ਦੇ ਪ੍ਰਬੰਧ ਲਈ ਬੋਰਡ ਦੇ ਚੁਣੇ ਹੋਏ ਮੈਂਬਰਾਂ ਵਿਚੋਂ ਹੀ ਮੁੱਖ ਪ੍ਰਬੰਧਕ ਲਾਉਣਾ ਚਾਹੀਦਾ ਹੈ ਤੇ ਇਹ ਅਧਿਕਾਰ ਵੀ ਬੋਰਡ ਦੇ ਬਣਾਏ ਗਏ ਮੈਂਬਰਾਂ ਕੋਲ ਹੀ ਹੋਣਾ ਚਾਹੀਦਾ ਹੈ ਜੋ ਇਹ ਫੈਸਲਾ ਕਰ ਸਕਣ ਕਿ ਮੁੱਖ ਪ੍ਰਬੰਧਕ ਦੇ ਅਹੁਦੇ ਲਈ ਕੌਣ ਯੋਗ ਹੈ।

ਉਨ੍ਹਾਂ ਕਿਹਾ ਕਿ ਜੋ ਜਾਣਕਾਰੀ ਮਿਲ ਰਹੀ ਹੈ, ਉਸ ਅਨੁਸਾਰ ਮਹਾਰਾਸ਼ਟਰ ਸਰਕਾਰ ਵਲੋਂ ਬੋਰਡ ਦੇ ਗਠਿਤ ਮੈਂਬਰਾਂ ਤੋਂ ਵੱਖਰਾ ਆਪਣੇ ਤੌਰ ਉਤੇ ਤਾਰਾ ਸਿੰਘ ਨੂੰ ਮੁੱਖ ਪ੍ਰਬੰਧਕ ਲਗਾਇਆ ਜਾ ਰਿਹਾ ਹੈ ਜੋ ਪਰੰਪਰਾਗਤ ਨਹੀਂ ਹੈ ਤੇ ਸਰਕਾਰ ਨੂੰ ਇਸ ਕੰਮ ਵਿਚ ਦਖ਼ਲ-ਅੰਦਾਜੀ ਨਹੀਂ ਕਰਨੀ ਚਾਹੀਦੀ।

# ਜਾਟ ਰਾਖਵੇਂਕਰਨ ਬਾਰੇ ਕਸੂਤੀ ਫਸੀ ਭਾਜਪਾ

**ਨਵੀਂ ਦਿੱਲੀ:** ਜਾਟ ਰਾਖਵੇਂਕਰਨ ਬਾਰੇ ਸੁਪਰੀਮ ਕੋਰਟ ਦਾ ਫੈਸਲਾ ਆਉਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਕਸੂਤੀ ਫਸ ਗਈ ਹੈ। ਜਾਟਾਂ ਦਾ ਹਰਿਆਣਾ, ਉਤਰ ਪ੍ਰਦੇਸ਼, ਪੰਜਾਬ, ਦਿੱਲੀ ਤੇ ਪੂਰਬੀ ਰਾਜਸਥਾਨ ਵਿਚ ਕਾਫੀ ਦਬਦਬਾ ਮੰਨਿਆ ਜਾਂਦਾ ਹੈ।

ਇਹ ਵੀ ਸਮਝਿਆ ਜਾਂਦਾ ਹੈ ਕਿ ਭੋਂ-ਪ੍ਰਾਪਤੀ ਬਿੱਲ ਦੀ ਕਿਸਾਨਾਂ ਵਲੋਂ ਹੋ ਰਹੇ ਵਿਰੋਧ ਦਾ ਅਸਰ ਮੱਠਾ ਕਰਨ ਲਈ ਭਾਜਪਾ ਜਾਟ ਰਾਖਵੇਂਕਰਨ ਦੇ ਮੁੱਦੇ ਨੂੰ ਹੱਥ ਲੈਣ ਦੀ ਕੋਸ਼ਿਸ਼ ਕਰ ਰਹੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜਾਟਾਂ ਲਈ ਰਾਖਵੇਂਕਰਨ ਦੇ ਮੁੱਦੇ ਦਾ ਕਾਨੂੰਨੀ ਚੌਖਟੇ ਅੰਦਰ ਹੱਲ ਲੱਭਣ ਦਾ ਭਰੋਸਾ ਦਿਵਾਇਆ ਹੈ। ਵੱਖ-ਵੱਖ ਰਾਜਾਂ ਨਾਲ ਸਬੰਧਤ 70 ਮੈਂਬਰੀ ਵਫ਼ਦ ਨੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਕੇ ਜਾਟ ਭਾਈਚਾਰੇ ਨਾਲ ਸਬੰਧਤ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ।

ਸੁਪਰੀਮ ਕੋਰਟ ਨੇ ਕੁਝ ਦਿਨ ਪਹਿਲਾਂ ਜਾਟਾਂ ਨੂੰ ਹੋਰਨਾਂ ਪੱਛੜੇ ਵਰਗਾਂ ਤਹਿਤ ਰਾਖਵਾਂਕਰਨ ਦੇਣ ਦਾ ਫੈਸਲਾ ਰੱਦ ਕਰ ਦਿੱਤਾ ਸੀ। ਇਸ ਦੌਰਾਨ ਵਫ਼ਦ ਵਿਚ ਸ਼ਾਮਲ ਹਰਿਆਣਾ ਦੇ ਖੇਤੀਬਾੜੀ ਮੰਤਰੀ ਓ.ਪੀ. ਧਨਖੜ ਨੇ ਕਿਹਾ ਕਿ ਜਾਟ ਭਾਈਚਾਰੇ ਨੂੰ ਅਹੀਰ ਤੇ ਗੁੱਜਰ ਭਾਈਚਾਰਿਆਂ ਨੂੰ ਮਿਲਦੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਉਜ, ਜਾਟਾਂ ਨੂੰ ਰਾਖਵਾਂਕਰਨ ਦੇਣ ਤੋਂ ਹੋਰਨਾਂ ਪੱਛੜੇ ਵਰਗਾਂ ਦੇ ਭਾਈਚਾਰੇ ਨਾਰਾਜ਼ ਸਨ, ਇਨ੍ਹਾਂ ਵਰਗਾਂ ਦੀ ਬਿਹਾਰ ਤੇ ਉਤਰ ਪ੍ਰਦੇਸ਼ ਜਿਹੇ ਰਾਜਾਂ ਵਿਚ ਚੋਖੀ ਸੰਖਿਆ ਹੈ ਤੇ ਭਾਜਪਾ ਇਨ੍ਹਾਂ ਦੋਵਾਂ ਸੂਬਿਆਂ ਵਿਚ ਆਪਣੀ ਸਿਆਸੀ ਪੈਂਠ ਜਮਾਉਣਾ ਚਾਹੁੰਦੀ ਹੈ। ਵਫ਼ਦ ਨੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਨਾਲ ਵੀ ਮੁਲਾਕਾਤ ਕੀਤੀ।

# ਕਿਸਾਨਾਂ ਲਈ ਰਾਹਤ ਲੈਣ ਪੰਜਾਬ ਸਰਕਾਰ ਮੁੜ ਪੁੱਜੀ ਮੋਦੀ ਦਰਬਾਰ

**ਚੰਡੀਗੜ੍ਹ:** ਪਿਛਲੇ ਹਫਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ ਪੰਜਾਬ ਫੇਰੀ ਦੌਰਾਨ ਸੂਬੇ ਦੇ ਕਿਸਾਨਾਂ ਨੂੰ ਕੁਝ ਰਾਹਤ ਦੇਣ ਤੋਂ ਟਾਲਾ ਵੱਟਣ ਪਿੱਛੋਂ ਪੰਜਾਬ ਸਰਕਾਰ ਨੇ ਕੇਂਦਰ ਕੋਲ ਹਾਲ ਹੀ ਵਿਚ ਬੇਮੌਸਮੀ ਮੀਂਹ ਤੇ ਗੜੇਮਾਰੀ ਕਾਰਨ ਨੁਕਸਾਨੀਆਂ ਗਈਆਂ ਹਾੜ੍ਹੀ ਦੀਆਂ ਫਸਲਾਂ ਦੀ ਭਰਪਾਈ ਲਈ ਵਿਸ਼ੇਸ਼ ਵਿੱਤੀ ਸਹਾਇਤਾ ਦੇ ਰੂਪ ਵਿਚ 717 ਕਰੋੜ ਰੁਪਏ ਦੇ ਰਾਹਤ ਪੈਕੇਜ ਦੀ ਮੰਗ ਕੀਤੀ ਹੈ। ਸੂਬਾ ਸਰਕਾਰ ਨੇ ਤਰਕ ਦਿੱਤਾ ਹੈ ਕਿ ਇਸ ਨਾਲ ਨਾ ਸਿਰਫ ਕਿਸਾਨਾਂ ਨੂੰ ਔਖੀ ਘੜੀ ਵਿਚ ਢਾਰਸ ਮਿਲੇਗੀ ਸਗੋਂ ਦੇਸ਼ ਦੀ ਅਨਾਜ ਸੁਰੱਖਿਆ ਨੂੰ ਯਕੀਨੀ ਬਣਾਉਣ ਵਾਸਤੇ ਹੋਰ ਵਧੇਰੇ ਮਿਹਨਤ ਕਰਨ ਲਈ ਸਹਾਰਾ ਮਿਲੇਗਾ।

ਫਸਲਾਂ ਦੇ ਨੁਕਸਾਨ ਲਈ ਇਸ ਵੇਲੇ ਕੇਂਦਰ ਸਰਕਾਰ ਵਲੋਂ 3600 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਂਦਾ ਹੈ ਜੋ ਖੇਤੀ ਲਾਗਤਾਂ ਵਧਣ ਕਾਰਨ ਢੁਕਵਾਂ ਨਹੀਂ ਹੈ। ਹਾੜ੍ਹੀ ਦੀਆਂ ਫਸਲਾਂ ਨੂੰ ਹੋਏ ਭਾਰੀ ਨੁਕਸਾਨ ਕਾਰਨ ਇਹ ਮੁਆਵਜ਼ਾ 10,000 ਪ੍ਰਤੀ ਏਕੜ ਦੇ ਹਿਸਾਬ ਨਾਲ ਵਧਾਏ ਜਾਣ ਦੀ ਜ਼ਰੂਰਤ ਹੈ। ਸੂਬਾ ਸਰਕਾਰ ਨੇ ਕਿਸਾਨਾਂ ਨੂੰ ਮੁਆਵਜ਼ਾ ਹਾੜ੍ਹੀ ਦੀ ਖੜ੍ਹੀ ਫਸਲ ਦੇ ਆਧਾਰ 'ਤੇ ਹੋਏ ਨੁਕਸਾਨ ਮੁਤਾਬਕ ਦੇਣ ਦੀ ਵਕਾਲਤ ਕਰਦਿਆਂ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਦੇ ਪੱਤਰ ਮਿਤੀ 28 ਨਵੰਬਰ 2013 ਮੁਤਾਬਕ ਸਹਾਇਤਾ ਲਈ ਨਿਰਧਾਰਤ ਕੀਤੇ ਮਾਪਦੰਡਾਂ ਦਾ ਹਵਾਲਾ ਦਿੱਤਾ ਜਿਨ੍ਹਾਂ ਮੁਤਾਬਕ ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦਾ 50 ਫੀਸਦੀ ਜਾਂ ਇਸ ਤੋਂ ਵੱਧ ਨੁਕਸਾਨ ਹੋ ਜਾਣ ਦੀ ਸੂਰਤ ਵਿਚ ਲਾਗਤ ਸਬਸਿਡੀ ਸਹਾਇਤਾ ਵਜੋਂ ਮੁਹੱਈਆ ਕਰਵਾਈ ਜਾਂਦੀ ਹੈ। ਇਸ ਅਨੁਸਾਰ ਸਿੰਜਾਈ ਵਾਲੇ ਇਲਾਕੇ ਵਿਚ ਪ੍ਰਤੀ ਹੈਕਟੇਅਰ 9000 ਰੁਪਏ ਤੱਕ ਦੀ ਸਹਾਇਤਾ ਦੇਣ ਦਾ ਉਪਬੰਧ ਹੈ ਤੇ ਘੱਟੋ-ਘੱਟ ਸਹਾਇਤਾ 750 ਰੁਪਏ ਤੋਂ ਘੱਟ ਨਾ ਹੋਵੇ ਜੋ ਬਿਜਾਈ ਖੇਤਰ ਤੱਕ ਨਿਰਧਾਰਤ ਹੈ। ਇਸ ਦਾ ਉਦੇਸ਼ ਕਿਸਾਨਾਂ ਨੂੰ ਅਗਲੀ ਫਸਲ ਦੀ ਬਿਜਾਈ ਕਰਵਾਉਣ ਦੇ ਸਮਰੱਥ ਬਣਾਉਣਾ ਹੈ ਜਦਕਿ ਅਸਲ ਵਿਚ ਇਹ ਕਿਸਾਨਾਂ ਨੂੰ ਉਨ੍ਹਾਂ ਦੀ ਖੜ੍ਹੀ ਫਸਲ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਨਹੀਂ ਹੈ।

ਦੱਸਣਯੋਗ ਹੈ ਕਿ ਸੂਬੇ ਵਿਚ ਬੇਮੌਸਮੀ ਬਾਰਸ਼ ਕਾਰਨ 18 ਲੱਖ 70 ਹਜ਼ਾਰ ਏਕੜ ਰਕਬੇ ਵਿਚ ਖੜ੍ਹੀ ਕਣਕ ਦੀ ਫਸਲ ਤੇ ਸਬਜ਼ੀਆਂ ਪ੍ਰਭਾਵਿਤ ਹੋਣ ਨਾਲ ਕਿਸਾਨਾਂ ਨੂੰ ਤਿੰਨ ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਮਾਲੀ ਨੁਕਸਾਨ ਹੋਣ ਦਾ ਅਨੁਮਾਨ ਹੈ। ਹਾੜ੍ਹੀ ਦੀ ਮੁੱਖ ਫਸਲ ਕਣਕ ਦਾ ਔਸਤਨ 20 ਫੀਸਦੀ ਤੱਕ ਨੁਕਸਾਨ ਹੋਇਆ ਹੈ ਜਦੋਂਕਿ ਸਬਜ਼ੀਆਂ 75 ਫੀਸਦੀ ਤੱਕ ਤਬਾਹ ਹੋ ਗਈਆਂ। ਪੰਜਾਬ ਦੇ ਕਿਸਾਨਾਂ ਦੀ ਬਦਕਿਸਮਤੀ ਇਹ ਹੈ ਕਿ ਉਨ੍ਹਾਂ ਨੂੰ ਇਸ ਨੁਕਸਾਨ ਦਾ ਕੋਈ ਮੁਆਵਜ਼ਾ ਮਿਲਣ ਦੀ ਉਮੀਦ ਨਹੀਂ ਹੈ ਕਿਉਂਕਿ ਕਣਕ ਦਾ ਨੁਕਸਾਨ 50 ਫੀਸਦੀ ਤੋਂ ਘੱਟ ਹੈ, ਇਸ ਲਈ ਕੇਂਦਰ ਸਰਕਾਰ ਦੀਆਂ ਸ਼ਰਤਾਂ ਮੁਤਾਬਕ ਕਿਸਾਨਾਂ ਦੀ ਭਰਪਾਈ ਸੰਭਵ ਨਹੀਂ। ਇਸ ਨੀਤੀ ਤਹਿਤ ਮੁਆਵਜ਼ਾ ਉਸ ਸੂਰਤ ਵਿਚ ਹੀ ਮਿਲ ਸਕਦਾ ਹੈ, ਜੇਕਰ ਕਿਸੇ ਜ਼ਿਲ੍ਹੇ ਦਾ 50 ਫ਼ੀਸਦੀ ਰਕਬਾ 75 ਫ਼ੀਸਦੀ ਤੋਂ ਵੱਧ ਨੁਕਸਾਨਿਆ ਜਾਵੇ। ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਹਾਲ ਹੀ ਵਿਚ ਫ਼ਸਲਾਂ ਦੇ ਲਾਗਤ ਮੁੱਲ ਉਤੇ ਪੰਜਾਹ ਫ਼ੀਸਦੀ ਮੁਨਾਫ਼ਾ ਦੇਣ ਤੋਂ ਇਨਕਾਰ ਕਰਕੇ ਕਿਸਾਨਾਂ ਨੂੰ ਵੱਡਾ ਝਟਕਾ ਦੇ ਚੁੱਕੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਇਕ ਰੋਜ਼ਾ ਪੰਜਾਬ ਫੇਰੀ ਪੰਜਾਬ ਦੀ ਅਕਾਲੀ-ਭਾਜਪਾ ਲੀਡਰਸ਼ਿਪ ਲਈ ਨਿਰਾਸ਼ ਕਰਨ ਵਾਲੀ ਰਹੀ ਹੈ। ਇਸ ਫੇਰੀ ਦੌਰਾਨ ਪੰਜਾਬ ਦੀ ਦੇਸ਼ ਨੂੰ ਆਜ਼ਾਦ ਕਰਵਾਉਣ ਵਿਚ ਭੂਮਿਕਾ ਤੇ ਫਿਰ ਦੇਸ਼ ਦੀ ਰਾਖੀ ਤੇ ਅੰਨ ਭੰਡਾਰ ਭਰਨ ਵਿਚ ਪਾਏ ਯੋਗਦਾਨ ਦੀ ਸ਼ਲਾਘਾ ਤਾਂ ਰੱਜ ਕੇ ਕੀਤੀ ਪਰ ਇਸ ਦੇ ਇਵਜ਼ ਵਿਚ ਪੰਜਾਬੀ ਦਾ ਮਾਣ ਰੱਖਣ ਵੇਲੇ ਉਹ ਮੂੰਹ ਹੀ ਫੇਰ ਗਏ।



## ਛੋਟੀਆਂ ਬੱਚਤਾਂ ਵਿਚੋਂ ਪੰਜਾਬ ਨੂੰ 805 ਕਰੋੜ ਜਾਰੀ

**ਨਵੀਂ ਦਿੱਲੀ:** ਕੌਮੀ ਛੋਟੀਆਂ ਬੱਚਤ ਫੰਡ ਵਿਚੋਂ ਪੰਜਾਬ ਨੂੰ 805.17 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਕੇਂਦਰ ਸਰਕਾਰ ਨੇ ਆਂਧਰਾ ਪ੍ਰਦੇਸ਼ ਨੂੰ ਇਸੇ ਫੰਡ ਵਿਚੋਂ 549.60 ਕਰੋੜ ਰੁਪਏ ਮੁਹੱਈਆ ਕਰਾਏ ਹਨ। ਛੋਟੀਆਂ ਬੱਚਤਾਂ ਸਕੀਮਾਂ ਤਹਿਤ ਇਕੱਤਰ ਹੋਈ ਰਾਸ਼ੀ ਦੇ ਇਵਜ਼ ਵਿਚ ਇਹ ਫੰਡ ਜਾਰੀ ਕੀਤੇ ਗਏ ਹਨ। ਮੌਜੂਦਾ ਵਿੱਤੀ ਵਰ੍ਹੇ ਦੌਰਾਨ ਛੋਟੀਆਂ ਬੱਚਤਾਂ ਤਹਿਤ ਜਮ੍ਹਾਂ ਹੋਏ ਪੈਸੇ ਵਿਚੋਂ ਪੰਜਾਬ ਨੂੰ ਹੁਣ ਤੱਕ 2045.16 ਕਰੋੜ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ।

## ਵਿਸ਼ਵ ਬੈਂਕ ਵਲੋਂ 1540 ਕਰੋੜ ਦਾ ਕਰਜ਼ਾ ਮਨਜ਼ੂਰ

**ਚੰਡੀਗੜ੍ਹ (ਬਿਊਰੋ):** ਵਿਸ਼ਵ ਬੈਂਕ ਦੀ ਵਾਸ਼ਿੰਗਟਨ ਵਿਚ ਹੋਈ ਮੀਟਿੰਗ ਦੌਰਾਨ ਪੰਜਾਬ ਦੀਆਂ ਦਿਹਾਤੀ ਜਲ ਸਪਲਾਈ ਸਕੀਮਾਂ ਲਈ 2200 ਕਰੋੜ ਰੁਪਏ ਦੇ ਪ੍ਰਾਜੈਕਟ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਮੁੱਖ ਮੰਤਰੀ ਦਫ਼ਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ 2200 ਕਰੋੜ ਰੁਪਏ ਦੇ ਇਸ ਪ੍ਰਾਜੈਕਟ ਵਿਚ ਵਿਸ਼ਵ ਬੈਂਕ 1540 ਕਰੋੜ ਰੁਪਏ ਦਾ ਯੋਗਦਾਨ ਪਾਵੇਗੀ ਜਦਕਿ ਸੂਬਾ ਸਰਕਾਰ 660 ਕਰੋੜ ਰੁਪਏ ਦਾ ਹਿੱਸਾ ਪਾਵੇਗੀ। ਇਸ ਪ੍ਰਾਜੈਕਟ ਦਾ ਉਦੇਸ਼ ਸੂਬੇ ਦੇ ਦਿਹਾਤੀ ਇਲਾਕਿਆਂ ਵਿਚ ਹਰੇਕ ਘਰ ਪਾਣੀ ਦਾ ਕੁਨੈਕਸ਼ਨ ਤੇ ਪਖਾਨਾ ਮੁਹੱਈਆ ਕਰਵਾਉਣਾ ਹੈ। ਇਹ ਪ੍ਰਾਜੈਕਟ ਦੇਸ਼ ਵਿਚ ਆਪਣੇ ਕਿਸਮ ਦਾ ਪਹਿਲਾ ਪ੍ਰਾਜੈਕਟ ਹੋਵੇਗਾ।

ਇਸ ਪ੍ਰਾਜੈਕਟ ਹੇਠ ਪਿੰਡਾਂ ਵਿਚ ਲੋਕਾਂ ਨੂੰ ਰੋਜ਼ਾਨਾ ਘੱਟੋ-ਘੱਟ 10 ਘੰਟੇ ਜਲ ਮੁਹੱਈਆ ਕਰਵਾਇਆ ਜਾਵੇਗਾ। 315 ਪਿੰਡਾਂ ਵਿਚ ਸੀਵਰੇਜ ਪ੍ਰਣਾਲੀ ਤੇ 121 ਪਿੰਡਾਂ ਵਿਚ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਉਣਾ ਇਸ ਪ੍ਰਾਜੈਕਟ ਦਾ ਉਦੇਸ਼ ਹੈ। ਇਨ੍ਹਾਂ 121 ਪਿੰਡਾਂ ਵਿਚ ਇਸ ਵੇਲੇ ਯੂਰੇਨੀਅਮ ਤੇ ਹੋਰ ਭਾਰੀ ਧਾਤਾਂ ਵਾਲਾ ਦੂਸ਼ਤ ਪਾਣੀ ਹੈ ਜਿਸ ਨਾਲ ਕੈਂਸਰ ਵਰਗੀਆਂ ਬਿਮਾਰੀਆਂ ਹੋ ਰਹੀਆਂ ਹਨ।

2011 ਦੀ ਮਰਦਮਸ਼ੁਮਾਰੀ ਅਨੁਸਾਰ ਭਾਰਤ ਦੇ ਸਿਰਫ 31 ਫੀਸਦੀ ਘਰਾਂ ਵਿਚ ਹੀ ਟੂਟੀ ਵਾਲਾ ਪਾਣੀ ਤੇ ਘਰੇਲੂ ਪਖਾਨੇ ਹਨ। ਛੇ ਸਾਲਾਂ ਦੇ ਸਮੇਂ ਵਿਚ ਲਾਗੂ ਕੀਤਾ ਜਾ ਰਿਹਾ ਇਹ ਪ੍ਰਾਜੈਕਟ ਸਰਕਾਰ ਨੂੰ ਇਨ੍ਹਾਂ ਚੁਣੌਤੀਆਂ ਨੂੰ ਹੱਲ ਕਰਨ ਲਈ ਮਦਦ ਦੇਵੇਗਾ।

# ਲੋਕ ਭਲਾਈ ਦਾ ਜ਼ਿੰਮਾ ਹੁਣ ਸ਼ਰਾਬੀਆਂ ਸਿਰ !

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਆਗਾਮੀ ਵਿੱਤੀ ਵਰ੍ਹੇ 2015-16 ਦੌਰਾਨ ਲੋਕ ਭਲਾਈ ਕਾਰਜਾਂ ਦਾ ਜ਼ਿੰਮਾ ਸ਼ਰਾਬੀਆਂ ਸਿਰ ਸੁੱਟਾ ਦਿੱਤਾ ਹੈ। ਨਵੀਂ ਆਬਕਾਰੀ ਨੀਤੀ ਤਹਿਤ ਸਰਕਾਰ ਵੱਲੋਂ 23 ਰੁਪਏ ਪ੍ਰਤੀ ਪਰੂਫ਼ ਲਿਟਰ ਲਗਾਈ ਗਈ ਵਾਧੂ ਲਾਇਸੈਂਸ ਫ਼ੀਸ ਵਿਚੋਂ 10 ਰੁਪਏ ਸਿੱਖਿਆ, ਅੱਠ ਰੁਪਏ ਖੇਡਾਂ ਤੇ ਪੰਜ ਰੁਪਏ ਸਭਿਆਚਾਰ ਦੇ ਵਿਕਾਸ ਲਈ ਵਰਤੇ ਜਾਣਗੇ। ਸਰਕਾਰ ਨੇ ਅਗਲੇ ਮਾਲੀ ਸਾਲ ਦੌਰਾਨ 9.80 ਕਰੋੜ ਪਰੂਫ਼ ਲਿਟਰ ਭਾਵ 26 ਕਰੋੜ ਬੋਤਲਾਂ ਦੇਸੀ ਸ਼ਰਾਬ ਤੇ 4.5 ਕਰੋੜ ਪਰੂਫ਼ ਲਿਟਰ ਭਾਵ 8.3 ਕਰੋੜ ਬੋਤਲਾਂ ਅੰਗਰੇਜ਼ੀ ਸ਼ਰਾਬ ਤੇ 40 ਲੱਖ ਡੱਬੇ ਭਾਵ 4.8 ਕਰੋੜ ਬੋਤਲਾਂ ਬੀਅਰ ਵੇਚਣ ਦਾ ਟੀਚਾ ਮਿਥਿਆ ਹੈ। ਇੰਜ ਸਰਕਾਰ ਲੋਕ ਭਲਾਈ ਸਕੀਮਾਂ ਲਈ ਮਹਿਜ਼ 240 ਕਰੋੜ ਰੁਪਏ ਇਕੱਠੇ ਕਰਨ ਦੇ ਪੱਜ ਸੂਬੇ ਦੇ 1.11 ਕਰੋੜ ਬਾਲਗ ਵਿਅਕਤੀਆਂ ਨੂੰ 39 ਕਰੋੜ ਬੋਤਲਾਂ ਸ਼ਰਾਬ, ਪੀਣ ਵਾਸਤੇ ਮੁਹੱਈਆ ਕਰਵਾਏਗੀ।

ਸਰਕਾਰ ਨੇ 2015-16 ਦੌਰਾਨ ਸ਼ਰਾਬ ਦੀ ਕੁੱਲ ਵਿਕਰੀ ਤੋਂ ਚਾਲੂ ਵਿੱਤੀ ਵਰ੍ਹੇ ਦੇ ਮੁਕਾਬਲੇ 360 ਕਰੋੜ ਰੁਪਏ ਵੱਧ ਇਕੱਠੇ ਕਰਨ ਦਾ ਟੀਚਾ ਮਿਥਿਆ ਹੈ, ਜਿਸ ਦਾ ਸਿੱਧਾ ਅਰਥ ਹੈ ਕਿ ਸਰਕਾਰ ਅਗਲੇ ਸਾਲ ਸੂਬੇ ਦੇ ਲੋਕਾਂ ਨੂੰ 360 ਕਰੋੜ ਰੁਪਏ ਦੀ ਹੋਰ ਵੱਧ ਸ਼ਰਾਬ ਪੀਣ ਲਈ ਮਜਬੂਰ ਕਰੇਗੀ। ਇੰਨਾ ਹੀ ਨਹੀਂ ਸਰਕਾਰ ਨੇ ਲੋਕਾਂ ਨੂੰ ਨਸ਼ੇ ਦੀ ਵੱਧ ਖ਼ੁਰਾਕ ਦੇਣ ਲਈ ਪਿਛਲੇ ਸਾਲ ਦੀ 50 ਤੋਂ 65 ਡਿਗਰੀ ਵਾਲੀ ਸ਼ਰਾਬ ਦੀ ਥਾਂ 2015-16 ਦੌਰਾਨ 75 ਡਿਗਰੀ ਵਾਲੀ ਸ਼ਰਾਬ ਵੇਚਣ ਦੀ ਵੀ ਨੀਤੀ ਤੈਅ ਕੀਤੀ ਹੈ।

ਪੰਜਾਬ ਸਰਕਾਰ ਵੱਲੋਂ ਸ਼ਰਾਬ 'ਤੇ ਸਿੱਖਿਆ ਸੈੱਸ ਤਾਂ ਦਹਾਕਾ ਪਹਿਲਾਂ ਹੀ ਲਗਾ ਦਿੱਤਾ ਸੀ ਪਰ ਖੇਡਾਂ ਤੇ ਸਭਿਆਚਾਰ ਲਈ ਸ਼ਰਾਬ ਤੋਂ ਪੈਸਾ ਇਕੱਠਾ ਕਰਨ ਦਾ ਰਾਹ ਦੋ ਕੁ ਸਾਲ ਪਹਿਲਾਂ ਹੀ ਕੱਢਿਆ ਗਿਆ ਹੈ। ਖੇਡਾਂ ਲਈ ਇਕੱਤਰ ਪੈਸਾ ਕਬੱਡੀ ਕੱਪ ਤੇ ਹੋਰ ਗਤੀਵਿਧੀਆਂ ਲਈ ਖ਼ਰਚ ਕੀਤਾ ਜਾਂਦਾ ਹੈ। ਸਰਕਾਰ ਵੱਲੋਂ ਸ਼ਰਾਬ ਨੂੰ ਕਮਾਈ ਦਾ ਵੱਡਾ ਸਾਧਨ ਤਾਂ ਮੰਨਿਆ ਹੀ ਜਾ ਰਿਹਾ ਹੈ, ਸਗੋਂ ਯੋਜਨਾਵਾਂ ਚਲਾਉਣ ਲਈ ਵਿਸ਼ੇਸ਼ ਫੰਡ ਦੀ ਉਗਰਾਹੀ ਵੀ ਸ਼ਰਾਬ ਰਾਹੀਂ ਕੀਤੀ ਜਾਣ ਲੱਗੀ ਹੈ। ਸੂਬਾ ਸਰਕਾਰ ਨੇ ਅਗਲੇ ਮਾਲੀ ਸਾਲ ਦੌਰਾਨ ਸ਼ਰਾਬ ਤੋਂ 5040 ਕਰੋੜ ਰੁਪਏ ਵੱਟਣ ਦਾ ਟੀਚਾ ਮਿਥਿਆ ਹੈ। ਦੱਸਣਯੋਗ ਹੈ ਕਿ ਸੂਬੇ ਦੇ ਆਬਕਾਰੀ ਤੇ ਕਰ ਵਿਭਾਗ ਵੱਲੋਂ ਆਗਾਮੀ ਵਿੱਤੀ ਵਰ੍ਹੇ ਲਈ ਸ਼ਰਾਬ ਦੇ ਠੇਕਿਆਂ ਦੀ ਨਿਲਾਮੀ ਕਰ ਦਿੱਤੀ ਗਈ ਹੈ। ਕਰ ਤੇ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਿੱਖਿਆ, ਸਿਹਤ ਤੇ ਖੇਡਾਂ ਲਈ ਸ਼ਰਾਬ ਤੋਂ ਆਗਾਮੀ ਵਰ੍ਹੇ ਦੌਰਾਨ 240 ਕਰੋੜ ਰੁਪਏ ਦੇ ਕਰੀਬ ਪੈਸਾ ਆਉਣ ਦੀ ਸੰਭਾਵਨਾ ਹੈ।

ਪੰਜਾਬ ਵਿਚ ਸ਼ਰਾਬ ਚੰਡੀਗੜ੍ਹ, ਹਰਿਆਣਾ ਤੇ ਹੋਰ ਕਈ ਸੂਬਿਆਂ ਨਾਲੋਂ ਬਹੁਤ ਜ਼ਿਆਦਾ ਮਹਿੰਗੀ ਮੰਨੀ ਜਾਂਦੀ ਹੈ। ਸਰਕਾਰ ਵੱਲੋਂ ਦੇਸੀ ਤੇ ਅੰਗਰੇਜ਼ੀ ਸ਼ਰਾਬ ਤੋਂ ਇਕੱਤਰ ਹੁੰਦਾ ਵਿਸ਼ੇਸ਼ ਫੰਡ ਸਿੱਧਾ ਸਬੰਧਤ ਵਿਭਾਗਾਂ (ਸਿੱਖਿਆ, ਖੇਡਾਂ ਤੇ ਸਭਿਆਚਾਰਕ ਮਾਮਲੇ) ਤਬਦੀਲ ਕਰਨ ਦਾ ਦਾਅਵਾ ਤਾਂ ਕੀਤਾ ਜਾਂਦਾ ਹੈ ਪਰ ਸਚਾਈ ਇਹ ਵੀ ਹੈ ਕਿ ਸਰਕਾਰ ਦੀ ਤੰਗੀ-ਤਰੁਸ਼ੀ ਕਰਕੇ ਇਹ ਪੈਸਾ ਤਨਖ਼ਾਹਾਂ ਤੇ ਹੋਰ ਕੰਮਾਂ ਲਈ ਹੀ ਵਰਤ ਲਿਆ ਜਾਂਦਾ ਹੈ। ਅੰਗਰੇਜ਼ੀ ਸ਼ਰਾਬ ਤੇ ਬੀਅਰ ਤੋਂ ਸਮਾਜ ਭਲਾਈ ਦੀਆਂ ਯੋਜਨਾਵਾਂ ਲਈ ਫੰਡ ਇਕੱਠਾ ਕੀਤਾ ਜਾਵੇਗਾ।


ਬੀਅਰ ਤੇ ਅੰਗਰੇਜ਼ੀ ਸ਼ਰਾਬ ਤੋਂ 10 ਕਰੋੜ ਰੁਪਏ ਹਾਸਲ ਹੋਣ ਦਾ ਅਨੁਮਾਨ ਹੈ। ਆਬਕਾਰੀ ਨੀਤੀ ਮੁਤਾਬਕ ਲਾਇਸੈਂਸ ਫੀਸ ਵਜੋਂ 23 ਰੁਪਏ ਪ੍ਰਤੀ ਪਰੂਫ ਲਿਟਰ ਰਾਹੀਂ ਇਕੱਤਰ ਹੋਏ ਵਿਸ਼ੇਸ਼ ਟੈਕਸ ਵਿੱਚੋਂ 10 ਰੁਪਏ ਸਿੱਖਿਆ, ਅੱਠ ਰੁਪਏ ਖੇਡਾਂ ਤੇ ਪੰਜ ਰੁਪਏ ਸਭਿਆਚਾਰ ਦੀ ਭਲਾਈ ਲਈ ਹਾਸਲ ਹੋਣਗੇ। ਇਸ ਤਰ੍ਹਾਂ ਨਾਲ ਪਿਆਕੜਾਂ ਤੋਂ 980 ਕਰੋੜ ਰੁਪਏ ਦੇ ਕਰੀਬ ਪੈਸਾ ਸਿੱਖਿਆ ਦੇ ਖੇਤਰ ਵਿਚ ਖ਼ਰਚ ਕੀਤਾ ਜਾ ਸਕੇਗਾ। ਖੇਡਾਂ ਲਈ 800 ਕਰੋੜ ਤੇ ਸਭਿਆਚਾਰਕ ਗਤੀਵਿਧੀਆਂ ਲਈ 500 ਕਰੋੜ ਰੁਪਏ ਦੇ ਕਰੀਬ ਪੈਸਾ ਆਗਾਮੀ ਵਿੱਤੀ ਵਰ੍ਹੇ ਦੌਰਾਨ ਇਕੱਤਰ ਹੋਵੇਗਾ।

### ਠੇਕਿਆਂ ਦੀ ਅਲਾਟਮੈਂਟ ਅਕਾਲੀਆਂ ਦੇ ਦੋਵੇਂ ਹੱਥ ਲੱਡੂ

**ਬਠਿੰਡਾ:** ਸ਼ਰਾਬ ਦੇ ਠੇਕਿਆਂ ਦੀ ਬੋਲੀ ਮੌਕੇ ਐਤਕੀਂ ਕਈ ਸਿਆਸੀ ਧਨੰਤਰਾਂ ਦੇ ਦੋਵੇਂ ਹੱਥ ਲੱਡੂ ਰਹੇ ਜਦਕਿ ਕੁਝ ਸਿਆਸੀ ਖਿਡਾਰੀ ਪੁਰਾਣਾ ਜਲਵਾ ਨਾ ਦਿਖਾ ਸਕੇ। ਹਾਲਾਂਕਿ ਇਨ੍ਹਾਂ ਆਗੂਆਂ ਨੇ ਵੱਡੀ ਗਿਣਤੀ ਵਿਚ ਅਰਜ਼ੀਆਂ ਦਿੱਤੀਆਂ ਸਨ। ਮਾਲਵੇ ਵਿਚ ਇਸ ਵਾਰ ਅਬੋਹਰ ਦੇ ਡੋਡਾ ਪਰਿਵਾਰ ਦੀ ਤੂਤੀ ਬੋਲ ਰਹੀ ਹੈ ਜਦਿਕ ਅਕਾਲੀ ਵਿਧਾਇਕ ਦੀਪ ਮਲਹੋਤਰਾ ਨੂੰ ਵੱਡਾ ਝਟਕਾ ਲੱਗਾ ਹੈ। ਸ਼ਿਵ ਲਾਲ ਡੋਡਾ ਅਬੋਹਰ ਤੋਂ ਅਕਾਲੀ ਦਲ ਦੇ ਹਲਕਾ ਇੰਚਾਰਜ ਵਜੋਂ ਵਿਚਰ ਰਹੇ ਹਨ। ਮੁਤਾਬਕ ਜ਼ਿਲ੍ਹੇ ਦੇ 519 ਠੇਕੇ ਲਾਟਰੀ ਰਾਹੀਂ 200.70 ਕਰੋੜ ਰੁਪਏ ਵਿਚ ਅਲਾਟ ਕਰ ਦਿੱਤੇ ਗਏ ਹਨ। ਸਾਲ 2012 ਵਿਚ ਹੋਈਆਂ ਅਸੈਂਬਲੀ ਚੋਣਾਂ ਦੌਰਾਨ ਹਾਰਨ ਵਾਲੀ ਅਕਾਲੀ ਆਗੂ ਦੀ ਨੂੰਹ ਜਸਕਿੰਦਰ ਕੌਰ ਇਸ ਵਾਰ 131 ਸ਼ਰਾਬ ਦੇ ਠੇਕਿਆਂ ਨੂੰ ਚਲਾਏਗੀ। ਬਠਿੰਡਾ ਜ਼ਿਲ੍ਹੇ ਵਿਚ ਸ਼ਿਵ ਲਾਲ ਡੋਡਾ, ਮਹਿਤਾ ਗਰੁੱਪ ਤੇ ਜਸਕਿੰਦਰ ਕੌਰ ਨੇ ਮਿਲ ਕੇ ਇਜਾਰੇਦਾਰੀ ਕਾਇਮ ਕਰ ਲਈ ਹੈ। ਦੋ ਸਰਕਲਾਂ ਵਾਲੀ ਕੰਪਨੀ ਵਿਚ ਦੂਰੋਂ ਨੇੜਿਓਂ ਦੀਪ ਮਲਹੋਤਰਾ ਨਾਲ ਤਾਰ ਜੁੜਦੇ ਹਨ।

## ਈ.ਡੀ. ਨਿਰੰਜਨ ਸਿੰਘ ਦੀ ਬਦਲੀ ਲਈ ਬਜ਼ਿਦ

**ਚੰਡੀਗੜ੍ਹ:** ਐਨਫੋਰਸਮੈਂਟ ਡਾਇਰੈਕਟੋਰੇਟ ਨੇ ਫਿਰ ਆਪਣੇ ਅਫਸਰ ਨਿਰੰਜਨ ਸਿੰਘ ਦੀ ਬਦਲੀ ਦੇ ਹੁਕਮ ਲਾਗੂ ਕਰਨ ਦੀ ਮਨਜ਼ੂਰੀ ਬਾਰੇ ਮੰਗ ਅਦਾਲਤ ਅੱਗੇ ਦੁਹਰਾਈ ਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਨੂੰ ਭਰੋਸਾ ਦਿੱਤਾ ਕਿ ਉਸ ਦੀ ਬਦਲੀ ਨਾਲ ਡਾਇਰੈਕਟੋਰੇਟ ਦੇ ਜਲੰਧਰ ਜ਼ੋਨਲ ਦਫਤਰ ਵਿਚ ਕੇਸਾਂ ਦੀ ਚੱਲ ਰਹੀ ਜਾਂਚ ਦੇ ਅਮਲ ਉਤੇ ਕੋਈ ਅਸਰ ਨਹੀਂ ਪਏਗਾ।



ਨਿਰੰਜਨ ਸਿੰਘ ਨੇ ਪੰਜਾਬ ਦੇ ਮੰਤਰੀ ਬਿਕਰਮ ਸਿੰਘ ਮਜੀਠੀਆ ਤੋਂ ਡਰੱਗਜ਼ ਕੇਸ ਵਿਚ ਪੁੱਛ-ਪੜਤਾਲ ਕੀਤੀ ਸੀ ਤੇ ਹਾਈਕੋਰਟ ਵਿਚ ਪਹਿਲਾਂ ਹੀ ਇਹ ਖਦਸ਼ੇ ਪ੍ਰਗਟਾਏ ਗਏ ਸਨ ਕਿ ਉਸ ਦੀ ਬਦਲੀ ਨਾਲ ਈ.ਡੀ. ਵੱਲੋਂ 6000 ਕਰੋੜ ਰੁਪਏ ਦੇ ਕਾਲੇ ਧਨ ਨੂੰ ਸਫੈਦ ਕਰਨ ਦੇ ਕੌਮਾਂਤਰੀ ਡਰੱਗਜ਼ ਘੁਟਾਲੇ ਦੀ ਜਾਂਚ ਵਿਚ ਅੜਿੱਕਾ ਪਏਗਾ।

ਅਦਾਲਤ ਨੇ ਅਗਲੀ ਸੁਣਵਾਈ ਛੇ ਅਪਰੈਲ 'ਤੇ ਪਾ ਦਿੱਤੀ ਹੈ। ਇਸ ਮੁੱਦੇ 'ਤੇ ਵਿਰੋਧੀ ਧਿਰਾਂ ਬਿਕਰਮ ਸਿੰਘ ਮਜੀਠੀਆ ਤੋਂ ਅਸਤੀਫੇ ਦੀ ਮੰਗ ਕਰ ਚੁੱਕੀਆਂ ਹਨ।

# ਐਮਰਜੈਂਸੀ ਸਿਸਟਮ ਲਈ ਆਏ ਕੇਂਦਰੀ ਫੰਡ ਵੀ ਹੜੱਪੇ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕੇਂਦਰੀ ਫੰਡਾਂ ਨਾਲ ਆਪਣਾ ਖਰਚਾ-ਪਾਣੀ ਚੱਲਦਾ ਰੱਖਣ ਲਈ ਸੂਬੇ ਦੇ ਲੋਕਾਂ ਦੀ ਸੁਰੱਖਿਆ ਨੂੰ ਵੀ ਦਾਅ 'ਤੇ ਲਾ ਦਿੱਤਾ। ਕੇਂਦਰੀ ਫੰਡਾਂ ਨੂੰ ਖੁਰਦ-ਬੁਰਦ ਕਰਨ ਕਾਰਨ ਸੂਬੇ ਦਾ ਅੱਗ ਬੁਝਾਊ ਤੇ ਐਮਰਜੈਂਸੀ ਸਿਸਟਮ ਰੱਬ ਭਰੋਸੇ ਹੈ।

**ਸਰਕਾਰ ਵਲੋਂ 13 ਕੁਇੱਕ ਰਿਸਪੌਂਸ ਵਹੀਕਲ ਉਪਰ ਖਰਚੇ 65 ਲੱਖ ਵੀ ਹੋਏ ਮਿੱਟੀ**

ਸਰਕਾਰ ਵੱਲੋਂ 13 ਕੁਇੱਕ ਰਿਸਪੌਂਸ ਵਹੀਕਲ (ਕਿਆਊ. ਆਰ. ਵੀਜ਼.) ਉਪਰ ਖਰਚੇ 65 ਲੱਖ ਰੁਪਏ ਵੀ ਤਕਨੀਕੀ ਗਲਤੀਆਂ ਕਾਰਨ ਮਿੱਟੀ ਹੋ ਗਏ ਹਨ। ਭਾਰਤ ਦੇ ਲੇਖਾ ਨਿਰੀਖਕ ਤੇ ਮਹਾਂ ਲੇਖਾ ਪਰੀਖਕ (ਕੈਗ) ਦੀ ਰਿਪੋਰਟ ਅਨੁਸਾਰ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਨੇ ਅੱਗ ਬੁਝਾਊ ਤੇ ਬਚਾਓ ਸਮਰੱਥਾ ਵਿਚਲੇ ਪਾੜੇ ਨੂੰ ਪੂਰ ਕੇ ਅੱਗ ਬੁਝਾਊ ਸੇਵਾਵਾਂ ਨੂੰ ਮਲਟੀ ਹੈਜ਼ਰਡ ਰਿਸਪੌਂਸ ਸਰਵਿਸਿਜ਼ ਵਿਚ ਪ੍ਰਗਤੀਸ਼ੀਲਤਾ ਨਾਲ ਬਦਲਣ ਦੀ ਨੀਤੀ ਤਿਆਰ ਕੀਤੀ ਹੈ। ਭਾਰਤ ਸਰਕਾਰ ਨੇ ਇਸ ਨੀਤੀ ਤਹਿਤ ਕੇਂਦਰ ਤੇ ਸੂਬਾ ਸਰਕਾਰਾਂ ਵਿਚਕਾਰ 75-25 ਦੇ ਅਨੁਪਾਤ ਵਿਚ ਸ਼ੇਅਰਿੰਗ ਪੈਟਰਨ ਨਾਲ 'ਅੱਗ ਬੁਝਾਊ ਤੇ ਐਮਰਜੈਂਸੀ ਸੇਵਾਵਾਂ ਦੇ ਮਜ਼ਬੂਤੀ ਕਰਨ ਦੀ ਸਕੀਮ' ਦਸੰਬਰ 2008 ਵਿਚ ਸ਼ੁਰੂ ਕੀਤੀ ਸੀ।

ਭਾਰਤ ਸਰਕਾਰ ਨੇ ਇਸ ਲਈ ਪੰਜਾਬ ਦੇ 17 ਜ਼ਿਲ੍ਹਿਆਂ ਲਈ 17 ਕਿਆਊ.ਆਰ.ਵੀਜ਼., 34 ਹਾਈ ਪ੍ਰੈਸ਼ਰ ਪੰਪ (ਐਚ.ਪੀ.ਪੀਜ਼.) ਤੇ 34 ਕੌਂਬੀ ਟੂਲਜ਼ (ਸੀ.ਟੀਜ਼.) ਲਈ ਕੇਂਦਰੀ ਹਿੱਸੇ ਵਿਚੋਂ ਨਵੰਬਰ 2009 ਦੌਰਾਨ 3.23 ਕਰੋੜ ਰੁਪਏ ਜਾਰੀ ਕੀਤੇ ਸਨ ਜਿਸ ਤਹਿਤ ਪੰਜਾਬ ਸਰਕਾਰ ਨੇ ਆਪਣੇ ਹਿੱਸੇ ਵਜੋਂ 0.81 ਕਰੋੜ ਰੁਪਏ ਅੰਸ਼ਦਾਨ ਦੇਣਾ ਸੀ।

ਸਥਾਨਕ ਸਰਕਾਰ ਵਿਭਾਗ ਪੰਜਾਬ ਦੇ ਰਿਕਾਰਡ ਦੀ ਮਾਰਚ 2014 ਦੌਰਾਨ ਕੀਤੀ ਪੜਚੋਲ ਤੋਂ ਪਤਾ ਲੱਗਿਆ ਹੈ ਕਿ ਭਾਰਤ ਸਰਕਾਰ/ਪੰਜਾਬ ਸਰਕਾਰ ਵੱਲੋਂ 2010-11 ਦੌਰਾਨ ਜਾਰੀ ਕੀਤੇ 0.73 ਕਰੋੜ ਰੁਪਏ (ਭਾਰਤ ਸਰਕਾਰ 0.58 ਕਰੋੜ ਤੇ ਪੰਜਾਬ ਸਰਕਾਰ 0.15 ਕਰੋੜ) ਨੂੰ ਚਾਰ ਜ਼ਿਲ੍ਹਿਆਂ ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ ਤੇ ਕਪੂਰਥਲਾ ਵਿਚ ਚਾਰ ਕਿਆਊ.ਆਰ.ਵੀਜ਼, ਚਾਰ ਐਚ.ਪੀ.ਪੀਜ਼ ਤੇ 11 ਸੀ.ਪੀਜ਼ ਦੀ ਖਰੀਦ ਲਈ ਵਰਤਿਆ ਗਿਆ ਹੈ। ਇਸ ਤੋਂ ਬਾਅਦ ਭਾਰਤ ਸਰਕਾਰ ਨੇ ਮਈ 2011 ਦੌਰਾਨ 13 ਜ਼ਿਲ੍ਹਿਆਂ ਬਠਿੰਡਾ, ਫ਼ਰੀਦਕੋਟ, ਫ਼ਤਹਿਗੜ੍ਹ ਸਾਹਿਬ, ਫਿਰੋਜ਼ਪੁਰ, ਹੁਸ਼ਿਆਰਪੁਰ, ਲੁਧਿਆਣਾ, ਮਾਨਸਾ, ਮੋਗਾ, ਸ੍ਰੀ ਮੁਕਤਸਰ ਸਾਹਿਬ, ਐਸ.ਬੀ.ਐਸ. ਨਗਰ, ਪਟਿਆਲਾ, ਰੂਪਨਗਰ ਤੇ ਸੰਗਰੂਰ ਲਈ 2.65 ਕਰੋੜ ਦਾ ਆਪਣਾ ਹਿੱਸਾ ਜਾਰੀ ਕੀਤਾ ਸੀ। ਸਕੀਮ ਤਹਿਤ ਇਨ੍ਹਾਂ ਫੰਡਾਂ ਨਾਲ 13 ਕਿਆਊ. ਆਰ. ਵੀਜ਼., 30 ਐਚ.ਪੀ.ਪੀਜ਼ ਅਤੇ 23 ਸੀ.ਟੀਜ਼ ਖਰੀਦੇ ਜਾਣੇ ਸਨ। ਭਾਵੇਂ ਵਿੱਤ ਵਿਭਾਗ ਪੰਜਾਬ ਵੱਲੋਂ ਇਸ ਲਈ 2011-12 ਤੋਂ 2013-14 ਦੌਰਾਨ ਹਰ ਸਾਲ 3.31 ਕਰੋੜ ਰੁਪਏ (ਕੇਂਦਰੀ ਹਿੱਸਾ 2.65 ਕਰੋੜ ਤੇ ਰਾਜ ਦਾ ਹਿੱਸਾ 0.66 ਕਰੋੜ) ਮਨਜ਼ੂਰ ਕੀਤੇ ਗਏ ਸਨ ਪਰ ਇਸ ਦੇ ਬਾਵਜੂਦ ਕੇਂਦਰੀ ਹਿੱਸੇ ਦੇ 2.65 ਕਰੋੜ ਰੁਪਏ ਜਾਰੀ ਨਹੀਂ ਕੀਤੇ ਗਏ। ਪੰਜਾਬ ਸਰਕਾਰ ਨੇ ਫਰਵਰੀ 2013 ਵਿਚ ਰਾਜ ਦੇ ਹਿੱਸੇ ਦਾ ਸਿਰਫ 0.66 ਕਰੋੜ ਰੁਪਇਆ ਹੀ ਜਾਰੀ ਕੀਤਾ ਸੀ।

## ਸਪਾਈਸ ਜੈੱਟ ਦੀ ਮੁੰਬਈ-ਅੰਮ੍ਰਿਤਸਰ-ਸ੍ਰੀਨਗਰ ਉਡਾਣ ਮੁੜ ਸ਼ੁਰੂ

**ਅੰਮ੍ਰਿਤਸਰ:** ਹਵਾਈ ਕੰਪਨੀ ਸਪਾਈਸ ਜੈੱਟ ਦੀ ਮੁੰਬਈ-ਅੰਮ੍ਰਿਤਸਰ-ਸ੍ਰੀਨਗਰ ਦੀ ਉਡਾਣ ਮੁੜ ਸ਼ੁਰੂ ਹੋ ਗਈ ਹੈ। ਇਹ ਉਡਾਣ ਪਿਛਲੇ ਵਰ੍ਹੇ ਦਸੰਬਰ 'ਚ ਬੰਦ ਹੋ ਗਈ ਸੀ। ਇਹ ਉਡਾਣ 2012 ਵਿਚ ਸ਼ੁਰੂ ਹੋਈ ਸੀ ਪਰ ਪਿਛਲੇ ਵਰ੍ਹੇ ਕੰਪਨੀ ਵਲੋਂ ਅਚਨਚੇਤ ਬੰਦ ਕਰ ਦਿੱਤੀ ਗਈ। ਉਡਾਣ ਦਾ ਸਵੇਰੇ ਮੁੰਬਈ ਤੋਂ ਸਮਾਂ 10 ਵਜੇ ਦਾ ਹੈ ਤੇ ਇਹ ਅੰਮ੍ਰਿਤਸਰ ਹੋ ਕੇ ਦੋ ਵਜੇ ਸ੍ਰੀਨਗਰ ਪੁੱਜਦੀ ਹੈ। ਸ਼ਾਮ ਨੂੰ ਉਡਾਣ ਸ੍ਰੀਨਗਰ ਤੋਂ ਅੰਮ੍ਰਿਤਸਰ ਤੋਂ ਹੋ ਕੇ ਮੁੰਬਈ ਤੱਕ ਦੀ ਹੈ।

**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply


Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)



ਪੰਜਾਬ ਟਾਈਮਜ਼

*ਸਨਿਚਰਵਾਰ, 4 ਅਪਰੈਲ 2015*

## ਬਦਲਵੀਂ ਸਿਆਸਤ ਦਾ ਸੁਪਨਾ

ਅਜੇ ਪਿਛਲੇ ਹਫਤੇ ਹੀ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਲੰਘਿਆ ਹੈ। ਸਰਕਾਰੀ ਪੱਧਰ 'ਤੇ ਇਹ ਦਿਹਾੜਾ ਭਾਵੇਂ ਇਕ ਰਸਮ ਵਾਂਗ ਨਿਭਾਇਆ ਜਾਂਦਾ ਹੈ ਪਰ ਸੰਜੀਦਾ ਸਿਆਸਤ ਨਾਲ ਜੁੜਿਆ ਹਰ ਜਿਊੜਾ ਇਹ ਦਿਹਾੜਾ ਪ੍ਰਣ ਦਿਵਸ ਦੇ ਰੂਪ ਵਿਚ ਹੀ ਮਨਾਉਂਦਾ ਨਹੀਂ ਆਇਆ, ਸਗੋਂ ਇਸ ਸਿਆਸਤ ਵਿਚ ਆਪਣਾ ਤਿਲ-ਫੁੱਲ ਵੀ ਪਾਉਂਦਾ ਰਿਹਾ ਹੈ। ਇਸ ਦਾ ਵੱਡਾ ਕਾਰਨ ਇਹੀ ਹੈ ਕਿ ਇਨ੍ਹਾਂ ਨੌਜਵਾਨਾਂ ਅਤੇ ਇਨ੍ਹਾਂ ਦੇ ਹੋਰ ਸਾਥੀਆਂ ਨੇ ਉਸ ਦੌਰ ਵਿਚ ਉਹ ਕੁਝ ਕਰ ਦਿਖਾਇਆ ਸੀ ਜੋ ਆਮ ਕਰ ਕੇ ਜੇ ਅਸੰਭਵ ਨਹੀਂ, ਤਾਂ ਔਖਾ ਜ਼ਰੂਰ ਹੁੰਦਾ ਹੈ। ਇਨ੍ਹਾਂ ਨੌਜਵਾਨਾਂ ਨੇ ਉਸ ਵਕਤ ਦੇ ਅੰਗਰੇਜ਼ ਸ਼ਾਸਕਾਂ ਨੂੰ ਤਾਂ ਝੰਜੋੜਿਆ ਹੀ ਸੀ, ਸੱਤਾ ਅਤੇ ਸੌਦੇ ਦੀ ਸਿਆਸਤ ਨਾਲ ਜੁੜੇ ਸਿਆਸਤਦਾਨਾਂ ਨੂੰ ਵੀ ਸੋਚਣ ਲਾ ਦਿੱਤਾ ਸੀ। ਉਦੋਂ ਬਦਲਵੀਂ ਸਿਆਸਤ ਦੀ ਜਿਹੜੀ ਆਵਾਜ਼ ਬੁਲੰਦ ਹੋਈ ਸੀ, ਉਸ ਨੇ ਸਿਆਸੀ ਪਿੜ ਵਿਚ ਵਿਚਰ ਰਹੇ ਜਿਊੜਿਆਂ ਲਈ ਨਵਾਂ ਰਾਹ ਦਿਖਾਇਆ ਜਿਸ ਦੀ ਪੈੜਚਾਲ ਅੱਜ ਵੀ ਗਾਹੇ-ਬਗਾਹੇ ਸੁਣਦੀ ਰਹਿੰਦੀ ਹੈ। ਸਿਆਸੀ ਖੇਤਰ ਵਿਚ ਇਨ੍ਹਾਂ ਨੌਜਵਾਨਾਂ ਦਾ ਸਭ ਤੋਂ ਵੱਡਾ ਯੋਗਦਾਨ ਬਦਲਵੀਂ ਸਿਆਸਤ ਦਾ ਹੈ। ਇਹ ਨੌਜਵਾਨ ਬਦਲਵੀਂ ਸਿਆਸਤ ਦਾ ਕਿਲ੍ਹਾ ਇਸ ਕਰ ਕੇ ਹੀ ਉਸਾਰ ਸਕੇ ਸਨ ਕਿਉਂਕਿ ਉਸ ਵਕਤ ਉਹ ਹਰ ਕੁਰਬਾਨੀ ਕਰਨ ਲਈ ਤਿਆਰ-ਬਰ-ਤਿਆਰ ਸਨ। ਇਨ੍ਹਾਂ ਨੌਜਵਾਨਾਂ ਦੇ ਮਕਸਦ ਦੇ ਹਵਾਲੇ ਨਾਲ ਹੀ ਆਮ ਆਦਮੀ ਪਾਰਟੀ (ਆਪ) ਨੇ ਭਾਰਤ ਦੇ ਸਿਆਸੀ ਪਿੜ ਵਿਚ ਪੈਰ ਪਾਇਆ ਸੀ। ਭਾਰਤ ਦੇ ਨਿੱਘਰ ਚੁੱਕੇ ਸਿਆਸੀ ਨਿਜ਼ਾਮ ਵਿਚ ਇਹ ਪਾਰਟੀ, ਵਰਤਾਰਾ ਬਣ ਕੇ ਉਭਰੀ ਅਤੇ ਦਿਨਾਂ ਵਿਚ ਹੀ ਸਮੁੱਚੇ ਦੇਸ ਦੀਆਂ ਨਜ਼ਰਾਂ ਇਸ ਪਾਰਟੀ ਵੱਲ ਹੋ ਗਈਆਂ ਅਤੇ ਫਿਰ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਬੇਮਿਸਾਲ ਜਿੱਤ ਤੋਂ ਬਾਅਦ ਦੇਸ ਵਿਚ ਬਦਲਵੀਂ ਸਿਆਸਤ ਦੀ ਤਕੜੀ ਸ਼ੁਰੂਆਤ ਹੋਈ। ਇਸ ਜਿੱਤ ਨੇ ਦਰਸਾ ਦਿੱਤਾ ਸੀ ਕਿ ਸਿਆਸਤ ਦੇ ਪਿੜ ਵਿਚ ਇੰਨਾ ਵੱਡਾ ਵੱਢ ਮਾਰਿਆ ਜਾ ਸਕਦਾ ਹੈ ਜਿਸ ਨਾਲ ਸਿਆਸਤ ਦਾ ਮੁਹਾਣ ਹੀ ਮੋੜ ਦਿੱਤਾ ਜਾਵੇ, ਪਰ ਪਿਛਲੇ ਕੁਝ ਸਮੇਂ ਤੋਂ ਜਿਸ ਤਰ੍ਹਾਂ ਦੀਆਂ ਖਬਰਾਂ ਇਸ ਪਾਰਟੀ ਬਾਰੇ ਲਗਾਤਾਰ ਆ ਰਹੀਆਂ ਹਨ, ਉਸ ਨਾਲ ਸੰਜੀਦਾ ਸਿਆਸਤ ਨਾਲ ਜੁੜੇ ਲੋਕਾਂ ਦੇ ਦਿਲਾਂ ਦਾ ਚੈਨ ਖੁੱਸਿਆ ਹੈ।

'ਆਪ' ਦੀ ਆਮਦ ਅੰਦੋਲਨ ਦੇ ਰੂਪ ਵਿਚ ਹੋਈ ਸੀ। ਸਮਾਜ ਸੇਵੀ ਅੰਨਾ ਹਜ਼ਾਰੇ ਨੇ ਜਦੋਂ ਭ੍ਰਿਸ਼ਟਾਚਾਰ ਖਿਲਾਫ ਆਵਾਜ਼ ਬੁਲੰਦ ਕੀਤੀ ਸੀ, ਤਾਂ ਉਸ ਵਕਤ ਕੇਂਦਰ ਵਿਚ ਸੱਤਾ, ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਦੀ ਸੀ। ਇਹ ਗੱਲ ਮੰਨਣ ਵਾਲੀ ਹੈ ਕਿ ਉਦੋਂ ਇਸ ਅੰਦੋਲਨ ਨੂੰ ਵਿਰੋਧੀ ਧਿਰ ਦੀ ਹਮਾਇਤ ਵੀ ਮਿਲੀ ਅਤੇ ਦੇਸ ਪੱਧਰ ਉਤੇ ਵੱਡੀ ਹਲਚਲ ਦੇਖਣ ਨੂੰ ਮਿਲੀ। ਕਿਸੇ ਵੀ ਅੰਦੋਲਨ ਨੂੰ ਸਿਆਸਤ ਵਿਚ ਵਟਾਉਣਾ ਬਹੁਤ ਵੱਡਾ ਕਾਰਜ ਹੁੰਦਾ ਹੈ। ਉਦੋਂ ਇਹ ਕਾਰਜ ਅੰਨਾ ਹਜ਼ਾਰੇ ਦੇ ਹਿੱਸੇ ਤਾਂ ਨਹੀਂ ਆਇਆ, ਕਿਉਂਕਿ ਉਨ੍ਹਾਂ ਖੁੱਲ੍ਹੇਆਮ ਸਿਆਸਤ ਵਿਚ ਆਉਣ ਤੋਂ ਇਨਕਾਰ ਕਰ ਦਿੱਤਾ ਸੀ ਪਰ ਉਸ ਦੀ ਟੀਮ ਵਿਚ ਸ਼ਾਮਲ ਅਰਵਿੰਦ ਕੇਜਰੀਵਾਲ ਤੇ ਉਨ੍ਹਾਂ ਦੇ ਕੁਝ ਸਾਥੀਆਂ ਨੇ ਅੰਦੋਲਨ ਤੋਂ ਸਿਆਸਤ ਤੱਕ ਦਾ ਇਹ ਸਫਰ ਤੈਅ ਕੀਤਾ ਅਤੇ ਸਮਾਂ ਪਾ ਕੇ ਆਮ ਆਦਮੀ ਪਾਰਟੀ ਭਾਰਤੀ ਸਿਆਸਤ ਦੇ ਪਿੜ ਵਿਚ ਨਮੂਦਾਰ ਹੋਈ। ਇਸ ਪਾਰਟੀ ਨੇ ਜਦੋਂ ਪਹਿਲੀ ਵਾਰ ਦਿੱਲੀ ਵਿਧਾਨ ਸਭਾ ਦੀ ਚੋਣ ਲੜੀ ਸੀ, ਤਾਂ ਕਿਸੇ ਨੇ ਇਸ ਨੂੰ ਬਹੁਤੀ ਅਹਿਮੀਅਤ ਨਹੀਂ ਸੀ ਦਿੱਤੀ ਪਰ ਜਦੋਂ ਇਸ ਪਾਰਟੀ ਨੇ ਦਿੱਲੀ ਵਿਧਾਨ ਸਭਾ ਦੀਆਂ ਕੁੱਲ 70 ਵਿਚੋਂ 28 ਸੀਟਾਂ ਜਿੱਤ ਲਈਆਂ ਤਾਂ ਸਭ ਦਾ ਧਿਆਨ ਇਸ ਪਾਰਟੀ ਅਤੇ ਇਸ ਦੀ ਸਿਆਸਤ ਵੱਲ ਗਿਆ। ਮਗਰੋਂ ਇਸ ਪਾਰਟੀ ਨੇ ਦਿੱਲੀ ਵਿਚ ਸਰਕਾਰ ਵੀ ਬਣਾਈ। ਆਮ ਸਿਆਸੀ ਰੱਸਾਕਸ਼ੀ ਵਿਚ ਇਹ ਸਰਕਾਰ ਬਹੁਤਾ ਸਮਾਂ ਚੱਲ ਨਹੀਂ ਸਕੀ ਅਤੇ ਪੂਰੇ 49 ਦਿਨਾਂ ਬਾਅਦ ਇਸ ਸਰਕਾਰ ਦਾ ਭੋਗ ਪੈ ਗਿਆ। ਇਸ ਤੋਂ ਬਾਅਦ ਸੱਤਾ ਦੀ ਸਿਆਸਤ ਨੇ ਜੋ ਤਮਾਸ਼ਾ ਕਈ ਮਹੀਨੇ ਕੀਤਾ, ਉਹ ਸਭ ਨੇ ਦੇਖਿਆ/ਸੁਣਿਆ। ਉਂਜ ਸਿਆਸੀ ਰੱਸਾਕਸ਼ੀ ਤੋਂ ਬਾਅਦ ਜਿਸ ਤਰ੍ਹਾਂ ਦੀ ਜਿੱਤ ਆਮ ਆਦਮੀ ਪਾਰਟੀ ਨੇ ਵਿਧਾਨ ਸਭਾ ਚੋਣਾਂ ਵਿਚ ਹਾਸਲ ਕੀਤੀ, ਉਸ ਨੇ ਉਸੇ ਬਦਲਵੀਂ ਸਿਆਸਤ ਦਾ ਰਾਹ ਮੋਕਲਾ ਕੀਤਾ ਜਿਸ ਉਤੇ ਭਗਤ ਸਿੰਘ ਤੇ ਉਹਦੇ ਸਾਥੀਆਂ ਨੇ ਕਦੀ ਪਹਿਰਾ ਦਿੱਤਾ ਸੀ। ਵੱਡੀ ਗੱਲ ਇਹ ਵੀ ਸੀ ਕਿ ਸੱਤਾ ਦੀ ਸਿਆਸਤ ਦੇ ਇਸ ਦੌਰ ਵਿਚ ਬਦਲਵੀਂ ਸਿਆਸਤ ਦੇ ਲੀਡਰਾਂ ਨੇ ਦਿੱਲੀ ਵਿਧਾਨ ਸਭਾ ਦੀਆਂ ਕੁੱਲ 70 ਵਿਚੋਂ 67 ਸੀਟਾਂ ਜਿੱਤ ਕੇ ਨਵੇਂ ਇਤਿਹਾਸ ਦੀ ਨੀਂਹ ਰੱਖ ਦਿੱਤੀ ਸੀ।

ਸੱਤਾ ਦੀ ਸਿਆਸਤ ਅਤੇ ਬਦਲਵੀਂ ਸਿਆਸਤ ਦਾ ਇਹੀ ਇਕ ਨੁਕਤਾ ਹੈ ਜਿਸ ਨੂੰ ਆਧਾਰ ਬਣਾ ਕੇ ਆਮ ਪਾਰਟੀ ਪਾਰਟੀ ਵਿਚ ਅੱਜ ਕੱਲ੍ਹ ਮੱਚੀ ਆਪੋ-ਧਾਪ ਨੂੰ ਸਮਝਿਆ ਜਾ ਸਕਦਾ ਹੈ। ਸੱਤਾ ਦੀ ਸਿਆਸਤ ਦਾ ਸਿੱਧਾ ਸਬੰਧ ਸੌਦਿਆਂ ਨਾਲ ਜੁੜਿਆ ਹੋਇਆ ਹੈ ਅਤੇ ਬਦਲਵੀਂ ਸਿਆਸਤ ਨਿਰੋਲ ਕੁਰਬਾਨੀ ਨਾਲ ਵਾਬਸਤਾ ਹੈ। ਸੱਤਾ ਦੀ ਸਿਆਸਤ ਸਮਝੌਤੇ ਕਰਦੀ ਹੈ ਤੇ ਇਹ ਸਮਝੌਤੇ ਕਰਦਿਆਂ ਲੋੜ ਮੁਤਾਬਕ ਤਰਕ ਵੀ ਘੜ ਲੈਂਦੀ ਹੈ। ਬਦਲਵੀਂ ਸਿਆਸਤ ਦਾ ਤਰਕ ਸਦਾ ਸਾਣ ਉਤੇ ਚੜ੍ਹਿਆ ਰਹਿੰਦਾ ਹੈ ਅਤੇ ਇਸ ਸਾਣ ਉਤੇ ਹੀ ਇਸ ਦੀ ਅਜ਼ਮਾਇਸ਼ ਹੁੰਦੀ ਹੈ। ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਸੱਤਾ ਦੀ ਸਿਆਸਤ ਨਾਲ ਜੋੜਨਾ ਭਾਵੇਂ ਵਕਤ ਤੋਂ ਪਹਿਲਾਂ ਦੀ ਗੱਲ ਹੈ, ਪਰ ਇਕ ਗੱਲ ਸਪਸ਼ਟ ਹੈ ਕਿ ਉਨ੍ਹਾਂ ਉਤੇ ਲੀਡਰ ਬਣਨ ਦਾ ਜਿਹੜਾ ਜ਼ਿੰਮਾ ਆਇਆ ਸੀ, ਉਸ ਤੋਂ ਉਹ ਉਰ੍ਹਾਂ ਹੀ ਰਹਿ ਗਏ ਹਨ। ਪਾਰਟੀ ਨਾਲ ਸਬੰਧਤ ਆਗੂਆਂ ਬਾਰੇ ਦੋ ਵਾਰ ਵੱਡੇ ਫੈਸਲੇ ਕੀਤੇ ਗਏ ਅਤੇ ਦੋਵੇਂ ਵਾਰ ਉਨ੍ਹਾਂ ਗੈਰ-ਹਾਜ਼ਰੀ ਲਵਾਈ। ਬਦਲਵੀਂ ਸਿਆਸਤ ਨਾਲ ਜੁੜੇ ਲੀਡਰ ਦੀ ਅਜਿਹੀ ਗੈਰ-ਹਾਜ਼ਰੀ ਰੜਕਣ ਵਾਲੀ ਹੈ ਅਤੇ ਸਿਆਸਤ ਵਿਚ ਇਸ ਦੇ ਅਰਥ ਬਹੁਤ ਡੂੰਘੇ ਹੁੰਦੇ ਹਨ। ਬਦਲਵੀਂ ਸਿਆਸਤ ਦੀ ਖਾਸੀਅਤ ਹੀ ਇਹ ਹੁੰਦੀ ਹੈ ਕਿ ਜੰਗ ਦਾ ਹਰ ਮੋਰਚਾ ਮੱਲੀਦਾ ਹੈ। ਹਰ ਮੋਰਚਾ ਮੱਲੇ ਬਗੈਰ ਬਦਲਵੀਂ ਸਿਆਸਤ ਦਾ ਸੁਪਨਾ, ਬੱਸ ਸੁਪਨਾ ਹੀ ਰਹਿ ਜਾਣ ਲਈ ਸਰਾਪਿਆ ਜਾਂਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਆਈਂ ਭਾਈ ਡਾਂਗ ਵਾਲਿਆ*

ਗੁੱਡੀ ਚੜ੍ਹੀ ਅਸਮਾਨ ਵਿਚ ਭਾਗੋਆਂ ਦੀ, ਕਿਰਤੀ ਹਉਕੇ ਤੇ ਹਉਕਾ ਹੀ ਭਰੀ ਜਾਂਦੇ।
ਕਈ ਬੁਰਕੀਆਂ ਖਾਣ ਵਿਚ ਮਸਤ ਹੋਏ, ਤੇ ਕਈ ਘੁਰਕੀਆਂ ਦੇਖ ਕੇ ਡਰੀ ਜਾਂਦੇ।
ਰਾਹ ਨਾਬਰੀ ਵਾਲੇ 'ਤੇ ਤੁਰਨ ਕਿੱਦਾਂ, ਮੌਤ ਆਉਣ ਤੋਂ ਪਹਿਲਾਂ ਜੋ ਮਰੀ ਜਾਂਦੇ।
ਲੋਕੀਂ ਦੇਖ ਕੇ ਬਹੁਤ ਹੈਰਾਨ ਹੁੰਦੇ, ਪੱਥਰ ਪਾਪ ਦੇ ਕਿਸ ਤਰ੍ਹਾਂ ਤਰੀ ਜਾਂਦੇ।
'ਕੌੜਾ ਘੁੱਟ' ਭਰ ਲਿਆ ਪੰਜਾਬੀਆਂ ਨੇ, 'ਕਿਸਮਤ' ਸਮਝ ਕੇ ਸਾਰਾ ਕੁਝ ਜਰੀ ਜਾਂਦੇ।
ਮੋਢੇ ਡਾਂਗ ਉਲਾਰਦਾ ਦਿਸੇ ਕੋਈ ਨਾ, ਬੋਕ ਬੱਕਰੇ ਬੋਹਲ ਨੂੰ ਚਰੀ ਜਾਂਦੇ।

# ਬੇਮਾਇਨਾ ਮਨੁੱਖੀ ਪਛਾਣ ਤੇ ਪੱਕੇ ਪੈਰੀਂ ਹੁੰਦੀ ਬੇਇਨਸਾਫ਼ੀ

*ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਉਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਖਿਲਾਫ ਰੋਸ ਪ੍ਰਗਟ ਕਰਨ ਵਾਲਿਆਂ ਵਿਚ ਰਜਨੀ ਨਾਂ ਦੀ ਮੁਟਿਆਰ ਵੀ ਸ਼ਾਮਲ ਸੀ। ਪੁਲਿਸ ਵਲੋਂ ਹਿਰਾਸਤ ਵਿਚ ਲਈ ਇਸ ਕੁੜੀ ਨੂੰ ਜਲੰਧਰ ਦੇ ਇਕ ਥਾਣੇ ਵਿਚ ਖੜ੍ਹੀ ਰੱਖਿਆ ਗਿਆ ਜਿਸ ਕਾਰਨ ਉਹਦੇ ਅੱਠ ਮਹੀਨਿਆਂ ਦੇ ਭਰੂਣ ਦਾ ਗਰਭਪਾਤ ਹੋ ਗਿਆ। ਇਸ ਘਟਨਾ ਨਾਲ ਜੁੜੇ ਕੁਝ ਮਸਲੇ ਸਾਡੇ ਕਾਲਮਨਵੀਸ ਦਲਜੀਤ ਅਮੀ ਨੇ ਆਪਣੇ ਇਸ ਲੇਖ ਵਿਚ ਉਘਾੜਨ ਦਾ ਯਤਨ ਕੀਤਾ ਹੈ। -ਸੰਪਾਦਕ*

ਸ਼ਹੀਦਾਂ ਦੇ ਦਿਹਾੜੇ ਉਤੇ ਹੁਸੈਨੀਵਾਲਾ ਸਤਿਕਾਰ ਭੇਟ ਕਰਨ ਆਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਦੌਰੇ ਦੀਆਂ ਤਿਆਰੀਆਂ ਵਿਚ ਕਿਸੇ ਅਣਜੰਮੇ/ਜੰਮੀ ਦੀ ਹੋਂਦ ਕੋਈ ਪਛਾਣ ਮਿਲਣ ਤੋਂ ਪਹਿਲਾਂ ਮਿਟ ਗਈ। ਅਧਿਆਪਕ ਜਥੇਬੰਦੀ ਨੇ ਆਪਣੀਆਂ ਪਛੇਤੀਆਂ ਅਤੇ ਨਿਗੂਣੀਆਂ ਤਨਖ਼ਾਹਾਂ ਦੇ ਨਾਲ-ਨਾਲ ਕੱਚੀਆਂ ਨੌਕਰੀਆਂ ਦੇ ਲਟਕਦੇ ਮਸਲਿਆਂ ਲਈ ਪ੍ਰਧਾਨ ਮੰਤਰੀ ਨੂੰ ਕਾਲੇ ਝੰਡੇ ਦਿਖਾਉਣ ਦਾ ਐਲਾਨ ਕੀਤਾ ਸੀ। ਅੱਠ ਹਫ਼ਤਿਆਂ ਦੀ ਗਰਭਵਤੀ ਅਤੇ ਦੋ ਕੁੜੀਆਂ ਦੀ ਚੌਂਤੀ ਸਾਲਾ ਮਾਂ ਰਜਨੀ, ਐਲਾਨ ਕਰਨ ਵਾਲੀ ਜਥੇਬੰਦੀ ਦਾ ਹਿੱਸਾ ਹੈ। ਜਲੰਧਰ ਦੇ ਭਾਰਗੋ ਕੈਂਪ ਦੀ ਪੁਲਿਸ ਨੇ ਰਜਨੀ ਨੂੰ ਹਿਰਾਸਤ ਵਿਚ ਲੈ ਲਿਆ। ਡਾਕਟਰਾਂ ਵਲੋਂ ਦਿੱਤੀ ਅਰਾਮ ਕਰਨ ਦੀ ਸਲਾਹ ਦਾ ਹਵਾਲਾ ਥਾਣੇ ਵਿਚ ਕੁਰਸੀ ਤੱਕ ਹਾਸਲ ਨਹੀਂ ਕਰ



**ਦਲਜੀਤ ਅਮੀ**
ਫੋਨ: 91-97811-21873

ਸਕਿਆ। ਰਜਨੀ ਨੂੰ ਥਾਣੇ ਵਿਚ ਖੜ੍ਹਾ ਰੱਖਿਆ ਗਿਆ ਅਤੇ ਅਗਲੇ ਦਿਨ ਗਰਭਪਾਤ ਹੋ ਗਿਆ।

ਅੱਠ ਹਫ਼ਤਿਆਂ ਦੇ ਭਰੂਣ ਨੂੰ ਭੁਝੰਗੀ ਬਣਨ ਤੱਕ ਖ਼ਦਸ਼ਿਆਂ ਭਰੇ ਬਿਖੜੇ ਪੈਂਡੇ ਤੋਂ ਨਿਕਲਣਾ ਪੈਣਾ ਸੀ। ਕਈ ਸਮਾਜਕ ਅਤੇ ਸਿਹਤ ਖ਼ਦਸ਼ਿਆਂ ਦੀ ਨਿਸ਼ਾਨਦੇਹੀ ਤਾਂ ਕਦੇ ਵੀ ਕੀਤੀ ਜਾ ਸਕਦੀ ਹੈ ਪਰ ਮੌਜੂਦਾ ਹੋਣੀ ਨੂੰ ਕਿਵੇਂ ਸਮਝਿਆ ਜਾਵੇ? ਨੈਸ਼ਨਲ ਸ਼ਡਿਊਲਡ ਕਾਸਟ ਕਮਿਸ਼ਨ ਦੇ ਹੁਕਮ ਤਹਿਤ ਤਿੰਨ ਪੁਲਿਸ ਮੁਲਾਜ਼ਮਾਂ ਖਿਲਾਫ ਸ਼ਿਕਾਇਤ ਦਰਜ ਕੀਤੀ ਗਈ ਹੈ। ਇਸ ਸ਼ਿਕਾਇਤ ਨਾਲ ਅਣਜੰਮੇ/ਜੰਮੀ ਦੀ ਜਾਤੀ ਪਛਾਣ ਤਾਂ ਉਘੜ ਆਈ ਹੈ ਪਰ ਕੀ ਉਹਨੂੰ ਇਸੇ ਪਛਾਣ ਤੱਕ ਮਹਿਦੂਦ ਕੀਤਾ ਜਾ ਸਕਦਾ ਹੈ? ਕਿਸੇ ਦੇ ਅਣਭੋਲ ਹੋਣ ਤੱਕ ਦਾ ਸਫਰ ਤੈਅ ਕਰਨ ਤੋਂ ਪਹਿਲਾਂ ਇਹ ਸੁਆਲ ਪੁੱਛਣੇ ਸੋਗ਼ਵਾਰ ਤਾਂ ਹੈ, ਪਰ ਮੌਜੂਦਾ ਦੌਰ ਦੀ ਬੇਕਿਰਕੀ, ਅਫ਼ਸੋਸ ਕਰਨ ਜਿੰਨੀ ਵਿੱਥ ਨਹੀਂ ਛੱਡਦੀ।

ਜੇ ਮਾਮਲਾ ਕਿਸੇ ਪੁਲਿਸ ਮੁਲਾਜ਼ਮ ਦੀ ਵਧੀਕੀ ਜਾਂ ਦਰਜ ਹੋਈ ਸ਼ਿਕਾਇਤ ਤੱਕ ਮਹਿਦੂਦ ਕਰ ਦਿੱਤਾ ਜਾਵੇ ਤਾਂ ਹੋਰ ਗੱਲ ਹੈ। ਜੇ ਭਰੂਣ ਨੂੰ ਸਾਡਾ ਸਮਕਾਲੀ ਹੋਣ ਦੀ ਦਸਤਕ ਵਜੋਂ ਵੇਖਿਆ ਜਾਵੇ ਤਾਂ ਮਸਲਾ ਹੋਰ ਹੈ। ਭਰੂਣ ਦੀਆਂ ਦਾਅਵੇਦਾਰੀਆਂ ਨੂੰ ਕਿਸੇ ਕਾਨੂੰਨ ਦੇ ਘੇਰੇ ਵਿਚ ਤਾਂ ਨਹੀਂ ਵੇਖਿਆ ਜਾ ਸਕਦਾ ਹੈ ਪਰ ਇਨ੍ਹਾਂ ਨੂੰ ਮਨੁੱਖ ਵਜੋਂ ਨਜ਼ਰਅੰਦਾਜ਼ ਕਿਵੇਂ ਕੀਤਾ ਜਾ ਸਕਦਾ ਹੈ? ਕੀ ਇਸ ਗਰਭਪਾਤ ਨੂੰ ਪੁਲਿਸ ਦੀ ਅਣਗਹਿਲੀ ਜਾਂ ਡਾਕਟਰੀ ਸਲਾਹ ਤੱਕ ਮਹਿਦੂਦ ਕਰ ਕੇ ਸਮਝਿਆ ਜਾਵੇ, ਜਾਂ ਮੌਜੂਦਾ ਹਾਲਾਤ ਵਿਚ ਪਸਰੇ ਖ਼ਦਸ਼ਿਆਂ ਨਾਲ ਜੋੜ ਕੇ ਵੇਖਿਆ ਜਾਵੇ? ਕੀ ਕੌਮੀ ਸ਼ਹੀਦਾਂ ਦੇ ਦਿਹਾੜੇ ਮੌਕੇ ਸਿਆਸੀ ਨੁਮਾਇਸ਼ ਦੀ ਲੋੜ ਸਰਕਾਰੀਤੰਤਰ ਨੂੰ ਬੇਕਿਰਕੀ ਨਾਲ ਸ਼ਹਿਰੀਆਂ ਨੂੰ ਸੀਲ ਕਰਨ ਦੀ 'ਜ਼ਿੰਮੇਵਾਰੀ' ਨਹੀਂ ਸਮਝਾਉਂਦੀ?

ਪੁਲਿਸ ਖਿਲਾਫ ਦਰਜ ਹੋਈ ਸ਼ਿਕਾਇਤ ਦੀਆਂ ਧਾਰਾਵਾਂ ਕਾਨੂੰਨੀ ਪੱਖ ਤੋਂ ਅਹਿਮ ਹਨ, ਪਰ ਸਮਾਜਕ ਪੱਖ ਤੋਂ ਕੁਝ ਹੋਰ ਨੁਕਤੇ ਅਹਿਮ ਹਨ। ਇਹ ਧਾਰਨਾ ਤਾਂ ਅੰਕੜਿਆਂ ਅਤੇ ਅਧਿਐਨਾਂ ਦੇ ਹਵਾਲੇ ਨਾਲ ਵਾਰ-ਵਾਰ ਸਾਹਮਣੇ ਆਉਂਦੀ ਹੈ ਕਿ ਸਮਾਜ ਵਿਚ ਕੁੜੀਆਂ ਨੂੰ ਕੁੱਖ ਵਿਚ ਮਾਰਨ ਦਾ ਰੁਝਾਨ ਹੈ। ਇਸੇ ਧਾਰਨਾ ਦੇ ਹਵਾਲੇ ਨਾਲ ਸੁਆਲ ਪੁੱਛਿਆ ਜਾਂਦਾ ਹੈ ਕਿ ਜੰਮ ਚੁੱਕੀਆਂ ਦਾ ਮਨੁੱਖ ਵਜੋਂ ਸਤਿਕਾਰ ਨਾ ਕਰਨ ਵਾਲਾ ਸਮਾਜ ਅਣਜੰਮੀਆਂ ਲਈ ਕਿੰਨਾ ਕੁ ਸੰਜੀਦਾ ਹੋਵੇਗਾ। ਅਣਜੰਮੀਆਂ ਲਈ ਕੁਝ ਕਾਨੂੰਨੀ ਚਾਰਾਜੋਈਆਂ ਹਨ ਅਤੇ ਕੁਝ ਸਮਾਜਕ ਚੇਤਨਾ ਦੀਆਂ ਮੁਹਿੰਮਾਂ ਜੋ ਆਪ ਕਈ ਤਰ੍ਹਾਂ ਦੇ ਸੁਆਲਾਂ ਵਿਚ ਘਿਰੀਆਂ ਹੋਈਆਂ ਹਨ। ਦੂਜੇ ਪਾਸੇ ਜੰਮ ਚੁੱਕੀਆਂ ਦੇ ਮਨੁੱਖੀ ਰੁਤਬੇ ਦਾ ਸੁਆਲ ਹੈ। ਡਾਕਟਰੀ ਸਲਾਹ ਨੂੰ ਭਾਵੇਂ ਪਾਸੇ ਰੱਖ ਦਿੱਤਾ ਜਾਵੇ ਅਤੇ ਪੁਲਿਸ ਦੇ ਕਾਨੂੰਨੀ ਫਰਜ਼ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਵੇ, ਪਰ ਗਰਭਵਤੀ ਨੂੰ ਅਰਾਮ ਨਾਲ ਬਿਠਾ ਦੇਣਾ ਤਾਂ ਸਮਾਜਕ ਫਰਜ਼ ਬਣਦਾ ਹੈ। ਜੇ ਪੁਲਿਸ ਮਹਿਕਮੇ ਨੇ ਆਪਣੇ ਮੁਲਾਜ਼ਮਾਂ ਨੂੰ ਗਰਭਵਤੀ ਦਾ ਧਿਆਨ ਰੱਖਣ ਦਾ ਪਾਠ ਨਹੀਂ ਪੜ੍ਹਾਇਆ ਤਾਂ ਸਮਾਜ ਵੀ ਇਹ ਸਿੱਖਿਆ ਦੇਣ ਤੋਂ ਉਕ ਗਿਆ ਹੈ। ਹੁਣ ਬੱਸਾਂ ਵਿਚ ਬਜ਼ੁਰਗਾਂ ਦੀ ਇਹ ਆਵਾਜ਼, ਬੇਕਦਰੀ ਹੋ ਗਈ ਹੈ, "ਕੁੜੀ ਨੂੰ ਸੀਟ ਛੱਡੋ ਬਈ ਮੁੰਡਿਓ।" "ਚੱਲ ਬਈ ਜਵਾਨਾ, ਆਹ ਬੀਬੀ ਨੂੰ ਬਿਠਾ, ਤੂੰ ਖੜ੍ਹਾ ਹੋ ਜਾ।" ਇਹ ਸੁਆਲ ਉਨ੍ਹਾਂ ਲਈ ਨਹੀਂ ਹਨ ਜਿਨ੍ਹਾਂ ਨੇ ਮਹਿੰਗੀਆਂ ਬੱਸਾਂ ਵਿਚ ਬੈਠਣ ਦੀ ਥਾਂ ਖਰੀਦ ਲਈ ਹੈ, ਜਾਂ ਜਿਨ੍ਹਾਂ ਕੋਲ ਆਪਣੀਆਂ ਸਵਾਰੀਆਂ ਹਨ। ਉਹ ਤਾਂ ਸਮਾਜਕ ਸਲੀਕਾ ਸਿੱਖਣ ਦੇ ਸਮਾਜਕ ਘੇਰੇ ਤੋਂ ਬਾਹਰ ਹਨ। ਉਨ੍ਹਾਂ ਨੂੰ ਸੰਸਕਾਰ ਘਰਦਿਆਂ ਅਤੇ ਰਿਸ਼ਤੇਦਾਰਾਂ ਨੇ ਦੇਣੇ ਹਨ। ਇਹ ਸੁਆਲ ਮਜਬੂਰੀਆਂ ਤਹਿਤ ਥੋੜ੍ਹੀਆਂ ਥਾਂਵਾਂ ਉਤੇ ਬਹੁਤੀਆਂ ਦਾਅਵੇਦਾਰੀਆਂ ਨਾਲ ਦੋ-ਚਾਰ ਹੋ ਰਹੇ ਬਹੁ-ਗਿਣਤੀ ਸਮਾਜ ਲਈ ਹਨ। ਇੱਥੇ ਬਜ਼ੁਰਗੀ ਨਤਾਣੀ ਅਤੇ ਜਵਾਨੀ ਮੂੰਹਜ਼ੋਰ ਹੋਈ ਹੈ। ਸਮਾਜਕ ਸਲੀਕਾ ਨਾ ਕਿਸੇ ਦੀ ਜ਼ਿੰਮੇਵਾਰੀ ਹੈ, ਨਾ ਕਿਸੇ ਦਾ ਫਰਜ਼। ਇਹ ਮਨੁੱਖ ਦੀ ਵਿਅਕਤੀਗਤ ਦਿਆਨਤਦਾਰੀ ਤੋਂ ਅੱਗੇ ਵਧ ਕੇ ਸਮਾਜਕ ਗੁਣ ਨਹੀਂ ਬਣਿਆ। ਮੰਡੀ-ਮੁਨਾਫੇ ਦੇ ਮੁਕਾਬਲਾ-ਮੁਖੀ ਸਮਾਜ ਕੋਈ ਸਮਾਜਕ, ਸਿਆਸੀ ਜਾਂ ਵਿਦਵਾਨੀ ਅਦਾਰਾ ਇਹ ਜ਼ਿੰਮੇਵਾਰੀ ਓਟਦਾ ਹੀ ਨਹੀਂ।

ਜਦੋਂ ਕਾਲੇ ਝੰਡੇ ਦਿਖਾਉਣ ਵਾਲਿਆਂ ਦੀਆਂ ਦੁਸ਼ਵਾਰੀਆਂ ਸੁਣਨ ਦੀ ਥਾਂ ਅਣਸੁਣਿਆ ਕਰਨਾ ਹੈ ਤਾਂ ਪੁਲਿਸ ਰੋਕਥਾਮ ਦੀ ਕਾਰਵਾਈ ਨਹੀਂ ਕਰਦੀ। ਪੁਲਿਸ ਅਜਿਹੇ ਮੌਕੇ ਵਕਾਲਤ ਅਤੇ ਅਦਾਲਤ ਦਾ ਕੰਮ ਆਪਣੇ ਹੱਥ ਲੈਂਦੀ ਹੈ। ਕਿਸੇ ਵੀ ਮੁਲਜ਼ਮ ਨੂੰ ਖੜ੍ਹਾ ਰੱਖਣਾ ਪੁਲਿਸ ਦੇ ਕਾਨੂੰਨੀ ਘੇਰੇ ਵਿਚ ਨਹੀਂ ਆਉਂਦਾ। ਪੁਲਿਸ ਨੂੰ ਕਾਨੂੰਨੀ ਘੇਰੇ ਵਿਚ ਲਿਆਉਣਾ ਸ਼ਹਿਰੀਆਂ ਦੇ ਵਿੱਤੋਂ ਬਾਹਰ ਹੈ। ਪੁਲਿਸ ਖਿਲਾਫ ਪੁਲਿਸ ਨੂੰ ਸ਼ਿਕਾਇਤ ਦਰਜ ਕਰਵਾਉਣਾ ਦੁਨੀਆਂ ਦੇ ਸਭ ਤੋਂ ਔਖੇ ਕੰਮਾਂ ਵਿਚ ਸ਼ੁਮਾਰ ਹੈ। ਜਦੋਂ ਇਹ ਗੱਲ ਦੋਵਾਂ ਧਿਰਾਂ ਨੂੰ ਪਤਾ ਹੋਵੇ, ਤਾਂ ਪੁਲਿਸ ਮੁਲਾਜ਼ਮ ਸਿਆਸਤਦਾਨਾਂ ਅਤੇ ਸਰਕਾਰ ਦੇ ਦਰਬਾਨ ਵਜੋਂ ਸ਼ਹਿਰੀਆਂ ਨੂੰ ਸਜ਼ਾ ਦਿੰਦੇ ਹਨ। ਝੂਠੇ ਮੁਕੱਦਮਿਆਂ, ਤਸ਼ੱਦਦ ਅਤੇ ਜ਼ਲਾਲਤ ਪੁਲਿਸ ਦੇ ਸ਼ਹਿਰੀਆਂ ਨੂੰ ਸੀਲ ਕਰ ਕੇ 'ਮਾਲਕਾਂ' ਦੇ ਲੇਖੇ ਲਗਾਉਣ ਵਾਲੇ ਹਥਿਆਰ ਹਨ। ਰਜਨੀ ਨੂੰ ਸਬਕ ਸਿਖਾ ਕੇ ਉਸ ਵਰਗੀਆਂ ਨੂੰ ਸੁਨੇਹਾ ਦਿੱਤਾ ਗਿਆ ਹੈ। ਜਦੋਂ ਮਨੁੱਖ ਨੂੰ ਬਿਨਾਂ ਕਾਰਨ ਖੜ੍ਹਾ ਰੱਖਣਾ ਸਜ਼ਾ ਦੀ ਥਾਂ ਅਣਗਹਿਲੀ ਮੰਨਿਆ ਜਾਵੇ, ਤਾਂ ਇਸ ਗ਼ੈਰ-ਮਨੁੱਖੀ ਰੁਝਾਨ ਨੇ ਬਲੀ ਤਾਂ ਲੈਣੀ ਹੀ ਹੈ।

ਅਸਲ ਵਿਚ ਰੋਜ਼ਗਾਰ ਅਤੇ ਖੁਸ਼ਹਾਲੀ ਵਰਗੇ ਸੁਆਲਾਂ ਨੂੰ ਸਰਕਾਰ ਮੁਖ਼ਾਤਬ ਨਹੀਂ ਹੋਣਾ ਚਾਹੁੰਦੀ। ਆਉਣ ਵਾਲੀਆਂ ਪੀੜ੍ਹੀਆਂ ਦੇ ਸੁਆਲਾਂ ਨਾਲ ਸਰਕਾਰ ਕੋਈ ਰਿਸ਼ਤਾ ਨਹੀਂ ਰੱਖਣਾ ਚਾਹੁੰਦੀ। ਰਜਨੀ ਦੇ ਮਾਮਲੇ ਨੇ ਸਰਕਾਰ ਦੇ ਇਸੇ ਖਾਸੇ ਨੂੰ ਬੇਪਰਦ ਕੀਤਾ ਹੈ। ਇਸ ਨਿਜ਼ਾਮ ਵਿਚ ਬੱਚਾ ਪੈਦਾ ਕਰਨ ਦੀ ਖੁੱਲ੍ਹ ਹੈ ਪਰ ਉਸ ਦੇ ਭਵਿੱਖ ਦੀ ਚਿੰਤਾ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਨਹੀਂ ਹੈ। ਸਮੁੱਚੇ ਆਵਾਮ ਨੂੰ ਭੁੱਖ, ਗੁਰਬਤ, ਬਿਮਾਰੀ ਅਤੇ ਜ਼ਲਾਲਤ ਵਿਚ ਜਿਉਣ ਜਾਂ ਇਨ੍ਹਾਂ ਦੀ ਮਾਰ ਹੇਠ ਮਰ ਜਾਣ ਦੀ ਆਜ਼ਾਦੀ ਹੈ। ਰਜਨੀ ਦਾ ਮਾਮਲਾ ਤਾਂ ਇਸ ਰੁਝਾਨ ਦੀ ਅਗਲੀ ਕੜੀ ਨੂੰ ਬੇਪਰਦ ਕਰਦਾ ਹੈ ਕਿ ਇਹ ਆਜ਼ਾਦੀ ਅਣਜੰਮਿਆਂ/ਜੰਮੀਆਂ ਨੂੰ ਵੀ ਹਾਸਲ ਹੈ। ਇਸ ਨਿਜ਼ਾਮ ਉਤੇ ਸੁਆਲ ਕਰਨ ਦੀ ਆਜ਼ਾਦੀ ਲਈ ਕੀਮਤ ਅਦਾ ਕਰਨੀ ਪੈਂਦੀ ਹੈ। ਇਹ ਕੀਮਤ ਜੰਮ ਚੁੱਕਿਆਂ/ਚੁੱਕੀਆਂ ਅਤੇ ਅਣਜੰਮਿਆਂ/ਜੰਮੀਆਂ ਲਈ ਬਰਾਬਰ ਹੈ। 'ਜਮਹੂਰੀ' ਸਰਕਾਰ ਅਤੇ ਇਸ ਦੇ ਦਰਬਾਰੀ ਇਨ੍ਹਾਂ ਮਾਮਲਿਆਂ ਵਿਚ ਕਿਸੇ ਨਾਲ ਕੋਈ ਵਿਤਕਰਾ ਨਹੀਂ ਕਰਦੇ।

ਪੁਲਿਸ ਮੁਲਾਜ਼ਮਾਂ ਖਿਲਾਫ ਦਰਜ ਸ਼ਿਕਾਇਤ ਇਸ ਰੁਝਾਨ ਦੀ ਸਭ ਤੋਂ ਅਹਿਮ ਰਮਜ਼ ਖੋਲ੍ਹਦੀ ਹੈ। ਇਸ ਸ਼ਿਕਾਇਤ ਵਿਚ ਨਿਹਤ ਹੈ ਕਿ ਭਰੂਣ ਨੂੰ 'ਇਨਸਾਫ', ਉਸ ਦੀ ਜਾਤ ਪਛਾਣ ਕੇ ਦਿੱਤਾ ਜਾਵੇਗਾ। ਮਤਲਬ ਸਾਫ ਹੈ ਕਿ ਬੇਨਾਮ ਅਤੇ ਬੇਹੋਂਦ ਦੀ ਜਾਤ ਹੈ। ਜ਼ਿੰਦਗੀ ਦੀ ਪਹਿਲੀ ਧੜਕਣ ਦੀ ਪਛਾਣ ਜਾਤ ਹੈ। ਇਸ ਸ਼ਿਕਾਇਤ ਦੀ ਬੁਨਿਆਦ ਰਜਨੀ ਦੀ ਜਾਤੀ ਪਛਾਣ ਨਾਲ ਜੁੜੀ ਹੋਈ ਹੈ। ਦਲੀਲ ਇਹੋ ਬਣਦੀ ਹੈ ਕਿ ਰਜਨੀ ਨਾਲ ਵਧੀਕੀ ਉਸ ਦੀ ਜਾਤੀ ਪਛਾਣ ਕਾਰਨ ਹੋਈ ਹੈ। ਇਸ ਦਲੀਲ ਦਾ ਦੂਜਾ ਪਾਸਾ ਇਹ ਹੈ ਕਿ ਰਜਨੀ ਦੀ ਮਨੁੱਖੀ ਅਤੇ ਸ਼ਹਿਰੀ ਪਛਾਣ ਬੇਮਾਅਨਾ ਹੈ। ਉਸ ਦੀ ਕੱਚੀ ਨੌਕਰੀ ਦੀ ਨਿਗੂਣੀ ਅਤੇ ਪਛੇਤੀ ਤਨਖ਼ਾਹ ਵਾਲੀ ਪਛਾਣ ਬੇਇਨਸਾਫੀ ਨੂੰ ਸ਼ਿਕਾਇਤ ਵਜੋਂ ਦਰਜ ਨਹੀਂ ਕਰਵਾ ਸਕਦੀ। ਉਸ ਦੀ ਔਰਤ ਵਜੋਂ ਪਛਾਣ ਅਹਿਮ ਹੈ ਕਿਉਂਕਿ ਇਸੇ ਪਛਾਣ ਨਾਲ ਗਰਭਧਾਰਨ ਕਰਨ ਅਤੇ ਗਰਭਪਾਤ ਹੋਣ ਦੇ ਮਸਲੇ ਅਟੁੱਟ ਰੂਪ ਵਿਚ ਜੁੜੇ ਹੋਏ ਹਨ। ਜਦੋਂ ਉਸ ਦੀ ਪਛਾਣ ਨੂੰ ਜਾਤ ਤੱਕ ਮਹਿਦੂਦ ਕੀਤਾ ਜਾਂਦਾ ਹੈ ਤਾਂ ਉਸ ਦੀ ਪਛਾਣ ਦੇ ਮਨੁੱਖੀ ਅਤੇ ਮਨੁੱਖੀ ਸੰਘਰਸ਼ ਰਾਹੀਂ ਕਮਾਏ ਪੱਖ ਖਾਰਜ ਕਰ ਦਿੱਤੇ ਜਾਂਦੇ ਹਨ। ਨਿਜ਼ਾਮ ਪੱਖੋਂ ਇਹ ਸ਼ਹਿਰੀ ਨੂੰ ਬੇਇਨਸਾਫੀ ਤੋਂ ਬਾਅਦ ਦੂਜੀ ਸੂਈ ਦੇ ਨੱਕੇ ਵਿਚੋਂ ਕੱਢਣ ਵਜੋਂ ਵੇਖਿਆ ਜਾ ਸਕਦਾ ਹੈ। ਮਸਲਾ ਸਾਫ ਹੈ ਕਿ ਸ਼ਹਿਰੀ ਨਾਲ ਬੇਇਨਸਾਫ਼ੀ ਹੋਵੇਗੀ ਪਰ ਜੇ ਉਸ ਦੀ ਪਛਾਣ ਦਾ ਕੋਈ ਹਿੱਸਾ ਰਿਆਇਤ ਦੀ ਯੋਗਤਾ ਪੂਰੀ ਕਰਦਾ ਹੈ ਤਾਂ ਕਾਗ਼ਜ਼ੀ ਕਾਰਵਾਈ ਅੱਗੇ ਤੁਰ ਸਕਦੀ ਹੈ। ਇਸ ਕਾਗ਼ਜ਼ੀ ਕਾਰਵਾਈ ਦੇ ਕਿਸੇ ਤਣ-ਪੱਤਣ ਲੱਗਣ ਦਾ ਮਸਲਾ ਵੱਖਰਾ ਹੈ। ਅਜਿਹੀ ਕਾਗਜ਼ੀ ਕਾਰਵਾਈ ਦੀ ਬੁਨਿਆਦ ਪਛਾਣ ਦੇ ਹਰ ਉਸ ਪੱਖ ਨੂੰ ਬਣਾਇਆ ਜਾ ਸਕਦਾ ਹੈ ਜੋ ਯੋਗਤਾ ਦਾ ਘੇਰਾ ਸੌੜਾ ਕਰ ਸਕੇ। ਬੇਇਨਸਾਫੀ ਦੇ ਅੰਦਰੋਂ 'ਇਨਸਾਫ਼' ਲਈ ਯੋਗਤਾ ਦੀ ਇਹ ਮੰਗ ਜਮਹੂਰੀਅਤ ਨੂੰ ਕਿੰਨਾ ਕੁ ਸ਼ੋਭਾ ਦਿੰਦੀ ਹੈ? ਜੇ ਰਜਨੀ ਦੀ ਜਾਤੀ ਪਛਾਣ ਕੁਝ ਹੋਰ ਹੁੰਦੀ ਤਾਂ ਕੀ ਉਸ ਨਾਲ ਹੋਈ ਵਧੀਕੀ ਨੇ ਛੋਟਾ ਹੋ ਜਾਣਾ ਸੀ? ਜੇ ਪੁਲਿਸ ਮੁਲਾਜ਼ਮ ਦੀ ਜਾਤੀ ਪਛਾਣ ਰਜਨੀ ਨਾਲ ਮਿਲ ਜਾਂਦੀ ਤਾਂ ਉਸ ਦਾ ਕਸੂਰ ਘਟ ਕਿਵੇਂ ਜਾਣਾ ਸੀ? ਜਾਤ ਸਮਾਜ ਦੀ ਬਹੁਤ ਅਹਿਮ ਚੂਲ ਹੈ ਜਿਸ ਨੂੰ ਸਮਝੇ ਬਿਨਾਂ ਕੋਈ ਸਮਾਜਕ ਸਮਝ ਨਹੀਂ ਬਣ ਸਕਦੀ ਪਰ ਸਭ ਕੁਝ ਇਸੇ ਪਛਾਣ ਦੇ ਘੇਰੇ ਵਿਚ ਮਹਿਦੂਦ ਕਿਵੇਂ ਹੋ ਸਕਦਾ ਹੈ?

ਰਜਨੀ ਨੂੰ ਇਸ ਹਾਲਤ ਤੱਕ ਲਿਆਉਣ ਵਾਲੇ ਹਾਲਾਤ ਸਿਆਸੀ ਸਨ। ਸਲੀਕੇ ਵਾਲਾ ਪੱਖ ਸਮਾਜਕ ਹੈ। ਇਹ ਸਾਰਾ ਰੁਝਾਨ ਮੌਜੂਦਾ ਮਨੁੱਖੀ ਹੋਂਦ ਉਤੇ ਅਸਰਅੰਦਾਜ਼ ਹੋ ਰਿਹਾ ਹੈ। ਇਸ ਮਸਲੇ ਨੂੰ ਜਾਤੀ ਪਛਾਣ ਤੱਕ ਕਿਵੇਂ ਮਹਿਦੂਦ ਕੀਤਾ ਜਾਵੇ? ਇਹ ਵਧੀਕੀ ਮਨੁੱਖੀ-ਜਮਹੂਰੀ-ਸ਼ਹਿਰੀ ਹਕੂਕ ਅਤੇ ਸਿਆਸੀ ਪਛਾਣ ਦਾ ਮਸਲਾ ਕਿਉਂ ਨਹੀਂ ਹੈ? ਇਸ ਵਧੀਕੀ ਦਾ ਅਟੁੱਟ ਪੱਖ ਰਜਨੀ ਦਾ ਔਰਤ ਹੋਣਾ ਹੈ। ਪੁਲਿਸ ਦਾ ਮਰਦਾਵਾਂ ਖਾਸਾ ਇਸੇ ਪੱਖ ਦਾ ਦੂਜਾ ਪਾਸਾ ਹੈ। ਇਹੋ ਖਾਸਾ ਸਿਆਸੀ ਨਿਜ਼ਾਮ ਦਾ ਹੈ।

ਮੌਜੂਦਾ ਦੌਰ ਵਿਚ ਮੰਡੀ-ਮੁਨਾਫ਼ੇ ਅਤੇ ਨਿਜ਼ਾਮ ਨੇ ਮੁਕਾਬਲੇ ਤੇ ਰਿਆਇਤਾਂ ਨਾਲ ਆਪਣਾ ਗ਼ਲਬਾ ਜੋੜ ਲਿਆ ਹੈ। ਸਿਆਸਤ ਦਾ ਭਾਰੂ ਰੁਝਾਨ ਇਸੇ ਧਾਰਨਾ ਨੂੰ ਅਹਿਮ ਦੀ ਥਾਂ ਅੰਤਿਮ ਮੰਨੀ ਬੈਠਾ ਹੈ। ਬੇਇਨਸਾਫ਼ੀ ਨੂੰ ਪੱਕੇ ਪੈਰੀਂ ਕਰ ਰਹੇ ਨਿਜ਼ਾਮ ਨੂੰ ਮਨੁੱਖ ਅਤੇ ਸ਼ਹਿਰੀ ਵਜੋਂ ਸੁਆਲ ਪੁੱਛੇ ਜਾਣੇ ਚਾਹੀਦੇ ਹਨ। ਕੌਮੀ ਸ਼ਹੀਦਾਂ ਦੇ ਦਿਹਾੜੇ ਮੌਕੇ ਤਾਂ 'ਮਨੁੱਖ ਹੱਥੋਂ ਹੁੰਦੀ ਮਨੁੱਖ ਦੀ ਲੁੱਟ' ਅਹਿਮ ਸੁਆਲ ਬਣਦਾ ਹੀ ਹੈ। ਜੇ ਇਸ ਮੌਕੇ ਸਮਾਜ ਤੋਂ ਸਲੀਕੇ ਬਾਰੇ ਸੁਆਲ ਨਹੀਂ ਪੁੱਛੇ ਜਾਣਗੇ, ਤਾਂ ਕਦੋਂ ਪੁੱਛੇ ਜਾਣਗੇ?

# ਇਤਿਹਾਸ ਖੋਜ ਦੇ ਨਵੇਂ ਦਿਸਹੱਦੇ ਖੋਲ੍ਹਦੀ ਕਿਤਾਬ

*ਜੇ ਗ਼ਦਰੀ ਬਾਬੇ ਹਰਜਾਪ ਸਿੰਘ ਵਰਗੀ ਕੱਦਾਵਰ ਸ਼ਖਸੀਅਤ ਦੀ ਜੇਲ੍ਹ ਡਾਇਰੀ ਅਤੇ ਹੋਰ ਲਿਖਤਾਂ ਦਾ ਸੰਗ੍ਰਿਹ ਇਨ੍ਹਾਂ ਲਿਖਤਾਂ ਦੇ ਲਿਖੇ ਜਾਣ ਤੋਂ ਐਨੇ ਲੰਮੇ ਅਰਸੇ, ਪੌਣੀ ਸਦੀ, ਬਾਅਦ ਪਾਠਕਾਂ ਦੇ ਹੱਥਾਂ ਵਿਚ ਪਹੁੰਚ ਰਿਹਾ ਹੈ ਤਾਂ ਸਪਸ਼ਟ ਹੈ ਕਿ ਆਪਣੇ ਅਨਮੋਲ ਤਵਾਰੀਖ਼ੀ ਸਰਮਾਏ ਪ੍ਰਤੀ ਪੰਜਾਬੀਆਂ ਦਾ ਰਵੱਈਆ ਕੀ ਹੈ! ਪਹਿਲਾਂ ਵੀ ਬਾਬਾ ਜੀ ਦੀ ਜੇਲ੍ਹ ਡਾਇਰੀ ਜੋ ਕਈ ਦਹਾਕੇ ਇਧਰ-ਉਧਰ ਰੁਲਦੀ ਹੋਈ ਆਖ਼ਿਰ ਅਧੂਰੀ ਸ਼ਕਲ 'ਚ ਹਾਸਲ ਹੋਈ ਸੀ, ਲਿਖੇ ਜਾਣ ਤੋਂ ਤਕਰੀਬਨ 55 ਸਾਲ ਬਾਅਦ ਉਨ੍ਹਾਂ ਦੀ ਬੇਟੀ ਬੀਬੀ ਗੁਰਮੀਤ ਕੌਰ ਧਾਮੀ ਅਤੇ ਉਨ੍ਹਾਂ ਦੇ ਪਤੀ ਸ. ਇਕਬਾਲ ਸਿੰਘ ਧਾਮੀ ਦੇ ਉਦਮ ਨਾਲ 1998 ਵਿਚ ਪਾਠਕਾਂ ਦੇ ਹੱਥਾਂ 'ਚ ਪਹੁੰਚੀ ਸੀ। ਇਸ ਡਾਇਰੀ ਦੇ ਅਣਗੌਲੇ ਰਹਿਣ ਦੀ ਤ੍ਰਾਸਦੀ ਦਾ ਜ਼ਿਕਰ ਜੇਲ੍ਹ ਡਾਇਰੀ ਦੇ ਤੁਆਰਫ ਵਿਚ ਕੀਤਾ ਗਿਆ ਹੈ। ਜਦੋਂ ਇਹ ਕਿਤਾਬੀ ਸ਼ਕਲ ਵਿਚ ਪਾਠਕਾਂ, ਵਿਦਵਾਨਾਂ ਅਤੇ ਗ਼ਦਰ ਲਹਿਰ ਦੇ ਇਨਕਲਾਬੀ ਉਦੇਸ਼ ਦੇ ਕਦਰਦਾਨਾਂ ਕੋਲ ਪਹੁੰਚੀ, ਉਦੋਂ ਹਰ ਕਿਸੇ ਨੂੰ ਇਹ ਅਹਿਸਾਸ ਹੋਇਆ ਕਿ ਅਜੇ ਤਾਂ ਅਸੀਂ ਆਪਣੀ ਇਨਕਲਾਬੀ ਵਿਰਾਸਤ ਦੇ ਇਸ ਵਸੀਹ ਖ਼ਜ਼ਾਨੇ ਦੀ ਪੂਰੀ ਥਾਹ ਪਾਉਣ ਪੱਖੋਂ ਗੋਹੜੇ ਵਿਚੋਂ ਪੂਣੀ ਵੀ ਨਹੀਂ ਕੱਤੀ। ਗ਼ਦਰੀ ਇਨਕਲਾਬੀਆਂ ਬਾਰੇ ਇਤਿਹਾਸ ਦੇ ਗੁੰਮਨਾਮ ਪੰਨਿਆਂ ਵਿਚ ਖਿੰਡੀ-ਪੁੰਡੀ ਜਾਣਕਾਰੀ ਦਾ ਜਿਥੇ ਕਿਤੇ ਵੀ ਕੋਈ ਟੁੱਟਵਾਂ ਵੇਰਵਾ ਮਿਲਦਾ ਹੈ, ਉਹ ਬਾਬਾ ਹਰਜਾਪ ਸਿੰਘ ਦੀ ਸਿਰਕੱਢ ਆਗੂ ਭੂਮਿਕਾ ਦੀ ਸਾਡੇ ਕੋਲ ਹੁਣ ਤਕ ਹਾਸਲ ਅਧੂਰੀ ਤਸਵੀਰ ਵਿਚ ਨਵਾਂ ਨਕਸ਼ ਹੋ ਨਿੱਬੜਦਾ ਹੈ। ਜ਼ਿਆਦਾਤਰ ਗ਼ਦਰੀ ਇਨਕਲਾਬੀਆਂ ਵਾਂਗ ਬਾਬਾ ਜੀ ਦੇ ਲੰਮੇਰੇ ਇਨਕਲਾਬੀ ਜੀਵਨ-ਪੰਧ ਦੇ ਗੁੰਮਨਾਮੀ ਹੰਢਾਅ ਰਹੇ ਵੇਰਵੇ ਖੋਜ ਕੇ ਸਾਹਮਣੇ ਲਿਆਉਣ ਦਾ ਕੰਮ ਅਜੇ ਵੀ ਅਧੂਰਾ ਹੀ ਹੈ।*

ਹਿੰਦੁਸਤਾਨ ਦੀ ਕਮਿਊਨਿਸਟ ਲਹਿਰ ਬਾਰੇ ਹੁਣ ਤਕ ਛਪੀਆਂ ਜ਼ਿਆਦਾਤਰ ਲਿਖਤਾਂ ਵਿਚ ਲਹਿਰ ਦੀਆਂ ਕੁਰਬਾਨੀਆਂ, ਕਮਿਊਨਿਸਟਾਂ ਦੀ ਘਾਲਣਾ ਅਤੇ ਪ੍ਰਾਪਤੀਆਂ ਦੀ ਬਥੇਰੀ ਤਫ਼ਸੀਲ ਮਿਲ ਜਾਂਦੀ ਹੈ। ਕਮਿਊਨਿਸਟ ਲਹਿਰ ਦੇ ਇਤਿਹਾਸ ਬਾਰੇ ਐਸੀਆਂ ਪੜਚੋਲੀਆ ਲਿਖਤਾਂ ਪੜ੍ਹਨ ਨੂੰ ਬਹੁਤ ਥੋੜ੍ਹੀਆਂ ਮਿਲਦੀਆਂ ਹਨ ਜਿਨ੍ਹਾਂ ਵਿਚ ਲਹਿਰ ਦੇ ਹਾਂ-ਪੱਖਾਂ ਦੇ ਨਾਲ-ਨਾਲ ਲਹਿਰ ਦੇ ਅੰਦਰ ਉਭਰੇ ਤੇ ਭਾਰੂ ਹੋਏ ਗ਼ੈਰ-ਕਮਿਊਨਿਸਟ ਰੁਝਾਨਾਂ ਉਪਰ ਬੇਲਿਹਾਜ਼ ਉਂਗਲ ਰੱਖੀ ਗਈ ਹੋਵੇ ਤੇ ਪਾਠਕਾਂ ਅੱਗੇ ਇਸ ਦੀ ਬੇਕਿਰਕ, ਸਾਵੀਂ ਤੇ ਸਹੀ ਤਸਵੀਰ ਪੇਸ਼ ਕੀਤੀ ਗਈ ਹੋਵੇ; ਜਿਨ੍ਹਾਂ ਲਿਖਤਾਂ ਵਿਚ ਇਹ ਬਿਆਨ ਕੀਤਾ ਗਿਆ ਹੋਵੇ ਕਿ ਬੇਥਾਹ ਕੁਰਬਾਨੀਆਂ, ਬੇਸ਼ੁਮਾਰ ਸੰਘਰਸ਼ਾਂ ਵਾਲੀ ਅਤੇ ਵਿਗਿਆਨਕ ਵਿਚਾਰਧਾਰਾ ਦੀ ਧਾਰਨੀ ਲਹਿਰ ਨੂੰ ਕਿਸ ਤਰ੍ਹਾਂ ਦੀਆਂ ਗਲਤੀਆਂ ਅਤੇ ਰੁਝਾਨਾਂ ਨੇ ਕਾਮਯਾਬ ਨਹੀਂ

**ਬੂਟਾ ਸਿੰਘ**
**ਫੋਨ: 91-94634-74342**

ਹੋਣ ਦਿੱਤਾ। ਇਸ ਪੱਖੋਂ ਗ਼ਦਰੀ ਬਾਬਾ ਹਰਜਾਪ ਸਿੰਘ ਦੀ ਜੇਲ੍ਹ ਡਾਇਰੀ ਤੇ ਉਨ੍ਹਾਂ ਦੀਆਂ ਲਿਖਤਾਂ ਇਤਿਹਾਸਕ ਅਹਿਮੀਅਤ ਵਾਲੀਆਂ ਅਤੇ ਨਿਵੇਕਲਾ ਸਥਾਨ ਰੱਖਦੀਆਂ ਹਨ।

ਪੰਜਾਬ ਦੀ ਕਮਿਊਨਿਸਟ ਲਹਿਰ ਵਿਚ ਗ਼ਦਰੀਆਂ ਤੋਂ ਕਿਰਤੀ ਬਣੇ ਇਨਕਲਾਬੀਆਂ ਦੀ ਬੇਮਿਸਾਲ ਦੇਣ ਤੋਂ ਵਾਕਫ ਹਲਕਿਆਂ ਲਈ ਬਾਬਾ ਹਰਜਾਪ ਸਿੰਘ ਮਾਹਿਲਪੁਰ (ਹੁਸ਼ਿਆਰਪੁਰ) ਕਿਸੇ ਜਾਣਕਾਰੀ ਦੇ ਮੁਹਤਾਜ ਨਹੀਂ। ਉਹ ਸਿਰਕੱਢ ਗ਼ਦਰੀ ਇਨਕਲਾਬੀ ਅਤੇ ਮਕਬੂਲ ਆਵਾਮੀ ਆਗੂ ਸਨ। ਉਨ੍ਹਾਂ ਨੇ ਵੀ ਆਪਣੇ ਘਰ-ਪਰਿਵਾਰ ਦੀ ਗ਼ਰੀਬੀ ਕੱਟਣ ਲਈ ਉਸ ਜ਼ਮਾਨੇ ਦੇ ਹੋਰ ਸਾਧਾਰਨ ਨੌਜਵਾਨਾਂ ਵਾਂਗ ਪਰਵਾਸ ਦਾ ਰਾਹ ਅਖ਼ਤਿਆਰ ਕੀਤਾ। ਅਮਰੀਕਾ ਦੀ ਆਜ਼ਾਦ ਫ਼ਿਜ਼ਾ ਅਤੇ ਪਰਵਾਸ ਦੇ ਮੁਸ਼ਕਿਲ ਹਾਲਾਤ ਵਿਚ ਰਹਿੰਦਿਆਂ ਆਪਣੇ ਹੋਰ ਸਮਕਾਲੀ ਪਰਵਾਸੀਆਂ ਵਾਂਗ ਉਹ ਵੀ ਨਿੱਜ ਦੀ ਬਿਹਤਰੀ ਤੋਂ ਉਪਰ ਉਠ ਕੇ ਸਮੁੱਚੇ ਦੇਸ਼ ਵਾਸੀਆਂ ਦੀ ਤਕਦੀਰ ਬਦਲਣ ਦੇ ਸਮੂਹਿਕ ਕਾਜ ਨੂੰ ਪ੍ਰਨਾਏ ਗਏ। ਇਕ ਵਾਰ ਇਸ ਰਾਹੇ ਪੈ ਕੇ ਉਨ੍ਹਾਂ ਦੁਬਾਰਾ ਪਿੱਛੇ ਮੁੜ ਕੇ ਨਹੀਂ ਦੇਖਿਆ। ਹੱਥਲੀ ਕਿਤਾਬ ਦੇ ਹਰ ਪੰਨੇ ਉਪਰ ਉਨ੍ਹਾਂ ਦੀ ਇਨਕਲਾਬੀ ਖ਼ੂਬੀਆਂ ਨਾਲ ਲਬਰੇਜ਼ ਅਜ਼ੀਮ ਕਰਮਯੋਗੀ ਸ਼ਖਸੀਅਤ ਦੇ ਨਕਸ਼ ਉਘੜਦੇ ਹਨ। ਆਪਣੇ ਸਮਕਾਲੀ ਇਨਕਲਾਬੀਆਂ ਦੀਆਂ ਨਜ਼ਰਾਂ ਵਿਚ ਉਨ੍ਹਾਂ ਦਾ ਕਿੰਨਾ ਮਾਣ-ਸਤਿਕਾਰ ਸੀ, ਇਸ ਦਾ ਅੰਦਾਜ਼ਾ ਮਸ਼ਹੂਰ ਇਨਕਲਾਬੀ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਦੇ ਬੇਟੇ ਸ. ਹਰਦੇਵ ਸਿੰਘ ਵਲੋਂ ਕੀਤੇ ਅਹਿਮ ਖੁਲਾਸੇ ਤੋਂ ਲਗਾਇਆ ਜਾ ਸਕਦਾ ਹੈ। ਮਾਸਟਰ ਕਾਬਲ ਸਿੰਘ ਆਪਣੇ ਸਮਿਆਂ ਦੇ ਬਹੁਤ ਕੱਦਾਵਰ ਇਨਕਲਾਬੀ ਹੋਏ ਹਨ। ਸ. ਹਰਦੇਵ ਸਿੰਘ ਦੱਸਦੇ ਹਨ ਕਿ ਉਨ੍ਹਾਂ ਦੇ ਪਿਤਾ ਜੀ ਬਾਬਾ ਹਰਜਾਪ ਸਿੰਘ ਨੂੰ 'ਸਤਿਗੁਰੂ' ਕਹਿ ਕੇ ਮੁਖ਼ਾਤਬ ਹੁੰਦੇ ਸਨ। ਇਸ ਤੋਂ ਪਤਾ ਚਲਦਾ ਹੈ ਕਿ ਬਾਬਾ ਜੀ ਬਾਰੇ ਮਾਸਟਰ ਕਾਬਲ ਸਿੰਘ ਅਤੇ ਹੋਰ ਇਨਕਲਾਬੀ ਦੇਸ਼-ਭਗਤਾਂ ਦੇ ਦਿਲਾਂ 'ਚ ਕਿੰਨਾ ਡੂੰਘਾ ਸਤਿਕਾਰ ਸੀ ਅਤੇ ਉਨ੍ਹਾਂ ਦਾ ਇਨਕਲਾਬੀ ਕੱਦ ਕਿੰਨਾ ਉਚਾ ਸੀ।

ਜੇ ਐਡੀ ਕੱਦਾਵਰ ਸ਼ਖਸੀਅਤ ਦੀ ਜੇਲ੍ਹ ਡਾਇਰੀ ਅਤੇ ਹੋਰ ਲਿਖਤਾਂ ਦਾ ਸੰਗ੍ਰਿਹ ਇਨ੍ਹਾਂ ਲਿਖਤਾਂ ਦੇ ਲਿਖੇ ਜਾਣ ਤੋਂ ਐਨੇ ਲੰਮੇ ਅਰਸੇ, ਪੌਣੀ ਸਦੀ, ਬਾਅਦ ਪਾਠਕਾਂ ਦੇ ਹੱਥਾਂ ਵਿਚ ਪਹੁੰਚ ਰਿਹਾ ਹੈ ਤਾਂ ਸਪਸ਼ਟ ਹੈ ਕਿ ਆਪਣੇ ਅਨਮੋਲ ਤਵਾਰੀਖ਼ੀ ਸਰਮਾਏ ਪ੍ਰਤੀ ਪੰਜਾਬੀਆਂ ਦਾ ਰਵੱਈਆ ਕੀ ਹੈ! ਪਹਿਲਾਂ ਵੀ ਬਾਬਾ ਜੀ ਦੀ ਜੇਲ੍ਹ ਡਾਇਰੀ ਜੋ ਕਈ ਦਹਾਕੇ ਇਧਰ-ਉਧਰ ਰੁਲਦੀ ਹੋਈ ਆਖ਼ਿਰ ਅਧੂਰੀ ਸ਼ਕਲ 'ਚ ਹਾਸਲ ਹੋਈ ਸੀ, ਲਿਖੇ ਜਾਣ ਤੋਂ ਤਕਰੀਬਨ 55 ਸਾਲ ਬਾਅਦ ਉਨ੍ਹਾਂ ਦੀ ਬੇਟੀ ਬੀਬੀ ਗੁਰਮੀਤ ਕੌਰ ਧਾਮੀ ਅਤੇ ਉਨ੍ਹਾਂ ਦੇ ਪਤੀ ਸ. ਇਕਬਾਲ ਸਿੰਘ ਧਾਮੀ ਦੇ ਉਦਮ ਨਾਲ 1998 ਵਿਚ ਪਾਠਕਾਂ ਦੇ ਹੱਥਾਂ 'ਚ ਪਹੁੰਚੀ ਸੀ। ਇਸ ਡਾਇਰੀ ਦੇ ਅਣਗੌਲੇ ਰਹਿਣ ਦੀ ਤ੍ਰਾਸਦੀ ਦਾ ਜ਼ਿਕਰ ਜੇਲ੍ਹ ਡਾਇਰੀ ਦੇ ਤੁਆਰਫ ਵਿਚ ਕੀਤਾ ਗਿਆ ਹੈ। ਜਦੋਂ ਇਹ ਕਿਤਾਬੀ ਸ਼ਕਲ ਵਿਚ ਪਾਠਕਾਂ, ਵਿਦਵਾਨਾਂ ਅਤੇ ਗ਼ਦਰ ਲਹਿਰ ਦੇ ਇਨਕਲਾਬੀ ਉਦੇਸ਼ ਦੇ ਕਦਰਦਾਨਾਂ ਕੋਲ ਪਹੁੰਚੀ, ਉਦੋਂ ਹਰ ਕਿਸੇ ਨੂੰ ਇਹ ਅਹਿਸਾਸ ਹੋਇਆ ਕਿ ਅਜੇ ਤਾਂ ਅਸੀਂ ਆਪਣੀ ਇਨਕਲਾਬੀ ਵਿਰਾਸਤ ਦੇ ਇਸ ਵਸੀਹ ਖ਼ਜ਼ਾਨੇ ਦੀ ਪੂਰੀ ਥਾਹ ਪਾਉਣ ਪੱਖੋਂ ਗੋਹੜੇ ਵਿਚੋਂ ਪੂਣੀ ਵੀ ਨਹੀਂ ਕੱਤੀ। ਗ਼ਦਰੀ ਇਨਕਲਾਬੀਆਂ ਬਾਰੇ ਇਤਿਹਾਸ ਦੇ ਗੁੰਮਨਾਮ ਪੰਨਿਆਂ ਵਿਚ ਖਿੰਡੀ-ਪੁੰਡੀ ਜਾਣਕਾਰੀ ਦਾ ਜਿਥੇ ਕਿਤੇ ਵੀ ਕੋਈ ਟੁੱਟਵਾਂ ਵੇਰਵਾ ਮਿਲਦਾ ਹੈ, ਉਹ ਬਾਬਾ ਹਰਜਾਪ ਸਿੰਘ ਦੀ ਸਿਰਕੱਢ ਆਗੂ ਭੂਮਿਕਾ ਦੀ ਸਾਡੇ ਕੋਲ ਹੁਣ ਤਕ ਹਾਸਲ ਅਧੂਰੀ ਤਸਵੀਰ ਵਿਚ ਨਵਾਂ ਨਕਸ਼ ਹੋ ਨਿੱਬੜਦਾ ਹੈ। ਜ਼ਿਆਦਾਤਰ ਗ਼ਦਰੀ ਇਨਕਲਾਬੀਆਂ ਵਾਂਗ ਬਾਬਾ ਜੀ ਦੇ ਲੰਮੇਰੇ ਇਨਕਲਾਬੀ ਜੀਵਨ-ਪੰਧ ਦੇ ਗੁੰਮਨਾਮੀ ਹੰਢਾਅ ਰਹੇ ਵੇਰਵੇ ਖੋਜ ਕੇ ਸਾਹਮਣੇ ਲਿਆਉਣ ਦਾ ਕੰਮ ਅਜੇ ਵੀ ਅਧੂਰਾ ਹੀ ਹੈ।

ਹੁਕਮਰਾਨ ਜਮਾਤ ਤਾਂ ਇਨਕਲਾਬੀ ਦੇਸ਼-ਭਗਤਾਂ ਦੇ ਸ਼ਾਨਦਾਰ ਇਤਿਹਾਸ ਨੂੰ ਜਾਣ-ਬੁੱਝ ਕੇ ਦਬਾਈ ਰੱਖਣਾ ਚਾਹੁੰਦੀ ਹੈ ਤਾਂ ਜੋ ਦੇਸ਼ ਦੇ ਨੌਜਵਾਨਾਂ ਨੂੰ ਸਾਡੇ ਸਿਰ ਤਲੀ 'ਤੇ ਰੱਖ ਕੇ ਜੂਝਣ ਵਾਲੇ ਇਨਕਲਾਬੀ ਪੁਰਖਿਆਂ ਦੇ ਯੁੱਗ ਪਲਟਾਊ ਸੁਪਨਿਆਂ ਬਾਰੇ ਹਨੇਰੇ 'ਚ ਰੱਖਿਆ ਜਾ ਸਕੇ, ਪਰ ਇਨਕਲਾਬੀ ਵਿਰਾਸਤ ਦੀਆਂ ਵਾਹਦ ਵਾਰਿਸ ਕਹਾਉਣ ਵਾਲੀਆਂ ਅਤੇ ਸਮਾਜਕ ਤਬਦੀਲੀ ਦੀਆਂ ਝੰਡਾ-ਬਰਦਾਰ ਤਾਕਤਾਂ ਆਪਣੇ ਵਿਰਸੇ ਦੀ ਡੂੰਘੀ ਤੇ ਭਰਵੀਂ ਖੋਜ ਪ੍ਰਤੀ ਐਨੀਆਂ ਬੇਮੁੱਖ ਅਤੇ ਅਵੇਸਲੀਆਂ ਕਿਉਂ ਹਨ? ਇਹ ਸਵਾਲ ਗੰਭੀਰਤਾ ਨਾਲ ਸੋਚ-ਵਿਚਾਰ ਦੀ ਮੰਗ ਕਰਦਾ ਹੈ। ਕੀ ਨੌਜਵਾਨ ਖੋਜਕਾਰ ਇਸ ਚੁਣੌਤੀ ਨੂੰ ਕਬੂਲ ਕਰਨਗੇ?

ਇਹ ਇਨਕਲਾਬੀ ਕਾਜ ਪ੍ਰਤੀ ਉਨ੍ਹਾਂ ਦੀ ਅਡੋਲ ਨਿਹਚਾ, ਰਾਜਸੀ ਸੂਝ ਅਤੇ ਵਚਨਬੱਧਤਾ ਦਾ ਹੀ ਪ੍ਰਤਾਪ ਸੀ ਕਿ ਗ਼ਦਰ ਪਾਰਟੀ ਨੂੰ ਮੁੜ ਜਥੇਬੰਦ ਕੀਤੇ ਜਾਣ ਵਕਤ ਉਨ੍ਹਾਂ ਨੂੰ ਨਾ ਸਿਰਫ਼ ਪਾਰਟੀ ਦੇ ਪ੍ਰਧਾਨ ਦੀ ਬਹੁਤ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਸੀ ਸਗੋਂ ਆਗੂ ਗੁੱਲੀ ਵਲੋਂ ਸਵੈ-ਪੜਚੋਲ ਤੇ ਸਵੈ-ਮੰਥਨ ਕਰ ਕੇ ਨਵੀਂ ਆਵਾਮੀ ਦਿਸ਼ਾ ਅਖਤਿਆਰ ਕਰਨ ਲਈ ਗ਼ਦਰ ਪਾਰਟੀ ਦਾ ਜੋ ਪਹਿਲਾ ਵਫ਼ਦ ਤੀਜੀ ਕਮਿਊਨਿਸਟ ਕੌਮਾਂਤਰੀ ਨਾਲ ਸਿੱਧਾ ਸਬੰਧ ਜੋੜਨ ਲਈ ਰੂਸ ਭੇਜਿਆ ਗਿਆ, ਉਸ ਦੇ ਆਗੂ ਵੀ ਬਾਬਾ ਹਰਜਾਪ ਸਿੰਘ ਨੂੰ ਬਣਾਇਆ ਗਿਆ ਸੀ। ਉਨ੍ਹਾਂ ਦੀਆਂ ਲਿਖਤਾਂ ਇਸ ਇਤਿਹਾਸਕ ਤੱਥ ਉਪਰ ਮੋਹਰ ਲਾਉਂਦੀਆਂ ਹਨ ਕਿ ਪੰਜਾਬ ਵਿਚ ਸਮਾਜਵਾਦੀ ਖਿਆਲਾਂ ਨੂੰ ਪ੍ਰਚਾਰਨ-ਪ੍ਰਸਾਰਨ ਤੇ ਮਕਬੂਲ ਬਣਾਉਣ ਅਤੇ ਮੁਢਲੀ ਕਮਿਊਨਿਸਟ ਜਥੇਬੰਦੀ ਖੜ੍ਹੀ ਕਰਨ ਵਿਚ ਗ਼ਦਰੀਆਂ ਤੇ ਕਿਰਤੀਆਂ ਦੀ ਕਿੰਨੀ ਵੱਡੀ ਦੇਣ ਸੀ।

ਬਾਬਾ ਹਰਜਾਪ ਸਿੰਘ ਦੀਆਂ ਹੱਥਲੀਆਂ ਲਿਖਤਾਂ 'ਤੇ ਸਰਸਰੀ ਨਜ਼ਰ ਮਾਰਿਆਂ ਹੀ ਉਨ੍ਹਾਂ ਦੀ ਮਾਰਕਸਵਾਦ ਉਪਰ ਪਕੜ, ਰਾਜਸੀ ਸੂਝ-ਬੂਝ, ਦੂਰ-ਅੰਦੇਸ਼ੀ, ਸਾਫ਼ਗੋਈ ਅਤੇ ਇਮਾਨਦਾਰੀ ਪਾਠਕਾਂ ਦਾ ਧਿਆਨ ਖਿੱਚਦੀ ਹੈ। ਇਨਕਲਾਬੀ ਸਮਾਜਕ ਤਬਦੀਲੀ ਨੂੰ ਪ੍ਰਨਾਈ ਕਮਿਊਨਿਸਟ ਲਹਿਰ ਦੀਆਂ ਖਾਮੀਆਂ ਅਤੇ ਗ਼ਲਤੀਆਂ ਦੀ ਦਰੁਸਤੀ ਦੇ ਨਜ਼ਰੀਏ ਨਾਲ ਬੇਬਾਕ ਤੇ ਬੇਲਿਹਾਜ਼ ਆਲੋਚਨਾ ਅਤੇ ਬੌਧਿਕ ਲਫ਼ਾਜ਼ੀ ਤੋਂ ਮੁਕਤ ਸਰਲ ਟਿੱਪਣੀਆਂ ਉਨ੍ਹਾਂ ਦੀਆਂ ਲਿਖਤਾਂ ਦੀ ਖ਼ਾਸ ਖ਼ੂਬੀ ਹਨ। ਜੇਲ੍ਹ ਜ਼ਿੰਦਗੀ ਦੇ ਭਰਪੂਰ ਵੇਰਵੇ ਦੇਣ ਦੇ ਨਾਲ-ਨਾਲ ਉਹ ਵਿਅਕਤੀਆਂ ਤੋਂ ਲੈ ਕੇ ਸਮੁੱਚੀ ਲਹਿਰ ਤਕ, ਸਥਾਨਕ ਤੋਂ ਲੈ ਕੇ ਕੌਮੀ ਤੇ ਇਸ ਤੋਂ ਵੀ ਅੱਗੇ ਕੌਮਾਂਤਰੀ ਲਹਿਰ ਤਕ, ਹਰ ਪਹਿਲੂ ਦੀ ਬੇਲਿਹਾਜ਼ ਪੜਚੋਲ ਕਰਦੇ ਹਨ। ਇਸ ਦੀ ਬੁਨਿਆਦ ਉਨ੍ਹਾਂ ਦਾ ਆਪਣਾ ਬੇਦਾਗ਼ ਕਿਰਦਾਰ ਅਤੇ ਡੂੰਘੀ ਨੀਝ ਨਾਲ ਸਿਆਸੀ ਤੇ ਸਮਾਜੀ ਵਰਤਾਰਿਆਂ ਤੇ ਸ਼ਖਸੀਅਤਾਂ ਨੂੰ ਘੋਖਣ-ਸਮਝਣ ਦਾ ਪਾਰਖੂ ਨਜ਼ਰੀਆ ਹੈ। ਮਿਸਾਲ ਵਜੋਂ, ਕਮਿਊਨਿਸਟ ਪਾਰਟੀ ਵਲੋਂ 'ਲੋਕਾਂ ਦੀ ਜੰਗ' ਦੇ ਨਾਂ ਹੇਠ ਬਰਤਾਨਵੀ ਬਸਤੀਵਾਦ ਦੇ ਖਿਲਾਫ ਜੰਗੇ-ਆਜ਼ਾਦੀ ਨੂੰ ਤਿਲਾਂਜਲੀ ਦੇ ਕੇ ਬਰਤਾਨਵੀ ਰਾਜ ਦੀ ਸੇਵਾ ਵਿਚ ਲੱਗ ਜਾਣ, ਸੁਭਾਸ਼ ਚੰਦਰ ਬੋਸ ਤੇ ਕਾਂਗਰਸ ਨੂੰ ਗ਼ੱਦਾਰ ਕਰਾਰ ਦੇਣ ਅਤੇ ਕਾਂਗਰਸ ਦੇ 8 ਅਗਸਤ 1942 ਦੇ ਮਤੇ (ਕਰੋ ਜਾਂ ਮਰੋ) ਦੇ ਅੰਨ੍ਹੇ ਵਿਰੋਧ ਅਤੇ ਕਮਿਊਨਿਸਟ ਪਾਰਟੀ ਵਲੋਂ ਪਾਕਿਸਤਾਨ ਦੇ ਹੱਕ ਵਿਚ ਬੇਤੁਕਾ ਸਟੈਂਡ ਲੈਣ



*ਬਾਬਾ ਹਰਜਾਪ ਸਿੰਘ*

ਵਗੈਰਾ ਘਾਤਕ ਪੈਂਤੜਿਆਂ ਬਾਰੇ ਉਨ੍ਹਾਂ ਦਾ ਵਿਸ਼ਲੇਸ਼ਣ ਗ਼ੌਰਤਲਬ ਹੈ। ਉਨ੍ਹਾਂ ਦੇ ਦੂਰਅੰਦੇਸ਼ ਨਿਰਣੇ ਸਮਕਾਲੀ ਹਾਲਤ ਉਪਰ ਉਨ੍ਹਾਂ ਦੀ ਰਾਜਸੀ ਪਕੜ ਦਾ ਜ਼ਾਹਰਾ ਸਬੂਤ ਹਨ। ਕਾਂਗਰਸ ਦੀ ਟਿਕਟ 'ਤੇ ਜਿੱਤੇ ਸੱਤ ਕਮਿਊਨਿਸਟ ਵਿਧਾਨ ਸਭਾ ਮੈਂਬਰਾਂ ਵਲੋਂ ਜੇਲ੍ਹਾਂ ਤੋਂ ਰਿਹਾ ਹੋ ਕੇ ਕਾਂਗਰਸ ਦੇ ਅੰਦੋਲਨ ਦੇ ਵਿਰੋਧ ਵਿਚ ਖੜ੍ਹਨ ਨੂੰ ਗ਼ਲਤ ਅਤੇ ਸ਼ਰਮਨਾਕ ਕਰਾਰ ਦਿੰਦਿਆਂ ਉਹ ਲਿਖਦੇ ਹਨ ਕਿ ਉਨ੍ਹਾਂ ਨੂੰ ਲੋਕਾਂ ਦੇ ਫ਼ਤਵੇ ਦੇ ਉਲਟ ਜਾ ਕੇ ਇੰਜ ਕਰਨ ਦਾ ਕੋਈ ਹੱਕ ਨਹੀਂ ਸੀ। ਜੇ ਉਨ੍ਹਾਂ ਦੀ ਸੋਚ ਬਦਲ ਗਈ ਸੀ ਤਾਂ ਉਹ ਅਸਤੀਫ਼ੇ ਦੇ ਕੇ ਅਜਿਹਾ ਕਰਦੇ ਅਤੇ ਦੁਬਾਰਾ ਚੋਣ ਲੜਦੇ।

ਇਹ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ ਕਿ ਕਿਰਤੀ ਗਰੁਪ ਦੇ 'ਕੌਮੀਅਤ ਸਵਾਲ' ਬਾਰੇ ਕਮਿਊਨਿਸਟ ਪਾਰਟੀ ਦੀ ਲੀਡਰਸ਼ਿਪ ਦੀ ਫਾਰਮੂਲੇਸ਼ਨ ਅਤੇ ਸੋਵੀਅਤ ਯੂਨੀਅਨ ਉਪਰ ਹਮਲੇ ਉਪਰੰਤ 'ਪੀਪਲਜ਼ ਵਾਰ ਦੀ ਲਾਈਨ' ਬਾਰੇ ਜ਼ੋਰਦਾਰ ਇਤਰਾਜ਼ ਸਨ। ਇਸ ਕਾਰਨ ਦੋਵਾਂ ਧੜਿਆਂ ਦਰਮਿਆਨ ਮੱਤਭੇਦ ਹੋਰ ਡੂੰਘੇ ਹੋ ਗਏ। ਕਿਰਤੀ ਸਮਝਦੇ ਸਨ ਕਿ ਸੀ.ਪੀ.ਆਈ. ਵਲੋਂ ਉਨ੍ਹਾਂ ਉਪਰ ਆਪਣੀ ਲਾਈਨ ਜਬਰੀ ਥੋਪੀ ਜਾ ਰਹੀ ਹੈ। ਇਸ ਦਾ ਸਿੱਟਾ ਓੜਕ 1947 ਵਿਚ ਕਿਰਤੀਆਂ ਵਲੋਂ ਤੇਜਾ ਸਿੰਘ ਸੁਤੰਤਰ ਦੀ ਅਗਵਾਈ ਵਿਚ ਕਮਿਊਨਿਸਟ ਪਾਰਟੀ ਨਾਲੋਂ ਤੋੜ-ਵਿਛੋੜਾ ਕਰ ਲੈਣ ਅਤੇ ਲਾਲ ਪਾਰਟੀ ਬਣਾਏ ਜਾਣ ਵਿਚ ਨਿਕਲਿਆ ਸੀ। ਖ਼ੁਦ ਹਰਕਿਸ਼ਨ ਸਿੰਘ ਸੁਰਜੀਤ ਨੇ ਵੀ ਬਾਅਦ ਵਿਚ ਇਸ ਦੀ ਖ਼ਾਸਾ-ਬਿਆਨੀ 'ਕੌਮੀਅਤ ਸਵਾਲ ਬਾਰੇ ਥਿੜ੍ਹਕਣ' ਵਜੋਂ ਕੀਤੀ ਸੀ।

ਬਾਬਾ ਹਰਜਾਪ ਸਿੰਘ ਆਪਣੀਆਂ ਲਿਖਤਾਂ ਵਿਚ ਜਿਥੇ ਬਹੁਤ ਤਫ਼ਸੀਲ ਵਿਚ ਜਾ ਕੇ ਰੂਸੀ ਇਨਕਲਾਬ, ਲੈਨਿਨ ਦੀ ਇਤਿਹਾਸਕ ਆਗੂ ਭੂਮਿਕਾ ਅਤੇ ਸਮਾਜਵਾਦੀ ਰਾਜ ਦੀ ਉਸਾਰੀ ਦੀਆਂ ਬੇਮਿਸਾਲ ਬਰਕਤਾਂ ਅਤੇ ਪ੍ਰਾਪਤੀਆਂ ਦੇ ਵੇਰਵੇ ਦਿੰਦੇ ਹਨ, ਉਥੇ ਜਦੋਂ ਉਨ੍ਹਾਂ ਨੂੰ ਬਾਲਸ਼ਵਿਕ ਪਾਰਟੀ ਜਾਂ ਕੌਮਾਂਤਰੀ ਕਮਿਊਨਿਸਟ ਲਹਿਰ ਵਿਚ ਕੋਈ ਸਿਧਾਂਤਕ ਥਿੜ੍ਹਕਣ ਨਜ਼ਰ ਆਈ ਤਾਂ ਉਨ੍ਹਾਂ ਨੇ ਇਸ ਦਾ ਵੀ ਗੰਭੀਰ ਨੋਟਿਸ ਲਿਆ। ਉਹ ਬਾਲਸ਼ਵਿਕ ਪਾਰਟੀ ਵਲੋਂ 'ਆਪਣੇ ਆਦਰਸ਼'-ਕੌਮਾਂਤਰੀ ਕਾਜ- ਨੂੰ ਤਿਆਗ ਕੇ ਆਪਣੇ ਦੇਸ਼ ਦੇ ਹਿੱਤਾਂ ਨੂੰ ਤਰਜੀਹ ਦੇਣ ਦੀ ਨੀਤੀ ਅਖਤਿਆਰ ਕਰਨ ਅਤੇ ਦੂਜੀ ਸੰਸਾਰ ਜੰਗ ਦੌਰਾਨ (21 ਮਈ 1943 ਨੂੰ) ਕਾਮਰੇਡ ਸਤਾਲਿਨ ਦੀ ਅਗਵਾਈ ਹੇਠ ਕੌਮਾਂਤਰੀ ਦੀ ਲੀਡਰਸ਼ਿਪ ਵਲੋਂ ਕਮਿਊਨਿਸਟ ਕੌਮਾਂਤਰੀ ਨੂੰ ਤੋੜ ਦੇਣ ਦੀ ਤਿੱਖੀ ਆਲੋਚਨਾ ਕਰਦੇ ਹੋਏ ਇਸ ਨੂੰ 'ਰੂਸ ਦੀ ਖਾਤਰ ਕੌਮਾਂਤਰੀ ਇਨਕਲਾਬ ਨੂੰ ਕੁਰਬਾਨ ਕਰਨਾ' ਅਤੇ 'ਪ੍ਰੋਲੇਤਾਰੀ ਇਨਕਲਾਬ ਦੇ ਵੱਡੇ ਆਦਰਸ਼ ਤੋਂ ਪਤਿਤ ਹੋਣਾ' ਕਰਾਰ ਦਿੰਦਿਆਂ ਲਿਖਦੇ ਹਨ ਕਿ "ਪ੍ਰੋਲੇਤਾਰੀ ਇਨਕਲਾਬ ਤੋਂ ਸਤਾਲਿਨ ਦੀ ਇਹ ਗ਼ੱਦਾਰੀ ਕਮਿਊਨਿਜ਼ਮ ਦੇ ਇਤਿਹਾਸ ਵਿਚ ਮੋਟੇ ਤੇ ਕਾਲੇ ਅੱਖਰਾਂ ਨਾਲ ਲਿਖੀ ਜਾਵੇਗੀ।"

ਇਕ ਹੋਰ ਮਿਸਾਲ ਉਨ੍ਹਾਂ ਵਲੋਂ ਲਿਖਿਆ ਨੋਟ ਹੈ ਜੋ ਖ਼ਸਤਾ ਹਾਲ ਕਾਗਜ਼ ਉਪਰ ਲਿਖਿਆ ਮਿਲਿਆ। ਇਸ ਉਪਰ ਦਰਜ ਹੈ ਕਿ "ਜਦੋਂ 1946 ਵਿਚ ਬਰਤਾਨਵੀ ਪਾਰਲੀਮੈਂਟ ਵਿਚ ਹਿੰਦੁਸਤਾਨ ਦੀ ਆਜ਼ਾਦੀ ਦਾ ਬਿੱਲ ਪੇਸ਼ ਹੋਇਆ, ਤਾਂ ਉਸ ਵੇਲੇ ਚਰਚਿਲ ਨੇ ਕਿਹਾ ਕਿ ਬੇਸ਼ਕ ਆਜ਼ਾਦੀ ਹਰ ਮਨੁੱਖ ਦਾ ਪੈਦਾਇਸ਼ੀ ਹੱਕ ਹੈ ਪਰ ਇਸ ਮੌਕੇ ਬਰਤਾਨਵੀ ਹਕੂਮਤ ਵਲੋਂ ਹਕੂਮਤ ਦੀ ਵਾਗਡੋਰ ਕਾਂਗਰਸ ਪਾਰਟੀ ਨੂੰ ਸੌਂਪਣਾ ਲੱਖਾਂ ਫ਼ਾਕਾਕਸ਼ੀ ਦਾ ਸ਼ਿਕਾਰ ਲੋਕਾਂ ਦੀ ਕਿਸਮਤ ਨੂੰ ਗੁੰਡਿਆਂ, ਲੁਟੇਰਿਆਂ ਦੇ ਹਵਾਲੇ ਕਰਨਾ ਹੈ। ਪਾਣੀ ਦੀ ਬੋਤਲ ਜਾਂ ਰੋਟੀ ਦੀ ਬੁਰਕੀ ਵੀ ਬਗੈਰ ਟੈਕਸ ਤੋਂ ਲੋਕਾਂ ਨੂੰ ਨਹੀਂ ਮਿਲ ਸਕੇਗੀ। ਸਿਰਫ ਹਵਾ ਹੀ ਲੋਕਾਂ ਨੂੰ ਮੁਫ਼ਤ ਮਿਲੇਗੀ। ਲੱਖਾਂ ਲੋਕਾਂ ਦੇ ਖ਼ੂਨ-ਖ਼ਰਾਬੇ ਲਈ ਮਿਸਟਰ ਐਟਲੀ ਜ਼ਿੰਮੇਵਾਰ ਹੋਵੇਗਾ ਅਤੇ ਭਾਰਤ ਦੇ ਆਪਸੀ ਝਗੜੇ ਹੀ ਇਸ ਨੂੰ ਤਬਾਹ ਕਰ ਦੇਣਗੇ।" ਕਾਂਗਰਸ ਦੀ ਅਗਵਾਈ ਹੇਠ ਉਸਰੇ 'ਆਜ਼ਾਦ' ਭਾਰਤ ਦੀ ਜੋ ਅਸਲ ਤਾਸੀਰ ਪਿੱਛੋਂ ਸਾਹਮਣੇ ਆਈ, ਉਸ ਬਾਰੇ ਇਹ ਟਿੱਪਣੀ ਕਿੰਨੀ ਢੁਕਵੀਂ ਹੈ। ਆਜ਼ਾਦੀ ਬਾਰੇ ਉਹ ਲਿਖਦੇ ਹਨ, "ਅੰਗਰੇਜ਼ੀ ਸਾਮਰਾਜ ਦੇ ਦੇਸ਼ ਛੱਡਣ ਪਿਛੋਂ ਅਸੀਂ ਇਹ ਸਮਝਿਆ ਸੀ ਕਿ ਸਾਡੇ ਸਵਾਲ ਦਾ ਜਵਾਬ ਮਿਲ ਗਿਆ ਹੈ, ਪਰ ਅਸੀਂ ਅੱਜ 18 ਸਾਲ ਪਿੱਛੋਂ ਜਦੋਂ ਦੇਸ਼ ਦੇ ਹਰ ਪਹਿਲੂ 'ਤੇ ਵਿਚਾਰ ਕਰਦੇ ਹਾਂ ਤਾਂ ਸਾਨੂੰ ਇਹ ਸਾਫ਼ ਨਜ਼ਰ ਆ ਰਿਹਾ ਹੈ ਕਿ ਅੱਜ ਵੀ ਆਜ਼ਾਦੀ ਦੇ 18 ਸਾਲਾਂ ਪਿੱਛੋਂ ਵੀ ਉਸ ਤੋਂ ਵੀ ਵੱਡਾ ਬਣ ਕੇ ਬੜੇ ਭਿਆਨਕ ਰੂਪ 'ਚ ਸਾਡੇ ਸਾਹਮਣੇ ਖੜ੍ਹਾ ਹੈ।" ਜੁਲਾਈ 1970 ਵਿਚ ਉਨ੍ਹਾਂ ਨੇ ਲਿਖਿਆ, "ਜਿਨ੍ਹਾਂ ਸੁਪਨਿਆਂ ਨੂੰ ਸਾਹਮਣੇ ਰੱਖ ਕੇ ਮੈਂ ਤੇ ਮੇਰੇ ਵਰਗੇ ਹੋਰ ਅਨੇਕਾਂ ਦੇਸ਼ ਪਿਆਰੇ ਜੰਗ-ਏ-ਆਜ਼ਾਦੀ ਦੇ ਰਣ ਵਿਚ ਨਿਤਰੇ ਸਨ, ਉਹ ਸਾਕਾਰ ਨਹੀਂ ਹੋਏ ਅਤੇ ਨਾ ਹੀ ਅਜੇ ਸੰਭਾਵਨਾ ਹੈ। ਮੈਂ ਤੇ ਮੇਰੇ ਵਰਗੇ ਹੋਰ ਕਈ ਜੰਗ-ਏ-ਆਜ਼ਾਦੀ ਦੇ ਘੁਲਾਈਏ ਬੁਢਾਪੇ ਦੀ ਡੰਗੋਰੀ ਦੇ ਸਹਾਰੇ ਜਿਉਂਦੇ ਜੀ ਦੇਸ਼ ਦੀ ਨਾਜ਼ੁਕ ਦਸ਼ਾ ਵੇਖ ਕੇ ਬੇਬਸੀ ਦੇ ਅੱਥਰੂ ਕੇਰ ਰਹੇ ਹਾਂ।"


ਬਾਬਾ ਹਰਜਾਪ ਸਿੰਘ ਨੇ ਕਮਿਊਨਿਸਟ ਲਹਿਰ ਅੰਦਰਲੇ ਗ਼ੈਰ-ਕਮਿਊਨਿਸਟ ਅਤੇ ਘਾਤਕ ਹੱਦ ਤਕ ਨੁਕਸਾਨਦੇਹ ਰੁਝਾਨਾਂ ਨੂੰ ਨੇੜਿਓਂ ਦੇਖਿਆ; ਖ਼ਾਸ ਕਰ ਕੇ ਜੇਲ੍ਹ ਜ਼ਿੰਦਗੀ ਦੌਰਾਨ ਉਨ੍ਹਾਂ ਦੇ ਨਾਲ ਵਿਚਰਦਿਆਂ ਹੋਇਆਂ। ਉਹ ਲਿਖਦੇ ਹਨ ਕਿ ਮਨੁੱਖ ਕਿਤੇ ਵੀ ਚਲਿਆ ਜਾਵੇ, ਉਸ ਦਾ ਸਰਮਾਇਆ, ਉਸ ਦੀਆਂ ਸੁਭਾਵਿਕ ਖ਼ੂਬੀਆਂ ਜਾਂ ਨੇਕ ਖ਼ੂਬੀਆਂ, ਆਪਣੇ ਜੌਹਰ ਦਿਖਾਏ ਬਿਨਾਂ ਨਹੀਂ ਰਹਿ ਸਕਦੀਆਂ। ਜਦੋਂ ਇਨਸਾਨ ਦੀ ਪਰਖ ਹੁੰਦੀ ਹੈ, ਉਦੋਂ ਉਸ ਦੀਆਂ ਕਮਜ਼ੋਰੀਆਂ ਉਘੜ ਕੇ ਸਾਹਮਣੇ ਆਉਂਦੀਆਂ ਹਨ। ਦਿਓਲੀ ਅਤੇ ਮੁਜ਼ੱਫ਼ਰਨਗਰ ਜੇਲ੍ਹ ਕੈਂਪਾਂ ਦੀ ਜ਼ਿੰਦਗੀ ਦੌਰਾਨ ਉਹ ਕਮਿਊਨਿਸਟਾਂ ਦੀਆਂ 'ਸ਼ੈਤਾਨੀ ਭਰੀਆਂ ਚਾਲਾਂ' ਨੂੰ ਅੱਖੀਂ ਦੇਖਦੇ ਹਨ ਅਤੇ ਲਿਖਦੇ ਹਨ, "ਸਾਡੇ ਵਿਚ ਭੰਨ-ਤੋੜ ਦੀ ਸ਼ਕਤੀ ਉਤਮ ਕਾਰਜਾਂ ਤੋਂ ਵਧੇਰੇ ਹੈ। ਕਾਸ਼! ਉਸਾਰੂ ਰੁਚੀ ਵੀ ਪ੍ਰਾਪਤ ਹੋਵੇ।" ਉਹ ਪੂਰੀ ਬੇਬਾਕੀ ਨਾਲ ਬਿਆਨ ਕਰਦੇ ਹਨ, ਕਿਵੇਂ ਇਕੋ ਕਾਜ ਨੂੰ ਪ੍ਰਨਾਏ ਹੋਣ ਦੇ ਬਾਵਜੂਦ ਸਾਥੀਆਂ ਦੇ ਦਿਲਾਂ ਵਿਚ ਬਹੁਤ ਜ਼ਿਆਦਾ ਦੂਰੀਆਂ ਸਨ। ਮਾਸਟਰ ਕਾਬਲ ਸਿੰਘ ਵਰਗੇ ਸੂਝਵਾਨ ਸਾਥੀਆਂ ਦੀ ਰਾਇ ਠੀਕ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਨੀਵਾਂ ਦਿਖਾਉਣ ਲਈ ਸਾਜ਼ਿਸ਼ਾਂ ਕੀਤੀਆਂ ਗਈਆਂ। ਉਹ ਕਹਿੰਦੇ ਹਨ ਕਿ ਜੇ ਹਕੂਮਤ ਇਨਕਲਾਬੀਆਂ ਨੂੰ ਗ੍ਰਿਫ਼ਤਾਰ ਕਰ ਕੇ ਕੇਂਦਰੀ ਕੈਂਪ ਵਿਚ ਇਕੱਠੇ ਨਾ ਕਰਦੀ ਤਾਂ ਇਕ-ਦੂਜੇ ਦਾ ਨੇੜਿਓਂ ਅਧਿਐਨ ਕਰਨ ਅਤੇ ਇਕ-ਦੂਜੇ ਦੀਆਂ ਖ਼ਸਲਤਾਂ ਤੇ ਵਿਸ਼ੇਸ਼ਤਾਈਆਂ ਨੂੰ ਸਮਝਣ ਦਾ 'ਏਡਾ ਵੱਡਾ ਰਾਜਸੀ ਤਜਰਬਾ ਕਰਨ' ਦਾ ਅਵਸਰ ਸਾਨੂੰ ਲੱਖਾਂ ਰੁਪਏ ਖ਼ਰਚ ਕੇ ਵੀ ਨਹੀਂ ਸੀ ਮਿਲਣਾ! ਉਹ ਲਿਖਦੇ ਹਨ ਕਿ ਜਦੋਂ ਕਮਿਊਨਿਸਟ ਆਪਣੀਆਂ ਵਿਰੋਧਤਾਈਆਂ ਨੂੰ ਜ਼ਿਦ ਦੀ ਹੱਦ ਤਕ ਖਿੱਚ ਕੇ ਲੈ ਜਾਂਦੇ ਹਨ ਤਾਂ ਇਨਕਲਾਬ ਦੇ ਕਾਜ ਅਤੇ ਪਾਰਟੀ ਦੇ ਹਿੱਤਾਂ ਦਾ ਬੇਥਾਹ ਨੁਕਸਾਨ ਹੋ ਜਾਂਦਾ ਹੈ। ਇਸ ਘਾਟੇ ਦੀ ਪੂਰਤੀ ਕਦੇ ਨਹੀਂ ਹੋ ਸਕਦੀ।

ਕਮਿਊਨਿਸਟ ਇਖ਼ਲਾਕ ਦੇ ਪੱਖੋਂ ਨਿਘਾਰ ਦੀ ਖ਼ਾਸ ਮਿਸਾਲ ਉਹ ਦਿਓਲੀ ਕੈਂਪ ਵਿਚ ਹੋਈ ਭੁੱਖ ਹੜਤਾਲ ਦੀ ਦਿੰਦੇ ਹਨ ਜਿਥੇ ਕੁਝ ਕਮਿਊਨਿਸਟ ਆਗੂ ਨਿੱਜੀ ਸਹੂਲਤਾਂ ਲਈ ਜੇਲ੍ਹ ਅਧਿਕਾਰੀਆਂ ਨਾਲ ਮੇਲ-ਮਿਲਾਪ ਰੱਖਦੇ ਰਹੇ ਅਤੇ ਆਪਣੀਆਂ ਮੰਗਾਂ ਪ੍ਰਤੀ ਜਦੋਜਹਿਦ ਨੂੰ ਕਿਸੇ ਤਣ-ਪੱਤਣ ਲਗਾਏ ਬਿਨਾਂ ਹੀ ਭੁੱਖ ਹੜਤਾਲ ਬਿਨਾਂ ਸ਼ਰਤ ਵਾਪਸ ਲੈ ਲਈ ਗਈ। ਸਿਰਫ਼ 56 ਦੇਸ਼ ਭਗਤਾਂ ਵਲੋਂ ਹੀ ਹੜਤਾਲ ਨੂੰ ਜਿੱਤ ਤਕ ਜਾਰੀ ਰੱਖਿਆ ਗਿਆ।

ਜੇਲ੍ਹ ਅੰਦਰ ਆਗੂਆਂ ਦੀ ਤੰਗ-ਨਜ਼ਰੀ ਦੇ ਭਰਪੂਰ ਦੀਦਾਰ ਹੋਏ। ਨਾਪਸੰਦ ਸਾਥੀਆਂ ਦੇ ਸਮਾਜਕ ਬਾਈਕਾਟ ਤਕ ਦੀ ਨੌਬਤ ਆਉਂਦੀ ਰਹੀ। ਕਮਿਊਨਿਸਟ ਲੀਡਰਸ਼ਿਪ ਦੀਆਂ ਬੱਜਰ ਗ਼ਲਤੀਆਂ ਬਹੁਤ ਸਾਰੇ ਕੁਰਬਾਨੀਆਂ ਵਾਲੇ ਨਿਹਚਾਵਾਨ ਸਾਥੀਆਂ ਵਿਚ ਭਾਰੀ ਬਦਜ਼ਨੀ ਪੈਦਾ ਕਰਨ, ਉਨ੍ਹਾਂ ਨੂੰ ਪਾਰਟੀ ਤੋਂ ਬਾਹਰ ਧੱਕਣ ਦਾ ਕਾਰਨ ਬਣਦੀਆਂ ਰਹੀਆਂ। ਬਾਬਾ ਹਰਜਾਪ ਸਿੰਘ 'ਇਤਿਹਾਸਕ ਲੋੜ' ਦੇ ਨਾਂ ਹੇਠ ਕਮਿਊਨਿਸਟ ਪਾਰਟੀ ਵਲੋਂ ਆਜ਼ਾਦੀ ਚਾਹੁਣ ਵਾਲੀਆਂ ਪਾਰਟੀਆਂ ਵਿਚ ਫੁੱਟ ਪਾਉਣ ਦੀ ਵੀ ਤਿੱਖੀ ਆਚੋਲਨਾ ਕਰਦੇ ਹਨ। ਇਸ ਨੂੰ ਕਮਿਊਨਿਸਟ ਲਹਿਰ ਦੀ ਬਦਕਿਸਮਤੀ ਹੀ ਕਹਿ ਲਓ ਜੋ ਆਪਣੇ ਕਾਜ ਨੂੰ ਅੱਗੇ ਵਧਾਉਣ ਅਤੇ ਆਪਣੀਆਂ ਗ਼ਲਤੀਆਂ ਤੇ ਘਾਟਾਂ-ਕਮਜ਼ੋਰੀਆਂ ਦੀ ਸ਼ਨਾਖਤ ਕਰਨ ਲਈ ਬਾਬਾ ਹਰਜਾਪ ਸਿੰਘ ਵਰਗੇ ਸੂਝਵਾਨ ਰਾਜਸੀ ਆਗੂਆਂ ਦੀ ਸੂਝ ਦਾ ਫ਼ਾਇਦਾ ਨਹੀਂ ਉਠਾ ਸਕੀ। ਅੱਜ ਵੀ ਕਮਿਊਨਿਸਟ ਲਹਿਰ ਦੇ ਕੌੜੇ-ਮਿੱਠੇ ਤਜਰਬਿਆਂ ਬਾਰੇ ਬਾਬਾ ਜੀ ਦੀਆਂ ਅੱਖਾਂ ਖੋਲ੍ਹਣ ਵਾਲੀਆਂ, ਬਹੁ-ਮੁੱਲੀਆਂ ਲਿਖਤਾਂ ਦਾ ਛਪਣਾ ਕਾਬਲੇ-ਸਵਾਗਤ ਹੈ, ਕਿਉਂਕਿ ਇਸ ਨਾਲ ਇਤਿਹਾਸ ਦੀ ਖੋਜ ਦੇ ਨਵੇਂ ਦਿਸਹੱਦੇ ਸਾਹਮਣੇ ਆਉਣਗੇ।

# ਵਪਾਰੀ, ਭਿਖਾਰੀ ਤੇ ਭੇਟਾ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਸੜਕ ਕਿਨਾਰੇ ਪੈਦਲ ਜਾਣ ਵਾਲਿਆਂ ਲਈ ਛੱਡੇ ਕੱਚੇ ਰਸਤੇ ਉਪਰ ਕੋਈ ਭਲਾ ਲੋਕ ਤੁਰਿਆ ਜਾ ਰਿਹਾ ਹੈ, ਪਿਛਿਓਂ ਆ ਰਹੀ ਕਿਸੇ ਨਸ਼ੇੜੀ ਡਰਾਈਵਰ ਦੀ ਤੇਜ਼ ਰਫ਼ਤਾਰ ਬੱਸ ਉਹਨੂੰ ਫੇਟ ਮਾਰ ਜਾਂਦੀ ਹੈ। ਰੱਬ ਦੀ ਮਿਹਰ ਨਾਲ ਜੇ ਉਹ ਬਚ ਵੀ ਜਾਵੇ, ਤਦ ਵੀ ਉਹ ਕਈ ਗਜ਼ ਦੂਰ ਤੱਕ ਘੜੀਸਿਆ ਹੋਇਆ ਇਨਸਾਨ, ਥਾਂ-ਥਾਂ ਤੋਂ ਪੱਛਿਆ ਪਿਆ ਹੋਵੇਗਾ। ਬੱਸ, ਐਨ੍ਹ ਇਸ ਫੱਟੜ ਬੰਦੇ ਵਾਂਗ ਸਾਡੀਆਂ ਕਈ ਧਾਰਮਿਕ ਪ੍ਰੰਪਰਾਵਾਂ, ਰਵਾਇਤਾਂ ਅਤੇ ਮਾਨਤਾਵਾਂ ਨੂੰ ਪਦਾਰਥਵਾਦ ਜਾਂ ਮੁਨਾਫ਼ਾਖੋਰੀ ਦੀਆਂ ਚੱਲ ਰਹੀਆਂ ਤੇਜ਼ ਰਫ਼ਤਾਰ ਕਾਲੀਆਂ ਬੋਲੀਆਂ ਹਨੇਰੀਆਂ ਨੇ ਜ਼ਖਮੀ ਕੀਤਾ ਹੋਇਆ ਹੈ।

ਮੰਨੀਏ ਚਾਹੇ ਨਾ ਮੰਨੀਏ, ਅਜਿਹੀ ਮਾਰ ਥੱਲੇ ਆਈਆਂ ਕਈ ਰੀਤਾਂ-ਰਵਾਇਤਾਂ ਦਾ ਕੋਈ ਢੁਕਵਾਂ ਇਲਾਜ ਸਾਨੂੰ ਸੁੱਝ ਨਹੀਂ ਰਿਹਾ। ਇਨ੍ਹਾਂ ਦਾ ਕੋਈ ਯੋਗ ਬਦਲ ਲੱਭਣ ਵਿਚ ਸਾਡੇ ਚਿੰਤਕ ਜਾਂ ਧਾਰਮਿਕ ਆਗੂ ਅਸਮਰੱਥ ਦਿਖਾਈ ਦੇ ਰਹੇ ਹਨ। ਇਨ੍ਹਾਂ ਵਿਚੋਂ ਇਕ ਖਾਸ ਹੈ ਰਾਗੀਆਂ, ਢਾਡੀਆਂ ਅਤੇ ਪ੍ਰਚਾਰਕਾਂ ਦੇ ਮਿਹਨਤਾਨੇ ਬਾਬਤ ਕਿਸੇ ਪ੍ਰਵਾਨਿਤ ਵਿਧੀ-ਵਿਧਾਨ ਦਾ ਨਾ ਹੋਣਾ। ਇਥੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀ ਮੁਲਾਜ਼ਮਤ ਕਰ ਰਹੇ ਰਾਗੀਆਂ ਪ੍ਰਚਾਰਕਾਂ ਦੀਆਂ ਤਨਖਾਹਾਂ ਦੀ ਗੱਲ ਨਹੀਂ ਕੀਤੀ ਜਾ ਰਹੀ। ਇਨ੍ਹਾਂ ਧਾਰਮਿਕ ਸਥਾਨਾਂ ਵਿਚ ਵੀ ਧਰਮ ਪ੍ਰਚਾਰਕਾਂ ਦੀਆਂ ਤਨਖਾਹਾਂ ਭਾਵੇਂ ਘੱਟ ਹੁੰਦੀਆਂ ਹਨ, ਪਰ ਉਥੇ ਸਰਕਾਰੀ ਅਦਾਰਿਆਂ ਵਾਂਗ ਕੋਈ ਨਾ ਕੋਈ ਕਾਇਦਾ-ਕਾਨੂੰਨ ਹੁੰਦਾ ਹੈ। ਇਹੀ ਪ੍ਰਚਾਰਕ ਕੀਰਤਨੀਏ ਜਦੋਂ ਆਮ ਸਿੱਖ ਸ਼ਰਧਾਲੂਆਂ ਦੇ ਘਰਾਂ ਵਿਚ ਸਮਾਗਮਾਂ 'ਤੇ ਜਾਂਦੇ ਹਨ, ਤਦ ਉਥੇ ਕਈ ਤਰ੍ਹਾਂ ਦੀਆਂ ਅਣ-ਸੁਖਾਵੀਆਂ ਗੱਲਾਂ ਸੁਣਨ ਨੂੰ ਮਿਲਦੀਆਂ ਹਨ।

ਅਜਿਹੇ ਮੌਕਿਆਂ 'ਤੇ ਕਈ ਵਾਰ ਦੇਖਣ ਵਿਚ ਆਉਂਦਾ ਹੈ ਕਿ ਘਰ ਵਾਲਿਆਂ ਨੇ ਸਮਾਗਮ ਦੀ ਸ਼ਾਨੋ-ਸ਼ੌਕਤ ਵਧਾਉਣ ਲਈ ਤਾਂ ਪੈਸਾ ਪਾਣੀ ਵਾਂਗ ਰੋੜ੍ਹਿਆ ਹੋਇਆ ਹੁੰਦਾ ਹੈ, ਪਰ ਜਦ ਰਾਗੀ ਪ੍ਰਚਾਰਕ ਭੇਟਾ ਮੰਗ ਲੈਣ ਤਾਂ ਉਨ੍ਹਾਂ ਨੂੰ ਸੌ-ਸੌ ਮਿਹਣੇ ਮਾਰੇ ਜਾਂਦੇ ਹਨ। ਸਬਰ ਸੰਤੋਖ ਤੋਂ ਹੀਣੇ ਅਤੇ 'ਪੂਜਾ ਦਾ ਧਾਨ' ਖਾਣ ਵਾਲੇ ਤੱਕ ਕਹਿ ਕੇ ਜ਼ਲੀਲ ਕੀਤਾ ਜਾਂਦਾ ਹੈ। ਉਸ ਮੌਕੇ ਸ਼ਰਧਾਲੂ-ਜਨ ਇਹ ਭੁੱਲ ਜਾਂਦੇ ਹਨ ਕਿ ਪ੍ਰਚਾਰਕ ਸ਼੍ਰੇਣੀ ਨੇ ਵੀ ਆਪਣੇ ਬਾਲ ਬੱਚੇ ਪਾਲਣੇ ਨੇ। ਅਜੋਕੇ ਵਿਆਹ ਸ਼ਾਦੀਆਂ ਮੌਕੇ ਉਦੋਂ ਹਾਲਤ ਬਹੁਤ ਹਾਸੋ-ਹੀਣੀ ਬਣ ਜਾਂਦੀ ਹੈ, ਜਦੋਂ ਮਨੋਰੰਜਨ ਹਿੱਤ ਬੁਲਾਏ ਗਏ ਕਿਸੇ ਗਾਇਕ ਨੂੰ ਤਾਂ ਮੂੰਹ ਮੰਗੇ ਪੈਸੇ ਦਿੱਤੇ ਜਾਂਦੇ ਹਨ ਜੋ ਹਜ਼ਾਰਾਂ ਲੱਖਾਂ ਦੇ ਵਿਚ ਹੁੰਦੇ ਹਨ, ਪਰ ਧਾਰਮਿਕ ਰਸਮਾਂ ਨਿਭਾਉਣ ਵਾਲੇ ਰਾਗੀਆਂ ਢਾਡੀਆਂ ਨੂੰ ਸੈਂਕੜਿਆਂ ਵਿਚ ਹੀ ਸਾਰ ਦਿੱਤਾ ਜਾਂਦਾ ਹੈ। ਉਹ ਵੀ ਕਈ ਵਾਰੀ 'ਬੁੜ-ਬੁੜ' ਕਰਦਿਆਂ।

ਇਸ ਸਿਲਸਿਲੇ ਵਿਚ ਸਿੱਖ ਰਹੁ ਰੀਤਾਂ ਅਨੁਸਾਰ ਹੁੰਦੇ ਆਨੰਦ ਕਾਰਜਾਂ ਦੀ ਗੱਲ ਕਰਨੀ ਇਥੇ ਕੁਥਾਂ ਨਹੀਂ ਹੋਵੇਗੀ। ਅਨੰਦ ਕਾਰਜ ਕਰਾਉਣ ਵਾਲੇ ਗ੍ਰੰਥੀ ਸਿੰਘ ਅਤੇ ਰਾਗੀ ਸਿੰਘਾਂ ਨੂੰ ਭੇਟਾ ਦਿੱਤੀ ਜਾਂਦੀ ਹੈ, ਜਦਕਿ ਗੁਰੂ ਅਮਰਦਾਸ ਜੀ ਆਪਣੀ ਬਾਣੀ ਵਿਚ ਉਸ ਪਾਂਧੇ ਦੀ ਜ਼ਮੀਰ ਨੂੰ ਹਲੂਣਦੇ ਹੋਏ ਉਸ ਨੂੰ ਪੁੱਛਦੇ ਹਨ ਕਿ ਜਿਹੋ ਜਿਹੀ ਜਜ਼ਮਾਨ ਦੀ ਪੁੱਤਰੀ, ਤਿਹੋ ਜਿਹੀ ਤੇਰੀ



ਧੀ; ਤੈਨੂੰ ਦਾਨ-ਦੱਛਣਾ ਲੈ ਕੇ ਵਿਆਹ ਕਰਵਾਉਂਦੇ ਨੂੰ ਲੱਜਾ ਨਹੀਂ ਆਉਂਦੀ? ਇਹ ਧਾਨ ਖਾ ਕੇ ਕਿਉਂ ਤੂੰ ਆਪਣਾ ਜਨਮ ਗੰਵਾ ਰਿਹਾ ਹੈਂ?

ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ ਏਤੁ ਧਾਨਿ
ਖਾਧੈ ਤੇਰਾ ਜਨਮੁ ਗਇਆ॥ (ਅੰਗ 435)

ਇਹ ਗੱਲ ਵੀ ਜਾਇਜ਼ ਨਹੀਂ ਕਿ ਸਾਰਾ ਦਿਨ ਕਾਠ ਮਾਰ ਕੇ ਬੈਠੇ ਰਹਿਣ ਵਾਲੇ ਪਾਠੀ-ਰਾਗੀ ਸ਼ਾਮ ਨੂੰ ਖਾਲੀ ਹੱਥ ਆਪਣੇ ਘਰੇ ਚਲੇ ਜਾਇਆ ਕਰਨ। ਜੇ ਜੀਵਨ-ਗੱਡੀ ਤੋਰਨ ਹਿੱਤ ਉਹ ਕੁਝ ਭੇਟਾ ਲੈਂਦੇ ਹਨ ਤਾਂ ਗੁਰਬਾਣੀ ਦੇ ਉਕਤ ਫਰਮਾਨ ਨੂੰ ਉਹ ਕਿਸ ਪ੍ਰਸੰਗ ਵਿਚ ਸਮਝਣ/ਦੇਖਣ? ਇਸ 'ਸਮੱਸਿਆ' ਦੇ ਹੱਲ ਲਈ ਹਾਲੇ ਤੱਕ ਸਾਡਾ ਧਾਰਮਿਕ ਪ੍ਰਬੰਧ ਕੋਈ ਫੈਸਲਾ ਨਹੀਂ ਕਰ ਸਕਿਆ। ਬੱਸ, ਚਲਦੀ ਰੀਤ ਮੁਤਾਬਕ ਧੀਆਂ ਵਿਆਹੁਣ ਵਾਲੇ ਭੇਟਾ ਦੇ ਰਹੇ ਹਨ ਅਤੇ ਰਾਗੀ ਪਾਠੀ ਅੰਗੀਕਾਰ ਕਰੀ ਜਾ ਰਹੇ ਹਨ। ਉਂਜ ਪਾਠੀ ਸਿੰਘ ਨੂੰ 'ਗੁਰੂ ਮਹਾਰਾਜ ਦਾ ਵਜ਼ੀਰ' ਕਿਹਾ ਜਾਂਦਾ ਹੈ ਅਤੇ ਰਾਗੀ ਪ੍ਰਚਾਰਕਾਂ ਨੂੰ 'ਭਲੋ ਭਲੋ ਰੇ ਕੀਰਤਨੀਆ' ਵਾਲੀ ਤੁਕ ਰਾਹੀਂ ਵਡਿਆਇਆ ਜਾਂਦਾ ਹੈ, ਪਰ ਉਨ੍ਹਾਂ ਨਾਲ ਵਰਤੋਂ-ਵਿਹਾਰ ਕਰਨ ਵੇਲੇ ਉਕਤ ਦੋਹਾਂ ਸਨਮਾਨਾਂ ਨੂੰ ਪਿੱਠ ਦੇ ਦਿੱਤੀ ਜਾਂਦੀ ਹੈ।

ਜਿਵੇਂ ਮਾਇਕ ਚਕਾ-ਚੌਂਧ ਅਤੇ ਬਾਜ਼ਾਰੂ ਸੋਚ ਦੀ ਮਾਰ ਦਾ ਜ਼ਿਕਰ ਪਹਿਲਾਂ ਕੀਤਾ ਹੀ ਜਾ ਚੁੱਕਾ ਹੈ, ਇਸ ਮਾਰੂ ਰੁਝਾਨ ਨੇ ਸਾਰਾ ਢਾਂਚਾ ਹੀ ਤਹਿਸ-ਨਹਿਸ ਕਰ ਛੱਡਿਆ ਹੈ। ਪੰਜਵੇਂ ਗੁਰੂ ਨੇ ਵੀ 673 ਅੰਗ 'ਤੇ ਫਰਮਾਇਆ ਹੋਇਆ ਹੈ ਕਿ ਜਿਸ ਮਾਇਆ ਨੇ ਤਿੰਨਾਂ ਗੁਣਾਂ ਸਮੇਤ ਸਾਰਾ ਸੰਸਾਰ ਆਪਣੇ ਵੱਸ ਵਿਚ ਲਿਆ ਹੋਇਆ ਹੈ, ਉਸ ਨੇ ਯੱਗ, ਇਸ਼ਨਾਨ, ਜਪ-ਤਪ ਦੇ ਨਾਲ-ਨਾਲ ਵੱਡੇ-ਵੱਡੇ ਧਾਰਮਿਕ ਸਥਾਨ ਵੀ 'ਖੰਡਿਤ' ਕਰ ਛੱਡੇ ਹਨ।

ਸੁਣਿਆ ਹੈ, ਮਹਾਰਾਜਾ ਰਣਜੀਤ ਸਿੰਘ ਸ੍ਰੀ ਦਰਬਾਰ ਸਾਹਿਬ ਦੇ ਕਿਸੇ ਲੋੜਵੰਦੇ ਰਾਗੀ ਦਾ ਆਰਥਿਕ ਸੰਕਟ ਦੂਰ ਕਰਨ ਹਿੱਤ ਉਸ ਦੇ ਘਰੇ ਗਿਆ ਤਾਂ ਅੱਗਿਓਂ ਉਸ ਰਾਗੀ ਨੇ ਮਹਾਰਾਜੇ ਨੂੰ ਇਹ ਕਹਿ ਕੇ 'ਬਰੰਗ' ਮੋੜ ਦਿੱਤਾ ਸੀ ਕਿ ਜਿਸ ਗੁਰੂ ਰਾਮ ਦਾਸ ਜੀ ਨੇ ਤੈਨੂੰ ਬਾਦਸ਼ਾਹੀ ਬਖਸ਼ੀ ਹੋਈ ਹੈ, ਉਹ ਸਤਿਗੁਰੂ ਮੇਰੀ ਗਰੀਬੀ ਵੀ ਦੂਰ ਕਰੇਗਾ। ਇੰਜ ਹੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਮੁੰਦ ਸਿੰਘ ਨੇ ਰਬਿੰਦਰ ਨਾਥ ਟੈਗੋਰ ਦੀ 'ਡਬਲ ਤਨਖਾਹ' ਦੀ ਪੇਸ਼ਕਸ਼ ਠੁਕਰਾਉਂਦਿਆਂ, ਸ੍ਰੀ ਦਰਬਾਰ ਸਾਹਿਬ ਛੱਡ ਕੇ ਸ਼ਾਂਤੀ ਨਿਕੇਤਨ ਜਾਣ ਤੋਂ ਇਨਕਾਰ ਕਰ ਦਿੱਤਾ ਸੀ। ਦੇਖੋ ਸਾਡੇ ਰਾਗੀਆਂ ਦਾ ਅਤੀਤ...! ਤੇ ਹੁਣ ਉਹ 'ਭਾਈ ਸਾਹਿਬ' ਜਾਂ 'ਸ਼੍ਰੋਮਣੀ ਰਾਗੀ' ਦੀਆਂ ਪਦਵੀਆਂ ਲੈਣ ਲਈ ਕੀ-ਕੀ ਪਾਪੜ ਵੇਲਦੇ ਨੇ!

ਲਗਭਗ ਦੋ ਦਹਾਕਿਆਂ ਤੋਂ ਵੱਧ ਸਮਾਂ ਮੈਂ ਖੁਦ ਪ੍ਰਚਾਰਕ ਸ਼੍ਰੇਣੀ ਵਿਚ ਵਿਚਰਦਾ ਰਿਹਾ ਹਾਂ। ਰਾਗੀਆਂ ਢਾਡੀਆਂ ਤੇ ਪ੍ਰਚਾਰਕਾਂ ਨਾਲ ਵਾਬਸਤਾ ਰਹਿਣਾ ਮੈਨੂੰ ਵਿਰਸੇ ਵਿਚ ਮਿਲਿਆ ਹੈ। ਮੇਰਾ ਬਾਪ ਖੁਦ ਭਾਵੇਂ ਰਾਗੀ ਨਹੀਂ ਸੀ, ਪਰ ਉਹ ਬੁਲਾਰਿਆਂ ਦਾ ਬੇਹੱਦ ਪ੍ਰਸ਼ੰਸਕ ਤੇ ਕਦਰਦਾਨ ਸੀ। ਉਸ ਦੇ ਬੁਢਾਪੇ ਤੱਕ ਪਹੁੰਚਦਿਆਂ-ਪਹੁੰਚਦਿਆਂ ਜਦੋਂ ਬਹੁਤੇ ਰਾਗੀਆਂ ਵੱਲੋਂ ਭੇਟਾ ਮੰਗਣ ਦਾ ਰਿਵਾਜ਼ ਸ਼ੁਰੂ ਹੋ ਗਿਆ, ਤਦ ਉਹ ਇਸ ਸ਼੍ਰੇਣੀ ਤੋਂ ਬਹੁਤ ਮਾਯੂਸ ਹੋ ਗਿਆ। ਭਗਤ ਕਬੀਰ ਦੇ ਕਹਿਣ ਮੁਤਾਬਕ 'ਸੰਤਨ ਕੀ ਬੈਰਨ' ਅਤੇ 'ਤੀਨ ਲੋਕ ਕੀ ਪਿਆਰੀ' ਮਾਇਆ, ਪ੍ਰਚਾਰਕ ਸ਼੍ਰੇਣੀ 'ਤੇ ਵੀ ਵਾਰਦ ਹੋਣੀ ਸ਼ੁਰੂ ਹੋ ਗਈ।

ਪਿੰਡ ਵਿਚ ਰਹਿਣ ਵੇਲੇ ਮੈਂ ਪਿਤਾ-ਪੁਰਖੀ ਡਿਊਟੀ ਨਿਭਾਉਂਦਿਆਂ ਆਲੇ-ਦੁਆਲੇ ਮਿੱਤਰਾਂ ਦੋਸਤਾਂ ਦੇ ਘਰਾਂ ਵਿਚ ਹੋਣ ਵਾਲੇ ਵਿਆਹ-ਕੁੜਮਾਈਆਂ ਜਾਂ ਭੋਗਾਂ ਮੌਕੇ ਰਾਗੀ ਢਾਡੀ ਜਾਂ ਕਥਾ ਵਾਚਕ ਬੁਲਾਉਣ ਦੀ ਸੇਵਾ ਕਰਦਾ ਰਿਹਾ। ਕੋਈ ਇਕ-ਅੱਧਾ ਮਾਈ ਦਾ ਲਾਲ ਭਾਵੇਂ ਬਗੈਰ ਭੇਟਾ ਮਿਥੇ ਤੋਂ ਆਇਆ ਹੋਊ, ਨਹੀਂ ਤਾਂ ਸਾਰੇ ਹੀ ਆਪਣੀ ਡਾਇਰੀ 'ਤੇ ਤਰੀਕ ਨੋਟ ਕਰਨ ਤੋਂ ਪਹਿਲਾਂ, ਆਪਣਾ ਰੇਟ ਦੱਸਣੋਂ ਨਹੀਂ ਸੀ ਭੁੱਲਦੇ ਹੁੰਦੇ। ਕਈਆਂ ਦੀ ਹਾਈ-ਫਾਈ ਭੇਟਾ ਸੁਣ ਕੇ ਕਈ ਵਾਰ ਕਿਸੇ ਹੋਰ 'ਸਸਤੇ ਰਾਗੀ' ਨੂੰ ਹੀ 'ਬੁੱਕ' ਕਰ ਲਿਆ ਕਰਦਾ ਸਾਂ।

ਸੰਨ 2008 ਵਿਚ ਆਪਣੇ ਬੇਟੇ ਦਾ ਵਿਆਹ ਕਰਨ ਗਏ ਨੇ ਮੈਂ ਕੁਝ ਦਿਨ ਪਹਿਲਾਂ ਆਪਣੇ ਪਿੰਡ ਕਿਸੇ ਦੇ ਆਨੰਦ ਕਾਰਜ ਮੌਕੇ ਆਪਣਾ ਮਿੱਤਰ ਰਾਗੀ ਸਿੰਘ ਬੁਲਾਇਆ ਜੋ ਸ੍ਰੀ ਦਰਬਾਰ ਸਾਹਿਬ ਦੇ ਜਥਿਆਂ ਵਿਚੋਂ ਏ ਸ਼੍ਰੇਣੀ ਦਾ ਪ੍ਰਸਿੱਧ ਰਾਗੀ ਹੈ। ਉਸ ਨੇ ਦੋਸਤੀ ਕਾਰਨ ਮੈਨੂੰ ਭੇਟਾ ਬਾਰੇ ਅਗਾਓਂ ਕੁਝ ਨਾ ਦੱਸਿਆ। ਕੀਰਤਨ ਸਮਾਪਤੀ ਉਪਰੰਤ ਮੈਂ ਮੌਕੇ ਦੇ ਲਿਹਾਜ਼ ਨਾਲ ਸੋਚ ਵਿਚਾਰ ਕੇ ਉਨ੍ਹਾਂ ਨੂੰ ਪੰਜ ਹਜ਼ਾਰ ਭੇਟਾ ਫੜਾ ਦਿੱਤੀ। ਮੇਰੇ ਮੂੰਹ ਨੂੰ ਉਨ੍ਹਾਂ ਨੇ ਪੰਜ ਸੌ ਰੁਪਿਆ ਉਸ ਘਰ ਦੀ ਲੜਕੀ ਨੂੰ ਕੰਨਿਆਦਾਨ ਦਿੱਤਾ ਅਤੇ ਬੜੀ ਖੁਸ਼ੀ ਨਾਲ ਉਥੋਂ ਰੁਖਸਤ ਹੋ ਗਏ।

ਕੁਝ ਦਿਨਾਂ ਬਾਅਦ ਮੇਰੇ ਆਪਣੇ ਘਰੇ ਬੇਟੇ ਦੇ ਵਿਆਹ ਮੌਕੇ ਸਹਿਜ ਪਾਠ ਦਾ ਭੋਗ ਪਿਆ। ਉਨ੍ਹਾਂ ਦਿਨਾਂ ਵਿਚ ਮੇਰਾ ਬੇਟਾ ਉਸ ਰਾਗੀ ਦਾ ਵੱਡਾ 'ਫੈਨ' ਬਣਿਆ ਹੋਇਆ ਸੀ ਜੋ ਆਪਣੇ ਨਾਂ ਪਿਛੇ ਜਾਤ-ਗੋਤ ਵੀ ਟੰਗੀ ਫਿਰਦਾ ਹੈ ਅਤੇ ਹਰ ਥਾਂ ਇਕ ਸ਼ਬਦ ਗਾ ਕੇ ਮਗਰੋਂ ਸਾਧਾਂ ਦੀਆਂ ਮਨਘੜਤ 'ਸਾਖੀਆਂ' ਸੁਣਾਉਣ ਲੱਗ ਪੈਂਦਾ ਹੈ। ਬੇਟੇ ਦੀ ਪਸੰਦ ਵਿਚ ਮੈਂ ਅੜਿੱਕਾ ਬਣਨਾ ਮੁਨਾਸਬ ਨਾ ਸਮਝਿਆ। ਆਡੀਓ ਵੀਡੀਓ ਟੇਪਾਂ ਰਾਹੀਂ ਮਸ਼ਹੂਰ ਹੋਏ ਇਸ ਰਾਗੀ ਨੇ ਸਾਡੇ ਘਰੇ ਕੀਰਤਨ ਕੀਤਾ। ਸਮਾਪਤੀ 'ਤੇ ਪੰਜ ਹਜ਼ਾਰ ਵਾਲਾ ਲਿਫ਼ਾਫਾ ਹੀ ਮੈਂ ਉਸ ਦੇ ਵਾਜੇ 'ਤੇ ਰੱਖ ਦਿੱਤਾ। ਵਾਜੇ ਤਬਲੇ ਚੁੱਕ ਕੇ ਉਹ ਪੰਡਾਲ ਤੋਂ ਬਾਹਰ ਚਲੇ ਗਏ ਤੇ ਬੇਟੇ ਨੂੰ ਕੁੜਮਾਈ ਪੈਣ ਦੀ ਰਸਮ ਸ਼ੁਰੂ ਹੋ ਗਈ। ਸੱਗੇ-ਰੱਤੇ ਪ੍ਰਾਹੁਣੇ ਤੇ ਸਾਰੇ ਰਿਸ਼ਤੇਦਾਰ ਜੁੜੇ ਬੈਠੇ ਸਨ। ਕਾਕੇ ਨੂੰ ਛੁਆਰਾ ਲੱਗ ਰਿਹਾ ਸੀ ਤਾਂ ਇਕ ਮੁੰਡਾ ਮੇਰੇ ਕੰਨ 'ਚ ਆ ਕੇ ਕਹਿੰਦਾ, "ਅੰਕਲ ਜੀ, ਤੁਹਾਨੂੰ ਬਾਹਰ ਰਾਗੀ ਬੁਲਾਉਂਦੇ ਐ।" 'ਆਉਂਦਾ ਹਾਂ' ਕਹਿ ਕੇ ਮੈਂ ਬੈਠਾ ਰਿਹਾ। ਪੰਜਾਂ ਕੁ ਮਿੰਟਾਂ ਬਾਅਦ ਫਿਰ ਬਾਹਰੋਂ ਸੁਨੇਹਾ ਆ ਗਿਆ। ਬਾਹਰ ਆ ਕੇ, ਆਪਣੇ ਬੇਟੇ ਦੇ ਗੂੜ੍ਹੇ ਮਿੱਤਰ ਬਣੇ ਉਸ ਰਾਗੀ ਨੂੰ ਮੈਂ ਹੱਥ ਜੋੜਦਿਆਂ ਪੁੱਛਿਆ, "ਹੁਕਮ ਕਰੋ ਜੀ?"

"ਸਾਡੀ ਭੇਟਾ ਤੇ ਦਸ ਹਜ਼ਾਰ ਹੋਂਦੀ ਏ ਜਥੇਦਾਰ ਜੀ।"

ਇਸ 'ਹੁਕਮ' ਅਨੁਸਾਰ ਮੈਂ ਪੰਜ ਹਜ਼ਾਰ ਹੋਰ ਦੇ ਦਿੱਤਾ। ਇੰਜ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਨਾਲੋਂ ਵੀ 'ਡਬਲ ਭੇਟਾ' ਲੈ ਕੇ, ਬਿਨਾਂ ਲੰਗਰ ਛਕੇ ਹੀ ਉਹ 'ਅਹੁ ਗਏ ਅਹੁ ਗਏ'।

ਮੇਰੀ ਹੁਣ ਤੱਕ ਦੀ ਜ਼ਿੰਦਗੀ ਵਿਚ ਭੇਟਾ ਪੁੱਛੇ ਜਾਣ 'ਤੇ ਸਭ ਤੋਂ ਵਧੀਆ ਅਤੇ ਢੁਕਵਾਂ ਜਵਾਬ ਦਿੱਤਾ ਗਿਆਨੀ ਸਾਹਿਬ ਸਿੰਘ ਮਾਰਕੰਡਾ ਵਾਲਿਆਂ ਨੇ। ਆਪਣੇ ਗੁਆਂਢੀ ਪਿੰਡ ਕੰਗਣਾ ਬੇਟ ਦੇ ਇਕ ਪਰਿਵਾਰ ਵੱਲੋਂ ਕਹੇ 'ਤੇ ਮੈਂ ਭਾਈ ਸਾਹਿਬ ਨੂੰ ਪ੍ਰੋਗਰਾਮ ਦੀ ਤਰੀਕ ਨੋਟ ਕਰਾਈ। ਭੇਟਾ ਪੁੱਛੀ। ਕਹਿੰਦੇ, ਸੁਣ ਲਓ ਮੇਰੀ ਭੇਟਾ-"ਨਾ ਮੈਂ ਭਿਖਾਰੀ ਹਾਂ ਕਿ ਪੱਲਾ ਅੱਡ ਕੇ ਭੇਟਾ ਮੰਗਦਾ ਫਿਰਾਂ, ਨਾ ਮੈਂ ਵਪਾਰੀ ਹਾਂ ਕਿ ਕਥਾ ਦਾ 'ਮੁੱਲ' ਦੱਸਾਂ...ਤੇ ਮੈਂ ਤਿਆਗੀ ਵੀ ਨਹੀਂ ਹਾਂ ਜੀ!" ਇਹ ਭਾਵਪੂਰਤ ਉਤਰ ਸੁਣ ਕੇ ਮੈਂ ਨਿਹਾਲ ਹੋ ਗਿਆ। ਗਿਆਨੀ ਜੀ ਦੇ ਕਹੇ ਇਹ ਸ਼ਬਦ ਇਸ ਆਸ ਨਾਲ ਇਥੇ ਲਿਖ ਰਿਹਾ ਹਾਂ, ਤਾਂ ਕਿ ਇਹ ਪੜ੍ਹਨ-ਸੁਣਨ ਵਾਲੇ ਰਾਗੀਆਂ, ਢਾਡੀਆਂ, ਪ੍ਰਚਾਰਕਾਂ ਅਤੇ ਸ਼ਰਧਾਲੂਆਂ ਦੇ ਹਿਰਦਿਆਂ ਵਿਚ ਵਸ ਜਾਣ।

## ਕਾਵਿ-ਕਿਆਰੀ

### ਕੂੜਾ-ਕਰਕਟ ਫਰੋਲਣ ਵਾਲੇ ਬੱਚੇ ਦੇ ਮਨ ਦੀ
# ਵੇਦਨਾ

ਰਾਤੀਂ ਮੈਨੂੰ ਸੁਫਨਾ ਆਇਆ,
ਰੱਜ ਕੇ ਰੋਟੀ ਖਾਧੀ।
ਨਾਲੇ ਮਾਂ ਲਿਆਈ ਮੇਰੇ ਲਈ,
ਝੱਗਾ, ਸੁੱਥਨ ਪਾਟੀ।
ਅੱਧ-ਵਿਚਾਲੇ ਸੁਫਨਾ ਟੁੱਟਾ,
ਸੁਣ ਕੇ ਕਾਂਵਾਂ-ਰੌਲੀ।
ਮਾਂ ਮੇਰੀ ਪਈ ਗੁੱਸੇ ਦੇ ਵਿਚ,
ਮੈਨੂੰ ਜਾਂਦੀ ਸੀ ਬੋਲੀ।
ਅੱਭੜਵਾਹੇ ਸੁੱਤਿਆਂ ਉਠ ਕੇ,
ਬਗਲੀ ਗਲ 'ਚ ਪਾਈ।
ਕੂੜੇ-ਕਰਕਟ ਦਿਆਂ ਢੇਰਾਂ 'ਤੇ,
ਜਾ ਅਲਖ ਜਗਾਈ।
ਸਾਡੇ ਵਰਗੇ ਕਈ ਹੋਰ ਬਥੇਰੇ,
ਜਨਮ ਤੋਂ ਭੁੱਖਾਂ ਮਾਰੇ।
ਕੁੱਕੜਾਂ, ਵਾਂਗੂ ਜਾਣ ਫਰੋਲੀ,
ਕੂੜਾ-ਕਰਕਟ ਸਾਰੇ।
ਸੁੱਤ-ਉਨੀਂਦੇ ਅੱਧਖਿੜੇ ਜਿਹੇ,
ਫੁੱਲਾਂ ਵਰਗੇ ਚਿਹਰੇ।
ਗਲੋਂ-ਤੇੜੋਂ ਨੰਗੇ, ਢਿੱਡੋਂ ਭੁੱਖੇ,
ਜਾਗੇ ਹੋਏ ਮੂੰਹ ਹਨੇਰੇ।
ਨਾ ਸਾਡੇ 'ਤੇ ਬਚਪਨ ਆਇਆ,
ਨਾ ਜਵਾਨੀ ਆਉਣੀ।
ਭੁੱਖੇ, ਨੰਗੇ, ਅੱਧ-ਕੱਜਿਆਂ ਨੇ,
ਏਸੇ ਤਰ੍ਹਾਂ ਹੰਡਾਉਣੀ।
ਚੜ੍ਹਦੇ ਸੂਰਜ ਨਿੱਤ ਗੰਦਗੀ ਦੇ,
ਢੇਰਾਂ 'ਤੇ ਜਾ ਬਹੀਏ।
ਲੋਹਾ, ਲੀਰਾਂ, ਰਬੜ, ਕਾਗਜ਼,
'ਕੱਠੇ ਕਰਦੇ ਰਹੀਏ।
ਚੁੱਕਣ ਜੋਗਾ ਭਾਰ ਅਸੀਂ ਜਦ,
ਕੁਝ ਕੱਠਾ ਕਰ ਲਈਏ।
ਅੱਗੇ ਪਿੱਛੇ ਸਭ ਵਾਹੋ-ਦਾਹੀ,
ਕਬਾੜੀ ਦੇ ਰਾਹ ਪਈਏ।
ਮਾਲ ਚੋਰਾਂ ਦਾ, ਡਾਗਾਂ ਦੇ ਗਜ਼,
ਭਾਅ ਅੰਦਰ ਸੁੱਟ ਲੈਂਦਾ।
ਜੋ ਕੁਝ ਉਹਦੀ ਮਰਜ਼ੀ ਆਵੇ,
ਸਾਡੀ ਤਲੀ ਧਰ ਦੇਂਦਾ।
ਫਿਰ ਵਾਹੋ-ਦਾਹੀ ਮੁੱਠੀ ਮੀਟੀ,
ਘਰ ਦੇ ਰਸਤੇ ਪਈਏ।
ਮਾਂ ਦੀ ਤਲੀ 'ਤੇ ਚੁੱਪ-ਚੁਪੀਤੇ,
ਆ ਕੇ ਸਭ ਧਰ ਦਈਏ।
ਬੇਹਾ, ਬੁੱਸਿਆ ਜੋ ਮਾਂ ਦੇਂਦੀ,
ਚੁੱਪ ਕਰਕੇ ਖਾ ਲਈਏ।
ਅੱਧੇ-ਰੱਜੇ, ਅੱਧੇ-ਭੁੱਖੇ ਉਠ,
ਫਿਰ ਓਸੇ ਰਾਹ ਪਈਏ।
ਸ਼ਹਿਰੋਂ ਬਾਹਰ, ਗੰਦੀਆਂ ਥਾਂਵਾਂ,
ਝੁੱਗੀਆਂ ਰੈਣ-ਬਸੇਰਾ।
ਨਾ ਕੋਈ ਬੂਹਾ, ਬਾਰੀ ਲੱਗਿਆ,
ਨਾ ਖੇਡਣ ਨੂੰ ਵਿਹੜਾ।
ਹਾੜ-ਸਿਆਲ ਹੰਡਾਈਏ ਪਿੰਡਾ,
ਬੇ-ਵਸੀ ਵਿਚ ਰੋਈਏ।
ਕੀੜਿਆਂ ਵਾਂਗੂ ਕੁਰਬਲ ਕੁਰਬਲ,
ਕਰਦੇ ਵੱਡੇ ਹੋਈਏ।
ਗਲੀਂ ਪਾਟੀਆਂ ਲੀਰਾਂ ਲਮਕਣ,
ਅੱਖੀਂ ਗਿੱਡਾਂ ਭਰੀਆਂ।
ਦੂਰੋਂ ਹੀ ਵੇਖ ਦੁਰਕਾਰਨ ਲੋਕੀਂ,
ਚੜ੍ਹਣ ਨਾ ਦੇਂਦੇ ਥੜੀਆਂ।
ਸੱਧਰਾਂ, ਰੀਝਾਂ, ਚਾਵਾਂ ਨੂੰ ਅਸੀਂ,
ਹਰ ਰੋਜ਼ ਦਫਨਾਈਏ।
ਭੁੱਖਾਂ, ਨੰਗ, ਬਿਮਾਰੀਆਂ ਨਾਲ,
ਜੂਝਦੇ ਹੀ ਮਰ ਜਾਈਏ।
ਨਾ ਕੋਈ ਧਰਮ ਦਾ ਰਾਖਾ ਬਹੁੜੇ,
ਨਾ ਨੇਤਾ, ਅਧਿਕਾਰੀ।
ਦੂਰ ਕਿਤੇ ਜਾ ਲੁਕਿਆ ਪਹਾੜੀਂ,
ਰੱਬ ਵੀ ਸਾਡੀ ਵਾਰੀ।
ਨਾ ਕਦੇ, ਕਿਸੇ ਕਲਮ ਦੇ ਅੱਖੋਂ,
ਸਾਡੇ ਲਈ ਹੰਝੂ ਵਗਿਆ।
ਨਾ ਕਦੀ, ਕਿਸੇ ਹਿਰਦੇ ਅੰਦਰੋਂ,
ਮੋਹ ਦਾ ਦੀਵਾ ਜਗਿਆ।
ਕੀਹਦੇ ਅੱਗੇ ਜਾ ਦੁਖੜੇ ਰੋਈਏ,
ਕਿਹਨੂੰ ਪੀੜ ਸੁਣਾਈਏ।
ਜੀਅ ਕਰਦੈ ਸਭ ਭੰਨ, ਤੋੜ ਕੇ,
ਦੂਰ ਕਿਤੇ ਟੁਰ ਜਾਈਏ।
ਰੱਜ ਰੱਜ ਖਾਣ ਲਈ ਰੋਟੀ ਹੋਵੇ,
ਸੋਹਣੇ ਕਪੜੇ ਪਾਈਏ।
ਹੋਰਨਾਂ ਬੱਚਿਆਂ ਵਾਂਗ ਅਸੀਂ ਵੀ,
ਪੜ੍ਹਨ ਸਕੂਲੇ ਜਾਈਏ।
ਖੇਡੀਏ, ਕੁੱਦੀਏ, ਰੌਲਾ ਪਾਈਏ,
ਮਸਤੀ ਮੌਜ ਉਡਾਈਏ।
ਸਾਂਵੀ, ਸੁਥਰੀ, ਰੱਜਵੀਂ ਜ਼ਿੰਦਗੀ,
ਅਸੀਂ ਵੀ 'ਚੰਨ' ਹੰਡਾਈਏ।

-ਚੰਨ
ਫੋਨ: 908-788-8427

## ਮਾਂ ਬੋਲੀ ਪੰਜਾਬੀ ਮੇਰੀ

ਮਾਂ ਬੋਲੀ ਪੰਜਾਬੀ ਮੇਰੀ ਰਾਣੀ ਪੰਜ ਦਰਿਆਵਾਂ ਦੀ।
ਘੋੜੀ ਗਾਉਂਦੀਆਂ ਭੈਣਾਂ ਦੀ ਤੇ ਲੋਰੀ ਦਿੰਦੀਆਂ ਮਾਂਵਾਂ ਦੀ।

ਅੰਬਾਂ ਵਾਂਗ ਇਹ ਰਸ ਟਪਕਦੀ, ਵਾਂਗ ਅੰਗੂਰਾਂ ਮਿੱਠੀ,
ਦਿਲ ਦਿਲਾਂ ਦੇ ਨਾਲ ਮਿਲਾਉਂਦੀ ਵਿਚ ਤ੍ਰਿੰਞਣਾਂ ਡਿੱਠੀ।
ਕਿੱਕਰ ਪਿੱਪਲ ਟਾਹਲੀ ਇਸ ਦੇ ਨਿੰਮ ਬੋਹੜ ਦੀਆਂ ਛਾਂਵਾਂ ਦੀ।...

ਬਾਲੋ-ਮਾਹੀਆ ਟੱਪੇ ਇਸ ਦੇ, ਛੰਦ ਸਿੱਠਣੀਆਂ ਗਾਉਂਦੀ,
ਇਹ ਬੋਲੀ ਹੈ ਝਾਂਜਰਾਂ ਵਾਲੀ ਗਿੱਧੇ ਭੰਗੜੇ ਪਾਉਂਦੀ।
ਵੈਣ ਵੀ ਇਹਦੇ ਬਾਤ ਨੇ ਪਾਉਂਦੇ ਦਰਦਾਂ ਹਉਕਿਆਂ ਹਾਵਾਂ ਦੀ।...

ਸ਼ੇਖ ਫਰੀਦ ਦੀ ਛੋਹ ਹੈ ਇਸ ਨੂੰ, ਗੁਰੂਆਂ ਨੇ ਅਪਨਾਈ,
ਕਥਾ ਬੇਅੰਤ ਬੇਅੰਤ ਪ੍ਰਭੂ ਦੀ ਇਸ ਬੋਲੀ ਵਿਚ ਗਾਈ।
ਮਿੱਠੀ ਬੋਲੀ ਮਿੱਠੀ ਬਾਣੀ ਮਿੱਠੇ ਮਿੱਠੇ ਭਾਵਾਂ ਦੀ।...

ਬੁਲ੍ਹੇ ਵਾਰਸ ਦੀ ਇਹ ਬੋਲੀ ਸ਼ਰਫ ਚਾਤ੍ਰਿਕ ਦੀ ਪਿਆਰੀ,
ਸ਼ਿਵ ਅੰਮ੍ਰਿਤਾ ਮੋਹਨ ਸਿੰਘ ਨੇ ਦਿੱਤੀ ਦਿੱਖ ਨਿਆਰੀ।
'ਸੁੰਦਰੀ' ਅਤੇ 'ਨਾਸੂਰ' ਨੇ ਇਸ ਦੇ ਲੰਮੀਆਂ ਬਹੁਤ ਕਥਾਵਾਂ ਦੀ।...

ਕੋਈ ਆਖਦਾ ਇਸ ਬੋਲੀ 'ਤੇ ਖਤਰਾ ਹੈ ਮੰਡਰਾ ਰਿਹਾ,
ਕੋਈ ਆਖਦਾ ਇਸ ਬੋਲੀ ਦਾ ਜਲਵਾ ਘਟਦਾ ਜਾ ਰਿਹਾ।
ਪਰ ਮੈਂ ਕਹਿਨਾਂ ਢਾਲ ਹੈ ਇਸ ਨੂੰ ਗੁਰੂ ਗ੍ਰੰਥ ਦੀਆਂ ਬਾਹਵਾਂ ਦੀ।...

ਜਦ ਤੱਕ ਇਹ ਪੰਜਾਬ ਹੈ ਜੀਂਦਾ ਇਹ ਬੋਲੀ ਹੈ ਜੀਂਦੀ,
ਅੰਮ੍ਰਿਤ ਵੇਲੇ ਅੰਮ੍ਰਿਤ ਦੀਆਂ ਭਰ-ਭਰ ਘੁੱਟਾਂ ਪੀਂਦੀ।
'ਸ਼ਾਂਤ' ਅਮਰ ਹੈ ਬੋਲੀ ਮੇਰੀ ਚਾਲ ਨਾ ਚੱਲੇ ਬਲਾਵਾਂ ਦੀ।...
ਮਾਂ ਬੋਲੀ ਪੰਜਾਬੀ ਮੇਰੀ ਰਾਣੀ ਪੰਜ ਦਰਿਆਵਾਂ ਦੀ।

-ਸੁਖਦੇਵ ਸਿੰਘ ਸ਼ਾਂਤ, ਇੰਡੀਆਨਾ, ਫੋਨ: 317-406-0002

# 'ਮੈਰਿਜ ਆਫ ਕਨਵੇਨੀਐਂਸ' ਹੀ ਹੈ ਅਕਾਲੀ-ਭਾਜਪਾ ਗੱਠਜੋੜ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੱਛਮੀ ਦੇਸ਼ਾਂ ਦੇ ਲੋਕਾਂ ਲਈ 'ਮੈਰਿਜ ਆਫ ਕਨਵੇਨੀਐਂਸ' ਦਾ ਅਰਥ ਸਮਝਣਾ ਔਖਾ ਨਹੀਂ। ਬ੍ਰਿਟੇਨ ਵਿਚ ਜਦੋਂ ਇੱਕ ਵਾਰੀ ਕੁਝ ਲੋਕ ਸਿਰਫ ਉਥੋਂ ਦੀ ਨਾਗਰਕਿਤਾ ਹਾਸਲ ਕਰਨ ਲਈ ਜਾਅਲੀ ਵਿਆਹ ਕਰਾਉਣ ਲੱਗੇ ਫੜੇ ਗਏ ਤੇ ਪਾਕਿਸਤਾਨੀ ਲਾੜਾ ਆਪਣੀ ਪੋਲੈਂਡ ਦੀ ਨਾਗਰਿਕ ਜਾਅਲੀ ਵਹੁਟੀ ਦਾ ਨਾਂ ਵੀ ਭੁੱਲ ਗਿਆ, ਸਾਰੇ ਮੀਡੀਏ ਨੇ ਇਸ ਖਬਰ ਨੂੰ ਪੇਸ਼ ਕਰਨ ਲਈ 'ਮੈਰਿਜ ਆਫ ਕਨਵੇਨੀਐਂਸ' ਦਾ ਸ਼ਬਦ ਵਰਤਿਆ ਸੀ। ਇਸ ਸ਼ਬਦ ਦਾ ਮੁੱਢ ਮਨੁੱਖੀ ਤਸਕਰੀ ਦੇ ਏਜੰਟਾਂ ਵਲੋਂ ਕਰਵਾਏ ਜਾਣ ਵਾਲੇ ਇਹੋ ਜਿਹੇ ਜਾਅਲੀ ਵਿਆਹਾਂ ਲਈ ਵਰਤਣ ਨਾਲ ਜੁੜਦਾ ਹੋ ਸਕਦਾ ਹੈ, ਪਰ ਹੁਣ ਇਹ ਕਈ ਹੋਰ ਗੱਲਾਂ ਲਈ ਵੀ ਵਰਤਿਆ ਜਾਂਦਾ ਹੈ। ਜਰਮਨੀ ਅਤੇ ਬ੍ਰਿਟੇਨ ਸਮੇਤ ਕਈ ਦੇਸ਼ਾਂ ਵਿਚ ਇਹੋ ਜਿਹੀ ਗਠਜੋੜ ਸਰਕਾਰ ਬਣ ਚੁੱਕੀ ਹੈ, ਜਿਸ ਦੇ ਭਾਈਵਾਲਾਂ ਦੀ ਆਪਸ ਵਿਚ ਰਾਜਸੀ ਪੱਖੋਂ ਸਾਂਝ ਨਹੀਂ ਹੁੰਦੀ, ਸਿਰਫ ਰਾਜ ਦਾ ਸੁੱਖ ਮਾਣਨ ਲਈ ਇਕੱਠੇ ਹੁੰਦੇ ਹਨ ਤੇ ਮਿਆਦ ਪੁੱਗਣ ਪਿੱਛੋਂ ਦੋਵਾਂ ਧਿਰਾਂ ਦੇ ਰਸਤੇ ਵੱਖੋ-ਵੱਖ ਹੋ ਜਾਂਦੇ ਹਨ। ਇਹੋ ਵਰਤਾਰਾ ਹੁਣ ਭਾਰਤੀ ਰਾਜਨੀਤੀ ਵਿਚ ਵੇਖਿਆ ਜਾ ਸਕਦਾ ਹੈ। ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਗਠਜੋੜ ਵੀ ਏਦਾਂ ਦੀ 'ਮੈਰਿਜ ਆਫ ਕਨਵੇਨੀਐਂਸ' ਹੀ ਹੈ।

ਅਸੀਂ ਇਹ ਨਹੀਂ ਕਹਿ ਸਕਦੇ ਕਿ ਇਸ ਤਰ੍ਹਾਂ ਆਪੋ ਵਿਚ ਟਕਰਾਉਂਦੀ ਰਾਜਨੀਤੀ ਦੇ ਗਠਜੋੜ ਅਕਾਲੀ ਦਲ ਤੇ ਭਾਜਪਾ ਨੇ ਸ਼ੁਰੂ ਕੀਤੇ ਹਨ, ਇਸ ਤੋਂ ਪਹਿਲਾਂ ਵੀ ਕਈ ਵਾਰ ਹੁੰਦੇ ਰਹੇ ਹਨ ਪਰ ਇਹ ਉਨ੍ਹਾਂ ਸਾਰੇ ਗਠਜੋੜਾਂ ਤੋਂ ਵੱਖਰੀ ਤਰ੍ਹਾਂ ਦਾ ਹੈ। ਸਗੋਂ ਇਹ ਕਹਿਣਾ ਠੀਕ ਹੈ ਕਿ ਹਰ ਕਿਸੇ ਪਾਰਟੀ ਨਾਲ ਭਾਜਪਾ ਦਾ ਗਠਜੋੜ ਇਸ ਤਰ੍ਹਾਂ ਦਾ ਹੈ ਕਿ ਸਾਂਝ ਦੀ ਥਾਂ ਨਦੀ ਦੇ ਦੋ ਕਿਨਾਰਿਆਂ ਦੇ ਮੇਲ ਦੀ ਮਿਸਾਲ ਜਾਪਦੀ ਹੈ। ਜਦੋਂ ਪਿਛਲੇਰੇ ਮਹੀਨੇ ਜੰਮੂ-ਕਸ਼ਮੀਰ ਵਿਚ ਪੀਪਲਜ਼ ਡੈਮੋਕਰੇਟਿਕ ਪਾਰਟੀ ਦੇ ਆਗੂ ਮੁਫਤੀ ਮੁਹੰਮਦ ਸਈਦ ਨੂੰ ਇਹ ਪੁੱਛਿਆ ਗਿਆ ਕਿ ਭਾਜਪਾ ਨਾਲ ਸਾਂਝੀ ਸਰਕਾਰ ਬਣਾਉਣ ਬਾਰੇ ਕੀ ਰਾਏ ਹੈ ਤਾਂ ਉਸ ਨੇ ਕਿਹਾ ਸੀ ਕਿ ਅਸੀਂ ਦੋਵੇਂ ਪਾਰਟੀਆਂ ਧਰਤੀ ਦੇ ਦੋ ਧਰੁਵਾਂ ਵਾਂਗ ਹਾਂ, ਸਾਡੀ ਸਾਂਝ ਕਦੇ ਨਹੀਂ ਹੋ ਸਕਦੀ। ਇੱਕ ਹਫਤੇ ਪਿੱਛੋਂ ਸਾਂਝੀ ਸਰਕਾਰ ਬਣ ਗਈ। ਫਿਰ ਇਸ ਸਰਕਾਰ ਦੇ ਮੁਖੀ ਮੁਫਤੀ ਸਈਦ ਨੇ ਇੱਕ ਖਤਰਨਾਕ ਦਹਿਸ਼ਤਗਰਦ ਛੱਡ ਦਿੱਤਾ। ਭਾਜਪਾ ਵਾਲੇ ਰੌਲਾ ਪਾਉਂਦੇ ਰਹੇ। ਪਿੱਛੋਂ ਪਤਾ ਲੱਗਾ ਕਿ ਉਸ ਦਹਿਸ਼ਤਗਰਦ ਨੂੰ ਛੱਡਣ ਲਈ ਮੁਫਤੀ ਨੇ ਇਹ ਮੰਗ ਅਗਾਊਂ ਮੰਨਵਾ ਲਈ ਸੀ ਤੇ ਉਸ ਨੂੰ ਛੱਡਣ ਦੇ ਕਾਗਜ਼ ਸਾਂਝੀ ਸਰਕਾਰ ਬਣਨ ਤੋਂ ਪਹਿਲਾਂ ਭਾਜਪਾ ਦੀ ਸਹਿਮਤੀ ਨਾਲ ਗਵਰਨਰੀ ਰਾਜ ਵੇਲੇ ਅਫਸਰਾਂ ਦੀ ਮਨਜ਼ੂਰੀ ਪ੍ਰਾਪਤ ਕਰ ਕੇ ਤਿਆਰ ਕੀਤੇ ਜਾ ਚੁੱਕੇ ਸਨ।

ਇਹੋ ਨਹੀਂ, ਪਿਛਲੇ ਸਾਲ ਦੀ ਪਾਕਿਸਤਾਨ ਨਾਲ ਤੋੜੀ ਗੱਲਬਾਤ ਜਦੋਂ ਦੁਬਾਰਾ ਸ਼ੁਰੂ ਕਰਨੀ ਸੀ ਤਾਂ ਇੱਕ ਅਖਬਾਰ ਨੇ ਉਦੋਂ ਵੀ ਲਿਖ ਦਿੱਤਾ ਕਿ ਮੁਫਤੀ ਸਈਦ ਦੀ ਸ਼ਰਤ ਹੇਠ ਹੀ ਭਾਜਪਾ ਨੇ ਪਾਕਿਸਤਾਨ ਨਾਲ ਮੁੜ ਕੇ ਗੱਲ ਕਰਨੀ ਪ੍ਰਵਾਨ ਕੀਤੀ ਹੈ। ਭਾਜਪਾ ਲੀਡਰਸ਼ਿਪ ਬਾਹਰੋਂ ਇਸ ਦਾ ਇਨਕਾਰ ਕਰਦੀ ਰਹੀ ਪਰ ਅੰਦਰੋਂ ਇਹੋ ਜਿਹੇ ਸੰਕੇਤ ਮਿਲਦੇ ਰਹੇ ਸਨ ਕਿ ਇੰਜ ਹੋਇਆ ਹੋ ਸਕਦਾ ਹੈ।

ਹੋਰ ਕਿਹੜੀ ਪਾਰਟੀ ਦੇ ਨਾਲ ਭਾਜਪਾ ਦੀ ਕੀ ਸਾਂਝ ਹੈ, ਇਹ ਲੰਮਾ ਕਿੱਸਾ ਕਿਸੇ ਹੋਰ ਸਮੇਂ ਲਈ ਛੱਡਦਿਆਂ ਅਸੀਂ ਇਸ ਵੇਲੇ ਭਾਜਪਾ ਅਤੇ ਅਕਾਲੀ ਦਲ ਦੀ ਸਾਂਝ ਬਾਰੇ ਗੰਭੀਰਤਾ ਨਾਲ ਸੋਚ ਸਕਦੇ ਹਾਂ।

ਪਿਛਲੇ ਸਾਲ ਜਦੋਂ ਕੇਂਦਰ ਵਿਚ ਨਰਿੰਦਰ ਮੋਦੀ ਸਰਕਾਰ ਬਣੀ ਤੇ ਬਣਦੇ ਸਾਰ ਉਸ ਨੇ ਕੱਲ੍ਹ ਦੇ ਚੋਣ ਸਾਥੀ ਅਕਾਲੀ ਦਲ ਦੇ ਖਿਲਾਫ ਨਸ਼ੀਲੇ ਪਦਾਰਥਾਂ ਦਾ ਝੰਡਾ ਚੁੱਕਣ ਦੇ ਨਾਲ ਪੰਜਾਬ ਨੂੰ ਕੇਂਦਰੀ ਫੰਡ ਦੇਣ ਤੋਂ ਵੀ ਹੱਥ ਘੁੱਟ ਲਿਆ, ਉਦੋਂ ਦੇ ਹਾਲਾਤ ਯਾਦ ਕਰਨੇ ਚਾਹੀਦੇ ਹਨ। ਪੰਜਾਬ ਵਿਧਾਨ ਸਭਾ ਵਿਚ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਹ ਕਿਹਾ ਸੀ, ਤੇ ਇਹ ਵਿਧਾਨ ਸਭਾ ਦੇ ਰਿਕਾਰਡ ਵਿਚ ਵੀ ਦਰਜ ਹੈ ਕਿ ਮਨਮੋਹਨ ਸਿੰਘ ਦੀ ਸਰਕਾਰ ਸਾਨੂੰ ਵੱਧ ਫੰਡ ਦਿੰਦੀ ਰਹੀ ਸੀ। ਸੁਖਬੀਰ ਸਿੰਘ ਨੇ ਇੱਕ-ਦੋ ਹੋਰ ਮਾਮਲਿਆਂ ਵਿਚ ਵੀ ਰੋਸ ਪ੍ਰਗਟ ਕਰਦਿਆਂ ਇਹ ਕਹਿ ਦਿੱਤਾ ਸੀ ਕਿ ਅੱਜ ਮਨਮੋਹਨ ਸਿੰਘ ਦੀ ਸਰਕਾਰ ਹੁੰਦੀ ਤਾਂ ਉਹ ਕੁਝ ਨਾ ਹੁੰਦਾ, ਜੋ ਹੁਣ ਹੋ ਰਿਹਾ ਹੈ। ਬਾਅਦ ਵਿਚ ਉਨ੍ਹਾਂ ਨੇ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਦੀ ਅੰਮ੍ਰਿਤਸਰ ਵਿਚ ਨਸ਼ਿਆਂ ਵਿਰੁਧ ਰੈਲੀ ਕਰਨ ਤੋਂ ਪਹਿਲਾਂ ਪਾਕਿਸਤਾਨ ਨੂੰ ਜੋੜਦੇ ਚਾਰ ਚੱਲਦੇ-ਅਣਚਲਦੇ ਗੇਟਾਂ ਅੱਗੇ ਇਸੇ ਮੁੱਦੇ ਉਤੇ ਰੈਲੀਆਂ ਕਰਨ ਦਾ ਐਲਾਨ ਕਰ ਦਿੱਤਾ ਤੇ ਇਨ੍ਹਾਂ ਵਿਚੋਂ ਤਿੰਨ ਥਾਂਈਂ ਕਰ ਵੀ ਦਿੱਤੀਆਂ ਸਨ। ਇਸ ਨਾਲ ਉਨ੍ਹਾਂ ਨੇ ਕੇਂਦਰ ਤੇ ਭਾਜਪਾ ਨੂੰ ਕਟਹਿਰੇ ਵਿਚ ਖੜੇ ਕਰਨ ਦਾ ਯਤਨ ਕੀਤਾ ਕਿ ਨਸ਼ੀਲੇ ਪਦਾਰਥ ਪਾਕਿਸਤਾਨੋਂ ਆਉਂਦੇ ਰੋਕਦੇ ਨਹੀਂ ਤੇ ਪੰਜਾਬ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਸਮਾਂ ਪਾ ਕੇ ਇਹ ਮੁੱਦਾ ਮਰ ਗਿਆ ਤੇ ਅਮਰਿੰਦਰ ਸਿੰਘ ਦੀ ਰੈਲੀ ਤੋਂ ਡਰ ਕੇ ਅੰਮ੍ਰਿਤਸਰੋਂ ਭੱਜ ਗਏ ਅਮਿਤ ਸ਼ਾਹ ਨੂੰ ਦਿੱਲੀ ਚੋਣਾਂ ਦੀ ਲੋੜ ਨੇ ਅਕਾਲੀਆਂ ਨਾਲ ਸਾਂਝੀਆਂ ਸਟੇਜਾਂ ਲਈ ਮਜਬੂਰ ਕਰ ਦਿੱਤਾ ਸੀ।




*ਪਿਛਲੇ ਸਾਲ ਜਦੋਂ ਕੇਂਦਰ ਵਿਚ ਨਰਿੰਦਰ ਮੋਦੀ ਸਰਕਾਰ ਬਣੀ ਤੇ ਬਣਦੇ ਸਾਰ ਉਸ ਨੇ ਕੱਲ੍ਹ ਦੇ ਚੋਣ ਸਾਥੀ ਅਕਾਲੀ ਦਲ ਦੇ ਖਿਲਾਫ ਨਸ਼ੀਲੇ ਪਦਾਰਥਾਂ ਦਾ ਝੰਡਾ ਚੁੱਕਣ ਦੇ ਨਾਲ ਪੰਜਾਬ ਨੂੰ ਕੇਂਦਰੀ ਫੰਡ ਦੇਣ ਤੋਂ ਵੀ ਹੱਥ ਘੁੱਟ ਲਿਆ, ਉਦੋਂ ਦੇ ਹਾਲਾਤ ਯਾਦ ਕਰਨੇ ਚਾਹੀਦੇ ਹਨ। ਪੰਜਾਬ ਵਿਧਾਨ ਸਭਾ ਵਿਚ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਹ ਕਿਹਾ ਸੀ, ਤੇ ਇਹ ਵਿਧਾਨ ਸਭਾ ਦੇ ਰਿਕਾਰਡ ਵਿਚ ਵੀ ਦਰਜ ਹੈ ਕਿ ਮਨਮੋਹਨ ਸਿੰਘ ਦੀ ਸਰਕਾਰ ਸਾਨੂੰ ਵੱਧ ਫੰਡ ਦਿੰਦੀ ਰਹੀ ਸੀ।*

ਇਥੇ ਆ ਕੇ ਇੱਕ ਵਾਰ ਫਿਰ ਉਹੋ 'ਮੈਰਿਜ ਆਫ ਕਨਵੇਨੀਐਂਸ' ਦੀ ਕਹਾਣੀ ਸਾਬਤ ਹੋ ਗਈ। ਦਿੱਲੀ ਚੋਣਾਂ ਲੰਘਦੇ ਸਾਰ ਫਿਰ ਦੋਵੇਂ ਧਿਰਾਂ ਪੰਜਾਬ ਵਿਚ ਆਪੋ ਵਿਚ ਭਿੜ ਪਈਆਂ ਤੇ ਨਗਰ ਨਿਗਮ, ਨਗਰ ਕੌਂਸਲ ਅਤੇ ਨਗਰ ਪੰਚਾਇਤ ਚੋਣਾਂ ਦੌਰਾਨ ਇੱਕ-ਦੂਸਰੀ ਧਿਰ ਦੇ ਬੰਦਿਆਂ ਦੇ ਸਿਰ ਪਾੜਨ ਤੱਕ ਗੱਲ ਪਹੁੰਚ ਗਈ। ਚੋਣਾਂ ਲੰਘਣ ਪਿੱਛੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਦੇ ਲੋਕਾਂ ਨੂੰ ਉਸ ਅਕਾਲੀ-ਭਾਜਪਾ ਗਠਜੋੜ ਦੀ ਜਿੱਤ ਵਿਚ ਸਹਿਯੋਗ ਦੇਣ ਦੀ ਵਧਾਈ ਦੇ ਦਿੱਤੀ, ਜਿਹੜਾ ਗਠਜੋੜ ਅੱਧੇ ਤੋਂ ਵੱਧ ਸ਼ਹਿਰਾਂ ਵਿਚ ਆਪੋ ਵਿਚ ਭਿੜਦਾ ਰਿਹਾ ਸੀ। ਪੰਜਾਬ ਦੇ ਇੱਕ ਮੰਤਰੀ ਨੂੰ ਹਾਈ ਕੋਰਟ ਵਿਚ ਇਹ ਅਰਜ਼ੀ ਦੇਣੀ ਪਈ ਕਿ ਉਸ ਨੂੰ ਆਪਣੀ ਸਰਕਾਰ ਉਤੇ ਯਕੀਨ ਨਹੀਂ ਅਤੇ ਇਥੇ ਪੈਰਾ ਮਿਲਟਰੀ ਫੋਰਸ ਲਾਈ ਜਾਵੇ। ਜਦੋਂ ਏਨੀ ਬੇਯਕੀਨੀ ਸੀ ਤਾਂ ਉਹ ਮੰਤਰੀ ਅਸਤੀਫਾ ਦੇ ਦਿੰਦਾ ਜਾਂ ਮੁੱਖ ਮੰਤਰੀ ਹੀ ਉਸ ਨੂੰ ਕੱਢ ਦਿੰਦਾ, ਪਰ ਦੋਵੇਂ ਗੱਲਾਂ ਨਹੀਂ ਸੀ ਹੋਈਆਂ ਤੇ 'ਮੈਰਿਜ ਆਫ ਕਨਵੇਨੀਐਂਸ' ਚਲਦੀ ਰਹੀ।

ਪਿਛਲੇ ਮਹੀਨੇ ਨਰਿੰਦਰ ਮੋਦੀ ਸਰਕਾਰ ਦੇ ਭੂਮੀ ਗ੍ਰਹਿਣ ਬਿੱਲ ਦਾ ਵਿਰੋਧ ਕਰਨ ਲਈ ਅਕਾਲੀ ਦਲ ਕੋਰ ਕਮੇਟੀ ਦੀ ਮੀਟਿੰਗ ਨੇ ਫੈਸਲਾ ਕਰ ਲਿਆ ਤਾਂ ਪੰਜਾਬ ਦੇ ਲੋਕ ਹੈਰਾਨ ਸਨ ਕਿ ਅਕਾਲੀਆਂ ਨੇ ਕੁਝ ਜੁਰਅੱਤ ਕਰਨ ਦੀ ਹਿੰਮਤ ਕੀਤੀ ਹੈ। ਸਿਰਫ ਦੋ ਦਿਨ ਪਿੱਛੋਂ ਜਦੋਂ ਵੋਟਾਂ ਪਈਆਂ ਤਾਂ ਅਕਾਲੀ ਮੈਂਬਰ ਵੀ ਭਾਜਪਾ ਨਾਲ ਭੁਗਤ ਗਏ। ਭਾਜਪਾ ਦੀ ਪੱਕੀ ਸਾਥੀ ਸ਼ਿਵ ਸੈਨਾ ਇਸ ਬਿੱਲ ਉਤੇ ਉਨ੍ਹਾਂ ਨਾਲ ਨਹੀਂ ਭੁਗਤੀ। ਸ਼ਿਵ ਸੈਨਾ ਨੇ ਕਿਹਾ ਕਿ ਇਹ ਬਿੱਲ ਪਾਸ ਕਰ ਕੇ ਕਿਸਾਨਾਂ ਨਾਲ ਪਾਪ ਕੀਤਾ ਜਾ ਰਿਹਾ ਹੈ ਤੇ ਅਸੀਂ ਪਾਪ ਕਰਨ ਵਿਚ ਭਾਜਪਾ ਦੇ ਭਾਈਵਾਲ ਬਣਨ ਲਈ ਤਿਆਰ ਨਹੀਂ। ਹੈਰਾਨੀ ਦੀ ਗੱਲ ਹੈ ਕਿ ਅਕਾਲੀ ਆਗੂ ਇਸ ਪਾਪ ਵਿਚ ਵੀ ਸ਼ਾਮਲ ਹੋ ਗਏ ਸਨ। ਕਿਸਾਨਾਂ ਦੇ ਹਿੱਤਾਂ ਦੀਆਂ ਬਾਂਗਾਂ ਦੇਣ ਵਾਲੇ ਅਕਾਲੀ ਦਲ ਨੇ ਉਥੇ ਇਸ ਬਿੱਲ ਲਈ ਸਾਥ ਦਿੱਤਾ, ਪਰ ਪੰਜਾਬ ਆਣ ਕੇ ਇਸ ਦੇ ਕਿਸਾਨ ਆਗੂ ਆਪਣੀ ਕਿਸਾਨ ਜਥੇਬੰਦੀ ਦੇ ਰਾਹੀਂ ਅੰਨਾ ਹਜ਼ਾਰੇ ਦੀ ਹਮਾਇਤ ਕਰਦੇ ਫਿਰਦੇ ਹਨ।

ਇੱਕ ਗੱਲ ਹੋਰ ਇਹੋ ਜਿਹੀ ਹੈ, ਜਿਹੜੀ ਦੋਵਾਂ ਪਾਰਟੀਆਂ ਵਿਚ ਕੋਈ ਸਾਂਝ ਹੋਣ ਦੀ ਸੰਭਾਵਨਾ ਨਹੀਂ ਰਹਿਣ ਦਿੰਦੀ, ਪਰ ਸਾਂਝੀ ਬਣੀ ਹੋਈ ਹੈ। ਇਹ ਗੱਲ ਪੰਜਾਬ ਦੇ ਉਸ ਕਾਲੇ ਦੌਰ ਬਾਰੇ ਹੈ, ਜਿਸ ਵਿਚ ਅਕਾਲੀ ਅਤੇ ਭਾਜਪਾ ਆਗੂ ਮੁਫਤੀ ਮੁਹੰਮਦ ਸਈਦ ਦੇ ਕਹਿਣ ਵਾਂਗ ਧਰਤੀ ਦੇ ਦੋ ਸਿਰਿਆਂ ਉਤੇ ਖੜੋਤੇ ਸਨ। ਪਿਛਲੇ ਸਾਲ ਇੱਕ ਮੌਕਾ ਉਹ ਆ ਗਿਆ, ਜਦੋਂ ਅਕਾਲੀ ਦਲ ਦੇ ਇੱਕ ਵਿਧਾਇਕ ਤੇ ਚੀਫ ਪਾਰਲੀਮੈਂਟਰੀ ਸੈਕਟਰੀ ਨੇ ਵਿਧਾਨ ਸਭਾ ਵਿਚ ਹਿੱਕ ਠੋਕ ਕੇ ਕਹਿ ਦਿੱਤਾ ਕਿ 'ਮੈਂ ਅਤਿਵਾਦੀ ਹੁੰਦਾ ਸਾਂ, ਮੈਂ ਅੱਜ ਵੀ ਅਤਿਵਾਦੀ ਹਾਂ ਅਤੇ ਅਤਿਵਾਦੀ ਰਹਾਂਗਾ।' ਪਹਿਲਾਂ ਕਾਂਗਰਸ ਵਾਲੇ ਭੜਕੇ ਤੇ ਫਿਰ ਭਾਜਪਾ ਦੇ ਇੱਕ ਮੰਤਰੀ ਨੇ ਇਸ ਦਾ ਵਿਰੋਧ ਕੀਤਾ। ਅਕਾਲੀ ਵਿਧਾਇਕ ਦੇ ਪਿਛੋਕੜ ਨੂੰ ਜਾਣਦੇ ਹੋਣ ਕਾਰਨ ਸਾਰਿਆਂ ਨੂੰ ਸਾਫ ਹੋ ਗਿਆ ਕਿ ਇਸ ਨੁਕਤੇ ਉਤੇ ਅਕਾਲੀਆਂ ਤੇ ਭਾਜਪਾ ਦੀ ਸਾਂਝ ਨਹੀਂ ਹੋ ਸਕਦੀ। ਫਿਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਇਸ਼ਾਰੇ ਉਤੇ ਉਸ ਦੀ ਪਾਰਟੀ ਦੇ ਵਿਧਾਇਕ ਨੇ ਕਹੇ ਸ਼ਬਦ ਵਾਪਸ ਲੈ ਲਏ ਤੇ ਭਾਜਪਾ ਆਗੂ ਏਨੀ ਗੱਲ ਨਾਲ ਸਾਂਝ ਜਾਰੀ ਰੱਖਣ ਨੂੰ ਤਿਆਰ ਹੋ ਗਏ। ਇਸ ਦਾ ਅਸਰ ਇਹ ਹੋਇਆ ਕਿ ਅਕਾਲੀ ਆਗੂਆਂ ਨੂੰ ਸਮਝ ਪੈ ਗਈ ਕਿ ਭਾਜਪਾ ਵਾਲੇ ਕੂੜੱਤਣ ਹੀ ਛਾਂਟ ਸਕਦੇ ਹਨ, ਇਹ ਸਾਡਾ ਸਾਥ ਛੱਡਣ ਦੀ ਹਿੰਮਤ ਨਹੀਂ ਕਰਨਗੇ। ਕਾਰਨ ਫਿਰ ਇੱਕੋ ਹੈ। ਰਾਜ-ਗੱਦੀਆਂ ਲਈ ਦੋਵਾਂ ਪਾਰਟੀਆਂ ਦੀ 'ਮੈਰਿਜ ਆਫ ਕਨਵੇਨੀਐਂਸ' ਹੈ ਅਤੇ ਇਸ ਨੂੰ ਜਾਰੀ ਰੱਖਣ ਦੀ ਦੋਵਾਂ ਧਿਰਾਂ ਦੇ ਆਗੂਆਂ ਨੂੰ ਲੋੜ ਹੈ।

ਹੁਣ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਆਉਣਾ ਸੀ, ਉਹ ਖਟਕੜ ਕਲਾਂ ਦੀ ਰੈਲੀ ਰੱਖਣ ਪਿੱਛੋਂ ਅੰਨਾ ਹਜ਼ਾਰੇ ਦੇ ਆਉਣ ਦੀ ਖਬਰ ਸੁਣਦੇ ਸਾਰ ਖਟਕੜ ਕਲਾਂ ਛੱਡ ਕੇ ਹੁਸੈਨੀਵਾਲ ਵੱਲ ਤੁਰ ਗਿਆ। ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਦੇ ਅੰਮ੍ਰਿਤਸਰ ਦੀ ਰੈਲੀ ਰੱਦ ਕਰਨ ਵਾਂਗ ਮੋਦੀ ਨੇ ਵੀ ਜੂਹਾਂ ਛੱਡ ਕੇ ਆਪਣੀ ਦਲੇਰੀ ਦਾ ਪਾਜ ਉਧੇੜ ਲਿਆ। ਜਦੋਂ ਮੋਦੀ ਹੁਸੈਨੀਵਾਲ ਬੋਲਿਆ, ਉਸ ਤੋਂ ਪਹਿਲਾਂ ਮੁੱਖ ਮੰਤਰੀ ਬਾਦਲ ਨੇ ਭਾਸ਼ਣ ਦਿੱਤਾ ਅਤੇ ਪੰਜਾਬ ਦੇ ਕਈ ਮੁੱਦੇ ਪੇਸ਼ ਕਰ ਦਿੱਤੇ। ਪ੍ਰਧਾਨ ਮੰਤਰੀ ਮੋਦੀ ਬੋਲਣ ਵੇਲੇ ਇਹ ਕਹਿ ਕੇ ਖੁਸ਼ ਕਰਨ ਤੋਂ ਤੁਰਿਆ ਕਿ ਉਸ ਨੇ ਰਾਜਨੀਤੀ ਦੇ ਦਾਅ ਸ. ਪ੍ਰਕਾਸ਼ ਸਿੰਘ ਬਾਦਲ ਤੋਂ ਸਿੱਖੇ ਹਨ, ਪਰ ਏਨੀ ਗੱਲ ਕਹਿ ਦੇਣ ਪਿੱਛੋਂ ਉਸ ਨੇ ਬਾਦਲ ਸਾਹਿਬ ਦੇ ਉਠਾਏ ਮੁੱਦਿਆਂ ਦਾ ਜ਼ਿਕਰ ਹੀ ਨਹੀਂ ਕੀਤਾ। ਅਕਾਲੀ ਵੇਖਦੇ ਰਹਿ ਗਏ। ਮੋਦੀ ਨੇ ਮੁੱਦਿਆਂ ਤੋਂ ਬਾਈਪਾਸ ਲੰਘ ਜਾਣ ਦਾ ਦਾਅ ਵੀ ਸ਼ਾਇਦ ਪ੍ਰਕਾਸ਼ ਸਿੰਘ ਬਾਦਲ ਤੋਂ ਸਿੱਖਿਆ ਹੋਵੇਗਾ।

ਇਸ ਦੌਰਾਨ ਦੋ ਗੱਲਾਂ ਹੋਰ ਹੋਈਆਂ ਹਨ, ਜਿਹੜੀਆਂ ਇਸ ਗਠਜੋੜ ਵਿਚ ਅਕਾਲੀ ਦਲ ਦੀ ਹਾਲਤ ਦਾ ਭੇਦ ਖੋਲ੍ਹ ਸਕਦੀਆਂ ਹਨ। ਪਹਿਲੀ ਇਹ ਕਿ ਭਾਜਪਾ ਨੇ ਇੱਕ ਵਾਰੀ ਫਿਰ ਸਾਰੇ ਦਰਿਆ ਸੁਰੰਗਾਂ ਨਾਲ ਜੋੜਨ ਦਾ ਏਜੰਡਾ ਪ੍ਰਚਾਰਨ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਇਹ ਸਕੀਮ ਪੰਜਾਬ ਲਈ ਮਾਰੂ ਹੈ। ਜਦੋਂ ਦਰਿਆਵਾਂ ਨੂੰ ਆਪਸ ਵਿਚ ਜੋੜ ਕੇ ਇੱਕ-ਦੂਸਰੇ ਵੱਲ ਪਾਣੀ ਭੇਜਣਾ ਸ਼ੁਰੂ ਕੀਤਾ, ਪੰਜਾਬ ਦਾ ਪਾਣੀ ਆਪਣੇ ਤੋਂ ਨੀਂਵੇਂ ਰਾਜਸਥਾਨ ਤੇ ਮੱਧ ਪ੍ਰਦੇਸ਼ ਜਾਂ ਗੁਜਰਾਤ ਨੂੰ ਜਾ ਸਕਦਾ ਹੈ, ਉਨ੍ਹਾਂ ਵਿਚੋਂ ਕਿਸੇ ਰਾਜ ਦੇ ਪਾਣੀ ਦੀ ਕੋਈ ਬੂੰਦ ਪੰਜਾਬ ਨੂੰ ਨਹੀਂ ਮਿਲਣੀ। ਇਹ ਯੋਜਨਾ ਜਦੋਂ ਅਟਲ ਬਿਹਾਰੀ ਵਾਜਪਾਈ ਨੇ ਉਛਾਲੀ ਸੀ, ਉਦੋਂ ਤੋਂ ਇਸ ਦਾ ਵਿਰੋਧ ਹੁੰਦਾ ਆਇਆ ਹੈ। ਅਕਾਲੀ ਆਗੂ ਇਹ ਕਹਿੰਦੇ ਹਨ ਕਿ ਹਰਿਆਣੇ ਨੂੰ ਪਾਣੀ ਦੀ ਇੱਕ ਬੂੰਦ ਨਹੀਂ ਦੇਣੀ, ਪਰ ਭਾਜਪਾ ਵਲੋਂ ਦਰਿਆਵਾਂ ਨੂੰ ਜੋੜਨ ਦੀ ਯੋਜਨਾ ਬਾਰੇ ਕਦੇ ਵੀ ਖੁੱਲ੍ਹ ਕੇ ਇਸ ਲਈ ਕੁਝ ਨਹੀਂ ਬੋਲਦੇ ਕਿ ਕੇਂਦਰ ਦੀ ਸਰਕਾਰ ਵਿਚ ਜਿਹੜੀ 'ਚਵਾਨੀ ਪੱਤੀ' ਅਕਾਲੀ ਦਲ ਦੇ ਹਿੱਸੇ ਆਉਂਦੀ ਹੈ, ਉਹ ਖੁੱਸਣ ਦਾ ਡਰ ਹੈ। ਉਂਜ ਇਹ ਕਹਿਣਾ ਸੌਖਾ ਹੈ ਕਿ ਪੰਜਾਬ ਦੇ ਹਿੱਤਾਂ ਦਾ ਸਾਡੇ ਤੋਂ ਵੱਡਾ ਰਖਵਾਲਾ ਕੋਈ ਨਹੀਂ, ਪਰ ਕਿਸੇ ਵੀ ਪਰਖ ਦੇ ਮੌਕੇ ਉਹ ਹਮੇਸ਼ਾ ਪਾਸਾ ਵੱਟ ਜਾਂਦੇ ਹਨ।

ਦੂਸਰੀ ਨੋਟ ਕਰਨ ਵਾਲੀ ਗੱਲ ਹੁਸੈਨੀਵਾਲ ਵਿਚ ਪ੍ਰਧਾਨ ਮੰਤਰੀ ਮੋਦੀ ਦੇ ਆਉਣ ਤੋਂ ਦੋ ਦਿਨ ਪਹਿਲਾਂ ਦੇਸ਼ ਦੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੇ ਵਾਘਾ ਬਾਰਡਰ ਦੇ ਦੌਰੇ ਵੇਲੇ ਵਾਪਰੀ ਸੀ। ਉਥੇ ਪੱਤਰਕਾਰਾਂ ਨੇ ਉਹ ਸਵਾਲ ਵੀ ਪੁੱਛ ਲਏ, ਜਿਹੜੇ ਵੱਖ-ਵੱਖ ਮੁੱਦਿਆਂ ਬਾਰੇ ਅਕਾਲੀ ਦਲ ਦੇ ਸਟੈਂਡ ਨਾਲ ਸਬੰਧਤ ਸਨ ਤੇ ਭਾਜਪਾ ਉਨ੍ਹਾਂ ਉਤੇ ਕਦੇ ਉਨ੍ਹਾਂ ਨਾਲ ਸਹਿਮਤ ਨਹੀਂ ਹੋਈ। ਭਾਰਤ-ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵੀ ਕਦੇ ਇੱਕ-ਦੂਸਰੇ ਨਾਲ ਸਹਿਮਤ ਨਹੀਂ ਹੁੰਦੇ ਤੇ ਜਦੋਂ ਇਕੱਠੇ ਪੱਤਰਕਾਰਾਂ ਨੂੰ ਮਿਲਦੇ ਹਨ ਤਾਂ ਪੁੱਛੇ ਜਾਂਦੇ ਸਵਾਲਾਂ ਬਾਰੇ ਆਪੋ ਆਪਣੀ ਗੱਲ ਕਹਿਣ ਲਈ ਆਜ਼ਾਦ ਹੁੰਦੇ ਹਨ। ਇਥੇ ਇਹ ਹੋਇਆ ਕਿ ਪੱਤਰਕਾਰ ਸਵਾਲ ਪੁੱਛਦੇ ਸਨ ਅਤੇ ਬਾਦਲ ਸਾਹਿਬ ਕਹੀ ਜਾਂਦੇ ਸਨ, 'ਛੱਡੋ ਜੀ, ਕੁਝ ਹੋਰ ਪੁੱਛ ਲਵੋ।' ਜਦੋਂ ਦੋ-ਤਿੰਨ ਵਾਰ ਇਸੇ ਤਰ੍ਹਾਂ ਬਾਦਲ ਸਾਹਿਬ ਨੇ ਕਿਹਾ ਤਾਂ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਪੱਤਰਕਾਰਾਂ ਨੂੰ ਇਹ ਕਹਿ ਕੇ ਰਹੀ ਕਸਰ ਕੱਢ ਦਿੱਤੀ ਕਿ 'ਤੁਸੀਂ ਮੁੱਖ ਮੰਤਰੀ ਨੂੰ ਪ੍ਰੇਸ਼ਾਨ ਕਰਨ ਵਾਲੇ ਸਵਾਲ ਨਾ ਕਰੋ ਤਾਂ ਚੰਗਾ ਹੈ।'

ਦੋਵਾਂ ਦਾ ਰਾਜਸੀ ਗਠਜੋੜ ਹੈ, ਪਰ ਦੋਵਾਂ ਦੇ ਸਬੰਧਾਂ ਬਾਰੇ ਪੁੱਛੇ ਸਵਾਲਾਂ ਬਾਰੇ ਇੱਕ ਜਣਾ ਅੱਗੋਂ 'ਛੱਡੋ ਜੀ' ਕਹਿੰਦਾ ਹੈ ਤੇ ਦੂਸਰਾ ਇਨ੍ਹਾਂ ਨੂੰ 'ਮੁੱਖ ਮੰਤਰੀ ਨੂੰ ਪ੍ਰੇਸ਼ਾਨ ਕਰਨ ਵਾਲੇ ਸਵਾਲ' ਕਹਿ ਕੇ ਬਚਣ ਦਾ ਰਾਹ ਕੱਢਦਾ ਹੈ। ਫਿਰ ਵੀ ਦੋਵਾਂ ਧਿਰਾਂ ਦਾ ਗਠਜੋੜ ਰੋਂਦਾ-ਚੀਕਦਾ ਨਿਭੀ ਜਾਂਦਾ ਹੈ। ਦੇਸ਼ ਦੇ ਲੋਕਾਂ ਸਾਹਮਣੇ ਪੇਸ਼ ਹੋ ਰਹੇ ਇਸ ਸਿਧਾਂਤੋਂ ਸੱਖਣੇ ਗਠਜੋੜ ਨੂੰ ਕਹਿੰਦੇ ਹਨ 'ਮੈਰਿਜ ਆਫ ਕਨਵੇਨੀਐਂਸ।'

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਕਸ਼ਮੀਰ ਵਿਚ ਮੁੜ ਕੁਦਰਤੀ ਕਹਿਰ

**ਸ੍ਰੀਨਗਰ/ਜੰਮੂ:** ਜੰਮੂ ਕਸ਼ਮੀਰ ਵਿਚ ਮੁੜ ਹੜ੍ਹਾਂ ਦੇ ਖ਼ਤਰੇ ਨੇ ਲੋਕਾਂ ਵਿਚ ਸਹਿਮ ਦਾ ਮਾਹੌਲ ਪੈਦਾ ਕਰ ਦਿੱਤਾ। ਵਾਦੀ ਦੇ ਕਈ ਇਲਾਕਿਆਂ ਵਿਚ ਪਾਣੀ ਦਾਖ਼ਲ ਹੋ ਗਿਆ ਹੈ ਤੇ ਬਾਰਸ਼ ਕਾਰਨ 17 ਲੋਕਾਂ ਦੀ ਮੌਤ ਦਾ ਖਦਸ਼ਾ ਹੈ। ਤਕਰੀਬਨ ਸੱਤ ਮਹੀਨੇ ਪਹਿਲਾਂ ਭਿਆਨਕ ਹੜ੍ਹਾਂ ਕਾਰਨ ਸੂਬੇ ਵਿਚ ਸੈਂਕੜੇ ਲੋਕ ਮਾਰੇ ਗਏ ਸਨ ਤੇ ਹਜ਼ਾਰਾਂ ਬੇਘਰ ਹੋ ਗਏ ਸਨ। ਸੂਬਾ ਸਰਕਾਰ ਨੇ ਕਸ਼ਮੀਰ ਵਿਚ ਹੜ੍ਹਾਂ ਦਾ ਐਲਾਨ ਕਰਕੇ ਉਥੇ ਰਾਹਤ ਤੇ ਬਚਾਅ ਕਾਰਜ ਆਰੰਭ ਦਿੱਤੇ ਹਨ। ਕੇਂਦਰ ਸਰਕਾਰ ਵੀ ਤੁਰੰਤ ਹਰਕਤ ਵਿਚ ਆ ਗਈ ਤੇ ਕੌਮੀ ਆਫ਼ਤ ਪ੍ਰਬੰਧਨ ਬਲ ਦੀਆਂ ਅੱਠ ਟੀਮਾਂ ਬਚਾਅ ਕਾਰਜਾਂ ਲਈ ਰਵਾਨਾ ਕਰ ਦਿੱਤੀਆਂ।

ਹਥਿਆਰਬੰਦ ਬਲਾਂ ਨੂੰ ਚਾਰ ਹੈਲੀਕਾਪਟਰਾਂ ਨਾਲ ਤਿਆਰ ਰੱਖਿਆ ਗਿਆ ਹੈ ਤਾਂ ਜੋ ਹੜ੍ਹਾਂ ਦੀ ਸਥਿਤੀ ਗੰਭੀਰ ਹੋਣ 'ਤੇ ਉਨ੍ਹਾਂ ਨੂੰ ਤੁਰੰਤ ਤਾਇਨਾਤ ਕੀਤਾ ਜਾ ਸਕੇ। ਹੜ੍ਹਾਂ ਨੂੰ ਦੇਖਦਿਆਂ ਲੋਕਾਂ ਨੂੰ ਸੁਰੱਖਿਅਤ ਟਿਕਾਣਿਆਂ 'ਤੇ ਪਹੁੰਚਾਇਆ ਗਿਆ। ਭਾਰੀ ਬਾਰਸ਼ ਤੋਂ ਬਾਅਦ ਢਿੱਗਾਂ ਡਿੱਗਣ ਕਰਕੇ ਸ੍ਰੀਨਗਰ-ਜੰਮੂ ਕੌਮੀ ਰਾਜਮਾਰਗ ਬੰਦ ਹੋ ਗਿਆ ਹੈ। ਅਧਿਕਾਰੀਆਂ ਨੇ ਕਸ਼ਮੀਰ ਡਿਵੀਜ਼ਨ ਦੇ ਸੱਤ ਜ਼ਿਲ੍ਹਿਆਂ ਵਿਚ ਤੂਫ਼ਾਨ ਦੀ ਚਿਤਾਵਨੀ ਦਿੱਤੀ ਹੈ ਤੇ ਲੋਕਾਂ ਨੂੰ ਬਾਹਰ ਨਾ ਨਿਕਲਣ ਦੀ ਸਲਾਹ ਦਿੱਤੀ ਗਈ ਹੈ। ਭਾਰੀ ਬਾਰਸ਼ ਕਾਰਨ ਜੇਹਲਮ ਦਰਿਆ ਖ਼ਤਰੇ ਦੇ ਨਿਸ਼ਾਨ ਤੋਂ ਉਪਰ ਵਹਿ ਰਿਹਾ ਸੀ। ਹੜ੍ਹਾਂ ਦਾ ਪਾਣੀ ਕਸ਼ਮੀਰ ਦੇ ਕਈ ਹੇਠਲੇ ਇਲਾਕਿਆਂ ਵਿਚ ਦਾਖ਼ਲ ਹੋ ਗਿਆ। ਮੌਸਮ ਵਿਭਾਗ ਨੇ ਚਿਤਾਵਨੀ ਦਿੱਤੀ ਹੈ ਕਿ ਅਗਲੇ ਕੁਝ ਦਿਨਾਂ ਵਿਚ ਸੂਬੇ ਦੇ ਕਈ ਇਲਾਕਿਆਂ ਵਿਚ ਭਾਰੀ ਬਾਰਸ਼ ਹੋਵੇਗੀ।

ਸੂਬਾ ਸਰਕਾਰ ਨੇ ਹੜ੍ਹ ਪ੍ਰਭਾਵਤ ਇਲਾਕਿਆਂ ਲਈ 32 ਕਰੋੜ ਰੁਪਏ ਮਨਜ਼ੂਰ ਕੀਤੇ ਹਨ। ਜਿਨ੍ਹਾਂ ਵਿਚੋਂ 22 ਕਰੋੜ ਰੁਪਏ ਕਸ਼ਮੀਰ ਤੇ 10 ਕਰੋੜ ਰੁਪਏ ਜੰਮੂ ਖੇਤਰ ਲਈ ਐਲਾਨੇ ਗਏ ਹਨ। ਮੁੱਖ ਮੰਤਰੀ ਮੁਫ਼ਤੀ ਮੁਹੰਮਦ ਸਈਦ ਨੇ ਸ੍ਰੀਨਗਰ ਦੇ ਪ੍ਰਭਾਵਤ ਇਲਾਕਿਆਂ ਦਾ ਦੌਰਾ ਕੀਤਾ ਤੇ ਜੰਮੂ ਵਿਚ ਵਿਧਾਨ ਸਭਾ ਦੀ ਕਾਰਵਾਈ ਦੌਰਾਨ ਉਕਤ ਰਾਹਤ ਦਾ ਐਲਾਨ ਕੀਤਾ। ਪੁਲਿਸ ਨੇ ਪੁਸ਼ਟੀ ਕੀਤੀ ਹੈ ਕਿ ਬੜਗਾਮ ਵਿਚ ਢਿੱਗਾਂ ਡਿੱਗਣ ਕਰਕੇ ਚਾਰ ਘਰ ਡਿੱਗ ਗਏ ਤੇ ਛੇ ਲੋਕ ਮਲਬੇ ਹੇਠਾਂ ਦੱਬ ਕੇ ਮਰ ਗਏ ਜਦਕਿ 10 ਹੋਰ ਜਣੇ ਫਸੇ ਹੋਏ ਹਨ।

ਪ੍ਰਧਾਨ ਮੰਤਰੀ ਨੇ ਘੱਟ ਗਿਣਤੀ ਤੇ ਸੰਸਦੀ ਮਾਮਲਿਆਂ ਬਾਰੇ ਰਾਜ ਮੰਤਰੀ ਮੁਖਤਾਰ ਅੱਬਾਸ ਨਕਵੀ ਨੂੰ ਆਖਿਆ ਗਿਆ ਹੈ ਕਿ ਉਹ ਹੜ੍ਹਾਂ ਦੀ ਸਥਿਤੀ ਦਾ ਜਾਇਜ਼ਾ ਲੈਣ ਤੇ ਸੂਬਾ ਸਰਕਾਰ ਦੇ ਅਧਿਕਾਰੀਆਂ ਤੋਂ ਇਲਾਵਾ ਬਚਾਅ ਕਾਰਜਾਂ ਵਿਚ ਲੱਗੀ ਫ਼ੌਜ ਨਾਲ ਤਾਲਮੇਲ ਕਰਨ। ਸ੍ਰੀ ਨਕਵੀ ਨੇ ਵਾਦੀ ਨੂੰ ਜਾਣ ਦੀ ਤਿਆਰੀ ਸਮੇਂ ਕਿਹਾ ਕਿ ਕੇਂਦਰ ਸੂਬਾ ਸਰਕਾਰ ਦੀ ਸਾਰੀ ਲੋੜੀਂਦੀ ਮਦਦ ਕਰਨ ਲਈ ਵਚਨਬੱਧ ਹੈ।

ਸੈਨਾ ਨੇ ਪੁਣਛ ਜ਼ਿਲ੍ਹੇ ਵਿਚ 24 ਲੋਕਾਂ ਨੂੰ ਸੁਰੱਖਿਅਤ ਕੱਢ ਲਿਆ। ਲੈਫ਼ਟੀਨੈਂਟ ਕਰਨਲ ਮਨੀਸ਼ ਮਹਿਤਾ ਨੇ ਕਿਹਾ ਕਿ ਇਹ ਲੋਕ ਲਗਾਤਾਰ ਪੈ ਰਹੀ ਬਾਰਸ਼ ਕਰਕੇ ਪਾਣੀ ਦਾ ਪੱਧਰ ਵਧਣ ਕਰਕੇ ਘਿਰ ਗਏ ਸਨ ਤੇ ਜਵਾਨਾਂ ਨੇ ਉਨ੍ਹਾਂ ਨੂੰ ਸੁਰੱਖਿਅਤ ਟਿਕਾਣਿਆਂ 'ਤੇ ਭੇਜ ਦਿੱਤਾ ਹੈ।

### ਹੜ੍ਹਾਂ ਕਾਰਨ ਘਰ ਢਹਿ-ਢੇਰੀ, ਕਈ ਥਾਂਈਂ ਨੁਕਸਾਨ



### ਸੂਬੇ ਲਈ 200 ਕਰੋੜ ਦੀ ਫੌਰੀ ਇਮਦਾਦ ਜਾਰੀ

ਕੇਂਦਰ ਸਰਕਾਰ ਨੇ ਵਾਦੀ ਵਿਚ ਮੁੜ ਤੋਂ ਆਏ ਹੜ੍ਹਾਂ ਨੂੰ ਦੇਖਦਿਆਂ 200 ਕਰੋੜ ਰੁਪਏ ਦੀ ਫੌਰੀ ਇਮਦਾਦ ਜਾਰੀ ਕਰਦਿਆਂ ਹਰ ਸੰਭਵ ਸਹਾਇਤਾ ਕਰਨ ਦਾ ਵਾਅਦਾ ਕੀਤਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੇਂਦਰੀ ਮੰਤਰੀ ਮੁਖਤਾਰ ਅੱਬਾਸ ਨਕਵੀ ਨੂੰ ਕਸ਼ਮੀਰ ਭੇਜਿਆ ਹੈ। ਜੰਮੂ ਤੇ ਕਸ਼ਮੀਰ ਸਰਕਾਰ ਨੇ ਕਸ਼ਮੀਰ ਵਾਦੀ ਵਿਚ ਹੜ੍ਹਾਂ ਦੀ ਸਥਿਤੀ ਦਾ ਐਲਾਨ ਕਰ ਦਿੱਤਾ ਹੈ। ਕਈ ਇਲਾਕੇ ਪਾਣੀ ਵਿਚ ਡੁੱਬ ਜਾਣ ਕਾਰਨ ਸਕੂਲ ਬੰਦ ਕਰ ਦਿੱਤੇ ਗਏ ਹਨ

# ਯੋਗੇਂਦਰ ਯਾਦਵ ਤੇ ਪ੍ਰਸ਼ਾਂਤ ਭੂਸ਼ਣ ਦੀ 'ਆਪ' ਵਿਚੋਂ ਛੁੱਟੀ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਵਿਚ ਮਹੀਨੇ ਭਰ ਤੋਂ ਚਲਿਆ ਆ ਰਿਹਾ ਰੌਲਾ ਨਾਰਾਜ਼ ਆਗੂਆਂ ਪ੍ਰਸ਼ਾਂਤ ਭੂਸ਼ਣ ਤੇ ਯੋਗੇਂਦਰ ਯਾਦਵ ਨੂੰ ਕੌਮੀ ਕਾਰਜਕਾਰਨੀ ਵਿਚੋਂ ਕੱਢੇ ਜਾਣ ਨਾਲ ਸਿਖਰਾਂ 'ਤੇ ਪਹੁੰਚ ਗਿਆ। ਦੋਵੇਂ ਆਗੂਆਂ ਨਾਲ ਉਨ੍ਹਾਂ ਦੇ ਹਮਾਇਤੀਆਂ ਆਨੰਦ ਕੁਮਾਰ ਤੇ ਅਜੀਤ ਝਾਅ ਨੂੰ ਵੀ ਲਾਂਭੇ ਕੀਤਾ ਗਿਆ ਹੈ। ਸੰਭਾਵਨਾ ਜਤਾਈ ਜਾ ਰਹੀ ਹੈ ਕਿ ਦੋਵੇਂ ਆਗੂਆਂ ਨੂੰ ਪਾਰਟੀ ਵਿਚੋਂ ਬਾਹਰ ਦਾ ਰਸਤਾ ਦਿਖਾਇਆ ਜਾ ਸਕਦਾ ਹੈ।



'ਆਪ' ਦੀ ਕੌਮੀ ਪ੍ਰੀਸ਼ਦ ਦੀ ਮੀਟਿੰਗ ਦੌਰਾਨ ਕਾਫੀ ਨਾਟਕਬਾਜ਼ੀ ਹੋਈ। ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਇਕ ਘੰਟੇ ਤੱਕ ਭਾਸ਼ਣ ਦਿੱਤਾ ਤੇ 300 ਤੋਂ ਵੱਧ ਜੁੜੇ ਮੈਂਬਰਾਂ ਨੂੰ ਉਨ੍ਹਾਂ ਨੂੰ ਜਾਂ ਪ੍ਰਸ਼ਾਂਤ ਤੇ ਯੋਗੇਂਦਰ ਵਿਚੋਂ ਕਿਸੇ ਇਕ ਨੂੰ ਚੁਣਨ ਲਈ ਕਿਹਾ। ਇਸ ਤੋਂ ਬਾਅਦ ਉਹ ਮੀਟਿੰਗ ਵਿਚੋਂ ਚਲੇ ਗਏ। ਕਾਰਜਕਾਰਨੀ ਵਿਚੋਂ ਪ੍ਰਸ਼ਾਂਤ ਭੂਸ਼ਣ ਤੇ ਯੋਗੇਂਦਰ ਯਾਦਵ ਨੂੰ ਹਟਾਉਣ ਦਾ ਮਤਾ ਮਨੀਸ਼ ਸਿਸੋਦੀਆ ਨੇ ਪੇਸ਼ ਕੀਤਾ ਜਿਸ ਨੂੰ ਪਾਸ ਕਰ ਦਿੱਤਾ ਗਿਆ। ਸ੍ਰੀ ਯਾਦਵ ਤੇ ਭੂਸ਼ਣ ਦੇ ਨਾਲ ਹੀ ਉਨ੍ਹਾਂ ਦੇ ਹਮਾਇਤੀਆਂ ਆਨੰਦ ਕੁਮਾਰ ਤੇ ਅਜੀਤ ਝਾਅ ਨੂੰ ਵੀ ਹਟਾਇਆ ਗਿਆ ਹੈ। 'ਆਪ' ਦੇ ਕੌਮੀ ਸਕੱਤਰ ਪੰਕਜ ਗੁਪਤਾ ਨੇ ਦੱਸਿਆ ਕਿ ਮਤੇ ਦੇ ਹੱਕ ਵਿਚ 247 ਮੈਂਬਰ ਭੁਗਤੇ ਜਦਕਿ 10 ਮੈਂਬਰਾਂ ਨੇ ਇਸ ਦਾ ਵਿਰੋਧ ਕੀਤਾ ਤੇ 54 ਹੋਰਾਂ ਨੇ ਵੋਟਿੰਗ ਵਿਚ ਹਿੱਸਾ ਨਹੀਂ ਲਿਆ।

ਆਪਣੀ ਬਰਖ਼ਾਸਤਗੀ ਦੇ ਤੁਰੰਤ ਬਾਅਦ ਸ੍ਰੀ ਭੂਸ਼ਣ ਤੇ ਯਾਦਵ ਨੇ ਕੌਮੀ ਪ੍ਰੀਸ਼ਦ ਦੀ ਮੀਟਿੰਗ ਨੂੰ ਗ਼ੈਰਸੰਵਿਧਾਨਕ ਤੇ ਗ਼ੈਰਕਾਨੂੰਨੀ ਕਰਾਰ ਦਿੱਤਾ। ਉਨ੍ਹਾਂ ਇਸ ਫ਼ੈਸਲੇ ਨੂੰ ਅਦਾਲਤ 'ਚ ਚੁਣੌਤੀ ਦੇਣ ਦਾ ਰਾਹ ਵੀ ਖੁਲ੍ਹਾ ਰੱਖਿਆ ਹੋਇਆ ਹੈ। ਦੋਹਾਂ ਆਗੂਆਂ ਨੇ ਕਿਹਾ ਕਿ 'ਆਪ' ਦੇ ਲੋਕਪਾਲ ਐਡਮਿਰਲ ਐਲ ਰਾਮਦਾਸ ਨੂੰ ਕੌਮੀ ਪ੍ਰੀਸ਼ਦ ਦੀ ਮੀਟਿੰਗ ਵਿਚ ਸ਼ਾਮਲ ਨਾ ਹੋਣ ਲਈ ਪਾਰਟੀ ਦੀ ਲੀਡਰਸ਼ਿਪ ਵਲੋਂ ਆਖਿਆ ਗਿਆ ਜਦਕਿ ਪਿਛਲੀਆਂ ਬੈਠਕਾਂ ਵਿਚ ਉਹ ਸ਼ਾਮਲ ਹੁੰਦੇ ਰਹੇ। ਸ੍ਰੀ ਕੇਜਰੀਵਾਲ 'ਤੇ ਤਾਨਾਸ਼ਾਹ ਹੋਣ ਦੇ ਦੋਸ਼ ਲਾਉਂਦਿਆਂ ਉਨ੍ਹਾਂ ਕਿਹਾ ਕਿ ਮੀਟਿੰਗ ਵਿਚ ਉਨ੍ਹਾਂ ਦੇ ਲੋਕਾਂ ਨੇ ਬਾਊਂਸਰ ਵੀ ਲਿਆਂਦੇ ਹੋਏ ਸਨ ਜਿਨ੍ਹਾਂ ਮਤੇ ਦਾ ਵਿਰੋਧ ਕਰਨ ਵਾਲੇ ਮੈਂਬਰਾਂ ਨੂੰ ਕੁੱਟਿਆ ਵੀ। ਸ੍ਰੀ ਭੂਸ਼ਣ ਨੇ ਕਿਹਾ ਕਿ ਇਹ ਸੱਚ ਹੈ ਕਿ ਅਸੀਂ ਅਦਾਲਤ ਤੇ ਚੋਣ ਕਮਿਸ਼ਨ ਕੋਲ ਜਾ ਸਕਦੇ ਹਾਂ ਤੇ ਕੌਮੀ ਪ੍ਰੀਸ਼ਦ ਦੀ ਹੋਰ ਬੈਠਕ ਵੀ ਸੱਦ ਸਕਦੇ ਹਾਂ। ਅਰਵਿੰਦ ਕੇਜਰੀਵਾਲ ਵੱਲੋਂ ਪ੍ਰਸ਼ਾਂਤ ਭੂਸ਼ਣ ਤੇ ਯੋਗੇਂਦਰ ਯਾਦਵ ਨੂੰ ਗਾਲ੍ਹਾਂ ਕੱਢੇ ਜਾਣ ਦੇ ਸਟਿੰਗ ਬਾਰੇ 'ਆਪ' ਆਗੂ ਸੰਜੈ ਸਿੰਘ ਨੇ ਕਿਹਾ ਕਿ ਇਨ੍ਹਾਂ ਦੋਸ਼ਾਂ ਵਿਚ ਕੋਈ ਸੱਚਾਈ ਨਹੀਂ ਹੈ।

**ਰਾਮਦਾਸ ਨੂੰ ਵੀ ਦਿਖਾਇਆ ਬਾਹਰ ਦਾ ਰਾਹ:** ਪਾਰਟੀ ਨੇ ਅੰਦਰੂਨੀ ਲੋਕਪਾਲ ਐਡਮਿਰਲ ਐਲ ਰਾਮਦਾਸ ਨੂੰ ਬਾਹਰ ਦਾ ਰਾਹ ਦਿਖਾ ਦਿੱਤਾ। ਨਾਰਾਜ਼ ਧੜੇ ਦੇ ਆਗੂ ਪ੍ਰਸ਼ਾਂਤ ਭੂਸ਼ਣ ਨੂੰ ਪਾਰਟੀ ਦੀ ਅਨੁਸ਼ਾਸਨੀ ਕਮੇਟੀ 'ਚੋਂ ਵੀ ਕੱਢ ਦਿੱਤਾ ਗਿਆ ਹੈ। ਕੌਮੀ ਕਾਰਜਕਾਰਨੀ ਦੀ ਹੰਗਾਮੀ ਮੀਟਿੰਗ ਦੌਰਾਨ ਜਲ ਸੈਨਾ ਦੇ ਸਾਬਕਾ ਮੁਖੀ ਸ੍ਰੀ ਰਾਮਦਾਸ ਨੂੰ ਅੰਦਰੂਨੀ ਲੋਕਪਾਲ ਤੋਂ ਹਟਾ ਕੇ ਉਨ੍ਹਾਂ ਦੀ ਥਾਂ ਨਵੀਂ ਲੋਕਪਾਲ ਕਮੇਟੀ ਬਣਾ ਦਿੱਤੀ ਗਈ। ਕਮੇਟੀ 'ਚ ਸਾਬਕਾ ਆਈ.ਪੀ.ਐਸ. ਐਨ ਦਿਲੀਪ ਕੁਮਾਰ ਤੇ ਰਾਕੇਸ਼ ਸਿਨਹਾ ਤੇ ਸਿੱਖਿਆ ਮਾਹਰ ਐਸ.ਪੀ. ਵਰਮਾ ਸ਼ਾਮਲ ਹਨ।

# ਖਾਮੋਸ਼ ਦਾ ਨਵਾਂ ਨਾਵਲ 'ਲਟ ਲਟ ਲਾਟ ਬਲੇ' ਰਿਲੀਜ਼

**ਸਟਕਾਕਟਨ (ਬਿਊਰੋ):** ਵਿਕਟਰ ਹੀਊਗੋ ਦੀ ਜੀਵਨੀ 'ਤੇ ਆਧਾਰਤ ਇੰਦਰ ਸਿੰਘ ਖਾਮੋਸ਼ ਦਾ ਨਵਾਂ ਨਾਵਲ 'ਲਟ ਲਟ ਲਾਟ ਬਲੇ' ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਸਟਾਕਟਨ ਇਕਾਈ ਵਲੋਂ ਲੰਘੇ ਦਿਨੀਂ ਰਿਲੀਜ਼ ਕੀਤਾ ਗਿਆ। ਨਾਵਲੀ ਬਿਰਤਾਂਤ ਅਨੁਸਾਰ ਵਿਕਟਰ ਹੀਊਗੋ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਸ ਨੂੰ ਜਾਣ ਲੈਣਾ, ਉਨੀਵੀਂ ਸਦੀ ਦੇ ਫਰਾਂਸ ਨੂੰ ਜਾਣ ਲੈਣਾ ਹੈ।




ਨਾਵਲ ਬਾਰੇ ਚਰਚਾ ਕਰਦਿਆਂ ਪ੍ਰੋ. ਹਰਭਜਨ ਸਿੰਘ ਨੇ ਤਿੰਨ ਅਹਿਮ ਮੁੱਦੇ ਉਠਾਏ। ਪਹਿਲਾ, ਕਿਸੇ ਇਤਿਹਾਸਕ ਵਾਰਤਕ ਰਚਨਾ ਦੇ ਵਿਧਾਗਤ ਰੁਪਾਂਤਰਣ ਦੀ ਸਮੱਸਿਆ ਬਾਰੇ; ਦੂਜਾ, ਦੂਰਕਾਲੀ ਇਤਿਹਾਸਕ ਸਥਿਤੀਆਂ-ਪ੍ਰਸਥਿਤੀਆਂ ਤੇ ਘਟਨਾਵਾਂ ਦੇ ਗਲਪੀਕਰਨ ਤੇ ਪ੍ਰਮਾਣਿਕਤਾ ਦੀਆਂ ਸੀਮਾਵਾਂ ਬਾਰੇ; ਤੀਜਾ, ਇਸ ਕਿਸਮ ਦੇ ਗਲਪ ਦੇ ਸਮਕਾਲੀ ਮਹੱਤਵ ਤੇ ਸਾਰਥਕਤਾ ਬਾਰੇ। ਇਨ੍ਹਾਂ ਮੁੱਦਿਆਂ 'ਤੇ ਹੋਈ ਚਰਚਾ ਵਿਚ ਸੁਖਵਿੰਦਰ ਕੰਬੋਜ, ਹਰਜਿੰਦਰ ਪੰਧੇਰ ਤੇ ਇੰਦਰ ਸਿੰਘ ਖਾਮੋਸ਼ ਨੇ ਭਾਗ ਲਿਆ। ਹਰਜਿੰਦਰ ਪੰਧੇਰ ਨੇ ਆਪਣਾ ਪੇਪਰ 'ਲਟ ਲਟ ਲਾਟ ਬਲੇ: ਇਕ ਜੀਵਨੀ ਮੂਲਕ ਨਾਵਲ' ਪੜ੍ਹਿਆ, ਜਿਸ ਵਿਚ ਇਸ ਨਾਵਲ ਦੀਆਂ ਸੀਮਾਵਾਂ, ਸਾਰਥਕਤਾ ਅਤੇ ਸਾਹਿਤਕਤਾ ਨੂੰ ਹੋਰ ਵਿਸਥਾਰ ਸਹਿਤ ਵਿਚਾਰਿਆ। ਸੁਖਵਿੰਦਰ ਕੰਬੋਜ ਨੇ ਪ੍ਰੋ. ਹਰਭਜਨ ਸਿੰਘ ਵਲੋਂ ਉਠਾਏ ਮੁੱਦਿਆਂ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਵਿਕਟਰ ਹੀਊਗੋ ਦੇ ਰੁਮਾਂਸਵਾਦ ਬਾਰੇ ਵੀ ਜਾਣਕਾਰੀ ਦਿੱਤੀ। ਇੰਦਰ ਸਿੰਘ ਖਾਮੋਸ਼ ਨੇ ਪ੍ਰੋ. ਹਰਭਜਨ ਸਿੰਘ ਵਲੋਂ ਉਠਾਏ ਗਏ ਮੁੱਦਿਆਂ ਬਾਰੇ ਕਿਹਾ ਕਿ ਉਨ੍ਹਾਂ ਨੇ ਇਸ ਨਵੀਂ ਗਲਪ ਵੰਨਗੀ ਦਾ ਮੁੱਢ ਬੰਨ੍ਹਣ ਲਈ ਬਹੁਤ ਕਠਿਨ ਤੇ ਲੰਬੀ ਘਾਲਣਾ ਘਾਲੀ ਹੈ, ਜਿਸ ਨੂੰ ਚੰਗਾ ਹੁੰਗਾਰਾ ਵੀ ਮਿਲਦਾ ਰਿਹਾ ਹੈ। ਇਸ ਉਪਰੰਤ ਪ੍ਰਿੰ. ਹਰਨੇਕ ਸਿੰਘ ਨੇ ਆਪਣੀ ਨਵੀਂ ਕਹਾਣੀ 'ਕੱਚ ਦਾ ਸੱਚ' ਸਰੋਤਿਆਂ ਨਾਲ ਸਾਂਝੀ ਕੀਤੀ।

ਦੂਜੇ ਸੈਸ਼ਨ ਵਿਚ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਸਟਾਕਟਨ ਇਕਾਈ ਦੀ ਨਵੀਂ ਕਾਰਜਕਾਰਨੀ ਕਮੇਟੀ ਦੀ ਚੋਣ ਕੀਤੀ ਗਈ। ਸਰਬਸੰਮਤੀ ਨਾਲ ਸੰਪੰਨ ਹੋਈ ਇਸ ਚੋਣ ਦਾ ਸੰਚਾਲਨ ਪ੍ਰੋ. ਹਰਭਜਨ ਸਿੰਘ ਨੇ ਕੀਤਾ ਜਿਸ ਅਨੁਸਾਰ ਡਾ. ਹਰਭਜਨ ਸਿੰਘ ਸ਼ੇਰਗਿਲ ਤੇ ਸਤਨਾਮ ਸਿੰਘ ਸੰਧੂ-ਸਰਪ੍ਰਸਤ, ਹਰਜਿੰਦਰ ਪੰਧੇਰ-ਪ੍ਰਧਾਨ, ਪ੍ਰਿੰ. ਹਰਨੇਕ ਸਿੰਘ-ਮੀਤ ਪ੍ਰਧਾਨ, ਮਨਜੀਤ ਕੌਰ ਸਿੱਧੂ-ਆਰਗੇਨਾਈਜ਼ਰ, ਮਨਦੀਪ ਗੋਰਾ-ਜਨਰਲ ਸਕੱਤਰ ਅਤੇ ਹਰਜੀਤ ਸਿੰਘ ਹਠੂਰ-ਸਹਾਇਕ ਸਕੱਤਰ ਚੁਣੇ ਗਏ। ਮੈਂਬਰਾਂ ਵਿਚ ਪ੍ਰੋ. ਹਰਭਜਨ ਸਿੰਘ, ਤਾਰਾ ਸਾਗਰ, ਰਵਿੰਦਰ ਜੌਹਲ, ਪਰਮਜੀਤ ਸਿੰਘ, ਰੇਣੂ ਸਿੰਘ, ਪ੍ਰੋ. ਬਲਜਿੰਦਰ ਸਿੰਘ, ਹਰਪ੍ਰੀਤ ਕੌਰ, ਸੋਨੀ ਵਾਲੀਆ, ਬੀਨਾ ਸਾਗਰ, ਸ਼ੌਕਤ ਅਲੀ, ਹਰਮਿੰਦਰ ਗਰੇਵਾਲ, ਅਮਰਪਾਲ ਕੰਬੋਜ, ਦਲਜਿੰਦਰ ਸਿੰਘ ਉਰਫ ਨੰਨੂ ਨੂਰ, ਰਵੀ ਚੀਮਾ, ਕੁਲਦੀਪ ਤੱਖਰ ਅਤੇ ਪ੍ਰਿੰਸੀਪਲ ਕੁਲਦੀਪ ਸਿੰਘ ਲਏ ਗਏ ਹਨ।

ਕਵੀ ਦਰਬਾਰ ਵਿਚ ਹਰਜੀਤ ਹਠੂਰ, ਸੁਖਵਿੰਦਰ ਕੰਬੋਜ, ਪ੍ਰੋ. ਹਰਭਜਨ ਸਿੰਘ, ਤਾਰਾ ਸਾਗਰ, ਦਲਜਿੰਦਰ ਸਿੰਘ, ਹਰਪ੍ਰੀਤ ਕੌਰ, ਜਯੋਤੀ ਸਿੰਘ, ਸੋਨੀ ਵਾਲੀਆ, ਗੁਰਬਚਨ ਸਿੰਘ ਭਾਟੀਆ, ਰਵੀ ਚੀਮਾ ਨੇ ਕਾਵਿ ਰਚਨਾਵਾਂ ਪੇਸ਼ ਕੀਤੀਆਂ। ਕੁਲਵਿੰਦਰ ਨੇ ਅੱਧੀ ਦਰਜਨ ਤੋਂ ਵੱਧ ਖ਼ੂਬਸੂਰਤ ਤਾਜ਼ਾ-ਤਰੀਨ ਗਜ਼ਲਾਂ ਪੇਸ਼ ਕਰ ਕੇ ਚੰਗਾ ਰੰਗ ਬੰਨ੍ਹਿਆ। ਸੰਸਥਾ ਵਲੋਂ ਜਾਰੀ ਬਿਆਨ ਅਨੁਸਾਰ 28 ਜੂਨ ਨੂੰ ਸਟਾਕਟਨ ਵਿਖੇ ਸ਼ਹੀਦ ਜੈਮਲ ਸਿੰਘ ਪੱਡਾ ਤੇ ਸੰਤ ਰਾਮ ਉਦਾਸੀ ਨੂੰ ਸਮਰਪਿਤ ਇਕ ਸਾਹਿਤਕ ਸੰਮੇਲਨ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਤੇ ਪੰਜਾਬੀ ਗੀਤਕਾਰ ਮੰਚ ਕੈਲੀਫੋਰਨੀਆ ਦੇ ਸਹਿਯੋਗ ਕੀਤਾ ਜਾਵੇਗਾ।



*ਸੀਨੀਅਰ ਸਿਟੀਜ਼ਨ ਸੰਸਥਾ-ਸੈਨ ਹੋਜ਼ੇ ਦੇ ਮੈਂਬਰ ਸਿਟੀ ਆਫ ਸੈਨ ਹੋਜ਼ੇ ਦੇ ਡਿਸਟ੍ਰਿਕਟ-4 ਤੋਂ ਕੌਂਸਲ ਮੈਂਬਰ ਲਈ ਚੋਣ ਲੜ ਰਹੇ ਸ. ਭੁਪਿੰਦਰ ਸਿੰਘ (ਬਾਬ) ਢਿੱਲੋਂ ਦੇ ਹੱਕ 'ਚ ਪ੍ਰਚਾਰ ਕਰਦੇ ਹੋਏ।*

# ਦਲ ਖਾਲਸਾ ਅਲਾਇੰਸ ਵਲੋਂ ਰਾਜ ਕਾਕੜਾ ਨੂੰ 'ਕਲਮ ਦਾ ਬਾਦਸ਼ਾਹ' ਅਵਾਰਡ

**ਚੰਡੀਗੜ੍ਹ (ਬਿਊਰੋ):** ਪ੍ਰਸਿੱਧ ਪੰਜਾਬੀ ਗੀਤਕਾਰ, ਗਾਇਕ ਅਤੇ ਅਦਾਕਾਰ ਰਾਜ ਕਾਕੜਾ ਦਾ ਦਲ ਖਾਲਸਾ ਅਲਾਇੰਸ ਵਲੋਂ 'ਕਲਮ ਦਾ ਬਾਦਸ਼ਾਹ' ਅਵਾਰਡ ਨਾਲ ਸਨਮਾਨ ਕੀਤਾ ਗਿਆ।



*ਰਾਜ ਕਾਕੜਾ ਨੂੰ 'ਕਲਮ ਦਾ ਬਾਦਸ਼ਾਹ' ਅਵਾਰਡ ਨਾਲ ਸਨਮਾਨਿਤ ਕਰਦੇ ਹੋਏ ਕੁਲਦੀਪ ਸਿੰਘ ਢੀਂਡਸਾ ਅਤੇ ਹੋਰ*

ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਦਲ ਖਾਲਸਾ ਅਲਾਇੰਸ ਨੇ ਇਕ ਪੰਥਕ ਪ੍ਰੋਗਰਾਮ ਦੀ ਸਟੇਜ ਤੋਂ ਗੀਤਕਾਰ ਰਾਜ ਕਾਕੜਾ ਦੀ ਸੋਚ ਅਤੇ ਕੰਮਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਉਸ ਨੂੰ 'ਕਲਮ ਦਾ ਬਾਦਸ਼ਾਹ' ਅਵਾਰਡ ਨਾਲ ਸਨਮਾਨਿਤ ਕੀਤਾ ਸੀ ਜੋ ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਦੇ ਪ੍ਰਧਾਨ ਸ. ਕੁਲਦੀਪ ਸਿੰਘ ਢੀਂਡਸਾ ਨੇ ਆਪਣੀ ਹਾਲੀਆ ਵਤਨ ਫੇਰੀ ਦੌਰਾਨ ਵਿਸ਼ੇਸ਼ ਤੌਰ 'ਤੇ ਚੰਡੀਗੜ੍ਹ ਪਹੁੰਚ ਕੇ ਰਾਜ ਕਾਕੜਾ ਨੂੰ ਦਿੱਤਾ। ਦੱਸਣਾ ਬਣਦਾ ਹੈ, ਦਲ ਖਾਲਸਾ ਅਲਾਇੰਸ ਸਾਲ 2005 ਤੋਂ ਅਮਰੀਕਾ ਦੀਆਂ ਪੰਥਕ ਸਟੇਜਾਂ ਰਾਹੀਂ ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਸਿੱਖੀ ਦੇ ਉਭਾਰ ਲਈ ਉਘਾ ਯੋਗਦਾਨ ਪਾਉਣ ਵਾਲਿਆਂ ਸ਼ਖਸੀਅਤਾਂ ਨੂੰ ਗੋਲਡ ਮੈਡਲਾਂ, ਅਵਾਰਡਾਂ, ਸਨਮਾਨ ਚਿੰਨ੍ਹਾਂ ਰਾਹੀਂ ਸਨਮਾਨਿਤ ਕਰਦਾ ਆ ਰਿਹਾ ਹੈ।

ਆਲਇੰਸ ਵਲੋਂ ਜਾਰੀ ਬਿਆਨ ਅਨੁਸਾਰ ਰਾਜ ਕਾਕੜਾ ਨੇ ਆਪਣੀ ਆਵਾਜ਼ ਅਤੇ ਕਲਮ ਨਾਲ ਪੰਜਾਬ ਦਾ ਸੱਚਾ ਪਹਿਰੇਦਾਰ ਹੋਣ ਦਾ ਸਬੂਤ ਦਿੱਤਾ ਹੈ। ਉਸ ਨੇ ਆਪਣੇ ਅਨੇਕਾਂ ਗੀਤਾਂ ਅਤੇ ਫਿਲਮ 'ਕੌਮ ਦੇ ਹੀਰੇ' ਅਤੇ 'ਪੱਤਾ ਪੱਤਾ ਸਿੰਘਾਂ ਦਾ ਵੈਰੀ' ਰਾਹੀਂ ਪੰਜਾਬ ਵਿਚੋਂ ਮੁਰਦੇਹਾਨੀਆਂ ਦੀ ਛਾਈ ਧੁੰਦ ਨੂੰ ਦੂਰ ਕਰਨ ਦੇ ਯਤਨ ਕੀਤੇ ਹਨ।

# PCS SACRAMENTO

Presents (USA)

Non Profit

Since 1990

26ਵਾਂ

# ਵਿਸਾਖੀ ਮੇਲਾ

# Visakhi Mela





**Featuring : Songs, Gidha & Bhangra, Dances, Skits and Much More**

**Celebration On Saturday 18th April 2015 at 3:00 P.M.**

## S.E.S. Hall

**10427 E. STOCKTON BLVD. ELK GROVE, CA 95624**

Spcl. Appearance

**Bhangra & Gidda**



ਕੈਲੇਫੋਰਨੀਆ ਦੇ ਉੱਘੇ ਗਾਇਕ ਅਤੇ ਗਿੱਧੇ ਅਤੇ ਭੰਗੜੇ ਦੀਆਂ ਚੋਟੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ।

**ਪ੍ਰਬੰਧਕੀ ਕਮੇਟੀ:** ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ ਪਰਹਾਰ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿੱਲੋਂ, ਸੁਰਿੰਦਰ ਬਿੰਦਰਾ, ਅਜੈਬ ਕਾਹਲੋਂ, ਰਸ਼ਪਾਲ ਫਰਵਾਲਾ, ਜਰਨੈਲ ਸਰਪੰਚ, ਦੇਬੀ ਗਿੱਲ, ਸੁਖਰਾਜ ਸਿੰਘ ਔਲਖ, ਭੁਪਿੰਦਰ ਗੋਹਲ, ਜਸਵਿੰਦਰ ਪੂਨੀ, ਜਸਵੰਤ ਸ਼ਾਦ, ਅਰਜਿੰਦਰ ਕੁੱਕੀ, ਪਵਿੱਤਰ ਨਾਹਲ, ਸਤਵਿੰਦਰ ਰੰਗੀ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਬਲਵੀਰ ਜੌਹਲ, ਅਵਤਾਰ ਛੋਡ, ਹਰਜਿੰਦਰ ਪੰਧੇਰ, ਸਤਵਿੰਦਰ ਸਰਹੰਦੀ, ਪਾਲ ਸਿੰਘ, ਮਨੋਹਰ ਲਾਲ ਰੱਤੀ, ਜਰਨੈਲ ਮੰਡੇਰ, ਜਗਜੀਤ ਕੰਦੋਲਾ, ਦਲਜੀਤ ਸਿੰਘ ਲੋਪੋਂ, ਭੋਲੀ ਸਿੰਘ, ਯਾਦਵਿੰਦਰ ਗਿੱਲ, ਕਰਮਜੀਤ ਮਿਨਹਾਸ, ਜਤਿੰਦਰ ਸਿੰਘ, ਸਤਨਾਮ ਸਿੰਘ ਤਾਤਲਾ, ਬਖਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪਰਹਾਰ, ਰਾਜ ਬਰਾੜ, ਪ੍ਰੇਮ ਚੁੰਬਰ (ਐਡੀਟਰ ਦੇਸ਼ ਦੋਆਬਾ)

**ਸਪੌਂਸਰ ਕਰਤਾ:** ਹਰਜੀਤ ਸਿੰਘ (ਮਾਊਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ), ਇੰਦਰਜੀਤ ਸਿੰਘ (ਮਾਊਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ ਫਲੋਰੀਨ), ਬੰਗਾ ਪੈਲੇਸ, ਇੰਡੀਆ ਹਾਊਸ ਆਫ ਗਰੌਸਰੀ, ਦੇਸੀ ਬਾਜ਼ਾਰ, ਇੰਡੀਆ ਸਪਾਈਸਜ਼ ਐਂਡ ਮਿਊਜ਼ਿਕ ਇਨ ਐਲਕਗ੍ਰੋਵ, ਰਾਜਿੰਦਰ ਸਿੰਘ, ਗੁਰਨੇਕ ਸਿੰਘ, ਜਸਵਿੰਦਰ ਸੰਧੂ, ਅਵਤਾਰ ਅਟਵਾਲ, ਚਰਨ ਬੜਵਾਲ, ਪਿਆਰਾ ਸਿੰਘ ਪਰਹਾਰ, ਜੱਸੀ ਸੰਘਾ (ਪਾਵਰ ਮਾਰਟ), ਏ.ਕੇ. ਸਵੀਟਸ, ਮਨਜੀਤ ਢਿੱਲੋਂ (ਮੋਡੈਸਟੋ), ਮਨਪ੍ਰੀਤ ਸਿੰਘ, ਪਰਮਿੰਦਰਜੀਤ ਸਿੰਘ, ਜਸਵੰਤ ਸਿੰਘ, ਗੁਰਚੇਤਨ ਸਿੰਘ, ਮਨਜੀਤ ਸਿੰਘ, ਕੁਲਵਿੰਦਰ ਬੱਬੀ, ਮਨਜੀਤ ਸਿੰਘ (ਪੰਜਾਬ ਇੰਸ਼ੋਰੈਂਸ ਐਂਡ ਇਮੀਗ੍ਰੇਸ਼ਨ ਟੈਕਸ ਸਰਵਿਸ), ਪਰਮਜੀਤ ਧਾਲੀਵਾਲ (ਫਰਿਜ਼ਨੋ), ਅਮਰਜੀਤ ਦੂਲੇ, ਗੁਰਮੁਖ ਗੋਸਲ (ਸ਼ੈਰੇਟਨ ਹੋਟਲ), Wells Fargo Bank, Money Gram (Fast Trip Florin Road), ਜਸਵਿੰਦਰ ਬੋਪਾਰਾਏ, ਜਸਵੀਰ ਥਾਂਦੀ (World Financial Group), ਸਾਬੀ Cargo Transit, ਅਕਲੇਸ਼ ਸਿੰਘ (ਕੁਆਲਿਟੀ ਬੈਂਕਿੰਗ), ਅਟਵਾਲ ਬ੍ਰਦਰਜ਼ (ਮਰਸਿੰਦ) Shaheed Baba Deep Singh Ji Sports Club ਸੁਖਚੈਨ ਸਿੰਘ ਅਤੇ ਕਿਰਨਜੀਤ ਢੱਡਾ।

For More Information Please Contact : Participation: Rashpal Pharwala (916) 880-0531, Stalls: Tirath Sahota (916) 271-8382, Amrik Parhar (916) 502-0064, Host by: Jaswant S. Shad (209) 992-7185

**ADMISSION FREE** Please No Alcohol, No Food or Drinks Inside the Hall. No Cameras Will Be Will Be Tightly Enforced Allowed Inside The Hall, Security

Website : www.sacpcs.com Printer : Barapind Printing Press (E-mail: barapindpress@gmail.com)





S. Amolak Singh Ghakhal

International/Local Club Teams


1st Prize $5100 2nd Prize $3100

For More Info., Call: Jeetu Dhaliwal 209-914-3616, Dev Atwal 209-456-2554
Surjit Nijjar 530-682-9596, TJ Uppal 530-701-5541

Sponsors: A&I Trucking, Bhandal Brother Trucking, Davinder Babbar, Dhanna Khalsa, Harnans Trucking, AD Services (Sodi Gill), Tajinder Singh, Vanco Truck & Auto Plaza, Shop-N-Go 2 (Mahjan), Manjit Uppal, Bachittar Singh (Jahant) Sarabjit (Wells Farg) Ranjit Dhaliwal, American Freight (Rimple), White Hawk (Rimple Nijjar), ALR Business Services (Amar Sandhu), Jumbo Logistics, C&A Trans (Sekhon Manteca), Mahal Trucking (Sarabjit Mahal), Ranjit Lathrop (Gurbinder S. Mangat), Bullet Express, Commander Transport, Power Truck Lines, HSD Trucking, Sukh Dhaliwal, Lakha Mahil (L&R), Sukh Bains, Gurnam Singh (Manteca), Sigma Freight, Ekam Trans, Kashmir Thandi & Balhar Ranu, Sac Truck Lines, PS Carrier, Baljinder Singh (Sacto) Jhihaz, Sukhwinder Mahal, Global Allianz (Kapoor), Lakhbir Singh Lakha, Papa Murphys (Charn Kang), Raman Dhaliwal, Major Singh (Livingston), King Sports Club, Lasher Brothers, Baljit Sahota, Sony Singh, Gurpreet Johal, Papu Sangha, Balhar Bajwa, Liquor King, Gill Transports Inc., Amanjit Singh Dulai, Harbinder Janda, Avtar Sahota, Tirath Gakhal, Balwinder S. Mithu, Karnail Sandhu, Sukhdev Singh, Bajinder S. Klair, Sarup Singh Sarai, Mohinder Singh Khinda, Gurmit Singh Sandhu, Sumel Singh Sandhu, Sodi Singh Sidhu, Gurmit Singh Basra, Gurmej Singh Gill, Dr. Jasvir Singh Gill, Amanmeet Singh Sandhu, Lakhbir Singh Lakha, Kashmir Singh Bhola, Jasbir Singh Sodhi, Jatinder S. Pamma, Amarjit S. Tung, Iqbal Singh Gill, Gurlal Pannu, Sandeep Saini, Daljit Singh, Ravdeep Rex Dhatt.

# ਫਿਲਮ 'ਨਾਨਕ ਸ਼ਾਹ ਫਕੀਰ' ਵਿਚਲੇ ਇਤਰਾਜ਼ ਦੂਰ ਕਰਨ ਦੀ ਹਦਾਇਤ

**ਅੰਮ੍ਰਿਤਸਰ:** ਫਿਲਮ 'ਨਾਨਕ ਸ਼ਾਹ ਫਕੀਰ' ਨੂੰ ਅਕਾਲ ਤਖ਼ਤ ਤੋਂ ਪ੍ਰਵਾਨਗੀ ਮਿਲਣ ਬਾਰੇ ਭੰਬਲਭੂਸੇ ਨੂੰ ਸਪੱਸ਼ਟ ਕਰਦਿਆਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਹੈ ਕਿ ਇਸ ਫਿਲਮ ਨੂੰ ਅਜੇ ਤੱਕ ਕੋਈ ਪ੍ਰਵਾਨਗੀ ਨਹੀਂ ਦਿੱਤੀ ਗਈ ਹੈ ਤੇ ਜੇਕਰ ਫਿਲਮ ਵਿਚ ਕੋਈ ਇਤਰਾਜ਼ਯੋਗ ਦ੍ਰਿਸ਼ ਹਨ ਤਾਂ ਇਹ ਦ੍ਰਿਸ਼ ਹਟਾਏ ਜਾਣੇ ਚਾਹੀਦੇ ਹਨ। ਇਹ ਫਿਲਮ ਅਪਰੈਲ ਵਿਚ ਰਿਲੀਜ਼ ਹੋਣ ਵਾਲੀ ਹੈ ਤੇ ਇਸ ਵਿਚਲੇ ਕੁਝ ਦ੍ਰਿਸ਼ਾਂ ਨੂੰ ਲੈ ਕੇ ਸਿੱਖ ਭਾਈਚਾਰੇ ਵੱਲੋਂ ਇਤਰਾਜ਼ ਪ੍ਰਗਟਾਇਆ ਜਾ ਰਿਹਾ ਹੈ।




ਸਿੱਖ ਭਾਈਚਾਰੇ ਦਾ ਦੋਸ਼ ਹੈ ਕਿ ਫਿਲਮ ਵਿਚ ਗੁਰੂ ਸਾਹਿਬ ਦਾ ਕਿਰਦਾਰ ਇਕ ਵਿਅਕਤੀ ਵੱਲੋਂ ਕੀਤਾ ਗਿਆ ਹੈ, ਜੋ ਕਿ ਨਾ ਸਹਿਣਯੋਗ ਕਾਰਵਾਈ ਹੈ। ਦੂਜੇ ਪਾਸੇ ਫਿਲਮ ਦੇ ਪ੍ਰਬੰਧਕਾਂ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਫਿਲਮ ਦੀ ਪ੍ਰਵਾਨਗੀ ਬਾਰੇ ਉਨ੍ਹਾਂ ਨੇ ਅਕਾਲ ਤਖ਼ਤ ਦੇ ਜਥੇਦਾਰ ਕੋਲੋਂ ਪ੍ਰਵਾਨਗੀ ਪੱਤਰ ਪ੍ਰਾਪਤ ਕੀਤਾ ਹੋਇਆ ਹੈ।

ਸਿੱਖ ਜਥੇਬੰਦੀਆਂ ਨੇ ਇਸ ਫਿਲਮ 'ਤੇ ਰੋਕ ਲਾਉਣ ਲਈ ਸੈਂਸਰ ਬੋਰਡ ਦੇ ਮੁਖੀ ਪਹਿਲਾਜ ਨਹਿਲਾਨੀ ਕੋਲ ਵੀ ਪਹੁੰਚ ਕੀਤੀ ਹੈ। ਇਸ ਫਿਲਮ ਦੇ ਵਿਵਾਦ ਬਾਰੇ ਅਕਾਲ ਤਖ਼ਤ ਨੇ ਆਖਿਆ ਕਿ ਉਨ੍ਹਾਂ ਵੱਲੋਂ ਫਿਲਮ ਦੇ ਪ੍ਰਬੰਧਕਾਂ ਨੂੰ ਕੋਈ ਪ੍ਰਵਾਨਗੀ ਪੱਤਰ ਜਾਰੀ ਨਹੀਂ ਕੀਤਾ ਗਿਆ ਹੈ ਸਗੋਂ ਸਿਰਫ ਉਸ ਨੂੰ ਫਿਲਮ ਦੀ ਸ਼ੁਰੂਆਤ ਸਮੇਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਸਨ, ਜੋ ਕਿ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਕੀਤੇ ਜਾ ਰਹੇ ਕੰਮ ਦੀ ਸ਼ਲਾਘਾ ਸੀ। ਉਨ੍ਹਾਂ ਆਖਿਆ ਕਿ ਜੇਕਰ ਫਿਲਮ ਦੇ ਦ੍ਰਿਸ਼ਾਂ ਬਾਰੇ ਸੰਗਤਾਂ ਵੱਲੋਂ ਇਤਰਾਜ਼ ਪ੍ਰਗਟਾਇਆ ਜਾ ਰਿਹਾ ਹੈ ਤਾਂ ਇਹ ਦ੍ਰਿਸ਼ ਕੱਟ ਕੇ ਹੀ ਫਿਲਮ ਰਿਲੀਜ਼ ਹੋਣੀ ਚਾਹੀਦੀ ਹੈ। ਉਨ੍ਹਾਂ ਆਖਿਆ ਫਿਲਮ ਜਾਰੀ ਹੋਣ ਤੋਂ ਪਹਿਲਾਂ ਇਤਰਾਜ਼ ਦੂਰ ਕੀਤੇ ਜਾਣੇ ਜ਼ਰੂਰੀ ਹਨ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵੱਲੋਂ ਵੀ ਫਿਲਮ 'ਤੇ ਇਤਰਾਜ਼ ਦਾ ਪ੍ਰਗਟਾਵਾ ਕੀਤਾ ਜਾ ਚੁੱਕਾ ਹੈ। ਕਮੇਟੀ ਦੇ ਬੁਲਾਰੇ ਨੇ ਆਖਿਆ ਕਿ ਸਿੱਖ ਧਰਮ ਨਾਲ ਸਬੰਧਤ ਕੋਈ ਵੀ ਫਿਲਮ ਹੋਵੇ, ਇਸ ਬਾਰੇ ਸ਼੍ਰੋਮਣੀ ਕਮੇਟੀ ਦੀ ਪ੍ਰਵਾਨਗੀ ਜ਼ਰੂਰੀ ਹੈ।

# ਸੀਰੀਆ ਦੇ ਸ਼ਹਿਰ ਉਤੇ ਅਲ-ਕਾਇਦਾ ਦਾ ਕਬਜ਼ਾ

**ਬੈਰੂਤ:** ਸੀਰੀਆ ਵਿਚ ਅਲ ਕਾਇਦਾ ਦੀ ਜਥੇਬੰਦੀ ਅਲ ਨੁਸਰਾ ਫਰੰਟ ਤੇ ਇਸਲਾਮੀ ਗੱਠਜੋੜ ਨੇ ਇਦਲਿਬ ਸ਼ਹਿਰ ਦੇ ਜ਼ਿਆਦਾਤਰ ਹਿੱਸੇ 'ਤੇ ਕਬਜ਼ਾ ਕਰ ਲਿਆ ਹੈ। ਸਰਕਾਰੀ ਫੌਜਾਂ ਵਾਪਸ ਪਰਤਣ ਕਰਕੇ ਦਹਿਸ਼ਤਗਰਦਾਂ ਨੇ ਸ਼ਹਿਰ 'ਤੇ ਕਬਜ਼ਾ ਕਰ ਲਿਆ। ਬਾਗ਼ੀਆਂ ਨਾਲ ਸ਼ਹਿਰ ਦੇ ਬਾਹਰਵਾਰ ਚੌਕੀਆਂ 'ਤੇ ਜੰਮ ਕੇ ਹੋਈ ਲੜਾਈ ਪਿਛੋਂ 71 ਲੋਕ ਮਾਰੇ ਗਏ।

M.K. Nijjar DDS
Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*
*Treatments & Prevention of Gum Diseases New Patients & Children Welcome*

510-794-7058
WWW.DRNIJJAR.COM
*(Across From Washigton Hospital & Bart)*
*1895 Mowry Ave. Ste 104 Fremont*

# ਬਰਤਾਨੀਆ 'ਚ ਸਿੱਖ ਕਾਮਿਆਂ ਨੂੰ ਦਸਤਾਰ ਪਹਿਨਣ ਦੀ ਕਾਨੂੰਨੀ ਮਾਨਤਾ ਮਿਲੀ

**ਲੰਡਨ:** ਰੁਜ਼ਗਾਰ ਕਾਨੂੰਨ ਵਿਚ ਸੋਧ ਕਰਨ ਤੋਂ ਬਾਅਦ ਬਰਤਾਨੀਆ 'ਚ ਹਰ ਕੰਮਕਾਰ ਵਾਲੀ ਥਾਂ 'ਤੇ ਦਸਤਾਰ ਪਹਿਨਣ ਦੀ ਖੁੱਲ੍ਹ ਮਿਲ ਗਈ ਹੈ ਤੇ ਇਸ ਨੂੰ ਹੁਣ ਕਾਨੂੰਨੀ ਮਾਨਤਾ ਮਿਲ ਗਈ ਹੈ। ਭਾਵੇਂ ਸਰਕਾਰ ਨੇ ਇਸ ਬਾਰੇ ਕਾਫੀ ਦੇਰ ਪਹਿਲਾਂ ਐਲਾਨ ਕੀਤਾ ਸੀ ਪਰ ਇਸ ਨੂੰ ਸੰਸਦ ਵਿਚ ਬੀਤੀ 26 ਮਾਰਚ ਨੂੰ ਪਾਸ ਕਰਕੇ ਕਾਨੂੰਨੀ ਤੌਰ 'ਤੇ ਮਾਨਤਾ ਦੇ ਦਿੱਤੀ ਹੈ। ਸਿੱਖ ਕੌਂਸਲ ਯੂ. ਕੇ. ਵਲੋਂ ਲੰਮੇਂ ਸਮੇਂ ਤੋਂ ਹਾਈ ਰਿਸਕ ਕੰਸਟਰਕਸ਼ਨ ਇੰਡਸਟਰੀ ਵਿਚ ਵੀ ਸਿੱਖਾਂ ਨੂੰ ਲੋਹ ਟੋਪ ਪਾਉਣ ਤੋਂ ਛੁਟਕਾਰਾ ਪਾਉਣ ਦੀ ਮੰਗ ਕੀਤੀ ਜਾ ਰਹੀ ਸੀ।


ਸਿੱਖ ਕੌਂਸਲ ਯੂ.ਕੇ. ਦੇ ਜਨਰਲ ਸਕੱਤਰ ਗੁਰਮੇਲ ਸਿੰਘ ਕੰਦੋਲਾ ਨੇ ਕਿਹਾ ਕਿ ਖੁਸ਼ੀ ਦੀ ਗੱਲ ਹੈ ਕਿ ਲੰਮੀ ਜੱਦੋ ਜਹਿਦ ਤੋਂ ਬਾਅਦ ਕਾਨੂੰਨ ਵਿਚ ਤਬਦੀਲੀ ਕਰ ਕੇ ਇਸ ਦਾ ਸਦੀਵੀਂ ਹੱਲ ਕੱਢ ਲਿਆ ਗਿਆ ਹੈ। ਉਨ੍ਹਾਂ ਇਸ ਕਾਨੂੰਨ ਲਈ ਸਾਰੀਆਂ ਪਾਰਟੀਆਂ ਦੇ ਸੰਸਦ ਮੈਂਬਰਾਂ ਦਾ ਵੀ ਧੰਨਵਾਦ ਕੀਤਾ। ਇੰਪਲਾਇਮੈਂਟ ਐਕਟ 1989 ਪਾਸ ਹੋਣ ਤੋਂ ਬਾਅਦ ਸਿੱਖਾਂ ਨੇ ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਸੀ ਕਿਉਂਕਿ ਇਸ ਕਾਨੂੰਨ ਤਹਿਤ ਸਿੱਖਾਂ ਨੂੰ ਦਸਤਾਰ ਦੀ ਥਾਂ ਹੈਲਮੈਟ ਪਾਉਣ ਲਈ ਮਜ਼ਬੂਰ ਕੀਤਾ ਜਾਂਦਾ ਸੀ ਤੇ ਇਸ ਨਾਲ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਸੀ। ਹੁਣ ਸਿੱਖਾਂ ਨੂੰ ਹਰ ਕੰਮ ਵਾਲੀ ਥਾਂ 'ਤੇ ਦਸਤਾਰ ਪਹਿਨਣ ਦੀ ਖੁੱਲ੍ਹ ਹੋਵੇਗੀ ਪਰ ਹਥਿਆਰਬੰਦ ਫੌਜ ਤੇ ਐਮਰਜੈਂਸੀ ਬਾਰੇ ਸੇਵਾਵਾਂ ਵਿਚ ਅਜੇ ਵੀ ਕੁਝ ਮੌਕਿਆਂ 'ਤੇ ਸ਼ਰਤਾਂ ਲਾਗੂ ਰਹਿਣਗੀਆਂ।






# ਫਰਾਂਸ ਦੇ ਮੱਥੇ 'ਤੇ ਭਾਰਤੀ ਬਿੰਦੀ

## ਭਾਰਤੀ ਖੇਰ ਨੂੰ ਫਰਾਂਸ ਦਾ ਸਰਵੋਤਮ ਕਲਾ ਇਨਾਮ




**ਕਲਾ ਪਰਿਕਰਮਾ**

ਵਲੈਤ ਵਿਚ ਜਨਮੀ ਭਾਰਤੀ ਖੇਰ ਨੂੰ ਇਸ ਵਾਰ ਫਰਾਂਸ ਦਾ ਸਰਵੋਤਮ ਕਲਾ ਪੁਰਸਕਾਰ ਮਿਲਿਆ ਹੈ। ਇਹ ਪੁਰਸਕਾਰ ਉਸ ਨੂੰ ਨਵੀਂ ਦਿੱਲੀ ਵਿਖੇ ਭਾਰਤ ਵਿਚ ਫਰਾਂਸ ਦੇ ਰਾਜਦੂਤ ਫਰਾਂਸਵਾ ਰਿੱਚੀ ਨੇ ਦਿੱਤਾ। 46 ਸਾਲਾ ਭਾਰਤੀ ਖੇਰ ਦਾ ਕਲਾ ਜਗਤ ਵਿਚ ਆਪਣਾ ਨਿਵੇਕਲਾ

**ਸਨੋਬਰ ਸਾਰਾ**

ਸਥਾਨ ਹੈ। 1969 ਵਿਚ ਜਨਮੀ ਭਾਰਤੀ ਨੇ ਗਰੈਜੂਏਸ਼ਨ ਨਿਊ ਕੈਸਲ ਪੌਲਿਟੈਕਨਿਕ (ਇੰਗਲੈਂਡ) ਤੋਂ 1991 ਵਿਚ ਕੀਤੀ ਸੀ। ਉਸ ਤੋਂ ਅਗਲੇ ਸਾਲ ਜਦੋਂ ਉਹ 23 ਵਰ੍ਹਿਆਂ ਦੀ ਸੀ, ਭਾਰਤ ਆਣ ਪੁੱਜੀ ਅਤੇ ਸਮੁੱਚੇ ਤੌਰ 'ਤੇ ਕਲਾ ਨੂੰ ਸਮਰਪਿਤ ਹੋ ਗਈ। ਅੱਜ ਕੱਲ੍ਹ ਉਹ ਦਿੱਲੀ ਵਿਚ ਵਸਦੀ ਹੈ। ਉਹਦਾ ਵਿਆਹ ਸਬੋਧ ਗੁਪਤਾ ਨਾਂ ਦੇ ਆਰਟਿਸਟ ਨਾਲ ਹੋਇਆ ਹੈ।

ਭਾਰਤੀ ਖੇਰ ਦਾ ਕਰਮ ਖੇਤਰ ਚਿੱਤਰਕਲਾ ਅਤੇ ਬੁੱਤਸਾਜ਼ੀ ਹੈ। ਹੁਣ ਫਰਾਂਸ ਦਾ ਸਰਵੋਤਮ ਕਲਾ ਪੁਰਸਕਾਰ ਹਾਸਲ ਕਰ ਕੇ ਭਾਰਤੀ ਖੇਰ ਬਹੁਤ ਖੁਸ਼ ਹੈ। ਉਸ ਦਾ ਕਹਿਣਾ ਹੈ ਕਿ ਇਸ ਪੁਸਰਕਾਰ ਨਾਲ ਉਸ ਦੇ ਨਾਂ ਨੇ ਸੰਸਾਰ ਪੱਧਰੀ ਉਡਾਰੀ ਤਾਂ ਮਾਰੀ ਹੀ ਹੈ, ਮਾਰਕਿਟ ਵਿਚ ਵੀ ਉਸ ਦਾ ਮੁੱਲ ਉਚਾ ਕੀਤਾ ਹੈ। ਉਂਜ ਉਹ ਇਸ ਉਚੀ ਉਡਾਰੀ ਦੇ ਬਾਵਜੂਦ ਜੜ੍ਹਾਂ ਨਾਲ ਜੁੜੀ ਹੋਈ ਹੈ ਅਤੇ ਸਦਾ ਹੀ ਜੁੜੀ ਰਹਿਣਾ ਚਾਹੁੰਦੀ ਹੈ। ਉਸ ਦਾ ਆਖਣਾ ਹੈ ਕਿ ਇਹ ਜੜ੍ਹਾਂ ਜ਼ਿੰਦਗੀ ਦਾ ਅਟੁੱਟ ਹਿੱਸਾ ਹੁੰਦੀਆਂ ਹਨ, ਇਨ੍ਹਾਂ ਤੋਂ ਟੁੱਟਿਆ ਨਹੀਂ ਜਾ ਸਕਦਾ। ਉਹ ਸਵੀਕਾਰ ਕਰਦੀ ਹੈ ਕਿ ਇਹ ਜੜ੍ਹਾਂ ਉਸ ਦੀ ਕਲਾ ਵਿਚ ਵੀ ਆਰ-ਪਾਰ ਫੈਲੀਆਂ ਹੋਈਆਂ ਹਨ। ਇਸੇ ਕਰ ਕੇ ਜਦੋਂ ਉਹ ਕਿਤੇ ਦੋਚਿਤੀ ਵਿਚ ਹੁੰਦੀ ਹੈ ਤਾਂ ਆਪਣੀਆਂ ਜੜ੍ਹਾਂ ਨੂੰ ਯਾਦ ਕਰਦੀ ਹੈ ਅਤੇ ਅਗਾਂਹ ਆਪਣੀਆਂ ਲੱਗ ਰਹੀਆਂ ਜੜ੍ਹਾਂ, ਆਪਣੀ ਧੀ ਅਤੇ ਪੁੱਤਰ ਨਾਲ ਖੁੱਲ੍ਹ ਕੇ ਗੱਲਾਂ ਕਰਦੀ ਹੈ, ਇਨ੍ਹਾਂ ਨੂੰ ਅਜਾਇਬ ਘਰਾਂ ਦੇ ਗੇੜੇ ਲਵਾਉਂਦੀ ਹੈ। ਇਉਂ ਉਸ ਦੀ ਦੋਚਿਤੀ ਛੇਤੀ ਹੀ ਸਪਸ਼ਟਤਾ ਵਿਚ ਬਦਲ ਜਾਂਦੀ ਹੈ। ਭਾਰਤੀ ਖੇਰ ਹੁਣ ਤੱਕ ਕਈ ਸਫ਼ਲ ਸੋਲੋ ਅਤੇ ਗਰੁਪ ਨੁਮਾਇਸ਼ਾਂ ਲਾ ਚੁੱਕੀ ਹੈ। ਉਸ ਦਾ ਕਹਿਣਾ ਹੈ ਕਿ ਉਸ ਦੀਆਂ ਕਲਾ ਕਿਰਤਾਂ ਵਿਚ ਮਨੁੱਖ ਸਦਾ ਹੀ ਪ੍ਰਮੁੱਖ ਰਿਹਾ ਹੈ। ਮਨੁੱਖ ਵਿਚੋਂ ਵੀ ਉਹ ਔਰਤ ਨੂੰ ਵੱਧ ਮਹੱਤਤਾ ਦਿੰਦੀ ਹੈ। ਉਸ ਮੁਤਾਬਕ ਜਨਣੀ ਔਰਤ ਨੂੰ ਮਨੁੱਖ ਦੇ ਬਣਾਏ ਸਮਾਜ ਵਿਚ ਬਹੁਤ ਜੂਝਣਾ ਪੈ ਰਿਹਾ ਹੈ। 'ਜੂਝਣਾ' ਸ਼ਬਦ ਆਖਦਿਆਂ ਉਹ ਰਤਾ ਕੁ ਰੁਕ ਵੀ ਜਾਂਦੀ ਹੈ ਅਤੇ ਦੱਸਦੀ ਹੈ ਕਿ ਇਹ ਜੁਝਾਰੂਪਣ ਫਿਲਹਾਲ ਬਹੁਤ ਘੱਟ ਔਰਤਾਂ ਦੇ ਹਿੱਸੇ ਆਇਆ ਹੈ, ਬਹੁ-ਗਿਣਤੀ ਔਰਤਾਂ ਤਾਂ ਅਜੇ ਸ਼ੋਸ਼ਣ ਦਾ ਹੀ ਸ਼ਿਕਾਰ ਹੋ ਰਹੀਆਂ ਹਨ। ਇਸ ਸ਼ੋਸ਼ਣ ਵਿਚ ਸਰੀਰਕ ਸ਼ੋਸ਼ਣ ਦੇ ਨਾਲ-ਨਾਲ ਮਾਨਸਿਕ ਸ਼ੋਸ਼ਣ ਵੀ ਸ਼ਾਮਲ ਹੈ। ਉਹ ਔਰਤ ਦੀ ਇਸ ਮਾਨਸਿਕ ਗੁੰਝਲ ਦਾ ਥਹੁ ਪਾਉਣ ਲਈ ਹੀ ਕਲਾ ਦੀ ਉਡਾਰੀ ਭਰਦੀ ਹੈ ਅਤੇ ਹਰ ਵਾਰ ਸੋਚਦੀ ਹੈ ਕਿ ਉਸ ਦੀ ਕਲਾ ਕਿਰਤ ਸਮੁੰਦਰ ਵਿਚ ਚੁੱਭੀ ਮਾਰ ਕੇ ਮੋਤੀ ਕੱਢਣ ਵਾਂਗ ਹੈ...ਤੇ ਸੱਚਮੁੱਚ ਹੀ ਉਸ ਦੀ ਹਰ ਕਲਾ ਉਸ ਦੀ ਇਸ ਸੋਚ ਉਤੇ ਪੂਰੀ ਉਤਰਦੀ ਹੈ। ਉਸ ਦੀਆਂ ਕਲਾ ਕਿਰਤਾਂ ਬੰਦੇ ਨੂੰ ਸੋਚਣ ਲਈ ਮਜਬੂਰ ਕਰਦੀਆਂ ਹਨ। ਇਹ ਖੁਲਾਸਾ ਉਸ ਦੀਆਂ ਨੁਮਾਇਸ਼ਾਂ ਦੌਰਾਨ ਰੱਖੇ ਰਜਿਸਟਰ ਉਤੇ ਕਲਾ ਪ੍ਰਸ਼ੰਸਕਾਂ ਵਲੋਂ ਲਿਖੀਆਂ ਟਿੱਪਣੀਆਂ ਹਨ।



*ਭਾਰਤੀ ਖੇਰ: ਆਪਣੇ ਨਾਲ ਗੱਲਾਂ।*



*ਭਾਰਤੀ ਇਕ ਕਿਰਤ 'ਦਿ ਮਸੈਂਜਰ'।*

ਯਾਦ ਰਹੇ, ਭਾਰਤੀ ਖੇਰ ਦੇ ਪਤੀ ਸੁਬੋਧ ਗੁਪਤਾ ਨੂੰ ਫਰਾਂਸ ਦਾ ਇਹੀ ਪੁਰਸਕਾਰ ਜਨਵਰੀ 2013 ਵਿਚ ਮਿਲਿਆ ਸੀ। ਇਸ ਤੋਂ ਪਹਿਲਾਂ ਅਦਾਕਾਰਾ ਨੰਦਿਤਾ ਦਾਸ, ਫੋਟੋਗ੍ਰਾਫਰ ਰਘੂ ਰਾਏ, ਮਰਹੂਮ ਰੰਗਕਰਮੀ ਹਬੀਬ ਤਨਵੀਰ, ਰੰਗਕਰਮੀ ਇਬਰਾਹਿਮ ਅਲਕਾਜ਼ੀ ਅਤੇ ਲੇਖਕ ਉਪਮੰਨਯੂ ਚੈਟਰਜੀ ਵਰਗੀਆਂ ਸ਼ਖਸੀਅਤਾਂ ਨੂੰ ਇਹ ਇਨਾਮ ਦਿੱਤਾ ਜਾ ਚੁੱਕਾ ਹੈ। ਫਰਾਂਸ ਵਲੋਂ ਇਹ ਪੁਸਰਕਾਰ ਹਰ ਸਾਲ ਕਲਾ ਦੇ ਖੇਤਰ ਵਿਚ ਨਿਵੇਕਲੀ ਸਿਰਜਣਾ-ਉਡਾਰੀ ਭਰਨ ਵਾਲੇ ਕਲਾਕਾਰ ਨੂੰ ਦਿੱਤਾ ਜਾਂਦਾ ਹੈ।

## ਇਕ ਦਿਨ ਇਉਂ ਹੋਇਆ ਬਿੰਦੀ ਦਾ ਕਮਾਲ...



ਸਾਲ 1995...ਭਾਰਤੀ ਖੇਰ ਮਾਰਕਿਟ ਵਿਚ ਘੁੰਮ ਰਹੀ ਸੀ ਕਿ ਉਸ ਨੇ ਕਿਸੇ ਔਰਤ ਦੇ ਮੱਥੇ ਉਤੇ ਲੱਗੀ 'ਸ਼ੁਕਰਾਣੂ ਵਾਲੇ ਆਕਾਰ' ਦੀ ਬਿੰਦੀ ਦੇਖੀ। ਉਹਨੇ ਤੁਰੰਤ ਔਰਤ ਤੋਂ ਦੁਕਾਨ ਦਾ ਸਿਰਨਾਵਾਂ ਪੁੱਛਿਆ ਅਤੇ ਸਾਰੀਆਂ ਬਿੰਦੀਆਂ ਚੁੱਕ ਲਿਆਈ। ਘਰ ਆ ਕੇ ਜਿਹੜੀ ਕਲਾਂ ਕਿਰਤ ਇਨ੍ਹਾਂ ਬਿੰਦੀਆਂ ਤੋਂ ਤਿਆਰ ਹੋਈ, ਉਹ ਕਮਾਲ ਹੋ ਨਿਬੜੀ। ਪਿੱਛੋਂ ਉਹਦੀ ਕਲਾਂ ਵਿਚ ਬਿੰਦੀ ਦਾ ਬਹੁਤ ਅਹਿਮ ਸਥਾਨ ਹੋ ਗਿਆ।



## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਅਪਰੈਲ 2015 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-163




*ਲਾ ਦੇ ਝੁਲਕਾ, ਭੱਠੀ ਹਰੋ ਦੀ, ਤਪ ਜਾਏ ਪੁੱਤਰਾ ਪੂਰੀ,*
*ਆਹ ਨਿੱਕੜਾ ਜਿਹਾ ਪੋਤਾ ਮੇਰਾ, ਵੱਟ ਕੇ ਵੇਖ ਦਾ ਘੂਰੀ।*
*ਭੱਠੀ ਵਾਲੀਏ ਭੁੰਨ ਦੇ ਛੇਤੀ, ਹਰ ਕੋਈ ਕਹਿੰਦਾ ਦਾਣੇ,*
*ਧੰਨ ਭਾਗ ਮੇਰੇ ਸਾਰੀ ਉਮਰ ਹੀ, ਅੰਗ-ਸੰਗ ਰਹੇ ਨਿਆਣੇ।*

### ਕੈਪਸ਼ਨ ਮੁਕਾਬਲਾ-161



ਸਵਾਰੀ ਸੀ ਧਨਵਾਨਾਂ ਦੀ
ਕਦਰ ਰਹੀ ਨਾ ਕੋਈ।
ਘੋੜਾ-ਬੱਘੀ ਵਿਹਲੇ ਹੋ ਗਏ
ਕਾਰਾਂ ਦੀ ਹੁਣ ਝੰਡੀ ਹੋਈ।
ਕੱਲ੍ਹ, ਅੱਜ ਤੇ ਭਲਕ ਦਾ ਚੱਕਰ
ਰੋਕ ਸਕੂ ਨਾ ਕੋਈ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਜਿੱਧਰ ਗਏ ਬਾਣੀਏ
ਉਧਰ ਗਏ ਵਪਾਰ ਵਾਂਗੂੰ
ਲੱਭਦੇ ਨਹੀਂ ਅਸਵਾਰ।
ਤਾਹੀਓਂ ਘੋੜਾ-ਬੱਘੀ ਖਾਲੀ ਖੜ੍ਹੇ
ਕਣਕ ਦੇ ਵੱਢ ਵਿਚਕਾਰ।
ਜਾਪਦੈ ਕਿ ਤੂੜੀ ਲੈਣ ਲਈ
ਹੁਣ ਮਾਲਕ ਇਥੇ ਆਇਆ।
ਕਾਰ ਤੇ ਮਿੰਨੀ ਬੱਸ ਨੇ ਰਲ ਕੇ
ਛੋਟੀ ਸਵਾਰੀ ਦਾ ਭੱਠਾ ਬਿਠਾਇਆ।
ਕਦੇ ਕਦਾਈਂ ਵਿਆਹ-ਸ਼ਾਦੀ ਲਈ
ਸਾਡੀ ਰਹਿ ਗਈ ਬੱਸ ਪੁੱਛ ਜੀ।
ਰੱਬ ਦੇ ਰੰਗ ਵਿਚ ਰਾਜ਼ੀ ਰਹੀਏ
ਰੱਖੀਏ ਚਿੱਤ ਆਪਣਾ ਸਦਾ ਖੁਸ਼ ਜੀ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***
***ਫੋਨ: 408-912-3438***

---

ਪਾਲੇ ਅੰਗਰੇਜ਼ਾਂ ਨੇ ਹੱਥ ਠੋਕੇ
ਦਿੱਤੀਆਂ ਜਗੀਰਾਂ ਝੋਲੀ-ਚੁੱਕਾਂ ਨੂੰ।
ਇਸੇ ਲੁੱਟ ਵਿਚੋਂ ਜਨਮੇ ਕਈ ਸ਼ਾਹੂਕਾਰ
ਕਰਦੇ ਸੀ ਐਸ਼, ਸਭ ਐਬ ਪੂਰੇ।
ਸਫਰ ਕਰਦੇ ਸੀ ਘੋੜੇ-ਬੱਘੀਆਂ 'ਤੇ
ਹੱਕ ਮੰਗਦਾ ਸੀ ਜੋ ਮਜ਼ਾਰਾ ਪੱਲੇਦਾਰ
ਕਰ ਅਗਵਾ ਮੁਕਾ ਦਿੰਦੇ ਸੀ ਨਾਮੋ ਨਿਸ਼ਾਨ।
ਅੰਗਰੇਜ਼ ਗਏ ਉਨ੍ਹਾਂ ਦੇ ਟੋਡੀ ਵੀ ਗਏ
ਘੋੜੇ-ਬੱਘੀਆਂ ਖਾਲੀ,
ਚਾਲਕ ਅਸਵਾਰ ਬਿਨਾ।

***-ਦਰਸ਼ਨਪਾਲ ਦੋਸਾਂਝ***

## ਵਿਅੰਗ

### *ਠਰਕੀ ਸਾਧ!*

ਰੁੱਸੀ ਚੇਲੀ ਨੂੰ ਦਬਕਾ ਸਾਧ ਮਾਰੇ, ਜਿੱਥੇ ਜਾਏਂਗੀ ਪਹੁੰਚਾਂਗੇ ਨਾਲ ਬੀਬੋ।
ਘੋਲੀ ਦੁੱਧ ਦੇ ਵਿਚ ਅਫੀਮ ਪੀ ਲੈ, ਹੋ ਜਾਏਗੀ ਫਿਰ ਲਾਲੋ ਲਾਲ ਬੀਬੋ।
ਅਰਪਣ ਭੋਰੇ ਵਿਚ ਸਰੀਰ ਕਰ ਕੇ, ਬਾਹਰ ਦੱਸੀਂ ਨਾ ਅੰਦਰਲਾ ਹਾਲ ਬੀਬੋ।
ਲੁੱਚੇ ਸਾਧ 'ਤੇ ਕਿਉਂ ਯਕੀਨ ਕਰਦੀ, ਸੁਣ ਲੈ 'ਗਿੱਲ' ਦੀ ਗੌਰ ਦੇ ਨਾਲ ਬੀਬੋ।

*-ਜੁਗਰਾਜ ਗਿੱਲ, ਸ਼ਾਰਲਟ, ਫੋਨ: 704-257-6693*

# Dhillon Truck Stop
## Dhillon Road Service

Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ

ਪੰਜਾਬੀ ਢਾਬਾ



24 ਘੰਟੇ ਖੁੱਲ੍ਹਾ

ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536

# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*

*Licensed to practice Immigration & Bankruptcy in all 50 states.*
More than 20 year experience in US immigration & Indian law

### US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

### FAMILY LAW

*Divorce *Annulment
*International Custody

### INCORPORATIONS

*International Contracts, Mergers
*Attorney Supreme Court of India

*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ

Punjab Truck Wash & Repair 2301 Simpson Street, Kingsburg, CA 93631

ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114





*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ

Oil Change Special $179.99
Labour $55 per hour
All major and minor repairs.

ਤਸੱਲੀਬਖਸ਼ ਕੰਮ ਵਾਜਬ ਰੇਟ

*Free Parking*






ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110

# ਪ੍ਰਗਤੀਸ਼ੀਲ ਸੰਮੇਲਨ ਵਿਚ ਨਿਵੇਸ਼ ਦੇ ਵਾਅਦੇ ਵਫ਼ਾ ਨਾ ਹੋਏ

**ਚੰਡੀਗੜ੍ਹ:** ਪੰਜਾਬ ਸਰਕਾਰ ਵਲੋਂ ਪੰਜਾਬ ਪ੍ਰਗਤੀਸ਼ੀਲ ਸੰਮੇਲਨ ਉਪਰ ਢਾਈ ਕਰੋੜ ਰੁਪਏ ਖਰਚਣ ਦੇ ਬਾਵਜੂਦ ਫਿਲਹਾਲ ਇਸ ਦੇ ਪੱਲੇ ਧੇਲਾ ਨਹੀਂ ਪਿਆ ਜਦਕਿ ਸਰਕਾਰ ਨੇ ਸੰਮੇਲਨ ਰਾਹੀਂ ਸੂਬੇ ਨੂੰ 67 ਹਜ਼ਾਰ ਕਰੋੜ ਰੁਪਏ ਨਿਵੇਸ਼ ਹੋਣ ਦਾ ਦਾਅਵਾ ਕੀਤਾ ਸੀ। ਸਰਕਾਰ ਨੇ ਇਹ ਪ੍ਰਗਤੀਸ਼ੀਲ ਸੰਮੇਲਨ ਕਰਵਾਉਣ ਉਪਰ ਕਰੀਬ 2.49 ਕਰੋੜ ਰੁਪਏ ਖਰਚੇ ਸਨ। ਸਮਾਗਮ ਵਿਚ ਹਿੱਸਾ ਲੈਣ ਵਾਲੇ ਸਰਕਾਰੀ ਮਹਿਮਾਨਾਂ ਦੀ ਰਿਹਾਇਸ਼, ਖਾਣ-ਪੀਣ ਤੇ ਟਰਾਂਸਪੋਰਟ ਉਪਰ ਕਰੀਬ 20.66 ਲੱਖ ਰੁਪਏ ਖਰਚੇ ਗਏ ਸਨ। ਮਹਿਮਾਨਾਂ ਨੂੰ ਦੋ ਦਿਨ ਲਈ ਸਰਕਾਰੀ ਮਹਿਮਾਨ ਵਜੋਂ ਨਿਵਾਜਿਆ ਗਿਆ ਸੀ।




ਉਦਯੋਗ ਤੇ ਵਪਾਰ ਮੰਤਰੀ ਮਦਨ ਮੋਹਨ ਮਿੱਤਲ ਨੇ ਪੰਜਾਬ ਵਿਧਾਨ ਸਭਾ ਵਿਚ ਪ੍ਰਸ਼ਨਕਾਲ ਦੌਰਾਨ ਵਿਧਾਇਕ ਰਣਦੀਪ ਸਿੰਘ ਨਾਭਾ ਦੇ ਸਵਾਲ ਦਾ ਜਵਾਬ ਦਿੰਦਿਆਂ ਦੱਸਿਆ ਕਿ ਪੰਜਾਬ ਪ੍ਰਗਤੀਸ਼ੀਲ ਸੰਮੇਲਨ-2013 ਦੌਰਾਨ ਕੁੱਲ 128 ਸਮਝੌਤਾ ਪੱਤਰਾਂ (ਐਮ.ਓ.ਯੂ.) ਉਪਰ ਦਸਤਖ਼ਤ ਕੀਤੇ ਗਏ ਸਨ। ਇਨ੍ਹਾਂ ਵਿਚੋਂ ਕੁੱਲ 66,936 ਕਰੋੜ ਰੁਪਏ ਦੀ ਰਕਮ ਦਾ ਅਨੁਮਾਨਿਤ ਨਿਵੇਸ਼ ਸ਼ਾਮਲ ਹੈ। ਕੁੱਲ 128 ਐਮ.ਓ.ਯੂਜ਼ ਵਿਚੋਂ ਸੂਬੇ ਵਿਚ 71 ਪ੍ਰਾਜੈਕਟ ਸਥਾਪਤ ਹੋਣ ਲਈ ਪ੍ਰਕਿਰਿਆ ਚੱਲ ਰਹੀ ਹੈ ਤੇ ਇਨ੍ਹਾਂ ਦੇ ਸਥਾਪਤ ਹੋਣ ਨਾਲ ਸੂਬੇ ਵਿਚ ਤਕਰੀਬਨ 45,174 ਕਰੋੜ ਰੁਪਏ ਨਿਵੇਸ਼ ਹੋਣ ਦੀ ਸੰਭਾਵਨਾ ਹੈ। ਉਧਰ ਸ੍ਰੀ ਨਾਭਾ ਨੇ ਦਾਅਵਾ ਕੀਤਾ ਕਿ ਸਰਕਾਰ ਵਲੋਂ ਸਹੀਬੱਧ ਕੀਤੇ ਕੁਝ ਸਮਝੌਤਾ ਪੱਤਰ ਫਰਜ਼ੀ ਹਨ ਤੇ ਸਰਕਾਰ ਨੇ ਉਸ ਦੇ ਸਵਾਲ ਦਾ ਜਵਾਬ ਦੇਣ ਲਈ ਡੇਢ ਸਾਲ ਲਾ ਦਿੱਤਾ ਹੈ। ਇਸ ਉਪਰ ਦਖ਼ਲ ਦਿੰਦਿਆਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਅਫਸੋਸ ਜ਼ਾਹਰ ਕੀਤਾ ਕਿ ਏਨੇ ਸਫਲ ਪ੍ਰਗਤੀਸ਼ੀਲ ਸੰਮੇਲਨ ਉਪਰ ਵਿਰੋਧੀ ਗਲਤ ਟਿੱਪਣੀਆਂ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ 71 ਪ੍ਰਾਜੈਕਟਾਂ ਅਧੀਨ 45 ਹਜ਼ਾਰ ਕਰੋੜ ਰੁਪਏ ਦੇ ਨਿਵੇਸ਼ ਹੋਣ ਦੀ ਪ੍ਰਕਿਰਿਆ ਅੰਤਿਮ ਪੜਾਅ 'ਤੇ ਹੈ ਤੇ ਇੰਫੋਸਿਸ ਕੰਪਨੀ ਨੇ ਪਲਾਟ ਲੈ ਲਿਆ ਹੈ ਤੇ ਇਸ ਦੀ ਉਸਾਰੀ ਤਿੰਨ-ਚਾਰ ਮਹੀਨਿਆਂ ਵਿਚ ਸ਼ੁਰੂ ਹੋਣ ਦੀ ਸੰਭਾਵਨਾ ਹੈ।

ਇਸੇ ਦੌਰਾਨ ਜਦੋਂ ਭਲਾਈ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਨੇ ਵਿਰੋਧੀ ਧਿਰ ਦੇ ਆਗੂ ਸੁਨੀਲ ਕੁਮਾਰ ਜਾਖੜ ਦੇ ਸਵਾਲ ਦੇ ਜਵਾਬ ਵਿਚ ਭਾਰਤ ਸਰਕਾਰ ਤੋਂ ਘੱਟ ਗਿਣਤੀ ਵਰਗ ਲਈ ਪ੍ਰੀ-ਮੈਟ੍ਰਿਕ ਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਤਹਿਤ ਜਾਰੀ ਕੀਤੇ ਫੰਡਾਂ ਦੇ ਵੇਰਵੇ ਦੱਸੇ ਤਾਂ ਹੰਗਾਮਾ ਖੜ੍ਹਾ ਹੋ ਗਿਆ। ਸ੍ਰੀ ਜਾਖੜ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਨੇ ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਲਈ ਭਾਰਤ ਸਰਕਾਰ ਤੋਂ ਹਾਸਲ ਹੋਏ ਫੰਡਾਂ ਨੂੰ ਲੰਮਾ ਸਮਾਂ ਦੱਬੀ ਰੱਖਿਆ ਹੈ। ਉਨ੍ਹਾਂ ਕਿਹਾ ਕਿ ਇਸ ਸਕੀਮ ਤਹਿਤ 30 ਅਗਸਤ 2013 ਨੂੰ ਪ੍ਰਾਪਤ ਹੋਏ 41.38 ਕਰੋੜ ਰੁਪਏ ਇਕ ਸਾਲ ਬਾਅਦ 28 ਅਗਸਤ 2014 ਨੂੰ ਜਾਰੀ ਕੀਤੇ ਹਨ।

ਇਸੇ ਤਰ੍ਹਾਂ 93.93 ਕਰੋੜ ਰੁਪਏ ਵੀ ਕਰੀਬ ਛੇ ਮਹੀਨਿਆਂ ਬਾਅਦ 28 ਜੂਨ 2014 ਨੂੰ ਜਾਰੀ ਕੀਤੇ ਹਨ। ਇਸ ਮੁੱਦੇ ਉਪਰ ਦਖ਼ਲ ਦਿੰਦਿਆਂ ਉਪ ਮੁੱਖ ਮੰਤਰੀ ਸ੍ਰੀ ਬਾਦਲ ਨੇ ਭਰੋਸਾ ਦਿੱਤਾ ਕਿ ਅਗਲੇ ਸਾਲ ਇਹ ਰਾਸ਼ੀ ਸਮੇਂ ਸਿਰ ਭੇਜਣ ਦੇ ਪ੍ਰਬੰਧ ਕੀਤੇ ਜਾਣਗੇ। ਸਦਨ ਵਿਚ ਵਿਆਪਕ ਪੱਧਰ 'ਤੇ ਨੀਲੇ ਕਾਰਡ (ਆਟਾ-ਦਾਲ ਸਕੀਮ ਅਧੀਨ) ਬਣਨ ਦਾ ਮੁੱਦਾ ਵੀ ਭਖਿਆ ਰਿਹਾ। ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਨੇ ਕਿਹਾ ਕਿ ਨੀਲੇ ਕਾਰਡ ਵੱਡੇ ਪੱਧਰ 'ਤੇ ਫਰਜ਼ੀ ਢੰਗ ਨਾਲ ਬਣੇ ਹਨ। ਇਸ ਦੇ ਜਵਾਬ ਵਿਚ ਖੁਰਾਕ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਦੱਸਿਆ ਕਿ ਹੁਣ ਤੱਕ ਰਾਜ ਵਿਚ ਕੁੱਲ 30,92,075 ਨੀਲੇ ਕਾਰਡ ਬਣਾਏ ਗਏ ਹਨ।

ਕਾਰਡਾਂ ਦੀ ਪੜਤਾਲ ਕਰਨ ਦੇ ਆਦੇਸ਼ ਦਿੱਤੇ ਗਏ ਹਨ, ਜਿਸ ਤੋਂ ਸਪਸ਼ਟ ਹੋ ਜਾਵੇਗਾ ਕਿ ਕਿੰਨੇ ਆਯੋਗ ਕਾਰਡ ਬਣੇ ਹਨ। ਉਨ੍ਹਾਂ ਕਿਹਾ ਕਿ ਫਰਜ਼ੀ ਕਾਰਡ ਬਣਾਉਣ ਵਾਲਿਆਂ ਵਿਰੁਧ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪ੍ਰਸ਼ਨਕਾਲ ਦੌਰਾਨ ਸਦਨ ਵਿਚ ਮੌਜੂਦ ਨਹੀਂ ਸਨ। ਦੱਸਣਯੋਗ ਹੈ ਕਿ ਸ੍ਰੀ ਬਾਦਲ ਸਦਨ ਵਿਚੋਂ ਬਹੁਤ ਘੱਟ ਗੈਰ-ਹਾਜ਼ਰ ਰਹਿੰਦੇ ਹਨ। ਉਨ੍ਹਾਂ ਦੀ ਥਾਂ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਸੱਤਾ ਧਿਰ ਵਲੋਂ ਮੋਰਚਾ ਸਾਂਭੀ ਰੱਖਿਆ।

# ਕਾਲੇ ਕੰਮ ਕਰਨ ਵਾਲਿਆਂ ਉਤੇ ਹੋਈ ਸਰਕਾਰੀ ਮਿਹਰ

## 51 ਫ਼ੀਸਦੀ ਮਿੱਟੀ ਦਾ ਤੇਲ ਵਿਕਦਾ ਹੈ ਬਲੈਕ ਵਿਚ

**ਬਠਿੰਡਾ:** ਸਰਕਾਰੀ ਅਫਸਰਾਂ ਦੀ ਮਿਹਰ ਨਾਲ ਡਿਪੂ ਹੋਲਡਰ ਮਿੱਟੀ ਦੇ ਤੇਲ ਦਾ ਕਾਲਾ ਧੰਦਾ ਕਰ ਰਹੇ ਹਨ ਤੇ ਖਜ਼ਾਨੇ ਨੂੰ ਕਰੋੜਾਂ ਰੁਪਏ ਦਾ ਰਗੜਾ ਲੱਗ ਰਿਹਾ ਹੈ। ਪੰਜਾਬ ਵਿਚ 51 ਫੀਸਦੀ ਮਿੱਟੀ ਦਾ ਤੇਲ ਬਲੈਕ ਵਿਚ ਵਿਕ ਜਾਂਦਾ ਹੈ ਤੇ ਲੋੜਵੰਦਾਂ ਤੱਕ ਪੁੱਜਦਾ ਹੀ ਨਹੀਂ ਹੈ। ਕੇਂਦਰ ਸਰਕਾਰ ਦੀ ਤਾਜ਼ਾ ਰਿਪੋਰਟ ਵਿਚ ਇਹ ਖੁਲਾਸਾ ਹੋਇਆ ਹੈ, ਜਿਸ ਦਾ ਕੇਂਦਰ ਨੇ ਸਖਤ ਨੋਟਿਸ ਲਿਆ ਹੈ। ਇਸ ਲਈ ਹੁਣ ਕੇਂਦਰ ਨੇ ਪੰਜਾਬ ਦੇ ਮਿੱਟੀ ਦੇ ਤੇਲ ਦੇ ਕੋਟੇ 'ਤੇ ਕਰੀਬ 60 ਫੀਸਦੀ ਕੱਟ ਲਗਾ ਦਿੱਤਾ ਹੈ।

ਕੇਂਦਰੀ ਖੁਰਾਕ ਤੇ ਜਨਤਕ ਵੰਡ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਸਾਲ 2014-15 ਦੀ ਇਕ ਸਰਵੇ ਰਿਪੋਰਟ ਅਨੁਸਾਰ ਪੰਜਾਬ ਵਿਚ 51 ਫੀਸਦੀ ਮਿੱਟੀ ਦੇ ਤੇਲ ਦੀ ਲੀਕੇਜ ਹੋ ਰਹੀ ਹੈ ਤੇ 125 ਕਰੋੜ ਦੇ ਤੇਲ ਦੀ ਵਾਧੂ ਐਲੋਕੇਸ਼ਨ ਪੰਜਾਬ ਨੂੰ ਜਨਤਕ ਵੰਡ ਪ੍ਰਣਾਲੀ ਤਹਿਤ ਕੀਤੀ ਗਈ ਹੈ। ਪੰਜਾਬ ਮੁਲਕ ਦੇ ਪਹਿਲੇ ਤਿੰਨ ਸੂਬਿਆਂ ਵਿਚ ਸ਼ਾਮਲ ਹੋ ਗਿਆ ਹੈ, ਜਿਨ੍ਹਾਂ ਵਿਚ ਮਿੱਟੀ ਦੇ ਤੇਲ ਦੀ ਪ੍ਰਤੀ ਵਿਅਕਤੀ ਪਿੱਛੇ ਸਭ ਤੋਂ ਜ਼ਿਆਦਾ ਲੀਕੇਜ ਹੈ। ਕੇਂਦਰੀ ਰਿਪੋਰਟ ਅਨੁਸਾਰ ਪ੍ਰਤੀ ਵਿਅਕਤੀ ਦੇ ਹਿਸਾਬ ਨਾਲ ਹਰਿਆਣਾ ਵਿਚ 59 ਫੀਸਦੀ, ਗੁਜਰਾਤ ਵਿਚ 51 ਫੀਸਦੀ ਤੇ ਪੰਜਾਬ ਵਿਚ ਵੀ 51 ਫੀਸਦੀ ਮਿੱਟੀ ਦੇ ਤੇਲ ਦੀ ਲੀਕੇਜ ਹੈ। ਨੈਸ਼ਨਲ ਕੌਂਸਲ ਫਾਰ ਅਪਲਾਈਡ ਇਕਨਾਮਿਕਸ ਰਿਸਰਚ ਵਲੋਂ ਜੋ ਵੱਖਰੀ ਸਟੱਡੀ ਰਿਪੋਰਟ ਕੇਂਦਰ ਸਰਕਾਰ ਨੂੰ ਦਿੱਤੀ ਗਈ ਸੀ, ਉਸ ਅਨੁਸਾਰ ਪੰਜਾਬ ਵਿਚ 68.8 ਫੀਸਦੀ ਜਨਤਕ ਵੰਡ ਪ੍ਰਣਾਲੀ ਦੇ ਮਿੱਟੀ ਦੇ ਤੇਲ ਦੀ ਵਰਤੋਂ ਹੋਰ ਥਾਂ ਹੋਈ ਹੈ, ਜਿਸ ਵਿਚੋਂ 52.6 ਫੀਸਦੀ ਤੇਲ ਤਾਂ ਗੈਰ ਘਰੇਲੂ ਕੰਮਾਂ ਵਾਸਤੇ ਵਰਤਿਆ ਜਾ ਰਿਹਾ ਹੈ ਤੇ 15.9 ਫੀਸਦੀ ਖੁੱਲ੍ਹੀ ਮਾਰਕੀਟ ਵਿਚ ਵੇਚਿਆ ਜਾ ਰਿਹਾ ਹੈ। ਇਸ ਮਾਮਲੇ ਵਿਚ ਚੰਡੀਗੜ੍ਹ ਦਾ ਪਹਿਲਾ ਨੰਬਰ ਆਇਆ, ਜਿਥੇ 85.2 ਫੀਸਦੀ ਡਾਈਵਰਜ਼ਨ ਹੋਈ, ਜਦਕਿ ਪੰਜਾਬ ਦਾ ਦੂਜਾ ਨੰਬਰ ਰਿਹਾ। ਬਿਹਾਰ ਵਿਚ 54.5 ਫੀਸਦੀ ਤੇ ਗੁਜਰਾਤ ਵਿਚ 39.5 ਫੀਸਦੀ ਤੇਲ ਦੀ ਹੋਰ ਥਾਂ ਵਰਤੋਂ



ਹੋਈ।

ਕੇਂਦਰੀ ਵੇਰਵਿਆਂ ਅਨੁਸਾਰ ਜਨਤਕ ਵੰਡ ਪ੍ਰਣਾਲੀ ਤਹਿਤ ਪੰਜਾਬ ਲਈ ਚਾਲੂ ਮਾਲੀ ਸਾਲ (2014-15) ਲਈ 89,664 ਕਿਲੋਲੀਟਰ ਮਿੱਟੀ ਦੇ ਤੇਲ ਦੀ ਐਲੋਕੇਸ਼ਨ ਕੀਤੀ ਗਈ ਹੈ, ਜਦਕਿ ਸਾਲ 2009-10 ਵਿਚ ਇਹੋ ਐਲੋਕੇਸ਼ਨ 3.01 ਲੱਖ ਕਿਲੋਲੀਟਰ ਦੀ ਸੀ। ਸਾਲ 2011-13 ਵਿਚ ਐਲੋਕੇਸ਼ਨ 2.72 ਲੱਖ ਕਿਲੋਲੀਟਰ ਦੀ ਰਹਿ ਗਈ ਸੀ। ਪੰਜਾਬ ਵਿਚ ਨੀਲੇ ਕਾਰਡ ਹੋਲਡਰਾਂ ਨੂੰ ਮਿੱਟੀ ਦਾ ਤੇਲ ਦਿੱਤਾ ਜਾ ਰਿਹਾ ਹੈ। ਪੰਜਾਬ ਵਿਚ ਪ੍ਰਤੀ ਵਿਅਕਤੀ ਐਲੋਕੇਸ਼ਨ ਜੋ ਸਾਲ 2011-12 ਵਿਚ 9.84 ਲੀਟਰ ਸੀ, ਉਹ ਹੁਣ ਘੱਟ ਕੇ 3.25 ਲੀਟਰ ਰਹਿ ਗਈ ਹੈ। ਡਿਪੂ ਹੋਲਡਰਾਂ ਤੇ ਅਫਸਰਾਂ ਦੀ ਆਪਸੀ ਮਿਲੀਭੁਗਤ ਨਾਲ ਵਰ੍ਹਿਆਂ ਤੋਂ ਮਿੱਟੀ ਦਾ ਤੇਲ ਬਲੈਕ ਵਿਚ ਵਿਕ ਰਿਹਾ ਹੈ, ਜਦਕਿ ਲੋੜਵੰਦਾਂ ਦੇ ਦੀਵੇ ਬੁੱਝ ਰਹੇ ਹਨ। ਪੰਜਾਬ ਵਿਚ ਕਰੀਬ 26 ਹਜ਼ਾਰ ਡਿਪੂ ਹੋਲਡਰ ਹਨ, ਜਿਨ੍ਹਾਂ ਨੂੰ ਕੇਂਦਰੀ ਕੱਟ ਲੱਗਣ ਕਰਕੇ ਹੁਣ ਪ੍ਰਤੀ ਡਿਪੂ ਬਹੁਤ ਘੱਟ ਮਾਤਰਾ ਵਿਚ ਮਿੱਟੀ ਦਾ ਤੇਲ ਮਿਲਣ ਲੱਗਾ ਹੈ।

# ਨਾਜਾਇਜ਼ ਕਲੋਨੀ ਕੱਟਣ ਵਾਲੇ ਕੇਸ ਵਿਚ ਵਿਧਾਇਕ ਜੈਨ ਬਰੀ

**ਮੋਗਾ:** ਜ਼ਿਲ੍ਹਾ ਅਦਾਲਤ ਨੇ ਨਾਜਾਇਜ਼ ਕਲੋਨੀ ਕੱਟਣ ਦੇ ਮਾਮਲੇ ਵਿਚ ਨਾਮਜ਼ਦ ਹਲਕਾ ਵਿਧਾਇਕ ਮੋਗਾ ਜੋਗਿੰਦਰਪਾਲ ਜੈਨ ਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਬਰੀ ਕਰ ਦਿੱਤਾ ਹੈ। 26 ਅਗਸਤ 2007 ਨੂੰ ਥਾਣਾ ਮਹਿਣਾ ਵਿਚ ਗਲਾਡਾ ਕੰਪਨੀ ਵਲੋਂ ਪਿੰਡ ਬੁੱਘੀਪੁਰਾ ਕੋਲ ਇਕ ਵਾਹੀਯੋਗ ਜ਼ਮੀਨ ਖਰੀਦ ਕੇ ਤੇ ਉਸ ਨੂੰ ਨਾਜਾਇਜ਼ ਕਲੋਨੀ ਕੱਟ ਕੇ ਵੇਚਣ ਦੇ ਦੋਸ਼ ਵਿਚ ਵਿਧਾਇਕ ਜੋਗਿੰਦਰਪਾਲ ਜੈਨ, ਪਤਨੀ ਸਵਰਨ ਲਤਾ ਜੈਨ, ਬੇਟੀ ਰੋਹਿਨੀ ਜੈਨ, ਬੇਟੇ ਅਕਸ਼ਿਤ ਜੈਨ ਤੇ ਪੁਨੀਤ ਜੈਨ ਉਤੇ ਪੰਜਾਬ ਅਪਾਰਮੈਂਟ ਪ੍ਰਾਪਰਟੀ ਡਿਵੈਲਪਮੈਂਟ ਐਕਟ ਤਹਿਤ ਮਾਮਲਾ ਦਰਜ ਕੀਤਾ ਸੀ।



ਵਿਧਾਇਕ ਜੈਨ ਦੇ ਵਕੀਲ ਅਨੀਸ਼ ਕਾਂਤ ਸ਼ਰਮਾ ਤੇ ਸ਼ਿਵਚਰਨ ਸਿੰਘ ਗਿੱਲ ਨੇ ਦੱਸਿਆ ਕਿ ਗਲਾਡਾ ਅਧਿਕਾਰੀਆਂ ਵਲੋਂ ਜੈਨ ਨੂੰ ਅਦਾਲਤ ਰਾਹੀਂ ਮੋੜਨਯੋਗ ਜੋ ਰਾਸ਼ੀ ਪਾਈ ਗਈ ਸੀ, ਉਹ ਵਿਧਾਇਕ ਜੈਨ ਨੇ ਅਦਾਲਤ ਰਾਹੀਂ ਦੋ ਕਿਸ਼ਤਾਂ ਵਿਚ ਮੋੜ ਦਿੱਤੀ ਸੀ ਤੇ ਗਲਾਡਾ ਅਧਿਕਾਰੀਆਂ ਨੇ ਜੈਨ ਤੇ ਉਸ ਦੇ ਪਰਿਵਾਰਕ ਮੈਂਬਰਾਂ 'ਤੇ ਦਰਜ ਇਹ ਮਾਮਲਾ ਖਾਰਜ ਕਰਨ ਦੀ ਅਰਜ਼ੀ ਵੀ ਦਿੱਤੀ ਸੀ। ਹੁਣ ਸੁਣਵਾਈ ਦੌਰਾਨ ਗਲਾਡਾ ਦੇ ਉਚ ਅਧਿਕਾਰੀ ਦੀ ਹਾਜ਼ਰੀ ਵਿਚ ਜ਼ਿਲ੍ਹਾ ਅਦਾਲਤ ਨੇ ਜੈਨ ਪਰਿਵਾਰ ਤੇ ਮੇਅਰ ਅਕਸ਼ਿਤ ਜੈਨ ਨੂੰ ਬਰੀ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ।

# ਲੀਡਰ ਆਪਣੀਆਂ ਤਨਖਾਹਾਂ ਵਧਾਉਣ ਲਈ ਸਭ ਵਿਰੋਧ ਭੁੱਲੇ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਹਾਕਮ ਤੇ ਵਿਰੋਧੀ ਧਿਰ ਦਰਮਿਆਨ ਬਣੇ ਰਹੇ ਟਕਰਾਅ ਦੇ ਬਾਵਜੂਦ ਮੰਤਰੀਆਂ ਤੇ ਵਿਧਾਇਕਾਂ ਦੀਆਂ ਤਨਖਾਹਾਂ ਤੇ ਭੱਤੇ ਵਧਾਉਣ ਦੇ ਮੁੱਦੇ ਉਤੇ ਅਕਾਲੀ ਦਲ, ਭਾਜਪਾ ਤੇ ਕਾਂਗਰਸ ਦੇ ਮੈਂਬਰਾਂ ਨੇ ਸਦਨ ਵਿਚ ਏਕੇ ਦਾ ਸਬੂਤ ਦਿੱਤਾ। ਵਿਧਾਨ ਸਭਾ ਵਲੋਂ ਤਨਖਾਹਾਂ ਤੇ ਭੱਤੇ ਵਧਾਉਣ ਲਈ 'ਪੰਜਾਬ ਵਿਧਾਨ ਸਭਾ ਦੇ ਸਪੀਕਰ ਤੇ ਡਿਪਟੀ ਸਪੀਕਰ ਦੀਆਂ ਤਨਖਾਹਾਂ (ਸੋਧ) ਬਿੱਲ 2015, 'ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ (ਸੋਧ) ਬਿੱਲ 2015', 'ਪੰਜਾਬ ਵਿਧਾਨ ਸਭਾ (ਮੈਂਬਰਾਂ ਦੀਆਂ ਤਨਖਾਹਾਂ ਤੇ ਭੱਤੇ) ਬਿੱਲ 2015' ਤੇ 'ਪੰਜਾਬ ਵਿਧਾਨ ਮੰਡਲ ਦੇ ਮੈਂਬਰਾਂ (ਪੈਨਸ਼ਨ ਐਂਡ ਡਾਕਟਰੀ ਸਹੂਲਤਾਂ ਵਿਨਿਯਮ) ਬਿੱਲ 2015' ਪਾਸ ਕਰ ਦਿੱਤੇ ਗਏ। ਇਹ ਬਿੱਲ ਸੰਸਦੀ ਮਾਮਲਿਆਂ ਬਾਰੇ ਮੰਤਰੀ ਮਦਨ ਮੋਹਨ ਮਿੱਤਲ ਨੇ ਪੇਸ਼ ਕੀਤੇ। ਇਨ੍ਹਾਂ ਬਿੱਲਾਂ 'ਤੇ ਕਿਸੇ ਵੀ ਮੈਂਬਰ ਨੇ ਬਹਿਸ ਨਹੀਂ ਕੀਤੀ। ਸਪੀਕਰ ਚਰਨਜੀਤ ਸਿੰਘ ਅਟਵਾਲ ਨੇ ਸਾਰੇ ਬਿੱਲ ਸਰਬਸੰਮਤੀ ਨਾਲ ਪਾਸ ਕਰਨ ਦਾ ਐਲਾਨ ਕਰ ਦਿੱਤਾ। ਸੰਸਦੀ ਮਾਮਲਿਆਂ ਬਾਰੇ ਮੰਤਰੀ ਨੇ ਦੱਸਿਆ ਕਿ ਮੁੱਖ ਸੰਸਦੀ ਸਕੱਤਰਾਂ ਦੀਆਂ ਤਨਖਾਹਾਂ ਤੇ ਭੱਤਿਆਂ ਵਿਚ ਵਾਧੇ ਬਾਰੇ ਸਰਕਾਰ ਵਲੋਂ ਵੱਖਰੇ ਤੌਰ ਉਤੇ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ।

ਵਿਧਾਨ ਸਭਾ ਵਲੋਂ ਤਨਖਾਹਾਂ ਤੇ ਭੱਤਿਆਂ ਵਿਚ ਕੀਤੇ ਵਾਧੇ ਦੇ ਬਿੱਲਾਂ ਨੂੰ ਮਨਜ਼ੂਰੀ ਦੇਣ ਤੋਂ ਬਾਅਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇਸ਼ ਦੇ ਸਭ ਤੋਂ ਜ਼ਿਆਦਾ ਤਨਖਾਹ ਲੈਣ ਵਾਲੇ ਜਨ ਪ੍ਰਤੀਨਿਧੀ ਹੋਣਗੇ।

## ਵਿਧਾਨ ਸਭਾ ਵਿਚ ਬਿਨਾਂ ਵਿਰੋਧ ਬਿੱਲ ਪਾਸ



ਮਹੱਤਵਪੂਰਨ ਤੱਥ ਇਹ ਵੀ ਹੈ ਕਿ ਸਰਕਾਰ ਨੇ ਪਿਛਲੇ 10 ਸਾਲਾਂ ਤੋਂ ਬੁਢਾਪਾ ਪੈਨਸ਼ਨ ਜੋ 250 ਰੁਪਏ ਪ੍ਰਤੀ ਮਹੀਨਾ ਦਿੱਤੀ ਜਾਂਦੀ ਹੈ, ਵਿਚ ਵਾਧਾ ਨਹੀਂ ਕੀਤਾ। ਵਿਧਾਨ ਸਭਾ ਵਲੋਂ ਪਾਸ ਕੀਤੇ ਇਨ੍ਹਾਂ ਬਿੱਲਾਂ ਤੋਂ ਬਾਅਦ ਭਵਿੱਖ ਵਿਚ ਸਪੀਕਰ ਤੇ ਡਿਪਟੀ ਸਪੀਕਰ ਦੀ ਤਨਖਾਹ 30,000 ਰੁਪਏ ਤੋਂ ਵਧ ਕੇ 50,000 ਰੁਪਏ, ਮੁੱਖ ਮੰਤਰੀ ਦੀ ਤਨਖਾਹ 50,000 ਤੋਂ ਵਧ ਕੇ ਇਕ ਲੱਖ ਰੁਪਏ, ਉਪ ਮੁੱਖ ਮੰਤਰੀ ਤੇ ਵਿਰੋਧੀ ਧਿਰ ਦੇ ਨੇਤਾ ਸਣੇ ਸਾਰੇ ਮੰਤਰੀਆਂ ਦੀ ਤਨਖਾਹ 30,000 ਤੋਂ ਵਧ ਕੇ 50,000 ਰੁਪਏ, ਮੁੱਖ ਸੰਸਦੀ ਸਕੱਤਰਾਂ ਦੀ ਤਨਖਾਹ 20,000 ਤੋਂ ਵਧ ਕੇ 40,000 ਰੁਪਏ ਪ੍ਰਤੀ ਮਹੀਨਾ ਹੋ ਜਾਵੇਗੀ। ਵਿਧਾਇਕਾਂ/ਸਾਬਕਾ ਵਿਧਾਇਕਾਂ ਦੀ ਤਨਖਾਹ/ਪੈਨਸ਼ਨ 15,000 ਤੋਂ ਵਧ ਕੇ 25,000 ਰੁਪਏ ਹੋ ਜਾਵੇਗੀ। ਵਿਧਾਨ ਸਭਾ ਨੇ ਸਪੀਕਰ, ਡਿਪਟੀ ਸਪੀਕਰ, ਮੁੱਖ ਮੰਤਰੀ, ਉਪ ਮੁੱਖ ਮੰਤਰੀ, ਵਿਰੋਧੀ ਧਿਰ ਦੇ ਨੇਤਾ, ਮੰਤਰੀਆਂ, ਮੁੱਖ ਸੰਸਦੀ ਸਕੱਤਰਾਂ, ਵਿਧਾਇਕਾਂ ਤੇ ਸਾਬਕਾ ਵਿਧਾਇਕਾਂ ਨੂੰ ਮਿਲਣ ਵਾਲੇ ਵਿਸ਼ੇਸ਼ ਭੱਤਿਆਂ ਦੇ ਸੋਧ ਬਿੱਲ ਉਤੇ ਵੀ ਮੋਹਰ ਲਾ ਦਿੱਤੀ ਹੈ। ਰੋਚਕ ਤੱਥ ਇਹ ਵੀ ਹੈ ਕਿ ਮੰਤਰੀਆਂ ਤੇ ਵਿਧਾਇਕਾਂ ਦੇ ਆਮਦਨ ਕਰ ਦੀ ਅਦਾਇਗੀ ਸਰਕਾਰ ਕਰਦੀ ਹੈ।

ਵਿਧਾਨ ਸਭਾ ਵਲੋਂ ਜਿਨ੍ਹਾਂ ਹੋਰ ਬਿੱਲਾਂ ਜਾਂ ਸੋਧ ਬਿੱਲਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ, ਉਨ੍ਹਾਂ ਵਿਚ ਅਧਿਆਪਕਾਂ ਦੀਆਂ ਸੇਵਾਵਾਂ ਨੂੰ ਘੱਟੋ ਘੱਟ ਉਜਰਤਾਂ ਕਾਨੂੰਨ ਦੇ ਦਾਇਰੇ ਵਿਚ ਲਿਆਉਣ ਦਾ ਬਿੱਲ ਵੀ ਸ਼ਾਮਲ ਹੈ। ਇਸ ਸੋਧ ਦੇ ਲਾਗੂ ਹੋਣ ਨਾਲ ਪ੍ਰਾਈਵੇਟ ਜਾਂ ਸਰਕਾਰੀ ਸਕੂਲਾਂ ਵਲੋਂ ਅਧਿਆਪਕਾਂ ਨੂੰ ਸਿੱਖਿਅਤ ਕਾਮਿਆਂ ਦੀ ਸ਼੍ਰੇਣੀ ਵਿਚ ਸ਼ਾਮਲ ਕਰ ਕੇ ਤਨਖਾਹਾਂ ਦਿੱਤੀਆਂ ਜਾਣਗੀਆਂ। ਪੰਜਾਬ ਦੁਕਾਨਾਂ ਤੇ ਵਪਾਰਕ ਸੰਸਥਾਨ ਸੋਧ ਬਿੱਲ ਵਿਚ ਸੋਧ ਕਰ ਕੇ ਔਰਤਾਂ ਦੇ ਰਾਤ ਸਮੇਂ ਨੌਕਰੀ ਕਰਨ ਦਾ ਰਾਹ ਖੋਲ੍ਹ ਦਿੱਤਾ ਹੈ। ਇਸ ਸੋਧ ਤੋਂ ਬਾਅਦ ਪੰਜਾਬ ਵਿਚ ਔਰਤਾਂ ਕਾਲ ਸੈਂਟਰਾਂ, ਹੋਟਲਾਂ ਜਾਂ ਹੋਰ ਵਪਾਰਕ ਥਾਂਵਾਂ 'ਤੇ ਰਾਤ ਦੇ ਸਮੇਂ ਵੀ ਸੇਵਾ ਕਰ ਸਕਣਗੀਆਂ।

# ਸਾਬਕਾ ਕੇਂਦਰੀ ਮੰਤਰੀ ਤਿਵਾੜੀ ਦੇ ਘਰ ਚੋਰੀ

ਚੰਡੀਗੜ੍ਹ: ਸਾਬਕਾ ਕੇਂਦਰੀ ਮੰਤਰੀ ਤੇ ਕਾਂਗਰਸੀ ਨੇਤਾ ਮਨੀਸ਼ ਤਿਵਾੜੀ ਦੇ ਚੰਡੀਗੜ੍ਹ ਸੈਕਟਰ 19 ਦੇ ਮਕਾਨ ਨੰਬਰ 1309 ਵਿਚੋਂ ਉਨ੍ਹਾਂ ਦੀ ਨੌਕਰਾਣੀ ਜੈਨਿਦ ਸਾਢੇ ਚਾਰ ਲੱਖ ਰੁਪਏ ਦੇ ਗਹਿਣੇ ਲੈ ਕੇ ਫਰਾਰ ਹੋ ਗਈ।

ਮਨੀਸ਼ ਤਿਵਾੜੀ ਦੀ ਮਾਤਾ ਡਾ. ਅੰਮ੍ਰਿਤ ਤਿਵਾੜੀ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦੀ ਯੂ.ਪੀ. ਵਾਸੀ ਨੌਕਰਾਣੀ ਜੈਨਿਦ ਉਸ ਦੇ ਘਰੋਂ ਗਹਿਣੇ, ਜਿਨ੍ਹਾਂ ਦੀ ਕੀਮਤ ਕਰੀਬ 4.5 ਲੱਖ ਰੁਪਏ ਸੀ, ਚੋਰੀ ਕਰਕੇ ਉਸ ਸਮੇਂ ਫਰਾਰ ਹੋ ਗਈ, ਜਦੋਂ ਉਹ ਘਰ ਤੋਂ ਬਾਹਰ ਗਏ ਸਨ ਅਤੇ ਘਰ ਵਿਚ ਜੈਨਿਦ ਹੀ ਸੀ, ਜਿਸ ਦਾ ਫਾਇਦਾ ਉਠਾ ਕੇ ਉਸ ਨੇ ਸੇਫ ਤੇ ਅਲਮਾਰੀ ਵਿਚ ਪਏ ਗਹਿਣਿਆਂ ਉਤੇ ਹੱਥ ਸਾਫ ਕਰ ਦਿੱਤਾ। ਜੈਨਿਦ 'ਤੇ ਧਾਰਾ 381 ਤਹਿਤ ਥਾਣਾ 19, ਚੰਡੀਗੜ੍ਹ 'ਚ ਮੁਕੱਦਮਾ ਦਰਜ ਕੀਤਾ ਗਿਆ ਹੈ।

# ਭਾਜਪਾ ਦੁਨੀਆਂ ਦੀ ਸਭ ਤੋਂ ਵੱਡੀ ਪਾਰਟੀ !

**ਨਵੀਂ ਦਿੱਲੀ:** ਭਾਜਪਾ ਨੇ ਦਾਅਵਾ ਕੀਤਾ ਹੈ ਕਿ 8.8 ਕਰੋੜ ਮੈਂਬਰਾਂ ਨਾਲ ਉਹ ਦੁਨੀਆਂ ਦੀ ਸਭ ਤੋਂ ਵੱਡੀ ਪਾਰਟੀ ਬਣ ਗਈ ਹੈ ਤੇ ਉਸ ਨੇ ਚੀਨ ਦੀ ਕਮਿਊਨਿਸਟ ਪਾਰਟੀ ਨੂੰ ਪਛਾੜ ਦਿੱਤਾ ਹੈ ਜਿਸ ਦੇ 8.6 ਕਰੋੜ ਮੈਂਬਰ ਹਨ।

ਭਾਜਪਾ ਨੇਤਾਵਾਂ ਮੁਤਾਬਕ ਭਾਜਪਾ ਦੇ ਮੈਂਬਰਾਂ ਦੀ ਗਿਣਤੀ 8.8 ਕਰੋੜ ਹੋ ਗਈ ਹੈ ਤੇ ਪਾਰਟੀ ਦੇ ਪ੍ਰਧਾਨ ਅਮਿਤ ਸ਼ਾਹ ਦੇ ਟੀਚੇ ਮੁਤਾਬਕ ਇਹ 10 ਕਰੋੜ ਦੇ ਅੰਕੜੇ ਨੂੰ ਪਾਰ ਕਰ ਸਕਦੀ ਹੈ। ਪਾਰਟੀ ਨੇ 31 ਮਾਰਚ ਤੱਕ 10 ਕਰੋੜ ਮੈਂਬਰ ਬਣਾਉਣ ਦਾ ਟੀਚਾ ਮਿਥਿਆ ਸੀ ਜੋ ਅਜੇ ਪੂਰਾ ਨਹੀਂ ਹੋਇਆ। ਨੇਤਾਵਾਂ ਦਾ ਕਹਿਣਾ ਹੈ ਕਿ ਉਤਰ ਪ੍ਰਦੇਸ਼ ਵਿਚ ਸਭ ਤੋਂ ਜ਼ਿਆਦਾ ਮੈਂਬਰ ਹਨ।

# ਕੈਦੀਆਂ ਲਈ ਮੌਤ ਦਾ ਫੰਦਾ ਬਣੀਆਂ ਪੰਜਾਬ ਦੀਆਂ ਜੇਲ੍ਹਾਂ

**ਲੁਧਿਆਣਾ:** ਸੂਬੇ ਦੀਆਂ 17 ਜੇਲ੍ਹਾਂ ਵਿਚ ਪਿਛਲੇ ਪੰਜ ਸਾਲਾਂ ਦੌਰਾਨ 556 ਕੈਦੀਆਂ ਤੇ ਹਵਾਲਾਤੀਆਂ ਦੀ ਮੌਤ ਹੋ ਚੁੱਕੀ ਹੈ। ਇਨ੍ਹਾਂ ਵਿਚ 90 ਫੀਸਦੀ ਬੰਦੀਆਂ ਦੀ ਮੌਤ ਬਿਮਾਰੀ ਕਰਕੇ ਹੋਈ, ਦੱਸੀ ਗਈ ਹੈ ਜਦਕਿ ਜ਼ਿਆਦਾਤਰ ਜੇਲ੍ਹਾਂ ਵਿਚ ਡਾਕਟਰ 24 ਘੰਟੇ ਤਾਇਨਾਤ ਰਹਿੰਦੇ ਹਨ। ਅੰਮ੍ਰਿਤਸਰ ਤੇ ਲੁਧਿਆਣਾ ਦੀਆਂ ਜੇਲ੍ਹਾਂ ਵਿਚ ਬਿਮਾਰੀ ਨਾਲ ਮਰੇ ਕੈਦੀਆਂ ਦੀ ਗਿਣਤੀ ਜ਼ਿਆਦਾ ਹੈ। ਦੋਵਾਂ ਜ਼ਿਲ੍ਹਿਆਂ ਦੀਆਂ ਸੈਂਟਰਲ ਜੇਲ੍ਹਾਂ ਵਿਚ 224 ਬੰਦੀਆਂ ਦੀ ਮੌਤ ਬਿਮਾਰੀ ਕਾਰਨ ਹੋਈ ਹੈ।

ਅੰਮ੍ਰਿਤਸਰ ਜੇਲ੍ਹ ਵਿਚ 154 ਬੰਦੀਆਂ ਦੀ ਮੌਤ ਹੋਈ ਹੈ ਪਰ ਜੇਲ੍ਹ ਪ੍ਰਸ਼ਾਸਨ ਨੇ ਸਾਰੇ ਹੀ ਮਾਮਲਿਆਂ ਵਿਚ ਮੁੱਖ ਕਾਰਨ ਬਿਮਾਰੀ ਹੀ ਦੱਸਿਆ ਹੈ। ਸੂਚਨਾ ਦਾ ਅਧਿਕਾਰ ਐਕਟ ਤਹਿਤ ਮੰਗੀ ਜਾਣਕਾਰੀ ਤਹਿਤ 17 ਜੇਲ੍ਹਾਂ ਬਾਰੇ 2010 ਤੋਂ ਲੈ ਕੇ ਹੁਣ ਤੱਕ ਦੇ ਅੰਕੜੇ ਪ੍ਰਾਪਤ ਕੀਤੇ ਗਏ ਹਨ। ਪੰਜ ਵਿਭਾਗਾਂ ਵਲੋਂ ਜਾਣਕਾਰੀ ਦਿੱਤੀ ਗਈ ਕਿ ਅੰਮ੍ਰਿਤਸਰ ਵਿਚ 154 ਬੰਦੀਆਂ ਤੇ ਲੁਧਿਆਣਾ ਵਿਚ 70 ਬੰਦੀਆਂ ਦੀ ਬਿਮਾਰੀ ਕਾਰਨ ਮੌਤ ਹੋਈ ਹੈ, ਜਦਕਿ ਦੋਵੇਂ ਹੀ ਜੇਲ੍ਹਾਂ ਵਿਚ ਵੱਡੇ ਹਸਪਤਾਲ ਹਨ। ਇਸ ਦੇ ਬਾਵਜੂਦ ਵੱਡੀ ਗਿਣਤੀ ਕੈਦੀਆਂ ਦੀ ਮੌਤ ਕਿਸੇ ਬਿਮਾਰੀ ਨਾਲ ਹੋਣਾ ਹੈਰਾਨੀਜਨਕ ਹੈ।

ਅੰਮ੍ਰਿਤਸਰ ਜੇਲ੍ਹ ਵਿਚ 125 ਮਹਿਲਾਵਾਂ ਤੇ 1500 ਪੁਰਸ਼ ਤੇ ਲੁਧਿਆਣਾ ਜੇਲ੍ਹ ਵਿਚ 2600 ਬੰਦੀ ਰੱਖਣ ਦੀ ਸਮਰੱਥਾ ਹੈ। ਪਿਛਲੇ ਪੰਜ ਸਾਲਾਂ ਵਿਚ ਇਨ੍ਹਾਂ ਵਿਚੋਂ 224 ਦੀ ਮੌਤ ਸਿਰਫ਼ ਬਿਮਾਰੀ ਕਾਰਨ ਹੋਈ ਹੈ। ਅੰਮ੍ਰਿਤਸਰ ਜੇਲ੍ਹ ਵਿਚ ਪਿਛਲੇ ਸਾਲ 2014 ਦੌਰਾਨ 62 ਬੰਦੀਆਂ ਦੀ ਮੌਤ ਹੋਈ ਹੈ।

ਇਸ ਤੋਂ ਇਲਾਵਾ ਲੁਧਿਆਣਾ ਦੀ ਕੇਂਦਰੀ ਜੇਲ੍ਹ ਵਿਚ ਮਰਨ ਵਾਲੇ ਬੰਦੀਆਂ ਵਿਚੋਂ 47 ਦੀ ਮੌਤ ਦੇ ਕਾਰਨਾਂ ਬਾਰੇ ਜਾਂਚ ਰਿਪੋਰਟ ਅਜੇ ਤੱਕ ਆਈ ਨਹੀਂ। ਕੇਂਦਰੀ ਜੇਲ੍ਹ ਜਲੰਧਰ-ਕਪੂਰਥਲਾ ਵਿਚ 94, ਅੰਮ੍ਰਿਤਸਰ ਵਿਚ 154, ਲੁਧਿਆਣਾ ਵਿਚ 70, ਪਟਿਆਲਾ ਵਿਚ 82, ਫਿਰੋਜ਼ਪੁਰ ਜੇਲ੍ਹ ਵਿਚ 61, ਸੰਗਰੂਰ ਜੇਲ੍ਹ ਵਿਚ 21, ਮਾਨਸਾ ਜੇਲ੍ਹ ਵਿਚ 10, ਰੂਪਨਗਰ ਜੇਲ੍ਹ ਵਿਚ 14, ਹੁਸ਼ਿਆਰਪੁਰ ਵਿਚ 22, ਨਾਭਾ ਸਕਿਉਰਿਟੀ ਜੇਲ੍ਹ ਵਿਚ 9, ਪਠਾਨਕੋਟ ਵਿਚ ਦੋ, ਫ਼ਾਜ਼ਿਲਕਾ ਵਿਚ ਤਿੰਨ, ਮਲੇਰਕੋਟਲਾ ਜੇਲ੍ਹ ਵਿਚ ਦੋ, ਫਗਵਾੜਾ ਵਿਚ ਇਕ, ਬਰਨਾਲਾ ਜੇਲ੍ਹ ਵਿਚ ਸੱਤ, ਮੋਗਾ ਵਿਚ ਇਕ, ਬੋਰਸਟਲ ਜੇਲ੍ਹ ਲੁਧਿਆਣਾ 'ਚ 3 ਬੰਦੀਆਂ ਦੀ ਮੌਤ ਹੋ ਚੁੱਕੀ ਹੈ।

## ਜੇਲ੍ਹ ਦੀਆਂ ਬੇਹੀਆਂ ਰੋਟੀਆਂ ਤੋਂ ਛੇਤੀ ਮੂੰਹ ਫੇਰ ਲੈਂਦੇ ਨੇ ਕੈਦੀ

**ਬਠਿੰਡਾ:** ਪੰਜਾਬ ਦੀਆਂ ਜੇਲ੍ਹਾਂ ਵਿਚ ਰੋਟੀਆਂ ਦੀ ਕੁਆਲਿਟੀ ਚੰਗੀ ਨਾ ਹੋਣ ਕਰਕੇ ਬਹੁਤੇ ਬੰਦੀ ਇਨ੍ਹਾਂ ਤੋਂ ਮੂੰਹ ਫੇਰ ਲੈਂਦੇ ਹਨ। ਆਰ.ਟੀ.ਆਈ. ਰਾਹੀਂ ਪ੍ਰਾਪਤ ਸੂਚਨਾ ਅਨੁਸਾਰ ਪੰਜਾਬ ਦੀਆਂ ਜੇਲ੍ਹਾਂ ਨੇ ਸਾਲ 2007-08 ਤੋਂ ਦਸੰਬਰ 2014 ਤੱਕ ਕਰੀਬ 15 ਲੱਖ ਸੁੱਕੀਆਂ ਰੋਟੀਆਂ ਵੇਚੀਆਂ ਹਨ ਜਿਨ੍ਹਾਂ ਤੋਂ ਜੇਲ੍ਹਾਂ ਨੇ ਕਰੀਬ 13 ਲੱਖ ਰੁਪਏ ਕਮਾਏ ਹਨ। ਜੇਲ੍ਹ ਮੈਨੂਅਲ ਅਨੁਸਾਰ ਜੇਲ੍ਹ ਦੇ ਹਰ ਬੰਦੀ ਨੂੰ ਹੁਣ ਪੰਜ ਸੌ ਗ੍ਰਾਮ ਆਟਾ ਦਿੱਤਾ ਜਾਂਦਾ ਹੈ, ਭਾਵ ਹਰ ਬੰਦੀ ਨੂੰ ਇਸ ਨਿਰਧਾਰਤ ਆਟੇ ਦੀਆਂ ਦੋ ਟਾਈਮ 12 ਰੋਟੀਆਂ ਦਿੱਤੀਆਂ ਜਾਂਦੀਆਂ ਹਨ। ਕੁਝ ਅਰਸਾ ਪਹਿਲਾਂ ਆਟੇ ਦੀ ਮਾਤਰਾ 580 ਗ੍ਰਾਮ ਸੀ ਜੋ ਹੁਣ ਘਟਾ ਦਿੱਤੀ ਗਈ ਹੈ ਤੇ ਬਦਲੇ ਵਿਚ ਬਿਸਕੁਟ ਦਿੱਤੇ ਜਾਣ ਲੱਗੇ ਹਨ। ਕੈਦੀਆਂ ਅਨੁਸਾਰ ਰੋਟੀਆਂ ਕੱਚੀਆਂ ਹੋਣ ਕਾਰਨ ਉਹ ਨਹੀਂ ਖਾਂਦੇ। ਸੂਤਰਾਂ ਅਨੁਸਾਰ ਬਠਿੰਡਾ ਜੇਲ੍ਹ ਵਿਚ ਕੁਝ ਅਰਸਾ ਪਹਿਲਾਂ ਮਹਿਲਾ ਬੰਦੀਆਂ ਨੇ ਸ਼ਿਕਾਇਤ ਰੱਖੀ ਸੀ ਕਿ ਰੋਟੀਆਂ ਕੱਚੀਆਂ ਹੁੰਦੀਆਂ ਹਨ। ਇੰਜ ਹੀ ਅੰਮ੍ਰਿਤਸਰ ਜੇਲ੍ਹ ਵਿਚ ਕੱਚੀਆਂ ਰੋਟੀਆਂ ਹੋਣ 'ਤੇ ਕੁਝ ਅਰਸਾ ਪਹਿਲਾਂ ਇਕ ਅਧਿਕਾਰੀ ਦੀ ਜੁਆਬਤਲਬੀ ਹੋਈ ਸੀ।

## ਜੇਲ੍ਹਾਂ 'ਚ ਬੰਦ ਸਿੱਖਾਂ ਦੀ ਰਿਹਾਈ ਕਾਨੂੰਨੀ ਅੜਿੱਕਿਆਂ ਵਿਚ ਉਲਝੀ

**ਚੰਡੀਗੜ੍ਹ:** ਵੱਖ-ਵੱਖ ਜੇਲ੍ਹਾਂ ਵਿਚ ਬੰਦ ਸਿਆਸੀ ਸਿੱਖ ਕੈਦੀਆਂ ਦੀ ਰਿਹਾਈ ਹਿੱਤ ਅਰੰਭੀ ਅਦਾਲਤੀ ਪ੍ਰਕਿਰਿਆ ਨੂੰ ਵੀ ਨੇੜ ਭਵਿੱਖ ਵਿਚ ਕੋਈ ਬੂਰ ਪੈਂਦਾ ਨਜ਼ਰ ਨਹੀਂ ਆ ਰਿਹਾ। ਇਨ੍ਹਾਂ ਕੈਦੀਆਂ ਵਿਚੋਂ ਸਭ ਤੋਂ ਵੱਧ ਚਰਚਿਤ ਤੇ ਸੱਜਰੀ ਕਾਨੂੰਨੀ ਚਾਰਾਜੋਈ ਵਾਲੇ ਕੇਸ ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਕੇਸ ਵਿਚ ਪਿਛਲੇ ਪੌਣੇ ਦੋ ਦਹਾਕਿਆਂ ਤੋਂ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿਚ ਬੰਦ ਗੁਰਮੀਤ ਸਿੰਘ ਉਰਫ ਮੀਤਾ ਤੇ ਸ਼ਮਸ਼ੇਰ ਸਿੰਘ ਦੇ ਹਨ।

ਹਾਈਕੋਰਟ ਦੇ ਡਿਵੀਜ਼ਨ ਬੈਂਚ ਵਲੋਂ ਇਨ੍ਹਾਂ ਦੋਵਾਂ ਵਲੋਂ ਆਪਣੀ ਪੱਕੀ ਰਿਹਾਈ ਹਿੱਤ ਦਾਇਰ ਪਟੀਸ਼ਨਾਂ ਉਤੇ ਸੁਣਵਾਈ, ਇਸ ਸਾਲ ਦੇ ਅੰਤ ਤੱਕ ਅੱਗੇ ਪਾ ਦਿੱਤੀ ਗਈ ਹੈ ਹਾਲਾਂਕਿ ਇਹ ਦੋਵੇਂ ਪਟੀਸ਼ਨਾਂ 22 ਜਨਵਰੀ 2014 ਤੋਂ ਵਿਚਾਰ ਅਧੀਨ ਹਨ। ਪਹਿਲਾਂ ਜੁਆਬਦੇਹ ਸਰਕਾਰੀ ਧਿਰਾਂ ਦੀ ਨਾਂਹ-ਨੁੱਕਰ ਕਾਰਨ ਬੀਤੇ ਸਾਲ ਦੇ ਮੱਧ ਤੱਕ ਇਹ ਕੇਸ ਲਮਕਦੇ ਰਹੇ, ਫਿਰ 7 ਅਗਸਤ ਨੂੰ ਚੰਡੀਗੜ੍ਹ ਪ੍ਰਸ਼ਾਸਨ ਵਲੋਂ ਹਾਈਕੋਰਟ ਵਿਚ ਹਲਫਨਾਮਾ ਦੇ ਕੇ ਸ਼ਮਸ਼ੇਰ ਸਿੰਘ ਤੇ ਗੁਰਮੀਤ ਸਿੰਘ ਮੀਤਾ ਦੀ ਪੱਕੀ ਰਿਹਾਈ ਦੀ ਅਰਜ਼ੀ ਰੱਦ ਕਰ ਦਿੱਤੀ ਗਈ।

ਇਸੇ ਦੌਰਾਨ 9 ਜੁਲਾਈ ਨੂੰ ਸੁਪਰੀਮ ਕੋਰਟ ਦੇ ਪੰਜ ਜੱਜਾਂ ਵਾਲੇ ਸੰਵਿਧਾਨਕ ਬੈਂਚ ਵਲੋਂ 'ਕੇਂਦਰ ਸਰਕਾਰ ਬਨਾਮ ਸ੍ਰੀਹਰਨ ਉਰਫ ਮੁਰੂਗਨ ਤੇ ਹੋਰ' ਨਾਮੀ ਰਿੱਟ ਪਟੀਸ਼ਨ (ਕ੍ਰਿਮੀਨਲ) ਨੰਬਰ 48/2014 ਤਹਿਤ ਸੁਣਵਾਈ ਦੌਰਾਨ ਰਾਜ ਸਰਕਾਰਾਂ ਨੂੰ ਉਮਰ ਕੈਦੀਆਂ ਦੀ ਸਜ਼ਾ ਵਿਚ ਛੋਟ ਬਾਰੇ ਫੈਸਲਾ ਲੈਣ ਤੋਂ ਰੋਕ ਦਿੱਤਾ ਗਿਆ। ਜਿਸ ਦੇ ਫਲਸਵਰੂਪ ਸ਼ਮਸ਼ੇਰ ਸਿੰਘ ਤੇ ਗੁਰਮੀਤ ਸਿੰਘ ਮੀਤਾ ਵਲੋਂ ਦਾਇਰ ਇਨ੍ਹਾਂ ਅਪੀਲਾਂ 'ਤੇ ਸੁਣਵਾਈ ਕਰਦਿਆਂ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਜਸਟਿਸ ਐਸ.ਐਸ. ਸਾਰੋਂ ਤੇ ਜਸਟਿਸ ਲੀਜ਼ਾ ਗਿੱਲ 'ਤੇ ਆਧਾਰਤ ਡਵੀਜ਼ਨ ਬੈਂਚ ਵਲੋਂ 28 ਅਗਸਤ 2014 ਨੂੰ ਕੇਸ ਅੱਗੇ ਪਾ ਦਿੱਤੇ ਗਏ।

ਇਸ ਮਗਰੋਂ 11 ਨਵੰਬਰ 2014 ਨੂੰ ਇਨ੍ਹਾਂ ਕੇਸਾਂ 'ਤੇ ਹੀ ਮੁੜ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਦੀ ਰੋਕ ਹਾਲੇ ਜਾਰੀ ਹੋਣ ਦੇ ਹਵਾਲੇ ਨਾਲ ਸੁਣਵਾਈ 9 ਫਰਵਰੀ 2015 ਤੱਕ, ਫਿਰ 20 ਤੇ ਹੁਣ 27 ਮਾਰਚ ਤੱਕ ਅੱਗੇ ਪਾ ਦਿੱਤੀ ਗਈ ਪਰ ਸੁਪਰੀਮ ਕੋਰਟ ਵਲੋਂ ਲਾਈ ਉਕਤ ਰੋਕ ਤੇ ਫੁੱਲ ਬੈਂਚ ਦੇ ਹਾਲੇ ਤਾਈਂ ਨਾ ਬੈਠੇ ਹੋਣ ਕਾਰਨ ਵਾਰ-ਵਾਰ ਤਰੀਕਾਂ ਪੈਣ ਵਜੋਂ ਇਹ ਕੇਸ 14 ਦਸੰਬਰ 'ਤੇ ਪਾ ਦਿੱਤੇ ਗਏ ਹਨ।

## ਸਵਿਸ ਬੈਂਕਾਂ ਨੇ ਭਾਰਤੀਆਂ ਤੋਂ ਹਲਫਨਾਮਾ ਮੰਗਿਆ

**ਨਵੀਂ ਦਿੱਲੀ:** ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਦੇ ਭਾਰੀ ਦਬਾਅ ਦੇ ਵਿਚਾਲੇ ਗੈਰਕਾਨੂੰਨੀ ਜਾਇਦਾਦ 'ਤੇ ਆਪਣੀ ਸਥਿਤੀ ਸਾਫ ਕਰਨ ਦੇ ਇਰਾਦੇ ਨਾਲ ਸਵਿੱਸ ਬੈਂਕਾਂ ਨੇ ਆਪਣੇ ਭਾਰਤੀ ਗਾਹਕਾਂ ਨੂੰ ਕਿਹਾ ਹੈ ਕਿ ਉਹ ਨਵਾਂ ਹਲਫਨਾਮਾ ਦੇਣ ਤਾਂ ਕਿ ਇਹ ਯਕੀਨੀ ਹੋਵੇ ਕਿ ਉਨ੍ਹਾਂ ਦੇ ਖਾਤਿਆਂ ਵਿਚ ਟੈਕਸ ਚੋਰੀ ਦਾ ਪੈਸਾ ਨਹੀਂ ਹੈ।

ਸਵਿੱਸ ਬੈਂਕਾਂ ਨੂੰ ਲੰਬੇ ਸਮੇਂ ਤੋਂ ਗੈਰਕਾਨੂੰਨੀ ਧਨ ਲਈ ਸੁਰੱਖਿਅਤ ਪਨਾਹਗਾਹ ਮੰਨਿਆ ਜਾਂਦਾ ਰਿਹਾ ਹੈ। ਸੂਤਰਾਂ ਅਨੁਸਾਰ ਸਵਿੱਸ ਬੈਂਕ ਆਪਣੇ ਭਾਰਤੀ ਗਾਹਕਾਂ ਨੂੰ ਨਵਾਂ ਹਲਫਨਾਮਾ ਪੇਸ਼ ਕਰਨ ਦੇ ਲਈ ਕਹਿ ਰਹੇ ਹਨ।

## ਡੇਰਾ ਨਿਪੁੰਸਕ ਕੇਸ ਬਾਰੇ ਸੀ.ਬੀ.ਆਈ. ਵਲੋਂ ਸਟੇਟਸ ਰਿਪੋਰਟ ਦਾਖਲ

**ਚੰਡੀਗੜ੍ਹ:** ਸੀ.ਬੀ.ਆਈ. ਨੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ 'ਤੇ ਉਸ ਦੇ ਚੇਲਿਆਂ ਨੂੰ ਨਿਪੁੰਸਕ ਬਣਾਉਣ ਦੇ ਦੋਸ਼ਾਂ ਬਾਰੇ ਇਕ ਸੀਲਬੰਦ ਲਿਫਾਫੇ ਵਿਚ ਰਿਪੋਰਟ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਦਾਖਲ ਕਰ ਦਿੱਤੀ ਹੈ। ਜਾਂਚ ਦੀ ਪ੍ਰਗਤੀ 'ਤੇ ਨਿਗਰਾਨੀ ਲਈ ਸੁਣਵਾਈ ਮੁੜ ਸ਼ੁਰੂ ਹੋਣ ਤੋਂ ਬਾਅਦ ਹਾਈਕੋਰਟ ਨੇ ਇਸ ਕੇਸ ਵਿਚ ਬੈਂਚ ਦੀ ਮਦਦ ਲਈ ਸੀਨੀਅਰ ਐਡਵੋਕੇਟ ਆਰ.ਐਸ. ਚੀਮਾ ਨੂੰ ਅਦਾਲਤੀ ਮਿੱਤਰ ਨਿਯੁਕਤ ਕੀਤਾ ਹੈ।



ਇਸ ਦੌਰਾਨ ਸੀ.ਬੀ.ਆਈ. ਨੇ ਅਦਾਲਤ ਨੂੰ ਦੱਸਿਆ ਕਿ ਉਸ ਨੂੰ ਰਾਜ ਸਰਕਾਰ ਤੋਂ ਲੋੜੀਂਦੀ ਮਦਦ ਨਹੀਂ ਮਿਲੀ। ਜਾਂਚ ਏਜੰਸੀ ਨੇ ਇਸ ਬਾਰੇ ਲੰਘੀ 8 ਜਨਵਰੀ ਨੂੰ ਹਰਿਆਣਾ ਦੇ ਮੁੱਖ ਸਕੱਤਰ ਨੂੰ ਚਿੱਠੀ ਲਿਖੀ ਸੀ ਪਰ ਹਾਲੇ ਤੱਕ ਉਸ ਦਾ ਜਵਾਬ ਨਹੀਂ ਮਿਲਿਆ। ਇਸ ਉਤੇ ਹਰਿਆਣਾ ਸਰਕਾਰ ਦੇ ਵਕੀਲ ਨੇ ਅਦਾਲਤ ਤੇ ਸੀ.ਬੀ.ਆਈ. ਨੂੰ ਭਰੋਸਾ ਦਿਵਾਇਆ ਕਿ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਜਸਟਿਸ ਰਾਕੇਸ਼ ਕੁਮਾਰ ਜੈਨ ਨੇ ਇਸ ਮਾਮਲੇ ਬਾਰੇ ਇਕ ਜੁਲਾਈ ਨੂੰ ਅਗਲੀ ਪੇਸ਼ੀ ਤੱਕ ਸਟੇਟਸ ਰਿਪੋਰਟ ਪੇਸ਼ ਕਰਨ ਦੀ ਹਦਾਇਤ ਕੀਤੀ ਹੈ। ਜ਼ਿਕਰਯੋਗ ਹੈ ਕਿ ਫਤਿਆਬਾਦ ਜ਼ਿਲ੍ਹੇ ਦੇ ਵਾਸੀ ਹੰਸ ਰਾਜ ਚੌਹਾਨ ਨੇ ਕਰੀਬ ਦੋ ਸਾਲ ਪਹਿਲਾਂ ਹਾਈਕੋਰਟ ਵਿਚ ਇਕ ਰਿੱਟ ਦਾਇਰ ਕਰਕੇ ਦੋਸ਼ ਲਾਇਆ ਸੀ ਕਿ ਉਸ ਸਮੇਤ ਕਈ ਹੋਰ ਸ਼ਰਧਾਲੂਆਂ ਨੂੰ 'ਰੱਬ ਨਾਲ ਮਿਲਾਉਣ' ਦਾ ਸਬਜ਼ਬਾਗ ਦਿਖਾ ਕੇ ਡੇਰੇ ਦੇ ਡਾਕਟਰਾਂ ਰਾਹੀਂ ਨਿਪੁੰਸਕ ਬਣਾ ਦਿੱਤਾ ਗਿਆ ਸੀ। ਡੇਰਾ ਮੁਖੀ ਦੇ ਵਕੀਲ ਨੇ ਆਖਿਆ ਸੀ ਕਿ ਪਟੀਸ਼ਨਰ ਨੇ ਰਿੱਟ ਪਟੀਸ਼ਨ ਦਾਇਰ ਕਰਨ ਤੋਂ ਪਹਿਲਾਂ ਪੁਲਿਸ ਜਾਂ ਕਿਸੇ ਹੋਰ ਸਮਰੱਥ ਅਧਿਕਾਰੀ ਕੋਲ ਪਹੁੰਚ ਨਹੀਂ ਕੀਤੀ ਸੀ। ਉਸ ਨੇ ਕਿਹਾ ਸੀ ਕਿ ਸ਼ਿਕਾਇਤਕਰਤਾ ਤਕਰੀਬਨ 12 ਸਾਲ ਚੁੱਪ ਰਿਹਾ ਸੀ।


WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)



SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਅੰਮ੍ਰਿਤਸਰ ਹਵਾਈ ਅੱਡੇ ਦੇ ਅੱਛੇ ਦਿਨ ਕਿਵੇਂ ਆਉਣ?

ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ, ਅੰਮ੍ਰਿਤਸਰ ਸ਼ਰਧਾਲੂਆਂ ਅਤੇ ਸੈਲਾਨੀਆਂ ਦੀ ਸਹੂਲਤ ਲਈ ਬਣਾਇਆ ਗਿਆ ਹੈ। ਜਿਹੜੇ ਜਹਾਜ਼ ਯੂਰਪ ਅਮਰੀਕਾ, ਕੈਨੇਡਾ ਅਤੇ ਅਰਬ ਦੇਸ਼ਾਂ ਤੋਂ ਦਿੱਲੀ ਆਉਂਦੇ ਹਨ, ਉਹ ਅੰਮ੍ਰਿਤਸਰ ਤੋਂ ਲੰਘਦੇ ਹਨ ਤੇ ਕੋਈ 40 ਮਿੰਟ ਬਾਅਦ ਦਿੱਲੀ ਪਹੁੰਚਦੇ ਹਨ।

ਇਹ ਹਵਾਈ ਅੱਡਾ ਆਧੁਨਿਕ ਸਹੂਲਤਾਂ ਨਾਲ ਲੈਸ ਹੈ। ਜਹਾਜ਼ਾਂ ਦੇ ਧੁੰਦ ਵਿਚ ਉਤਰਨ ਲਈ ਦੁਨੀਆਂ ਦੀ ਸਭ ਤੋਂ ਵਧੀਆ ਪ੍ਰਨਾਲੀ ਕੈਟ

ਡਾ. ਚਰਨਜੀਤ ਸਿੰਘ ਗੁਮਟਾਲਾ
ਫੋਨ: 937-573-9812

ਤਿੰਨ ਬੀ ਲਗ ਰਹੀ ਹੈ, ਜੋ ਭਾਰਤ ਵਿਚ ਦਿੱਲੀ ਨੂੰ ਛੱਡ ਕੇ ਹੋਰ ਕਿਸੇ ਵੀ ਹਵਾਈ ਅੱਡੇ ਉਪਰ ਨਹੀਂ ਹੈ। ਇੱਥੇ ਇਕੋ ਸਮੇਂ 14 ਵੱਡੇ ਜਹਾਜ਼ ਭਾਵ ਬੋਇੰਗ 747 ਖੜੋ ਸਕਦੇ ਹਨ। 4 ਐਰੋਬ੍ਰਿਜ ਹਨ। 1200 ਯਾਤਰੂਆਂ ਲਈ ਇਕੋ ਸਮੇਂ ਬੈਠਣ ਦਾ ਪ੍ਰਬੰਧ ਹੈ। ਵਿਦੇਸ਼ਾਂ ਨੂੰ ਤਾਜ਼ੀਆਂ ਸਬਜ਼ੀਆਂ, ਫ਼ਲ, ਅੰਡੇ, ਮੀਟ ਤੇ ਹੋਰ ਡੱਬਾ ਬੰਦ ਵਸਤੂਆਂ ਭੇਜਣ ਲਈ ਆਧੁਨਿਕ ਸਹੂਲਤਾਂ ਵਾਲਾ ਏਅਰ ਕਾਰਗੋ ਕੰਪਲੈਕਸ ਹੈ। ਪਰ ਇੱਥੋਂ ਇੰਗਲੈਂਡ ਲਈ ਸਿੱਧੀ ਉਡਾਣ ਨਾ ਹੋਣ ਕਰਕੇ ਇਹ ਸਮਾਨ ਵਿਦੇਸ਼ਾਂ ਵਿਚ ਨਹੀਂ ਜਾ ਰਿਹਾ। ਇਸ ਤਰ੍ਹਾਂ ਇਸ ਏਅਰ ਕਾਰਗੋ ਕੰਪਲੈਕਸ ਦੀ ਪੂਰੀ ਤਰ੍ਹਾਂ ਵਰਤੋਂ ਨਹੀਂ ਹੋ ਰਹੀ। ਦਿੱਲੀ ਵਿਚ ਜ਼ਿਆਦਾ ਧੁੰਦ ਹੋਣ ਸਮੇਂ ਦਿੱਲੀ ਨੂੰ ਜਾਣ ਵਾਲੀਆਂ ਉਡਾਣਾਂ ਨੂੰ ਇਥੇ ਉਤਾਰਿਆ ਜਾਂਦਾ ਹੈ। ਇਸ ਸਾਲ 15 ਵਿਦੇਸ਼ੀ ਉਡਾਣਾਂ ਨੂੰ ਇਥੇ ਉਤਾਰਨਾ ਪਿਆ।

ਇਸ ਸਭ ਦੇ ਬਾਵਜੂਦ ਇਹ ਹਵਾਈ ਅੱਡਾ 52 ਕਰੋੜ ਘਾਟੇ ਵਿਚ ਹੈ। 2013-14 ਵਿਚ ਭਾਰਤੀ ਹਵਾਈ ਅੱਡਿਆਂ ਦੀ ਦਰਜਾਬੰਦੀ ਵਿਚ ਦਿੱਲੀ ਦੇਸ਼ ਭਰ ਵਿਚੋਂ ਪਹਿਲੇ ਸਥਾਨ 'ਤੇ ਸੀ। ਇਥੇ ਆਉਣ ਤੇ ਜਾਣ ਵਾਲੇ ਯਾਤਰੂਆਂ ਦੀ ਗਿਣਤੀ 3,68,76,986 ਸੀ। ਅੰਮ੍ਰਿਤਸਰ 25ਵੇਂ ਸਥਾਨ 'ਤੇ ਸੀ ਭਾਵੇਂ ਕਿ ਇੱਥੇ ਆਉਣ ਤੇ ਜਾਣ ਵਾਲੇ ਯਾਤਰੂਆਂ ਦੀ ਗਿਣਤੀ 1,118,929 ਸੀ। ਇਸ ਦੇ ਮੁਕਾਬਲੇ ਸਾਡੇ ਗੁਆਂਢੀ ਸ੍ਰੀ ਨਗਰ ਦਾ ਸਥਾਨ 14ਵਾਂ, ਜੈਪੁਰ ਦਾ 15ਵਾਂ ਅਤੇ ਚੰਡੀਗੜ੍ਹ ਦਾ 24ਵਾਂ ਸਥਾਨ ਸੀ ਤੇ ਇਨ੍ਹਾਂ ਅੱਡਿਆਂ 'ਤੇ ਆਉਣ-ਜਾਣ ਵਾਲੇ ਯਾਤਰੂਆਂ ਦੀ ਕੁਲ ਗਿਣਤੀ ਕ੍ਰਮਵਾਰ 2,195,511, 2,076,761 ਅਤੇ 1,144,771 ਸੀ। ਚੰਡੀਗੜ੍ਹ ਤੋਂ ਅਜੇ ਵਿਦੇਸ਼ਾਂ ਨੂੰ ਉਡਾਣਾਂ ਸ਼ੁਰੂ ਨਹੀਂ ਹੋਈਆਂ ਤੇ ਨਾ ਹੀ ਉਥੇ ਅਜੇ ਨਵੀਂ ਇਮਾਰਤ ਬਣੀ ਹੈ ਪਰ ਉਥੇ ਅੰਮ੍ਰਿਤਸਰ ਤੋਂ ਦੁਗਣੀਆਂ ਦੇ ਕਰੀਬ ਦੇਸ਼ ਵਿਚਲੀਆਂ ਉਡਾਣਾਂ ਹਨ। ਇਸ ਲਈ ਚੰਡੀਗੜ੍ਹ ਨੇ ਅੰਮ੍ਰਿਤਸਰ ਨੂੰ ਪਛਾੜ ਦਿੱਤਾ ਹੈ ਤੇ ਉਹ ਹੁਣ 8ਵੇਂ ਸਥਾਨ 'ਤੇ ਆ ਗਿਆ ਹੈ। ਦਿੱਲੀ ਆਉਣ ਵਾਲੇ 40 ਪ੍ਰਤੀਸ਼ਤ ਦੇ ਕਰੀਬ ਵਿਦੇਸ਼ੀ ਪੰਜਾਬੀ ਹੁੰਦੇ ਹਨ। ਜੇ ਅਸੀਂ ਅੱਧੇ ਪੰਜਾਬੀਆਂ ਨੂੰ ਵੀ ਅੰਮ੍ਰਿਤਸਰ ਲੈ ਆਈਏ ਤਾਂ ਅੰਮ੍ਰਿਤਸਰ ਤੋਂ ਰੋਜ਼ਾਨਾ 50 ਤੋਂ ਵਧ ਉਡਾਣਾਂ ਚਲ ਸਕਦੀਆਂ ਹਨ ਕਿਉਂਕਿ ਦਿੱਲੀ ਤੋਂ 800 ਦੇ ਕਰੀਬ ਰੋਜ਼ਾਨਾ ਉਡਾਣਾਂ ਹਨ। ਅੰਮ੍ਰਿਤਸਰ ਦੇ ਨਾਲ ਦੇ ਸ਼ਹਿਰ ਲਾਹੌਰ ਤੋਂ ਰੋਜ਼ਾਨਾ 100 ਉਡਾਣਾਂ ਉਤਰਦੀਆਂ ਤੇ ਚੜ੍ਹਦੀਆਂ ਹਨ। ਭਾਰਤ ਸਰਕਾਰ ਤੇ ਪੰਜਾਬ ਸਰਕਾਰ ਦੀ ਇਖ਼ਲਾਕੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਿੱਖਾਂ ਦੀ ਧਾਰਮਿਕ ਰਾਜਧਾਨੀ ਅੰਮ੍ਰਿਤਸਰ ਦੇ ਇਸ ਹਵਾਈ ਅੱਡੇ ਦੇ ਵਿਕਾਸ ਲਈ ਅੱਗੇ ਆਵੇ ਤਾਂ ਜੋ ਦੁਨੀਆਂ ਦੇ ਵਧ ਤੋਂ ਵਧ ਲੋਕ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰ ਸਕਣ।

ਜਿੱਥੋਂ ਤੀਕ ਇਸ ਦੇ ਪੱਛੜੇਪਣ ਦਾ ਸੁਆਲ ਹੈ, ਇਸ ਦਾ ਕਾਰਨ ਕੇਂਦਰ ਸਰਕਾਰ ਵਲੋਂ ਅੰਮ੍ਰਿਤਸਰ ਹਵਾਈ ਅੱਡੇ ਦੀ ਕੀਮਤ 'ਤੇ ਦਿੱਲੀ ਹਵਾਈ ਅੱਡੇ ਨੂੰ ਅਤੇ ਏਅਰ ਇੰਡੀਆ ਦੀ ਕੀਮਤ 'ਤੇ ਪ੍ਰਾਈਵੇਟ ਏਅਰਲਾਈਨਾਂ ਨੂੰ ਲਾਭ ਪਹੁੰਚਾਉਣਾ ਹੈ। ਕਾਂਗਰਸੀ ਆਗੂਆਂ ਦਾ ਕਹਿਣਾ ਹੈ ਕਿ ਬਾਦਲ ਪਰਿਵਾਰ ਨੇ ਚੰਡੀਗੜ੍ਹ ਦੇ ਨਜ਼ਦੀਕ ਪਿੰਡ ਪਲਣਪੁਰ ਵਿਚ 200 ਏਕੜ ਜ਼ਮੀਨ ਖਰੀਦੀ ਹੈ, ਜਿੱਥੇ ਪੰਜ ਤਾਰਾ ਹੋਟਲ ਬਣ ਰਿਹਾ ਹੈ। ਮਹਿੰਗੇ ਗਾਹਕ ਵਿਦੇਸ਼ਾਂ ਤੋਂ ਹੀ ਮਿਲ ਸਕਦੇ ਹਨ। ਇਸ ਲਈ ਉਹ ਨਹੀਂ ਚਾਹੁੰਦੇ ਕਿ ਅੰਮ੍ਰਿਤਸਰ ਦਾ ਹਵਾਈ ਅੱਡਾ ਚੱਲੇ। ਇਸੇ ਲਈ ਉਹ ਚੰਡੀਗੜ੍ਹ ਹਵਾਈ ਅੱਡੇ ਦੀ ਤਰੱਕੀ ਲਈ ਪੂਰਾ ਜ਼ੋਰ ਲਾ ਰਹੇ ਹਨ। ਪੰਜਾਬ ਦੇ ਕਿਸੇ ਵੀ ਪਾਰਲੀਮੈਂਟ ਮੈਂਬਰ ਨੇ ਅੰਮ੍ਰਿਤਸਰ ਤੋਂ ਮੁੜ ਉਡਾਣਾਂ ਸ਼ੁਰੂ ਕਰਨ ਬਾਰੇ ਬਜਟ ਸੈਸ਼ਨ ਵਿਚ ਗਲ ਨਹੀਂ ਕੀਤੀ, ਇੱਥੋਂ ਤੀਕ ਕੈਪਟਨ ਅਮਰਿੰਦਰ ਸਿੰਘ ਜਿਸ ਨੇ ਸਿੰਘਾਪੁਰ ਏਅਰਲਾਈਨ ਤੇ ਹੋਰ ਏਅਰਲਾਈਨਾਂ ਮੁੱਖ ਮੰਤਰੀ ਹੁੰਦਿਆਂ ਸ਼ੁਰੂ ਕਰਵਾਈਆਂ ਸਨ, ਨੇ ਲੋਕ ਸਭਾ ਵਿਚ ਇਹ ਮੁੱਦਾ ਨਹੀਂ ਉਠਾਇਆ। ਹਾਂ, ਲੋਕ ਸਭਾ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਚੰਡੀਗੜ੍ਹ ਤੋਂ ਵਿਦੇਸ਼ਾਂ ਨੂੰ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਦੀ ਮੰਗ ਕੀਤੀ।

ਹੈਰਾਨੀ ਇਸ ਗੱਲ ਦੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਤੋਂ ਵਿਦੇਸ਼ਾਂ ਨੂੰ ਸਿੱਧੀਆਂ ਉਡਾਣਾਂ ਦੀ ਮੰਗ ਕਰਦਾ ਰਿਹਾ ਹੈ ਤੇ ਮਰਹੂਮ ਗੁਰਚਰਨ ਸਿੰਘ ਟੌਹੜਾ ਦੀ ਪ੍ਰਧਾਨਗੀ ਹੇਠ ਹਰ ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਲਾਨਾ ਇਜਲਾਸ ਵਿਚ ਇਸ ਸਬੰਧੀ ਮਤਾ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜਦੀ ਰਹੀ ਹੈ ਤਾਂ ਕਿ ਵਿਦੇਸ਼ਾਂ ਤੋਂ ਲੋਕ ਸ੍ਰੀ ਹਰਿਮੰਦਰ ਸਾਹਿਬ ਦੇ ਆਸਾਨੀ ਨਾਲ ਦਰਸ਼ਨ ਕਰ ਸਕਣ।

ਹਾਲ ਹੀ ਵਿਚ ਵਿਤਕਰੇ ਦੀ ਨਵੀਂ ਮਿਸਾਲ ਇਹ ਹੈ ਕਿ ਦਿੱਲੀ ਨੂੰ ਲਾਭ ਪਹੁੰਚਾਉਣ ਲਈ ਅੰਮ੍ਰਿਤਸਰ ਨੂੰ ਈ-ਵੀਜ਼ਾ ਦੀ ਸਹੂਲਤ ਨਹੀਂ ਦਿੱਤੀ ਗਈ। ਅੰਮ੍ਰਿਤਸਰ-ਦਿੱਲੀ-ਟੋਰਾਂਟੋ ਉਡਾਣ ਨੂੰ ਏਅਰ ਇੰਡੀਆ ਦੇ ਪਾਇਲਟਾਂ ਦੀ ਹੜਤਾਲ ਕਾਰਨ ਮਈ 2012 ਵਿਚ ਬੰਦ ਕੀਤੀ ਗਈ ਸੀ। ਪਰ ਇਹ ਅਜੇ ਤੀਕ ਸ਼ੁਰੂ ਨਹੀਂ ਹੋਈ ਜਦਕਿ ਜੈਟ ਏਅਰਵੇਜ਼ ਦੀ ਅੰਮ੍ਰਿਤਸਰ-ਦਿੱਲੀ-ਬਰਸਲ-ਟੋਰਾਂਟੋ ਉਡਾਣ ਸਫ਼ਲਤਾਪੂਰਵਕ ਚਲ ਰਹੀ ਹੈ। ਪਿਛਲੀ ਸਰਕਾਰ ਨੇ ਇੱਥੋਂ ਵਿਦੇਸ਼ਾਂ ਨੂੰ ਸਿੱਧੀਆਂ ਜਾਣ-ਆਉਣ ਵਾਲੀਆਂ ਉਡਾਣਾਂ ਨੂੰ ਬਰਾਸਤਾ ਦਿੱਲੀ ਕਰ ਦਿੱਤਾ ਸੀ। ਇਸ ਨਾਲ ਜਿੱਥੇ ਹਵਾਈ ਅੱਡੇ ਦੀ ਆਮਦਨ ਘਟੀ, ਉਥੇ ਯਾਤਰਆਂ ਨੂੰ ਦਿੱਲੀ ਧੱਕੇ ਖਾਣੇ ਪੈ ਰਹੇ ਹਨ। ਦਿੱਲੀ ਜਾਣ-ਆਉਣ ਲਈ 8-9 ਘੰਟੇ ਦਾ ਸਫ਼ਰ ਤੈਅ ਕਰਨਾ ਪੈ ਰਿਹਾ ਹੈ।

ਏਅਰ ਇੰਡੀਆ ਦੀਆਂ ਦਿੱਲੀ ਤੋਂ ਵਿਦੇਸ਼ਾਂ ਨੂੰ ਰਾਤ ਨੂੰ ਉਡਾਣਾਂ ਜਾਂਦੀਆਂ ਹਨ। ਸਿੰਘਾਪੁਰ ਨੂੰ ਰਾਤ 11:30 ਵਜੇ, ਸ਼ਿਕਾਗੋ ਰਾਤ 2 ਵਜੇ, ਨਿਊ ਯਾਰਕ ਰਾਤ ਡੇਢ ਵਜੇ ਹੈ ਪਰ ਏਅਰ ਇੰਡੀਆ ਅੰਮ੍ਰਿਤਸਰ ਤੋਂ ਸਵਾਰੀਆਂ ਨੂੰ ਦੁਪਹਿਰੇ 2:30 ਵਜੇ ਦਿੱਲੀ ਲੈ ਕੇ ਜਾਂਦੀ ਹੈ। ਯਾਤਰੂਆਂ ਨੂੰ ਦਿੱਲੀ ਜਾ ਕੇ 8 ਤੋਂ 11 ਘੰਟੇ ਬੈਠਣਾ ਪੈਂਦਾ ਹੈ। ਸਵਾਰੀਆਂ ਇੰਨਾ ਚਿਰ ਠਹਿਰਨਾ ਪਸੰਦ ਨਹੀਂ ਕਰਦੀਆਂ 'ਤੇ ਦੂਜੀਆਂ ਏਅਰਲਾਈਨਾਂ ਦੀਆਂ ਟਿਕਟਾਂ ਲੈ ਲੈਂਦੀਆਂ ਹਨ। ਇਸ ਦੇ ਟਾਕਰੇ 'ਤੇ ਜੈਟ ਏਅਰਵੇਜ਼ ਸ਼ਾਮ ਨੂੰ 6:15 ਵਜੇ ਅੰਮ੍ਰਿਤਸਰ ਤੋਂ ਸਵਾਰੀਆਂ ਲੈ ਕੇ ਦਿੱਲੀ ਜਾਂਦੀ ਹੈ। ਉਥੋਂ 2 ਜਾਂ 3 ਘੰਟੇ ਬਾਅਦ ਸਵਾਰੀਆਂ ਟੋਰਾਂਟੋ ਤੇ ਹੋਰਨਾਂ ਥਾਂਵਾਂ ਲਈ ਚਲ ਪੈਂਦੀਆਂ ਹਨ। ਕਤਰ ਏਅਰਵੇਜ਼ ਦੇ ਜਹਾਜ਼ ਅੰਮ੍ਰਿਤਸਰ ਤੋਂ ਦੋਹਾ ਲਈ ਭਰੇ ਜਾਂਦੇ ਹਨ ਕਿਉਂਕਿ ਦੋਹਾ ਤੋਂ ਕੋਈ 2 ਘੰਟੇ ਬਾਅਦ ਯਾਤਰੂਆਂ ਨੂੰ ਹੋਰ ਮੁਲਕਾਂ ਲਈ ਉਡਾਣ ਮਿਲ ਜਾਂਦੀ ਹੈ। ਜੇ ਠਹਿਰ 8 ਘੰਟੇ ਤੋਂ ਵਧ ਹੋਵੇ ਤਾਂ ਕਤਰ ਏਅਰਵੇਜ਼ ਵਾਲੇ ਸਵਾਰੀਆਂ ਨੂੰ ਹੋਟਲ ਵਿਚ ਠਹਿਰਾਉਂਦੇ ਹਨ। ਪਰ ਏਅਰ ਇੰਡੀਆ ਹੋਟਲ ਦੀ ਸਹੂਲਤ ਮੁਹੱਈਆ ਨਹੀਂ ਕਰਦੀ। ਉਜ਼ਬੈਕ ਏਅਰਵੇਜ਼ ਤੇ ਤੁਰਕਮਿਨਸਤਾਨ ਏਅਰਲਾਈਨ ਦੀਆਂ ਅੰਮ੍ਰਿਤਸਰ ਤੋਂ ਉਡਾਣਾਂ ਭਰੀਆਂ ਜਾਂਦੀਆਂ ਹਨ। ਇਸ ਲਈ ਏਅਰ ਇੰਡੀਆ ਨੂੰ ਅੰਮ੍ਰਿਤਸਰ ਤੋਂ ਸ਼ਾਮ ਨੂੰ 8 ਜਾਂ 9 ਵਜੇ ਦਿੱਲੀ ਲਈ ਉਡਾਣ ਸ਼ੁਰੂ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਏਅਰ ਇੰਡੀਆ 50 ਸਵਾਰੀਆਂ ਵਾਲੇ ਛੋਟੇ ਜਹਾਜ਼ ਲਾਵੇ ਜਿਹੜੇ ਰਾਤ ਨੂੰ ਦਿੱਲੀ ਆਉਂਦੀਆਂ ਤੇ ਜਾਂਦੀਆਂ ਸਵਾਰੀਆਂ ਨੂੰ ਅੰਮ੍ਰਿਤਸਰ ਲਿਆਉਣ ਤੇ ਖੜਨ। ਲੋੜ ਹੈ ਦਿੱਲੀ ਵਾਂਗ ਅੰਮ੍ਰਿਤਸਰ ਨੂੰ ਹੱਬ ਬਣਾਇਆ ਜਾਵੇ।

ਏਅਰ ਇੰਡੀਆ ਦੀਆਂ ਕੇਵਲ 2 ਵਿਦੇਸ਼ੀ ਉਡਾਣਾਂ ਵਾਰਾਨਸੀ-ਕਾਠਮੰਡੂ ਤੇ ਕਲਕੱਤਾ-ਰੰਗੂਨ ਲਾਭ ਵਿਚ ਹਨ। ਇਹ ਇਸ ਕਰਕੇ ਹਨ ਕਿ ਇਹ ਉਡਾਣਾਂ ਸਿੱਧੀਆਂ ਹਨ ਤੇ ਉਨ੍ਹਾਂ ਦੇ ਮੁਕਾਬਲੇ 'ਤੇ ਕੋਈ ਹੋਰ ਏਅਰ ਲਾਈਨ ਨਹੀਂ। ਦਿੱਲੀ ਹਵਾਈ ਅੱਡੇ ਤੋਂ ਚਲਦੀਆਂ ਵਿਦੇਸ਼ੀ ਏਅਰਲਾਈਨ ਉਡਾਣਾਂ ਦਾ ਮੁਕਾਬਲਾ ਏਅਰ ਇੰਡੀਆ ਨਹੀਂ ਕਰ ਸਕਦੀ। ਦਿੱਲੀ ਤੋਂ ਯਾਤਰੂ ਏਅਰ ਇੰਡੀਆ ਦੀ ਥਾਂ ਦੂਜੀਆਂ ਕੰਪਨੀਆਂ ਦੀਆਂ ਉਡਾਣਾਂ ਲੈ ਲੈਂਦੇ ਹਨ ਤੇ ਏਅਰ ਇੰਡੀਆ ਦੇ ਜਹਾਜ਼ ਖ਼ਾਲੀ ਜਾਂਦੇ ਹਨ। ਇਸ ਲਈ ਲੋੜ ਹੈ ਦਿੱਲੀ ਤੋਂ ਏਅਰ ਇੰਡੀਆ ਦੀਆਂ ਵਿਦੇਸ਼ੀ ਉਡਾਣਾਂ ਬੰਦ ਕਰਕੇ ਅੰਮ੍ਰਿਤਸਰ, ਜੈਪੁਰ, ਲਖਨਊ ਆਦਿ ਗ਼ੈਰ-ਮੈਟਰੋ ਹਵਾਈ ਅੱਡਿਆਂ ਤੋਂ ਸ਼ੁਰੂ ਕੀਤੀਆਂ ਜਾਣ, ਜਿਵੇਂ ਕਿ ਪਹਿਲਾਂ ਚਲਦੀਆਂ ਸਨ। ਜੇ ਇਕ ਹਵਾਈ ਜਹਾਜ਼ ਹਵਾਈ ਅੱਡੇ 'ਤੇ ਖੜਾ ਰਹੇ ਤਾਂ ਇਸ ਨਾਲ ਹਵਾਈ ਅੱਡੇ ਨੂੰ 10 ਕਰੋੜ ਰੁਪਏ ਸਾਲਾਨਾ ਆਮਦਨ ਹੁੰਦੀ ਹੈ। ਜੇ ਅੰਮ੍ਰਿਤਸਰ ਤੋਂ ਸਿੱਧੀਆਂ ਉਡਾਣਾਂ ਸ਼ੁਰੂ ਹੋ ਜਾਣ ਤਾਂ ਇਹ ਹਵਾਈ ਅੱਡਾ ਕਰੋੜਾਂ ਰੁਪਏ ਸਾਲਾਨਾ ਕਮਾ ਸਕਦਾ ਹੈ।

ਮਿਸਾਲ ਦੇ ਤੌਰ 'ਤੇ ਏਅਰ ਇੰਡੀਆ ਦੀਆਂ ਲੰਡਨ, ਬਰਮਿੰਘਮ ਦੀਆਂ ਉਡਾਣਾਂ ਘਾਟੇ ਵਿਚ ਹਨ। ਇਸ ਦਾ ਕਾਰਨ ਹੈ ਇਹ ਹੈ ਕਿ ਹਵਾਈ ਜਹਾਜ਼ ਅੰਮ੍ਰਿਤਸਰ ਤੋਂ ਦਿੱਲੀ ਜਾਂਦਾ ਹੈ ਤੇ ਫਿਰ ਦਿੱਲੀ ਤੋਂ ਅੰਮ੍ਰਿਤਸਰ ਆਉਂਦਾ ਹੈ। ਇਸ ਤਰ੍ਹਾਂ ਉਸ ਨੂੰ ਦੋ ਵਾਧੂ ਫੇਰੇ ਲਾਉਣੇ ਪੈਂਦੇ ਹਨ। ਇਕ ਫੇਰੇ ਦਾ ਖਰਚਾ ਕਰੀਬ 5 ਲੱਖ ਰੁਪਏ ਹੈ। ਬਰਮਿੰਘਮ ਤੇ ਮਾਨਚੈਸਟਰ ਪੰਜਾਬੀਆਂ ਦੇ ਗੜ੍ਹ ਹਨ। ਇਕ ਜਹਾਜ਼ ਰੋਜ਼ਾਨਾ ਅੰਮ੍ਰਿਤਸਰ-ਬਰਮਿੰਘਮ ਆਰਾਮ ਨਾਲ ਆ ਜਾ ਸਕਦਾ ਹੈ। ਇਸ ਨੂੰ ਦਿੱਲੀ ਤੋਂ ਚਲਾਉਣ ਦੀ ਲੋੜ ਨਹੀਂ। ਇਹ ਅੰਮ੍ਰਿਤਸਰ ਹੀ ਰਹੇ ਤੇ ਇੱਥੋਂ ਹੀ ਬਰਮਿੰਘਮ ਦੇ ਫੇਰੇ ਲਾਉਂਦਾ ਰਹੇ।

ਜੈਟ ਏਅਰਵੇਜ਼ ਦੀ ਅੰਮ੍ਰਿਤਸਰ-ਲੰਡਨ ਉਡਾਣ ਬੜੀ ਸਫ਼ਲਤਾਪੂਰਵਕ ਚਲਦੀ ਰਹੀ ਹੈ। ਅੰਮ੍ਰਿਤਸਰ-ਦਿੱਲੀ-ਲੰਡਨ ਦੋ ਉਡਾਣਾਂ ਹਨ, ਇਕ ਦਾ ਘਾਟਾ 226 ਕਰੋੜ ਹੈ ਤੇ ਦੂਜੀ ਦਾ 154 ਕਰੋੜ ਰੁਪਏ ਹੈ। ਇਨ੍ਹਾਂ ਵਿਚੋਂ ਇਕ ਜਹਾਜ਼ ਨਾਲ ਅੰਮ੍ਰਿਤਸਰ ਤੋਂ ਲੰਡਨ ਲਈ ਸਿੱਧੀ ਉਡਾਣ ਸ਼ੁਰੂ ਕੀਤੀ ਜਾਵੇ। ਅੰਮ੍ਰਿਤਸਰ ਤੋਂ ਯਾਤਰੂ ਲੰਡਨ ਜਾ ਕੇ ਬ੍ਰਿਟਿਸ਼ ਏਅਰਵੇਜ਼ ਜਾਂ ਹੋਰ ਏਅਰ ਲਾਈਨ ਦੀਆਂ ਉਡਾਣਾਂ ਲੈ ਕੇ ਅਮਰੀਕਾ, ਕੈਨੇਡਾ ਤੇ ਯੂਰਪ ਨੂੰ ਜਾ ਸਕਦੇ ਹਨ। ਇਸੇ ਤਰ੍ਹਾਂ ਅੰਮ੍ਰਿਤਸਰ ਤੋਂ ਟੋਰਾਂਟੋ ਲਈ ਸਿੱਧੀ ਉਡਾਣ ਸ਼ੁਰੂ ਕੀਤੀ ਜਾਵੇ। ਇਸ ਉਡਾਣ ਨੂੰ ਕੈਨੇਡਾ ਤੋਂ ਇਲਾਵਾ ਅਮਰੀਕਾ ਦੇ ਲਾਗਲੇ ਸ਼ਹਿਰਾਂ ਦੀਆਂ ਸਵਾਰੀਆਂ ਵੀ ਮਿਲਣਗੀਆਂ। ਇਸੇ ਤਰ੍ਹਾਂ ਅੰਮ੍ਰਿਤਸਰ ਤੋਂ ਵੈਨਕੂਵਰ ਸਿੱਧੀ ਉਡਾਣ ਸਫ਼ਲਤਾਪੂਰਵਕ ਚਲ ਸਕਦੀ ਹੈ। ਜਿਹੜੀਆਂ ਸਵਾਰੀਆਂ ਆਸਟ੍ਰੇਲੀਆ ਜਾਂਦੀਆਂ ਹਨ, ਉਨ੍ਹਾਂ ਵਿਚ ਸਭ ਪੰਜਾਬੀ ਹੁੰਦੇ ਹਨ। ਇਸ ਲਈ ਅੰਮ੍ਰਿਤਸਰ ਤੋਂ ਆਸਟ੍ਰੇਲੀਆ ਸਿੱਧੀ ਉਡਾਣ ਚਲ ਸਕਦੀ ਹੈ। ਅੰਮ੍ਰਿਤਸਰ-ਫਰੈਂਕਫਰਟ ਸਿੱਧੀ ਉਡਾਣ ਵੀ ਸਫ਼ਲਤਾ ਪੂਰਵਕ ਚਲ ਸਕਦੀ ਹੈ ਕਿਉਂਕਿ ਫ਼ਰੈਂਕਫਰਟ ਤੋਂ ਲੁਫਥਾਂਸਾ ਏਅਰਲਾਈਨ ਦੀਆਂ ਉਡਾਣਾਂ ਲੈ ਕੇ ਯਾਤਰੂ ਅੱਗੇ ਜਾ ਸਕਦੇ ਹਨ। ਅੰਮ੍ਰਿਤਸਰ ਤੋਂ ਸੈਨ ਫਰਾਂਸਿਸਕੋ ਉਡਾਣ ਵੀ ਚਲ ਸਕਦੀ ਹੈ ਕਿਉਂਕਿ ਕੈਲੀਫੋਰਨੀਆ ਪੰਜਾਬੀਆਂ ਦਾ ਗੜ੍ਹ ਹੈ। ਅੰਮ੍ਰਿਤਸਰ ਤੋਂ ਸਿੰਗਾਪੁਰ ਲਈ ਉਡਾਣ ਵੀ ਚਲ ਸਕਦੀ ਹੈ। ਸਿਧੀਆਂ ਉਡਾਣਾਂ ਨਾਲ ਸਵਾਰੀਆਂ ਦੇ ਨਾਲ ਨਾਲ ਪੰਜਾਬ ਅਤੇ ਹਿਮਾਚਲ ਦੀਆਂ ਸਬਜ਼ੀਆਂ, ਫਲ, ਡੱਬਾ ਪੈਕ ਆਦਿ ਕਾਰਗੋ ਦਾ ਸਮਾਨ ਵੀ ਜਾ ਸਕਦਾ ਹੈ, ਜੋ ਇਸ ਸਮੇਂ ਨਹੀਂ ਜਾ ਰਿਹਾ।

ਜੇ ਏਅਰ ਇੰਡੀਆ ਸਿੱਧੀਆਂ ਉਡਾਣਾਂ ਸ਼ੁਰੂ ਕਰ ਦੇਵੇ ਤਾਂ ਇਸ ਨਾਲ ਹੋਰ ਵਿਦੇਸ਼ੀ ਕੰਪਨੀਆਂ ਆਪਣੇ ਆਪ ਆ ਜਾਣਗੀਆਂ। ਬਿਹਤਰ ਹੋਵੇਗਾ ਜੇ ਇਹ ਹਵਾਈ ਅੱਡਾ ਦਿੱਲੀ ਵਾਂਗ ਪ੍ਰਾਈਵੇਟ ਹੱਥਾਂ ਵਿਚ ਦੇ ਦਿੱਤਾ ਜਾਵੇ। ਇਸ ਨਾਲ ਇਸ ਅੱਡੇ ਨੂੰ ਚਲਾਉਣ ਵਾਲੀ ਕੰਪਨੀ ਵਿਦੇਸ਼ੀ ਉਡਾਣਾਂ ਲਿਆਵੇਗੀ ਜਿਸ ਨਾਲ ਇਹ ਹੋਰ ਤਰਕੀ ਕਰੇਗਾ।



*ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ, ਅੰਮ੍ਰਿਤਸਰ*

# ਪੰਜਾਬ ਸਰਕਾਰ ਹੁਣ ਕਰਜ਼ਾ ਚੁੱਕ ਕੇ ਕਰੇਗੀ ਵਿਰਾਸਤੀ ਥਾਂਵਾਂ ਦੀ ਸਾਂਭ-ਸੰਭਾਲ

**ਪਟਿਆਲਾ:** ਪੰਜਾਬ ਸਰਕਾਰ ਹੁਣ ਸੈਰ-ਸਪਾਟਾ ਨੂੰ ਤਰਜੀਹ ਦੇਣ ਲਈ ਸੂਬੇ ਦੀਆਂ ਵਿਰਾਸਤੀ ਥਾਵਾਂ ਦੀ ਸੰਭਾਲ ਲਈ 397 ਕਰੋੜ ਦਾ ਕਰਜ਼ਾ ਲੈ ਰਹੀ ਹੈ, ਜਿਸ ਦਾ ਪ੍ਰੋਜੈਕਟ ਬਣ ਕੇ ਪਾਸ ਹੋ ਚੁੱਕਾ ਹੈ। ਇਹ ਕਰਜ਼ਾ ਪੰਜਾਬ ਸਰਕਾਰ ਨੂੰ ਏਸ਼ੀਅਨ ਡਿਵੈਲਪਮੈਂਟ ਬੈਂਕ (ਏ.ਡੀ.ਬੀ.) ਵੱਲੋਂ ਦਿੱਤਾ ਜਾਵੇਗਾ। ਕਰਜ਼ਾ ਮੋੜਨ ਲਈ ਵਿਰਾਸਤੀ ਇਮਾਰਤਾਂ ਤੇ ਹੋਰ ਜ਼ਰੂਰੀ ਵਿਰਾਸਤੀ ਵਸਤਾਂ ਨੂੰ ਦੇਖਣ ਲਈ ਟਿਕਟਾਂ ਲਾਉਣ ਦੀ ਤਜਵੀਜ਼ ਰੱਖੀ ਗਈ ਹੈ।

ਮਿਲੀ ਜਾਣਕਾਰੀ ਮੁਤਾਬਕ ਇਹ ਪ੍ਰੋਜੈਕਟ ਪੰਜਾਬ ਟੂਰਿਜ਼ਮ ਤੇ ਹੈਰੀਟੇਜ ਪ੍ਰਮੋਸ਼ਨ ਬੋਰਡ ਨੇ ਬਣਾਇਆ ਹੈ ਜਿਸ ਤਹਿਤ ਪੰਜਾਬ ਸਰਕਾਰ ਨੇ ਏ.ਡੀ.ਬੀ. ਨਾਲ ਸਮਝੌਤਾ ਕੀਤਾ ਹੈ। ਇਸ ਤਹਿਤ ਪਟਿਆਲਾ ਦਾ ਕਿਲ੍ਹਾ ਮੁਬਾਰਕ, ਸ਼ੀਸ਼ ਮਹਿਲ, ਨਾਭਾ ਦੇ ਕਿਲ੍ਹੇ ਦਾ ਸੁੰਦਰੀਕਰਨ ਕੀਤਾ ਜਾਵੇਗਾ। ਇਸੇ ਤਹਿਤ ਪੰਜਾਬ ਦੇ ਫ਼ਤਹਿਗੜ੍ਹ ਸਾਹਿਬ, ਮੁਹਾਲੀ, ਰੋਪੜ, ਅੰਮ੍ਰਿਤਸਰ, ਗੁਰਦਾਸਪੁਰ, ਤਰਨਤਾਰਨ, ਕਪੂਰਥਲਾ, ਸੰਗਰੂਰ ਆਦਿ ਜ਼ਿਲ੍ਹਿਆਂ ਵਿਚ ਵਿਰਾਸਤ ਨੂੰ ਸੰਭਾਲਿਆ ਜਾਵੇਗਾ। ਪਹਿਲੇ ਪੜਾਅ ਦੌਰਾਨ ਪੰਜਾਬ ਸਰਕਾਰ ਨੇ ਅੰਮ੍ਰਿਤਸਰ ਵਿਚ ਕਿਲ੍ਹਾ ਗੋਬਿੰਦਗੜ੍ਹ ਦੀ ਮੁਰੰਮਤ ਤੇ ਅਟਾਰੀ ਬਾਰਡਰ ਦੀ ਪਾਰਕਿੰਗ ਬਣਾਉਣ ਦਾ ਪ੍ਰੋਜੈਕਟ ਸ਼ੁਰੂ ਕੀਤਾ ਸੀ। ਦੂਜੇ ਪੜਾਅ ਵਿਚ 397 ਕਰੋੜ ਦੇ ਇਸ ਵੱਡੇ ਪ੍ਰੋਜੈਕਟ ਨਾਲ ਪੰਜਾਬ ਦੇ ਵੱਡੇ ਹਿੱਸੇ ਦੀ ਵਿਰਾਸਤ ਸਾਂਭੀ ਜਾ ਸਕੇਗੀ। ਇਸ ਲਈ ਤਕਰੀਬਨ ਚਾਰ ਸਾਲ ਦਾ ਸਮਾਂ ਨਿਰਧਾਰਤ ਕੀਤਾ ਗਿਆ ਹੈ।

## 397 ਕਰੋੜ ਦੇ ਕਰਜ਼ੇ ਦਾ ਪ੍ਰਾਜੈਕਟ ਪਾਸ



ਪੰਜਾਬ ਵਿਚ ਮਹਾਰਾਜਿਆਂ ਦੀਆਂ ਵਿਰਾਸਤਾਂ ਮੌਜੂਦ ਹਨ। ਕਈ ਕਿਲ੍ਹੇ ਤੇ ਵਿਰਾਸਤੀ ਇਮਾਰਤਾਂ ਜਿਵੇਂ ਕਿ ਬਹਾਦਰਗੜ੍ਹ ਕਿਲ੍ਹਾ ਪਟਿਆਲਾ, ਕਿਲਾ ਮੁਬਾਰਕ ਪਟਿਆਲਾ, ਕਿਲਾ ਗੋਬਿੰਦਗੜ੍ਹ ਅੰਮ੍ਰਿਤਸਰ, ਬਨਾਸਰ ਬਾਗ ਸੰਗਰੂਰ, ਮਾਈ ਦੀ ਸਰਾਂ ਪਟਿਆਲਾ, ਸ਼ੀਸ਼ ਮਹਿਲ ਪਟਿਆਲਾ, ਕਿਲਾ ਨਾਭਾ, ਬਰਨਾਲਾ, ਕਪੂਰਥਲਾ ਆਦਿ ਵਿਚ ਵਿਰਾਸਤ ਖੰਡਰ ਬਣ ਰਹੀ ਹੈ। ਇਨ੍ਹਾਂ ਵਿਸ਼ੇਸ਼ ਵਿਰਾਸਤੀ ਸਥਾਨਾਂ ਦੀ ਮੁਰੰਮਤ ਲਈ ਇਸ ਪ੍ਰੋਜੈਕਟ ਤੋਂ ਕੰਮ ਲਿਆ ਜਾਵੇਗਾ। ਇਸੇ ਤਰ੍ਹਾਂ ਹੋਰ ਵੀ ਪੁਰਾਣੀਆਂ ਵਿਰਾਸਤੀ ਇਮਾਰਤਾਂ ਵੀ ਢਹਿ ਢੇਰੀ ਹੋ ਰਹੀਆਂ ਹਨ। ਇਸ ਪ੍ਰੋਜੈਕਟ ਤਹਿਤ ਸੜਕਾਂ ਤੋਂ ਲੈ ਕੇ ਪਾਰਕਿੰਗ ਤੇ ਇਮਾਰਤਾਂ ਦੀ ਮੁਰੰਮਤ ਦਾ ਕੰਮ ਵੀ ਕੀਤਾ ਜਾਵੇਗਾ।

ਟੂਰਿਜ਼ਮ ਤੇ ਹੈਰੀਟੇਜ ਪ੍ਰਮੋਸ਼ਨ ਬੋਰਡ ਦੇ ਨਿਰਦੇਸ਼ਕ ਨਵਜੋਤਪਾਲ ਸਿੰਘ ਰੰਧਾਵਾ ਨੇ ਕਿਹਾ ਹੈ ਕਿ ਏ.ਡੀ.ਬੀ. ਨਾਲ ਇਹ ਪ੍ਰੋਜੈਕਟ ਪਾਸ ਹੋ ਚੁੱਕਿਆ ਹੈ। ਦਸਤਖ਼ਤ ਹੋਣ ਤੋਂ ਬਾਅਦ ਕੰਮ ਸ਼ੁਰੂ ਹੋ ਜਾਵੇਗਾ। ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ ਤੇ ਪੁਰਾਤੱਤਵ ਮੰਤਰੀ ਸੋਹਣ ਸਿੰਘ ਠੰਡਲ ਨੇ ਕਿਹਾ ਹੈ ਕਿ ਏ.ਡੀ.ਬੀ. ਤੋਂ ਕਰਜ਼ਾ ਲੈ ਕੇ ਉਹ ਪੰਜਾਬ ਦੀ ਵਿਰਾਸਤ ਦੀ ਸੰਭਾਲ ਸਕਾਂਗੇ। ਵਿੱਤ ਕਮਿਸ਼ਨ ਨੇ ਉਨ੍ਹਾਂ ਲਈ 100 ਕਰੋੜ ਰੁਪਏ ਮਨਜ਼ੂਰ ਕੀਤੇ ਹਨ, ਜਿਸ ਵਿਚੋਂ ਸਾਨੂੰ 50 ਕਰੋੜ ਰੁਪਏ ਮਿਲ ਚੁੱਕੇ ਹਨ ਤੇ ਬਾਕੀ ਵੀ ਛੇਤੀ ਮਿਲਣ ਦੀ ਸੰਭਾਵਨਾ ਹੈ।

ਉਨ੍ਹਾਂ ਕਿਹਾ ਕਿ ਇਸ 100 ਕਰੋੜ ਰੁਪਏ ਨਾਲ ਪਟਿਆਲਾ, ਸ੍ਰੀ ਫ਼ਤਹਿਗੜ੍ਹ ਸਾਹਿਬ, ਚਮਕੌਰ ਸਾਹਿਬ ਆਦਿ ਵਿਚ ਵਿਰਾਸਤੀ ਇਮਾਰਤਾਂ ਦੀ ਸੰਭਾਲ ਕੀਤੀ ਜਾ ਰਹੀ ਹੈ। ਏ.ਡੀ.ਬੀ. ਦਾ 397 ਕਰੋੜ ਦਾ ਕਰਜ਼ਾ ਮੋੜਨ ਲਈ ਵਿਰਾਸਤੀ ਥਾਵਾਂ ਦੇਖਣ ਲਈ ਟਿਕਟਾਂ ਲਗਾਈਆਂ ਜਾਣਗੀਆਂ। ਉਨ੍ਹਾਂ ਦਾਅਵਾ ਕੀਤਾ ਕਿ ਇਸ ਪ੍ਰੋਜੈਕਟ ਲਈ ਲਿਆ ਜਾ ਰਿਹਾ ਕਰਜ਼ਾ ਲਾਈਆਂ ਜਾ ਰਹੀਆਂ ਇਨ੍ਹਾਂ ਟਿਕਟਾਂ ਤੋਂ ਹੀ ਪੂਰਾ ਹੋ ਜਾਵੇਗਾ ਅਤੇ ਇਸ ਸਿਲਸਿਲੇ ਵਿਚ ਕੋਈ ਹੋਰ ਵਾਧੂ ਪ੍ਰਬੰਧ ਕਰਨ ਦੀ ਲੋੜ ਨਹੀਂ ਰਹੇਗੀ।

## ਮਾਲਦੀਵ ਦੇ ਸਾਬਕਾ ਰੱਖਿਆ ਮੰਤਰੀ ਨੂੰ ਜੇਲ੍ਹ

**ਮਾਲੇ:** ਮਾਲਦੀਵ ਦੀ ਇਕ ਫੌਜਦਾਰੀ ਅਦਾਲਤ ਨੇ ਮਾਰੂ ਹਥਿਆਰ ਰੱਖਣ ਤੇ ਉਨ੍ਹਾਂ ਦੀ ਦਰਾਮਦ ਕਰਨ ਦੇ ਦੋਸ਼ 'ਚ ਦੇਸ਼ ਦੇ ਸਾਬਕਾ ਰੱਖਿਆ ਮੰਤਰੀ ਮੁਹੰਮਦ ਨਾਜ਼ਿਮ ਨੂੰ 11 ਸਾਲ ਲਈ ਜੇਲ੍ਹ ਦੀ ਸਜ਼ਾ ਸੁਣਾਈ ਹੈ। ਜਨਵਰੀ 'ਚ ਪੁਲਿਸ ਵੱਲੋਂ ਨਾਜ਼ਿਮ ਦੇ ਘਰ 'ਤੇ ਛਾਪਾ ਮਾਰਕੇ ਇਕ ਪਿਸਤੌਲ ਤੇ ਗੋਲੀਆਂ ਬਰਾਮਦ ਕਰਨ ਤੋਂ ਬਾਅਦ ਉਨ੍ਹਾਂ ਨੂੰ ਰਾਸ਼ਟਰਪਤੀ ਯਾਮੀਨ ਅਬਦੁੱਲ ਗਯੂਮ ਨੇ ਮੰਤਰੀ-ਮੰਡਲ ਤੋਂ ਹਟਾ ਦਿੱਤਾ ਸੀ। ਉਨ੍ਹਾਂ ਦੇ ਪਰਿਵਾਰ ਤੇ ਸਮਰਥਕਾਂ ਦਾ ਮੰਨਣਾ ਹੈ ਕਿ ਇਹ ਦੋਸ਼ ਰਾਜਨੀਤੀ ਤੋਂ ਪ੍ਰੇਰਿਤ ਹਨ ਕਿਉਂਕਿ ਨਾਜ਼ਿਮ, ਗਯੂਮ ਦੀ ਪਾਰਟੀ 'ਚ ਵਧੇਰੇ ਹਰਮਨ ਪਿਆਰੇ ਹੋ ਰਹੇ ਸਨ।

ਇਸੇ ਅਦਾਲਤ ਨੇ ਇਸ ਮਹੀਨੇ ਦੇ ਸ਼ੁਰੂ 'ਚ ਸਾਬਕਾ ਰਾਸ਼ਟਰਪਤੀ ਨੂੰ 13 ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਹੈ।

# ਮੁਹੰਮਦ ਸਦੀਕ ਨੂੰ ਮੈਂ ਤਾਂ ਇੱਦਾਂ ਜਾਣਦਾਂ...

## ਪੰਜਾਬੀ ਗਾਇਕੀ ਦੇ ਅੰਦਰ ਬਾਹਰ



ਐਸ. ਅਸ਼ੋਕ ਭੌਰਾ
ਫੋਨ: 510-415-3315

ਗਾਇਕੀ ਦੀ ਉਤਰਾਈ ਵਿਚ ਬਹੁਤ ਕੁਝ ਨਿੱਤ ਵਾਪਰਦਾ ਹੈ। ਜਿਨ੍ਹਾਂ ਨੂੰ ਸ਼ੋਹਰਤ ਦੀ ਬੁੱਕਲ ਵਿਚ ਚਾਰ ਕੁ ਦਿਨ ਵੜਨ ਦਾ ਮੌਕਾ ਮਿਲਦਾ ਹੈ, ਉਹ ਇਸ ਦੇ ਨਿੱਘ ਨੂੰ ਹਉਮੈ ਵਿਚ ਬਦਲਣ ਲਈ ਕਾਹਲੇ ਹੋ ਜਾਂਦੇ ਹਨ। ਅਜਿਹਾ ਸਮਾਂ ਆਉਂਦਿਆਂ ਹੀ ਤਸਵੀਰ ਇੱਦਾਂ ਨਹੀਂ ਬਣ ਜਾਂਦੀ...? ਗਹੁ ਨਾਲ ਦੇਖੋ...ਅੱਖਾਂ 'ਤੇ ਕਾਲੀਆਂ ਐਨਕਾਂ, ਹੱਥ ਵਿਚ ਮੋਬਾਇਲ, ਕੁੱਤੇ ਝੱਗੀ ਵਰਗੀ ਪੁਸ਼ਾਕ, ਪ੍ਰਸ਼ੰਸਕ ਤੇ ਚਹੇਤੇ ਹੱਥ ਮਿਲਾਉਣ ਲਈ ਕਾਹਲੇ ਹੁੰਦੇ ਹਨ, ਪਰ ਉਨ੍ਹਾਂ ਦੀਆਂ ਵਿਹਲੇ ਹੱਥ ਦੀਆਂ ਦੋ ਉਂਗਲਾਂ ਵੀ ਦੁਖਣ ਜਿਹੀਆਂ ਲੱਗ ਪੈਂਦੀਆਂ ਹਨ। ਚਮਚੇ, ਹਥਿਆਰ ਤੇ ਸ਼ਰਾਬ ਅੱਜ ਕੱਲ੍ਹ ਦੇ ਬਹੁਤੇ ਗਾਇਕਾਂ ਦੀ ਮਹਿੰਗੀ ਗੱਡੀ ਵਿਚ ਆਮ ਹੁੰਦੇ ਹਨ। ਜੇ ਗੁਰਦਾਸ ਮਾਨ ਪੰਜਾਬੀ ਗਾਇਕੀ ਦਾ ਮਿਲਖਾ ਸਿੰਘ ਹੈ, ਯਮਲਾ, ਮਾਣਕ, ਸੁਰਿੰਦਰ ਕੌਰ ਤੇ ਮੁਹੰਮਦ ਸਦੀਕ ਹਾਲੇ ਵੀ ਲੋਕਾਂ, ਖਾਸ ਕਰ ਕੇ ਨਵੀਂ ਪੀੜ੍ਹੀ ਦੇ ਦਿਲ ਵਿਚ ਵਸਦੇ ਹਨ। ਇਨ੍ਹਾਂ 'ਤੇ ਨਵੇਂ ਦੌਰ ਦੀ ਲਹਿੰਦੀ-ਚੜ੍ਹੀ ਦਾ ਅਸਰ ਨਹੀਂ ਹੋਇਆ, ਝੱਖੜ-ਨ੍ਹੇਰੀਆਂ ਜੜ੍ਹਾਂ ਹਿਲਾ ਹੀ ਨਹੀਂ ਸਕੇ। ਇਸ ਦਾ ਰਾਜ਼ ਕੀ ਹੈ? ਹਾਲਾਤ ਉਹੀ ਨੇ ਕਿ ਬੰਦਾ ਦੁਕਾਨ ਤਾਂ ਖੋਲ੍ਹ ਲੈਂਦਾ ਹੈ, ਪਰ ਇਹ ਖੁੱਲ੍ਹੀ ਰੱਖਣੀ ਔਖੀ ਹੋ ਜਾਂਦੀ ਹੈ।

ਗਾਇਕਾਂ ਤੇ ਗਾਇਕੀ ਵਿਚ ਮੈਂ ਗਹਿਗੱਚ ਹੋ ਕੇ ਰਿਹਾ ਹਾਂ, ਪਰ ਮੈਥੋਂ ਵੱਡੇ ਵੀ ਇਹੀ ਕਹਿੰਦੇ ਸੁਣੇ ਹਨ, ਯਾਰ ਮੁਹੰਮਦ ਸਦੀਕ ਨੂੰ ਇੱਦਾਂ ਦਾ ਹੀ ਦੇਖਦੇ ਆ ਰਹੇ ਹਾਂ... ਰਣਜੀਤ ਕੌਰ ਲਈ ਤਾਂ ਉਮਰ ਅੜਿੱਕਾ ਬਣੀ ਹੈ, ਪਰ ਸਦੀਕ ਉਦਾਂ ਦਾ ਹੀ ਹੈ...ਸਟੇਜ 'ਤੇ ਛਾਲਾਂ ਵੀ ਉਵੇਂ ਮਾਰਦੈ...ਕੱਲ੍ਹ ਦੀ ਕੁੜੀ ਸੁਖਜੀਤ ਕੌਰ ਨਾਲ ਵੀ ਨਵੀਂ ਜੋੜੀ ਵਰਗਾ ਲਗਦੈ...ਆਵਾਜ਼ ਵੀ ਜਮ੍ਹਾਂ ਉਹੀ ਐ...!" ਮੇਰੀਆਂ ਵੀ ਸੈਂਕੜੇ ਮੁਲਾਕਾਤਾਂ ਉਹਦੇ ਨਾਲ ਹੋਈਆਂ...ਨਾ ਸਰੀਰ 'ਚ ਫਰਕ, ਨਾ ਚਿਹਰੇ 'ਤੇ! ਨਾ ਗਾਉਣ ਵਿਚ ਤੇ ਨਾ ਆਵਾਜ਼ ਵਿਚ! ਭਾਰ ਵੀ ਉਨਾ ਕੁ ਹੀ ਹੈ। ਰੱਜ ਕੇ ਗਾ ਵੀ ਲਿਆ, ਫਿਲਮਾਂ ਵੀ ਕਰ ਲਈਆਂ, ਐਮ.ਐਲ.ਏ. ਵੀ ਬਣ ਕੇ ਦੇਖ ਲਿਆ। ਸਾਡੇ ਸ਼ਗਨਾਂ/ਰਿਵਾਜਾਂ ਵਿਚ ਜਿਹੜੀ ਥਾਂ ਲੱਡੂ-ਜਲੇਬੀ ਦੀ ਰਹੀ ਹੈ, ਉਹੀ ਪੰਜਾਬੀ ਗਾਇਕੀ ਵਿਚ ਮੁਹੰਮਦ ਸਦੀਕ ਦਾ ਮੁਕਾਮ ਹੈ। ਉਹਦੇ ਕੋਲ ਅੱਜ ਵੀ ਚੰਗੇ ਪ੍ਰੋਗਰਾਮ ਹਨ, ਤੇ ਕਮਾਈ ਪੱਖੋਂ ਉਹਦਾ ਅਰਥਚਾਰਾ ਸੁੰਗੜਿਆ ਨਹੀਂ ਹੈ।

ਉਦੋਂ ਮੈਂ ਕਾਲਜ ਪੜ੍ਹਦਾ ਹੁੰਦਾ ਸਾਂ, ਜਦੋਂ ਉਹਦੀ ਪਹਿਲੀ ਫਿਲਮ 'ਸੈਦਾ ਜੋਗਣ' ਨੇ ਸਫਲਤਾ ਦੇ ਝੰਡੇ ਗੱਡੇ। ਪਿੰਡਾਂ ਦੇ ਬਜ਼ੁਰਗਾਂ ਨੂੰ ਮੈਂ ਸਿਨੇਮਾ ਦੀ ਖਿੜਕੀ 'ਤੇ ਟਿਕਟ ਲੈਣ ਵੇਲੇ ਜੇਬਾਂ ਕਟਾਉਂਦਿਆਂ ਦੇਖਿਆ। ਬਹੁਤੇ ਦਰਸ਼ਕਾਂ ਦਾ ਇਸ ਗੱਲ ਨਾਲ ਕੋਈ ਲੈਣ-ਦੇਣ ਨਹੀਂ ਸੀ ਕਿ ਕਹਾਣੀ ਕੀ ਹੈ; ਸਗੋਂ ਉਨ੍ਹਾਂ ਨੇ ਤਾਂ ਸਿਰਫ਼ ਰਣਜੀਤ-ਸਦੀਕ ਨੂੰ ਵੇਖਣਾ ਸੀ। ਸਦੀਕ ਦੇ ਅਖਾੜਿਆਂ ਵਰਗੀਆਂ ਰੌਣਕਾਂ ਸਿਨੇਮਾ ਘਰਾਂ ਵਿਚ ਵੇਖਣ ਨੂੰ ਮਿਲੀਆਂ। ਫਗਵਾੜੇ ਉਦੋਂ ਬੱਸ ਅੱਡੇ ਦੇ ਸਾਹਮਣੇ 'ਇਲਾਇਟ' ਸਿਨੇਮੇ ਵਿਚ ਅਸੀਂ ਚਾਰ ਵਾਰ ਇਹ ਫਿਲਮ ਦੇਖੀ। ਅਸੀਂ ਚਾਰ ਜਣੇ ਹੋਸਟਲ ਵਿਚ ਰਹਿੰਦੇ ਸਾਂ। ਤਿੰਨ ਜਣੇ ਸਦੀਕ-ਰਣਜੀਤ ਦੇ ਉਪਾਸ਼ਕ। ਇੰਜੀਨੀਅਰਿੰਗ ਦੀ ਔਖੀ ਪੜ੍ਹਾਈ ਕਰ ਕੇ ਆਉਣਾ ਤਾਂ ਅੱਧਾ ਕੁ ਘੰਟਾ, ਦੋਹਾਂ ਦੇ ਗੀਤ ਸੁਣਨੇ, ਫਿਰ ਮੈੱਸ ਵਿਚ ਚਾਹ ਪੀਣੀ। 'ਮੈਨੂੰ ਖਿਚ ਲੈ ਵੈਰੀਆ, ਖਿਚ ਲੈ ਚੁਬਾਰੇ ਵਿਚੋਂ ਬਾਂਹ ਫੜ ਕੇ' ਗੀਤ ਰੋਜ਼ ਇਕ ਵਾਰ ਸੁਣਨਾ ਹੁੰਦਾ ਸੀ। ਉਦੋਂ ਇਸ ਗੱਲ ਦਾ ਇਲਮ ਨਹੀਂ ਸੀ ਕਿ ਇਹੋ ਸਦੀਕ ਅੱਗੇ ਚੱਲ ਕੇ ਮਿੱਤਰ ਬਣੇਗਾ, ਮੇਰੇ ਸੱਦੇ 'ਤੇ ਨੰਗੇ ਪੈਰੀਂ ਭੱਜਾ ਆਵੇਗਾ, ਨਾਰਾਜ਼ਗੀਆਂ ਤੇ ਗਿਲੇ ਸ਼ਿਕਵੇ ਵੀ ਹੋਣਗੇ, ਤੇ




ਮਾਹਿਲਪੁਰ ਦੇ ਸ਼ੌਂਕੀ ਮੇਲੇ 'ਤੇ ਮੁਹੰਮਦ ਸਦੀਕ ਤੇ ਰਣਜੀਤ ਕੌਰ...ਦਿਨ ਉਹ ਵੀ ਸਨ

ਇਕ-ਦੂਜੇ ਖਿਲਾਫ ਬਿਆਨਬਾਜ਼ੀ ਵੀ ਤੇ ਮਿੱਤਰਤਾ ਵੀ ਬਣੀ ਰਹੇਗੀ।

ਸਦੀਕ ਨਾਲ ਮੇਰੀ ਪਹਿਲੀ ਮੁਲਾਕਾਤ ਰੋਪੜ 'ਗੁੱਡੋ' ਫਿਲਮ ਦੀ ਸ਼ੂਟਿੰਗ ਦੌਰਾਨ ਹੋਈ। ਮੀਡੀਏ ਵਿਚ ਮੈਂ 'ਰਾਣੋ' ਤੇ 'ਗੁੱਡੋ' ਲਈ ਇੰਨਾ ਕੰਮ ਕੀਤਾ ਕਿ ਅਸੀਂ ਘੁੱਟ ਕੇ ਮਿਲਣ ਲੱਗ ਪਏ ਸਾਂ। ਜਦੋਂ ਉਹਦੀਆਂ ਕਰੀਬ ਸਾਰੀਆਂ ਫਿਲਮਾਂ ਹੀ ਚੱਲ ਨਿਕਲੀਆਂ, ਤਾਂ ਲੰਮਾ ਲੇਖ ਮੈਂ ਦਿੱਲੀ ਤੋਂ ਛਪਦੇ ਰਾਜਿੰਦਰ ਸਿੰਘ ਦੇ ਪਰਚੇ 'ਸਚਿੱਤਰ ਕੌਮੀ ਏਕਤਾ' ਵਿਚ ਲਿਖਿਆ, 'ਪੰਜਾਬੀ ਫਿਲਮਾਂ ਦਾ ਗੱਬਰ ਸਿੰਘ: ਮੁਹੰਮਦ ਸਦੀਕ'। ਉਹ ਬਾਗੋ-ਬਾਗ ਹੋ ਗਿਆ। ਉਨ੍ਹੀਂ ਦਿਨੀਂ ਉਹਦਾ ਬੰਗੇ ਟਰੱਕ ਯੂਨੀਅਨ ਵਿਚ ਅਖਾੜਾ ਸੀ। ਪੁਲਿਸ ਵਾਲਿਆਂ ਨੇ ਮੈਨੂੰ ਸਟੇਜ ਦੇ ਨੇੜੇ ਫਟਕਣ ਨਹੀਂ ਦਿੱਤਾ, ਤੇ ਮੈਂ ਚੁੱਪ-ਚਾਪ ਕੰਧ 'ਤੇ ਬੈਠ ਗਿਆ। ਨਾਲ ਦੋ ਅੱਧਖੜ ਉਮਰ ਦੇ ਪੇਂਡੂ ਬਜ਼ੁਰਗ ਪੈਰਾਂ ਭਾਰ ਬੈਠੇ ਸਨ। ਇਕ ਨੇ ਜ਼ਰਾ ਸੁਆਰ ਹੋ ਕੇ ਬੈਠਦਿਆਂ ਬੀੜੀ ਦਾ ਕਸ਼ ਲਿਆ; ਨਾਲ ਹੀ 'ਖਿਚ ਲੈ ਵੈਰੀਆ' ਵਾਲਾ ਗੀਤ ਚੱਲ ਪਿਆ, ਪਰ ਮੈਨੂੰ ਸੰਬੋਧਨ ਹੁੰਦਿਆਂ ਉਹ ਇਉਂ ਕਹਿਣ ਲੱਗਾ ਜਿਵੇਂ ਮੈਨੂੰ ਜਾਣਦਾ ਹੋਵੇ, "ਬਈ ਜੁਆਨਾ! ਬੜਾ ਸੁਣਿਆ ਇਸ ਜੋੜੀ ਨੂੰ। ਸਦੀਕ ਨੂੰ ਤਾਂ ਵਾਲ ਜਿੰਨਾ ਵੀ ਫਰਕ ਨਹੀਂ ਪਿਆ, ਪਰ ਬਈ ਰਣਜੀਤ ਕੌਰ ਤਾਂ ਹੋਰ ਸੁਰਖੀ ਹੋ ਗਈ ਐ...ਕਿਵੇਂ ਲਗਦੇ ਤੈਨੂੰ?" ਮੈਂ ਹੱਸ ਪਿਆ, ਬੋਲਿਆ ਕੁਝ ਨਾ। ਨਾਲ ਦਾ ਕਹਿਣ ਲੱਗਾ, "ਸਾਡੇ ਪਿੰਡ ਵੀ ਆਏ ਤੀ ਗੁਣਾਚੌਰ...ਤਿੰਨ-ਚਾਰ ਸਾਲ ਪਹਿਲਾਂ, ਰੰਗ ਬੰਨ੍ਹਿਆ ਪੂਰਾ। ਸਦੀਕ ਦਾ ਰੰਗ ਤਾਂ ਵੇਖ ਲੈ ਜਿਵੇਂ ਵੀ, ਐਪਰ...ਰਣਜੀਤ ਕੌਰ ਪੂਰੀ ਚਾਨਣੀ ਰਾਤ ਐ। ਹੋਰ ਕਿਹੜਾ ਉਦਾਂ ਇਨ੍ਹਾਂ ਦਾ ਹੋਣਾ ਤੀ, ਗਉਣ ਕਰ ਕੇ ਈ ਹੋ ਗਿਆ।" ਮੈਂ ਵਿਚੋਂ ਬੋਲ ਪਿਆ, "ਕਿਆ?" ਉਹ ਹੈਰਾਨ ਜਿਹਾ ਹੋ ਗਿਆ, "ਲੈ ਤੈਨੂੰ ਕਿਤੇ ਪਤਾ ਨਹੀਂ, ਸਾਰਾ ਜੱਗ ਜਾਣਦੈ। ਵਿਆਹ ਦੀ ਗੱਲ ਕਰਦਾਂ ਮੈਂ।" ਜਦੋਂ ਮੈਂ ਦੱਸਿਆ, "ਭਾਈਆ ਗਾਉਂਦੇ ਆ 'ਕੱਠੇ। ਸਦੀਕ ਤਾਂ ਜੁਆਕ-ਜੱਲੇ ਆਲੈ। ਉਹਦੀ ਤਾਂ ਹੋਰ ਐ ਘਰਵਾਲੀ।" ਉਹ ਦੋਵੇਂ ਜਣੇ ਉਠ ਕੇ ਤੁਰ ਪਏ। ਜਾਂਦੇ-ਜਾਂਦੇ ਤੀਰ ਛੱਡ ਗਏ, "ਫਿਰ ਤਾਂ ਕਮਲਾ ਐ ਸਦੀਕ। ਇਹ ਭਲਾ ਕੋਈ ਗੱਲ ਹੋਈ?" ਬਹੁਤ ਸਾਰੇ ਉਨ੍ਹਾਂ ਦੇ ਚਹੇਤਿਆਂ ਨੂੰ ਇੱਦਾਂ ਲਗਦਾ ਵੀ ਰਿਹਾ ਹੈ।

ਇਹਨੂੰ ਇਤਫਾਕ ਕਹੋ ਜਾਂ ਹੋਰ ਪਤਾ ਨਹੀਂ ਕੀ, ਮੇਰੇ ਵਾਂਗ ਬਹੁਤ ਸਾਰੇ ਅਜਿਹੇ ਸਦੀਕ ਦੇ ਨੇੜਲੇ ਮਿੱਤਰ ਹਨ ਜਿਨ੍ਹਾਂ ਵਿਚੋਂ ਬਹੁਤਿਆਂ ਨੇ ਉਹਦੀ ਪਤਨੀ ਦੇ ਕਦੇ ਦੀਦਾਰ ਨਹੀਂ ਕੀਤੇ ਹੋਣਗੇ। ਮੈਂ ਇਸ ਯਤਨ ਵਿਚ ਫੇਲ੍ਹ ਵੀ ਹੋ ਗਿਆ ਸੀ। ਸਾਲ 1988-89 ਵਿਚ ਜਦੋਂ 'ਅਜੀਤ' ਦੇ ਕਾਲਮ 'ਸੁਰ ਸੱਜਣਾਂ ਦੀ' ਤਹਿਤ ਮੈਂ ਗਾਇਕਾਂ ਦੀਆਂ ਪਤਨੀਆਂ ਨਾਲ ਮੁਲਾਕਾਤ ਕਰ ਰਿਹਾ ਸਾਂ, ਤਾਂ ਸਦੀਕ ਨੇ ਅਗਲੇ ਹਫਤੇ ਸਹੀ, ਉਹ ਕੁਝ ਠੀਕ ਨਹੀਂ, ਤੇ ਅਖੀਰ ਵਿਚ ਇਹ ਕਹਿ ਹੀ ਦਿੱਤਾ, "ਭੌਰੇ ਯਾਰ, ਤੂੰ ਮੈਨੂੰ ਬਖਸ਼ ਹੀ ਦੇ। ਪਤਾ ਨਹੀਂ ਕੀ ਕਹਿ ਦੇਵੇ।" ਇਉਂ ਮੇਰਾ ਯਤਨ ਸਫ਼ਲ ਨਹੀਂ ਹੋਇਆ। ਇਹ ਤਾਂ ਸਾਰਿਆਂ ਨੂੰ ਪਤਾ ਹੈ ਕਿ ਸਦੀਕ ਨੂੰ ਮਿਲਣ ਲਈ ਪੱਕਾ ਠਿਕਾਣਾ ਬੱਸ ਸਟੈਂਡ ਲਾਗੇ ਰਣਜੀਤ ਦੀ ਕੋਠੀ ਹੀ ਹੁੰਦੀ ਸੀ; ਤੇ ਲਗਦੇ ਹੱਥ ਇਹ ਵੀ ਸਪਸ਼ਟ ਕਰ ਦਿਆਂ ਕਿ ਜਿੰਨਾ ਚਿਰ ਦੋਹਾਂ ਨੇ ਇਕੱਠਿਆਂ ਗਾਇਆ, ਸਦੀਕ ਨੇ ਨਾ ਮੀਡੀਆ ਨਾਲ, ਤੇ ਨਾ ਆਮ ਲੋਕਾਂ ਨਾਲ ਕਦੇ ਰਣਜੀਤ ਕੌਰ ਨੂੰ ਮਿਲਾਇਆ ਸੀ।

ਸਾਲ 1989 ਵਿਚ ਜਦੋਂ ਮੈਂ ਮਾਹਿਲਪੁਰ ਸ਼ੌਂਕੀ ਮੇਲਾ ਲਾਇਆ ਤਾਂ ਸਦੀਕ ਸਭ ਤੋਂ ਪਹਿਲਾਂ ਪਹੁੰਚਿਆ। ਦੋਹਾਂ ਨੇ ਕਮਾਲ ਤਾਂ ਕੀਤੀ ਹੀ, ਸਗੋਂ ਸ਼ਾਇਰ ਪ੍ਰੋ. ਅਜੀਤ ਲੰਗੇਰੀ ਤੇ ਮਰਹੂਮ ਨਾਟਕਕਾਰ ਜੋਗਿੰਦਰ ਬਾਹਰਲੇ ਹੋਰਾਂ ਵੀ ਰੱਜ ਕੇ ਸਲਾਹਿਆ। ਮੇਲੇ ਤੋਂ ਪਹਿਲਾਂ ਸਦੀਕ ਦੇ ਘਰੇ ਉਸ ਤੋਂ ਮਾਲੀ ਮਦਦ ਮੰਗੀ ਸੀ, ਤਾਂ ਕਹਿਣ ਲੱਗਾ, "ਅਸ਼ੋਕ, ਗਾਇਕਾਂ ਨੇ ਤੇਰੇ ਕਹਿਣ 'ਤੇ ਮਨਾਂ ਨਹੀਂ ਕਰਨਾ, ਪਰ ਸਾਨੂੰ ਦੋ ਪਾਸੇ ਨਾ ਖਿੱਚ। ਅਸੀਂ ਫਰੀ ਗਾਉਣ ਜ਼ਰੂਰ ਆਵਾਂਗੇ।" ਮੇਲੇ ਤੋਂ ਬਾਅਦ ਉਹੀ ਸਦੀਕ ਕਹੇ, "ਯਾਰ ਤੂੰ ਪਹਿਲੀ ਵਾਰ ਹੀ ਪ੍ਰੋ. ਮੋਹਨ ਸਿੰਘ ਮੇਲੇ ਵਾਂਗ ਪੈੜ ਖਿਚ ਲਈ ਐ। ਚੱਲ ਹੁਣ ਦੋ-ਚਾਰ ਸੌ ਦੇ ਵੀ ਦਿਆ ਕਰਾਂਗੇ।" ਰਣਜੀਤ ਕੌਰ ਨਾਲ ਅਸੀਂ ਅਗਲੇ ਘਰ ਵਿਚ ਉਸੇ ਕਮਰੇ ਵਿਚ ਬੈਠੇ ਸਾਂ ਜਿਥੇ ਤਿੰਨ ਕੁ ਸਾਲ ਪਹਿਲਾਂ ਦੋ ਖਾੜਕੂਆਂ ਦੀ ਹਾਜ਼ਰੀ ਵਿਚ ਮਿਲੇ ਸਾਂ। ਉਦੋਂ ਤਾਂ ਮੈਂ ਵੀ ਡਰਦਾ ਵਿਚੋਂ ਉਠ ਕੇ ਚਲਾ ਗਿਆ ਸਾਂ, ਪਰ ਉਦਣ ਤੁਰਨ ਲੱਗੇ ਨੂੰ ਬਾਂਹ ਖਿਚ ਕੇ ਸਦੀਕ ਕਹਿਣ ਲੱਗਾ, "ਯਾਰ, ਤੂੰ ਲਿਖਦੈਂ ਸਦੀਕ ਨੂੰ ਗੱਬਰ ਸਿੰਘ, ਪਰ ਆਹ ਜਿਹੜੇ ਏ.ਕੇ. ਸੰਤਾਲੀਆਂ ਚੁੱਕੀ ਫਿਰਦੇ ਨੇ...ਟਿੱਚ ਕਰ ਕੇ ਨ੍ਹੀਂ ਜਾਣਦੇ।" ਉਸ ਦਿਨ ਮੈਂ ਉਹਨੂੰ ਦੂਜੀ ਵਾਰ ਓਦਰਿਆ ਵੇਖਿਆ ਸੀ।

ਜਰਨੈਲ ਘੁਮਾਣ ਦੀ ਕੰਪਨੀ ਸੀ.ਐਮ.ਸੀ. ਦਾ ਸਦੀਕ ਵੀ ਹਿੱਸੇਦਾਰ ਸੀ ਤੇ ਬਾਅਦ ਵਿਚ ਦੋਹਾਂ ਨੇ ਰਲ ਕੇ ਚੰਡੀਗੜ੍ਹ ਵਿਚ ਸੁਰ ਸੰਗਮ ਸਟੂਡੀਓ ਵੀ ਖੋਲ੍ਹਿਆ, ਪਰ ਇਹ ਵਪਾਰ ਬਹੁਤੀ ਦੇਰ ਚੱਲ ਨਹੀਂ ਸਕਿਆ; ਹਾਲਾਂਕਿ ਇਸ ਤੋਂ ਪਹਿਲਾਂ ਜਦੋਂ ਕੈਸਿਟ ਕੰਪਨੀਆਂ ਨੇ ਅਜੇ ਸਿਰ ਨਹੀਂ ਸੀ ਚੁੱਕਿਆ, ਚਾਰ ਜਣਿਆਂ ਨੇ ਕੰਪਨੀ ਖੋਲ੍ਹੀ ਸੀ 'ਕੁਸਾਡਿੰਗ'। ਇਹ ਨਾਂ ਚਹੁੰਆਂ ਦੇ ਪਹਿਲੇ ਅੱਖਰ ਤੋਂ ਲਿਆ ਸੀ- ਕੁਲਦੀਪ ਮਾਣਕ, ਸਦੀਕ, ਦੀਦਾਰ ਤੇ ਸਵਰਨ ਲਤਾ ਦੇ ਘਰਵਾਲਾ ਗੁਪਤਾ। ਦਫਤਰ ਬੜੇ ਚਾਅ ਨਾਲ ਖੋਲ੍ਹਿਆ। ਐਲਾਨ ਵੀ ਮੈਂ ਬੜੇ ਚਾਅ ਨਾਲ 'ਅਜੀਤ' ਵਿਚ ਕੀਤਾ, ਪਰ ਦੋ ਮੀਰ ਆਲਮ ਤੇ ਇਕ ਜੱਟ ਦੀ, ਬਾਣੀਏ ਨਾਲ ਗੱਲ ਬਣੀ ਹੀ ਨਹੀਂ। ਉਂ ਦੀਦਾਰ ਸੰਧੂ ਦਾ 'ਮੇਰਾ ਕੱਲ੍ਹ ਦਾ ਕਾਲਜਾ ਦੁਖਦਾ' ਵਾਲਾ ਹਿੱਟ ਗੀਤ ਇਸੇ ਕੰਪਨੀ ਦੀ ਪੇਸ਼ਕਸ਼ ਸੀ।

'ਸੈਦਾ ਜੋਗਣ' ਫਿਲਮ ਵਿਚ ਸਦੀਕ ਨੂੰ ਕੁੱਟ ਖਾਂਦਿਆਂ ਵਿਖਾਇਆ ਗਿਆ ਸੀ। ਇਸੇ ਫਿਲਮ ਵਿਚ ਕੁਲਦੀਪ ਮਾਣਕ ਨੇ 'ਆਹ ਲੈ ਸਾਂਭ ਲੈ ਨੀ ਸੈਦੇ ਦੀਏ ਨਾਰੇ' ਗੀਤ ਗਾਇਆ। ਮਾਣਕ ਆਪਣੇ ਸੁਭਾਅ ਮੁਤਾਬਕ ਇਕ ਵਾਰ ਕਹਿਣ ਲੱਗਾ, "ਲੈ ਜਦੋਂ ਅਸੀਂ ਫਿਲਮ ਬਣਾਈ, ਤਾਂ ਸਦੀਕ ਵਾਂਗ ਕੁੱਟ ਨਹੀਂ ਖਾਵਾਂਗੇ।" ਉਂਜ ਹੋਇਆ ਉਲਟ। 'ਬਲਬੀਰੋ ਭਾਬੀ' ਵਿਚ ਮਾਣਕ ਘੁੱਕਰ (ਗੁਰਚਰਨ ਪੋਹਲੀ) ਤੋਂ ਚੁਪੇੜਾਂ ਖਾ ਰਿਹਾ ਸੀ। ਸੁਭੈਕੀ ਇਕ ਵਾਰ ਮੈਂ, ਸ਼ਮਸ਼ੇਰ ਸੰਧੂ ਤੇ ਸਦੀਕ, ਮਾਣਕ ਦੇ ਦਫ਼ਤਰ ਵਿਚ ਇਸ ਫਿਲਮ ਦੇ ਰਿਲੀਜ਼ ਹੋਣ ਪਿਛੋਂ ਮਿਲ ਪਏ। ਸਦੀਕ ਵਾਲੀ ਗੱਲ ਸ਼ਮਸ਼ੇਰ ਨੇ ਟਿੱਚਰੀ ਸੁਭਾਅ ਕਰ ਕੇ ਪੁੱਛ ਲਈ, ਮਾਣਕ ਥਥਲਾ ਕੇ ਹੱਸ ਪਿਆ, "ਭਾਗ ਸਿੰਘ ਨੇ ਉਹ ਸ਼ਾਟ ਹੀ ਕੱਟ'ਤੇ ਜਿਹਦੇ ਵਿਚ ਮੈਂ ਵੀ ਘੁੱਕਰ ਦਾ ਕੁਟਾਪਾ ਕਰ ਰਿਹਾ ਸੀ।" ਤੇ ਸਦੀਕ ਬੁੱਲ੍ਹਾਂ 'ਚ ਹੱਸ ਕੇ ਚਲੇ ਗਿਆ।

ਮੁਹੰਮਦ ਸਦੀਕ ਬਾਰੇ ਮੈਂ ਰੱਜ ਕੇ ਲਿਖਿਆ; ਗੱਲ ਚਾਹੇ ਉਹਦੀ ਗਾਇਕੀ ਦੀ ਸੀ, ਜਾਂ ਫਿਲਮਾਂ ਦੀ; ਪਰ ਇੰਨਾ ਗਹਿਗੱਚ ਪਿਆਰ ਵੀ ਇਕ ਵਾਰ ਉਖੜ ਗਿਆ। ਅਸੀਂ ਆੜ੍ਹਤੀਏ ਤੇ ਜੱਟ ਵਾਂਗ ਬਿਨਾਂ ਵਜ੍ਹਾ ਨਾਰਾਜ਼ ਹੋ ਗਏ ਤੇ ਹਾਲਾਤ ਇੱਦਾਂ ਦੇ ਬਣ ਗਏ ਕਿ ਇਕ-ਦੂਜੇ ਨੂੰ ਵੇਖ ਕੇ ਜਿਵੇਂ ਕੋਈ ਰਾਜ਼ੀ ਨਾ ਹੋਵੇ। ਹੋਇਆ ਇਉਂ, ਕਿ 1992-97 ਵਾਲੀ ਅਕਾਲੀ-ਭਾਜਪਾ



ਅਮਰੀਕਾ ਵਿਚ ਮੁਲਾਕਾਤ ਦੌਰਾਨ ਐਮ.ਐਲ.ਏ. ਬਣਨ ਪਿਛੋਂ

ਸਰਕਾਰ ਦੇ ਤਤਕਾਲੀ ਸਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਚੌਧਰੀ ਸਵਰਨਾ ਰਾਮ ਨੇ ਪੰਜਾਬੀ ਗੀਤਾਂ ਨੂੰ ਮਿਆਰੀ ਦਿਸ਼ਾ ਦੇਣ ਲਈ ਸੈਂਸਰ ਬੋਰਡ ਬਣਾਉਣ ਦਾ ਐਲਾਨ ਕਰ ਦਿੱਤਾ। ਸੱਚ ਇਹ ਸੀ ਕਿ ਮੈਨੂੰ ਇਹਦੇ ਬਾਰੇ ਕੋਈ ਇਲਮ ਨਹੀਂ ਸੀ, ਹਾਲਾਂਕਿ ਸੈਂਸਰ ਬੋਰਡ ਬਣਾਉਣ ਦੀਆਂ ਤਜਵੀਜ਼ਾਂ ਬਾਰੇ ਵਿਭਾਗ ਦੇ ਸਕੱਤਰ ਅਤੇ ਮੰਤਰੀ ਦੀਆਂ ਚੰਡੀਗੜ੍ਹ ਵਿਚ ਹੋਈਆਂ ਮੀਟਿੰਗਾਂ ਵਿਚ ਮੈਂ ਸ਼ਾਮਲ ਜ਼ਰੂਰ ਹੁੰਦਾ ਰਿਹਾ। ਜੱਸੀ ਗੁਰਦਾਸਪੁਰੀਏ ਦੇ ਗੀਤ 'ਚੰਨੋ ਦਾ ਜਵਾਨੀ ਵਿਚ ਪੈਰ ਪੈ ਗਿਆ, ਪਿੰਡ ਦਿਆਂ ਮੁੰਡਿਆਂ 'ਚ ਵੈਰ ਪੈ ਗਿਆ' ਨੂੰ ਲੈ ਕੇ ਚੌਧਰੀ ਸਵਰਨਾ ਰਾਮ ਨੇ ਕਾਫ਼ੀ ਗਰਮ ਬਿਆਨ ਵੀ ਦਿੱਤੇ ਕਿ ਅਜਿਹੇ ਗਾਇਕਾਂ ਤੇ ਗੀਤਕਾਰਾਂ ਨੂੰ ਸੁਧਾਰਨਾ ਪਵੇਗਾ। ਪੰਮੀ ਬਾਈ, ਗੁਰਦਾਸ ਮਾਨ ਹੋਰਾਂ ਨੇ ਚੰਡੀਗੜ੍ਹ ਦੇ ਮਟਕਾ ਚੌਕ ਵਿਚ ਸੈਂਸਰ ਬੋਰਡ ਖਿਲਾਫ ਧਰਨੇ ਵੀ ਦਿੱਤੇ। ਚਲੋ ਸੈਂਸਰ ਬੋਰਡ ਤਾਂ ਨਹੀਂ ਬਣਿਆ, ਪਰ ਮੇਰੀ ਤੇ ਸਦੀਕ ਦੀ ਅਣਬਣ ਹੋ ਗਈ। ਕਾਰਨ ਇਹ ਸੀ ਕਿ ਚੰਡੀਗੜ੍ਹ ਤੋਂ ਛਪਦੀ ਇਕ ਅਖ਼ਬਾਰ ਦੇ ਲੁਧਿਆਣੇ ਸਥਿਤ ਪੱਤਰਕਾਰ ਨੇ ਸ਼ੋਸ਼ਾ ਛੱਡ ਦਿੱਤਾ ਕਿ ਮੰਤਰੀ ਦੇ ਹਲਕੇ ਦਾ ਇਕ ਪੱਤਰਕਾਰ (ਨਿਸ਼ਾਨਾ ਮੇਰੇ ਵੱਲ ਸੀ) ਸਾਰੇ ਗਾਇਕਾਂ ਨੂੰ ਆਪਣੀ ਲੱਤ ਹੇਠੋਂ ਲੰਘਾਉਣ ਖਾਤਰ ਹੀ ਸੈਂਸਰ ਬੋਰਡ ਬਣਵਾ ਰਿਹਾ ਹੈ। ਸਦੀਕ ਦੇ ਵੀ ਫਿਰ ਅਜਿਹੇ ਬਿਆਨ ਛਪੇ, ਤੇ ਸਾਡੀ ਯਾਰੀ ਨੂੰ ਮੋਛਾ ਪੈ ਗਿਆ। ਮੈਂ ਇਸ ਗੱਲ ਨੂੰ ਵੀ ਮੰਨਦਾ ਹਾਂ ਕਿ ਜਦੋਂ ਮੇਰਾ ਦਾਅ ਲੱਗਾ, ਚੋਭ ਮੈਂ ਵੀ ਲਾਉਂਦਾ ਰਿਹਾ। ਸੈਂਸਰ ਬੋਰਡ ਦੇ ਹੱਕ ਵਿਚ ਮੈਂ 'ਅਜੀਤ' ਵਿਚ ਸੰਪਾਦਕੀ ਪੰਨੇ 'ਤੇ ਲੇਖ ਵੀ ਲਿਖਿਆ ਜਿਸ ਨਾਲ ਗਾਇਕਾਂ ਦੇ ਮੇਰੇ ਵਿਰੁਧ ਗੁੱਸੇ ਨੂੰ ਹੋਰ ਵੀ ਸ਼ੱਕ ਪੈ ਗਿਆ।

ਸਦੀਕ ਮੈਥੋਂ ਕਿੰਨਾ ਖਫਾ ਸੀ, ਇਸ ਦਾ ਇਕ ਚਿੱਤਰ ਖਿੱਚ ਕੇ ਵਿਖਾਉਂਦਾ ਹਾਂ। ਗੜ੍ਹਸ਼ੰਕਰ ਲਾਗੇ ਇਕ ਪਿੰਡ ਵਿਚ ਵੀਆਨਾ (ਆਸਟ੍ਰੀਆ) ਵਸਦੇ ਭਾਨੇ ਨਾਂ ਦੇ ਮੇਰੇ ਮਿੱਤਰ ਨੇ ਸਦੀਕ ਦਾ ਅਖਾੜਾ ਰੱਖਿਆ। ਸੁਖਜੀਤ ਨਾਲ ਸੀ ਤੇ ਮੈਂ ਪੂਰੇ ਢਾਈ ਘੰਟੇ ਪਹਿਲੀ ਕਤਾਰ ਵਾਲੀਆਂ ਕੁਰਸੀਆਂ 'ਤੇ ਬੈਠਾ ਰਿਹਾ। ਸਟੇਜ ਸੈਕਟਰੀ ਨੇ ਤਾਂ ਕਈ ਵਾਰ ਮੇਰਾ ਨਾਂ ਲਿਆ; ਮੇਰੇ ਵਲੋਂ ਕਈ ਵਾਰ ਸੌ ਦਾ ਨੋਟ ਦੇ ਕੇ 'ਸੌ ਦਾ ਨੋਟ' ਗੀਤ ਸੁਣਨ ਦੀ ਮੰਗ ਨੂੰ ਵੀ ਸਦੀਕ ਨੇ ਪੂਰਾ ਕਰ ਦਿੱਤਾ, ਪਰ ਮੇਰੇ ਨਾਲ ਅੱਖ ਇਕ ਵਾਰ ਵੀ ਨਹੀਂ

(ਬਾਕੀ ਸਫਾ 33 ਉਤੇ)



ਪਰਦੇਸ ਵਸਦੇ ਪੰਜਾਬੀ ਹਿਤੈਸ਼ੀਆਂ ਲਈ ਜਗਦੇਵ ਸਿੰਘ ਜੱਸੋਵਾਲ ਦੇ ਘਰੇ ਸਜਾਈ ਸ਼ਾਮ ਦੌਰਾਨ ਰੰਗ ਬੰਨ੍ਹ ਰਿਹਾ ਸਦੀਕ। ਮਰਹੂਮ ਪਰਮਿੰਦਰ ਸੰਧੂ, ਜੱਸੋਵਾਲ ਤੇ ਐਨ ਸਿਰੇ 'ਤੇ ਅੱਜ ਦਾ ਹਿੱਟ ਗਵੱਈਆ ਆਤਮਾ ਬੁਢੇਵਾਲੀਆ।

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਅਮਲੀਆਂ ਦੇ ਔਖੇ ਦਿਨ!

ਨਾਜਰ-ਜਾਗਰ ਅਮਲੀ ਦੋਵੇਂ, ਸੁਣੋ ਕੀਰਨੇ ਪਾਉਂਦੇ।
ਇਕ ਦੂਜੇ ਗਲ ਪਾ ਕੇ ਬਾਹਾਂ, ਦੁਖੜੇ ਖੋਲ੍ਹ ਸੁਣਾਉਂਦੇ।
ਓਹੀ ਦਰੋਗਾ, ਥਾਣਾ ਮੋੜ ਦੇ ਉਸੇ ਚੁਬਾਰੇ ਉਤੇ,
ਓਹੀ ਗਲੀਆਂ, ਓਹੀ ਅਵਾਰਾ ਰੋਜ਼ ਭੌਂਕਦੇ ਕੁੱਤੇ।
ਭੁੱਕੀ ਖਾਤਿਰ ਲਾਉਣ ਨੂੰ ਫਿਰਦੇ ਰਾਜਸਥਾਨ ਨੂੰ ਜਿੰਦਾ,
ਵੋਟਾਂ ਦੇ ਵਿਚ ਮਰ ਗਿਆ ਪਹਿਲਾਂ ਆਤੀ ਆਪਣਾ ਛਿੰਦਾ।
ਸਾਨੂੰ ਫਾਹੇ ਟੰਗ ਕੇ ਦੇਖੋ, ਕੀ ਨਿਕਲਿਆ ਏ ਸਿੱਟਾ,
ਸੋਨੇ ਦੇ ਭਾਅ ਵਿਕਦਾ ਅੜਿਆ, ਕਹਿੰਦੇ ਜਿਹਨੂੰ ਚਿੱਟਾ।
ਘਰ ਨਹੀਂ ਵੱਸਣਾ ਰਹਿ ਗਏ ਆਪਾਂ, ਦੋਵੇਂ ਛੜੇ ਸਦੀਵੀ,
ਮੋਦੀ ਕਿਥੋਂ ਲਿਆ ਦਊ? ਆਪਣੀ ਛੱਡੀ ਬੈਠਾ ਤੀਵੀਂ।
ਦੱਸੀਂ 'ਭੌਰੇ' ਕਦੋਂ ਹੋਣਗੇ, ਦਿਨ ਕਹਿੰਦਾ ਸੀ ਔਖੇ,
ਓਹੀ ਨਾਲਾ, ਓਹੀ ਪੁਰਾਣੇ ਧੋ ਧੋ ਪਾਈਏ ਕੱਛੇ।

**ਗੁਰਮਤਿ ਗਿਆਨ**

# ਗੁਰਮੁਖਿ ਧਿਆਨ ਸਹਜ ਧੁਨਿ ਉਪਜੈ ਸਚਿ ਨਾਮਿ ਚਿਤੁ ਲਾਇਆ



ਡਾ. ਗੁਰਨਾਮ ਕੌਰ, ਕੈਨੇਡਾ

ਗੁਰਮਤਿ ਦਰਸ਼ਨ ਵਿਚ ਮਨੁੱਖ ਦੀ ਵੰਡ ਕਿਸੇ ਜਾਤ, ਜਨਮ, ਕੁਲ, ਨਸਲ ਜਾਂ ਇਸਤਰੀ-ਪੁਰਸ਼ 'ਤੇ ਆਧਾਰਤ ਨਹੀਂ ਕੀਤੀ ਗਈ। ਦੋ ਹੀ ਕੋਟੀਆਂ- ਗੁਰਮੁਖਿ ਤੇ ਮਨਮੁਖਿ ਪ੍ਰਵਾਨ ਕੀਤੀਆਂ ਗਈਆਂ ਹਨ। ਗੁਰਮੁਖਿ ਗੁਰੂ ਦੀ ਸਿੱਖਿਆ ਅਨੁਸਾਰ ਆਪਣਾ ਜੀਵਨ ਢਾਲ ਕੇ ਉਸ ਨੂੰ ਸਫਲ ਕਰ ਲੈਂਦਾ ਹੈ ਜਦਕਿ ਮਨਮੁਖ ਆਪਣੇ ਮਨ ਦੀ ਮਤਿ ਪਿੱਛੇ ਲੱਗ ਕੇ ਵਿਕਾਰਾਂ ਵਿਚ ਫਸ ਜਾਂਦਾ ਹੈ ਅਤੇ ਆਪਣਾ ਜੀਵਨ ਅਸਫਲ ਕਰ ਲੈਂਦਾ ਹੈ। ਇਸ ਸਲੋਕ ਵਿਚ ਦੱਸਿਆ ਗਿਆ ਹੈ ਕਿ ਗੁਰੂ ਦੇ ਸਨਮੁਖ ਹੋ ਕੇ ਗੁਰਮੁਖਿ ਜੀਵਨ ਵਿਚ ਕਿਸ ਤਰ੍ਹਾਂ ਵਿਚਰਦਾ ਹੈ। ਗੁਰੂ ਅਮਰਦਾਸ ਗੁਰਮੁਖਿ ਦਾ ਵਿਚਰਨਾ ਬਿਆਨ ਕਰਦੇ ਹਨ ਕਿ ਜੋ ਮਨੁੱਖ ਗੁਰੂ ਅਨੁਸਾਰੀ ਹੋ ਕੇ ਚੱਲਦਾ ਹੈ, ਉਸ ਦੀ ਸੁਰਤਿ ਪਰਮਾਤਮ-ਸੁਰਤਿ ਵਿਚ ਜੁੜੀ ਹੁੰਦੀ ਹੈ ਅਤੇ ਉਸ ਅੰਦਰ ਅਡੋਲਤਾ ਦਾ ਸੰਚਾਰ ਹੁੰਦਾ ਹੈ ਅਤੇ ਉਸ ਦਾ ਮਨ ਅਕਾਲ ਪੁਰਖ ਦੇ ਨਾਮ ਵਿਚ ਜੁੜਿਆ ਰਹਿੰਦਾ ਹੈ। ਉਸ ਦੇ ਮਨ ਨੂੰ ਅਕਾਲ ਪੁਰਖ ਦਾ ਨਾਮ ਸਿਮਰਨਾ ਚੰਗਾ ਲੱਗਦਾ ਹੈ ਅਤੇ ਉਹ ਦਿਨ ਰਾਤ ਅਕਾਲ ਪੁਰਖ ਦੇ ਪ੍ਰੇਮ-ਰੰਗ ਵਿਚ ਰੰਗਿਆ ਰਹਿੰਦਾ ਹੈ। ਗੁਰਮੁਖਿ ਹਰ ਥਾਂ ਅਕਾਲ ਪੁਰਖ ਨੂੰ ਹੀ ਦੇਖਦਾ ਹੈ ਅਤੇ ਅਕਾਲ ਪੁਰਖ ਦੀ ਹੀ ਸਿਫਤਿ-ਸਾਲਾਹ ਕਰਦਾ ਹੈ ਅਤੇ ਉਸ ਨੂੰ ਰੱਬੀ-ਮਿਲਾਪ ਰਾਹੀਂ ਜੋ ਸਹਿਜ ਅਵਸਥਾ ਪ੍ਰਾਪਤ ਹੁੰਦੀ ਹੈ, ਉਸ ਦੇ ਪ੍ਰੇਮ ਵਿਚ ਟਿਕਿਆ ਰਹਿੰਦਾ ਹੈ। ਗੁਰੂ ਅਮਰਦਾਸ ਫਰਮਾਉਂਦੇ ਹਨ ਕਿ ਗੁਰਮੁਖਿ ਵਿਵੇਕ ਬੁਧਿ ਪ੍ਰਾਪਤ ਕਰ ਲੈਂਦਾ ਹੈ ਜਿਸ ਨਾਲ ਉਸ ਦੇ ਅੰਦਰੋਂ ਅਗਿਆਨ-ਰੂਪੀ ਹਨੇਰਾ ਖਤਮ ਹੋ ਜਾਂਦਾ ਹੈ। ਜਿਸ 'ਤੇ ਧੁਰੋਂ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ, ਉਹ ਗੁਰਮੁਖਿ ਮਨੁੱਖ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦੇ ਹਨ,

ਗੁਰਮੁਖਿ ਧਿਆਨ ਸਹਜ ਧੁਨਿ ਉਪਜੈ
ਸਚਿ ਨਾਮਿ ਚਿਤੁ ਲਾਇਆ॥
ਗੁਰਮੁਖਿ ਅਨਦਿਨੁ ਰਹੈ ਰੰਗਿ ਰਾਤਾ
ਹਰਿ ਕਾ ਨਾਮੁ ਮਨਿ ਭਾਇਆ॥
ਗੁਰਮੁਖਿ ਹਰਿ ਵੇਖਹਿ ਗੁਰਮੁਖਿ ਹਰਿ ਬੋਲਹਿ
ਗੁਰਮੁਖਿ ਹਰਿ ਸਹਜਿ ਰੰਗੁ ਲਾਇਆ॥
ਨਾਨਕ ਗੁਰਮੁਖਿ ਗਿਆਨੁ ਪਰਾਪਤਿ ਹੋਵੈ
ਤਿਮਰ ਅਗਿਆਨੁ ਅਧੇਰੁ ਚੁਕਾਇਆ॥
ਜਿਸ ਨੋ ਕਰਮੁ ਹੋਵੈ ਧੁਰਿ ਪੂਰਾ
ਤਿਨਿ ਗੁਰਮੁਖਿ ਹਰਿ ਨਾਮੁ ਧਿਆਇਆ॥੧॥
(ਪੰਨਾ ੫੧੨)

ਗੁਰੂ ਅਮਰਦਾਸ ਦੱਸਦੇ ਹਨ ਕਿ ਜਿਨ੍ਹਾਂ ਨੇ ਗੁਰੂ ਦਾ ਹੁਕਮ ਨਹੀਂ ਮੰਨਿਆ, ਜਿਨ੍ਹਾਂ ਨੇ ਗੁਰੂ ਦੇ ਸ਼ਬਦ ਨਾਲ ਪਿਆਰ ਨਹੀਂ ਪਾਇਆ ਤੇ ਇੱਕ ਮਨ-ਚਿੱਤ ਹੋ ਕੇ ਸਹਿਜ ਰੂਪ ਵਿਚ ਉਸ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਨਹੀਂ ਕੀਤਾ, ਉਨ੍ਹਾਂ ਦਾ ਸੰਸਾਰ 'ਤੇ ਆਉਣਾ ਬੇਅਰਥ ਹੈ। ਅਜਿਹੇ ਮਨੁੱਖ ਵਾਰ ਵਾਰ ਜੂਨਾਂ ਵਿਚ ਆਉਂਦੇ ਅਤੇ ਮਰਦੇ ਰਹਿੰਦੇ ਹਨ। ਲਾਲਚ ਵਿਚ ਪੈ ਕੇ ਉਹ ਆਪਣਾ ਜਨਮ ਗੁਆ ਲੈਂਦੇ ਹਨ ਕਿਉਂਕਿ ਨਾ ਉਹ ਇਸ ਦੁਨੀਆਂ ਜੋਗੇ ਰਹਿੰਦੇ ਹਨ ਅਤੇ ਨਾ ਹੀ ਅਗਲੀ ਦੁਨੀਆਂ ਜੋਗੇ। ਗੁਰੂ ਜੀ ਕਹਿੰਦੇ ਹਨ ਕਿ ਗੁਰੂ ਦੇ ਸਨਮੁਖ ਹੋ ਕੇ ਚੱਲਣ ਵਾਲੇ ਮਨੁੱਖ, ਗੁਰੂ ਵੱਲ ਮੂੰਹ ਕਰਕੇ ਚੱਲਣ ਵਾਲੇ ਮਨੁੱਖ ਇਸ ਸੰਸਾਰ ਤੋਂ ਪਾਰ ਲੱਗ ਜਾਂਦੇ ਹਨ ਕਿਉਂਕਿ ਕਰਤਾ ਪੁਰਖ ਨੇ ਆਪ ਉਨ੍ਹਾਂ ਨੂੰ ਆਪਣੇ ਨਾਲ ਮੇਲ ਲਿਆ ਹੈ,

ਸਤਿਗੁਰੁ ਜਿਨਾ ਨ ਸੇਵਿਓ
ਸਬਦਿ ਨ ਲਗੋ ਪਿਆਰੁ॥
ਸਹਜੇ ਨਾਮੁ ਨ ਧਿਆਇਆ
ਕਿਤੁ ਆਇਆ ਸੰਸਾਰਿ॥
ਫਿਰਿ ਫਿਰਿ ਜੂਨੀ ਪਾਈਐ
ਵਿਸਟਾ ਸਦਾ ਖੁਆਰੁ॥
ਕੂੜੈ ਲਾਲਚਿ ਲਗਿਆ
ਨਾ ਉਰਵਾਰੁ ਨ ਪਾਰੁ॥
ਨਾਨਕ ਗੁਰਮੁਖਿ ਉਬਰੇ
ਜਿ ਆਪਿ ਮੇਲੇ ਕਰਤਾਰਿ॥੨॥
(ਪੰਨਾ ੫੧੨-੧੩)

ਅੱਗੇ ਗਿਆਰਵੀਂ ਪਉੜੀ ਵਿਚ ਅਕਾਲ ਪੁਰਖ ਦੀ ਭਗਤੀ ਵਿਚ ਲੱਗੇ ਹੋਏ ਜਿਉੜਿਆਂ ਦੀ ਗੱਲ ਕੀਤੀ ਗਈ ਹੈ ਕਿ ਪਰਮਾਤਮਾ ਦੇ ਨਾਮ ਦੀ ਬੰਦਗੀ ਕਰਨ ਵਾਲੇ ਮਨੁੱਖ ਉਸ ਸੱਚੇ ਦਰ 'ਤੇ ਸ਼ੋਭਾ ਦਿੰਦੇ ਹਨ ਅਤੇ ਉਹ ਸੱਚੇ ਸ਼ਬਦ ਰਾਹੀਂ ਸਹਿਜ ਵਿਚ ਟਿਕੇ ਰਹਿੰਦੇ ਹਨ। ਉਨ੍ਹਾਂ ਦੇ ਮਨ ਵਿਚ ਅਕਾਲ ਪੁਰਖ ਦਾ ਪ੍ਰੇਮ ਪੈਦਾ ਹੁੰਦਾ ਹੈ ਅਤੇ ਪਰਮਾਤਮ-ਪ੍ਰੇਮ ਦੀ ਉਨ੍ਹਾਂ ਨੂੰ ਖਿੱਚ ਲੱਗੀ ਰਹਿੰਦੀ ਹੈ। ਉਹ ਸਦੀਵੀ ਅਕਾਲ ਪੁਰਖ ਦੇ ਪਿਆਰ ਵਿਚ ਰਹਿੰਦੇ ਹਨ ਅਤੇ ਆਪਣੀ ਰਸਨਾ ਨਾਲ ਪਰਮਾਤਮਾ ਦੇ ਨਾਮ ਦਾ ਰਸ ਪੀਂਦੇ ਹਨ। ਅਜਿਹੇ ਮਨੁੱਖਾਂ ਦਾ ਜਨਮ ਲੈਣਾ ਸਫਲ ਹੈ ਜਿਨ੍ਹਾਂ ਨੇ ਗੁਰੂ ਦੇ ਸਨਮੁਖ ਹੋ ਕੇ ਉਸ ਪਰਵਰਦਗਾਰ ਨੂੰ ਪਛਾਣਿਆ ਹੈ ਅਤੇ ਆਪਣੇ ਅੰਦਰ ਵਸਾਇਆ ਹੈ। ਗੁਰੂ ਤੋਂ ਬਿਨਾਂ ਇਹ ਦੁਨੀਆਂ ਮਾਇਆਵੀ ਪਿਆਰ ਵਿਚ ਪੈ ਕੇ ਕੁਰਲਾਉਂਦੀ ਫਿਰਦੀ ਹੈ,

ਭਗਤ ਸਚੈ ਦਰਿ ਸੋਹਦੇ
ਸਚੈ ਸਬਦਿ ਰਹਾਏ॥
ਹਰਿ ਕੀ ਪ੍ਰੀਤਿ ਤਿਨ ਊਪਜੀ
ਹਰਿ ਪ੍ਰੇਮ ਕਸਾਏ॥
ਹਰਿ ਰੰਗਿ ਰਹਹਿ ਸਦਾ ਰੰਗਿ ਰਾਤੇ
ਰਸਨਾ ਹਰਿ ਰਸੁ ਪਿਆਏ॥
ਸਫਲੁ ਜਨਮੁ ਜਿਨ੍ਹੀ ਗੁਰਮੁਖਿ ਜਾਤਾ
ਹਰਿ ਜੀਉ ਰਿਦੈ ਵਸਾਏ॥
ਬਾਝੁ ਗੁਰੂ ਫਿਰੈ ਬਿਲਲਾਦੀ
ਦੂਜੈ ਭਾਇ ਖੁਆਏ॥੧੧॥ (ਪੰਨਾ ੫੧੩)

ਅਗਲੇ ਸਲੋਕ ਵਿਚ ਅਕਾਲ ਪੁਰਖ ਦੇ ਨਾਮ ਦੀ ਮਹਿਮਾ ਦੱਸੀ ਗਈ ਹੈ ਅਤੇ ਕਿਹਾ ਗਿਆ ਹੈ ਕਿ ਇਸ ਕਲਿਜੁਗ ਦੇ ਸਮੇਂ ਵਿਚ ਅਕਾਲ ਪੁਰਖ ਦਾ ਨਾਮ ਇੱਕ ਅਜਿਹਾ ਖਜ਼ਾਨਾ ਹੈ ਜੋ ਪਰਮਾਤਮ-ਭਗਤੀ ਕਰਕੇ ਪ੍ਰਾਪਤ ਕਰ ਸਕੀਦਾ ਹੈ ਅਤੇ ਇਸ ਰਾਹੀਂ ਮਨੁੱਖ ਨੂੰ ਜੀਵਨ ਵਿਚ ਉਤਮ ਪਦਵੀ ਅਕਾਲ ਪੁਰਖ ਨਾਲ ਮਿਲਾਪ ਪ੍ਰਾਪਤ ਹੁੰਦਾ ਹੈ, ਸਤਿਕਾਰ ਮਿਲਦਾ ਹੈ। ਅਕਾਲ ਪੁਰਖ ਦੀ ਬੰਦਗੀ ਕਰਨ ਵਾਲੇ ਮਨੁੱਖ ਨੇ ਗੁਰੂ ਦੇ ਹੁਕਮ ਵਿਚ ਚੱਲ ਕੇ ਅਕਾਲ ਪੁਰਖ ਦੇ ਨਾਮ ਨੂੰ ਆਪਣੇ ਮਨ ਵਿਚ ਵਸਾਇਆ ਹੈ ਅਤੇ ਹਰ ਸਮੇਂ ਉਸ ਦੇ ਨਾਮ ਦਾ ਸਿਮਰਨ ਕੀਤਾ ਹੈ। ਗੁਰੂ ਦੇ ਬਚਨ ਨੂੰ ਮੰਨ ਕੇ ਉਸ ਨੇ ਆਪਣੇ ਅੰਦਰੋਂ ਹਉਮੈ ਅਤੇ ਮਾਇਆ-ਮੋਹ ਨੂੰ ਦੂਰ ਕਰ ਦਿੱਤਾ ਹੈ ਜਿਸ ਕਰਕੇ ਸੰਸਾਰੀ ਜੀਵਨ ਜਿਉਂਦੇ ਹੋਏ ਹੀ ਇਸ ਦੇ ਝਮੇਲਿਆਂ ਤੋਂ ਉਪਰ ਉਠ ਗਿਆ ਹੈ। ਅਜਿਹੇ ਮਨੁੱਖ ਦਾ ਦੁਨੀਆਂ 'ਤੇ ਜਨਮ ਲੈਣਾ ਸਫਲ ਹੈ ਅਤੇ ਉਸ ਨੂੰ ਪੈਦਾ ਕਰਨ ਵਾਲੀ ਮਾਂ ਧੰਨ ਹੈ ਕਿਉਂਕਿ ਉਹ ਆਪ ਵੀ ਇਸ ਸੰਸਾਰ ਸਾਗਰ ਤੋਂ ਪਾਰ ਲੰਘ ਗਿਆ ਹੈ ਅਤੇ ਬਾਕੀ ਦੁਨੀਆਂ ਨੂੰ ਵੀ ਪਾਰ ਲੰਘਾ ਲੈਂਦਾ ਹੈ। ਅਜਿਹੇ ਸਤਿਗੁਰੂ ਨਾਲ ਉਸ ਮਨੁੱਖ ਦਾ ਮੇਲ ਹੁੰਦਾ ਹੈ ਜਿਸ ਦੇ ਮਸਤਕ ਵਿਚ ਧੁਰ ਪਰਮਾਤਮਾ ਵਲੋਂ ਇਹ ਮੇਲ ਲਿਖਿਆ ਹੁੰਦਾ ਹੈ। ਗੁਰੂ ਅਮਰਦਾਸ ਕਹਿੰਦੇ ਹਨ ਕਿ ਉਹ ਆਪਣੇ ਗੁਰੂ ਤੋਂ ਸਦਕੇ ਜਾਂਦੇ ਹਨ ਜਿਸ ਨੇ ਸੰਸਾਰਕ ਭਰਮਾਂ ਵਿਚੋਂ ਕੱਢ ਕੇ ਭੁੱਲੇ ਹੋਏ ਨੂੰ ਸਹੀ ਰਸਤਾ ਦਿਖਾ ਦਿੱਤਾ ਹੈ ਅਤੇ ਉਸ 'ਤੇ ਤੋਰਿਆ ਹੈ,

ਕਲਿਜੁਗ ਮਹਿ ਨਾਮੁ ਨਿਧਾਨੁ ਭਗਤੀ
ਖਟਿਆ ਹਰਿ ਉਤਮ ਪਦੁ ਪਾਇਆ॥
ਸਤਿਗੁਰ ਸੇਵਿ ਹਰਿ ਨਾਮੁ ਮਨਿ ਵਸਾਇਆ
ਅਨਦਿਨੁ ਨਾਮੁ ਧਿਆਇਆ॥
ਵਿਚੇ ਗ੍ਰਿਹ ਗੁਰਬਚਨਿ ਉਦਾਸੀ
ਹਉਮੈ ਮੋਹੁ ਜਲਾਇਆ॥
ਆਪਿ ਤਰਿਆ ਕੁਲ ਜਗਤੁ ਤਰਾਇਆ
ਧੰਨੁ ਜਣੇਦੀ ਮਾਇਆ॥
ਐਸਾ ਸਤਿਗੁਰੁ ਸੋਈ ਪਾਏ
ਜਿਸੁ ਧੁਰਿ ਮਸਤਕਿ ਹਰਿ ਲਿਖਿ ਪਾਇਆ॥
ਜਨ ਨਾਨਕ ਬਲਿਹਾਰੀ ਗੁਰ ਆਪਣੇ ਵਿਟਹੁ
ਜਿਨਿ ਭ੍ਰਮਿ ਭੁਲਾ ਮਾਰਗਿ ਪਾਇਆ॥੧॥
(ਪੰਨਾ ੫੧੩)

ਗੁਰਮਤਿ ਅਨੁਸਾਰ ਹਉਮੈ ਹਰ ਤਰ੍ਹਾਂ ਦੀ ਹੀ ਮਾੜੀ ਹੈ ਜੋ ਮਨੁੱਖ ਦੇ ਮਨ ਵਿਚ ਕਈ ਤਰ੍ਹਾਂ ਦੇ ਵਿਕਾਰ ਪੈਦਾ ਕਰਦੀ ਹੈ। ਇਸੇ ਲਈ ਇਸ ਨੂੰ 'ਦੀਰਘ ਰੋਗ' ਕਿਹਾ ਗਿਆ ਹੈ ਪਰ ਧਾਰਮਿਕ ਹਉਮੈ ਨੂੰ ਸਭ ਤੋਂ ਬੁਰੀ ਮੰਨਿਆ ਗਿਆ ਹੈ ਕਿਉਂਕਿ ਧਾਰਮਿਕ ਅਹੰਕਾਰ ਮਨੁੱਖ ਨੂੰ ਨਾ ਸਿਰਫ ਆਪਣੇ ਮਾਰਗ ਤੋਂ ਵਿਚਲਿਤ ਕਰਦਾ ਹੈ ਬਲਕਿ ਇਸ ਨਾਲ ਸਮਾਜਿਕ ਨੁਕਸਾਨ ਵੀ ਹੁੰਦਾ ਹੈ ('ਘਰ ਵਾਪਸੀ' ਦੇ ਨਾਮ 'ਤੇ ਜੋ ਕੁਝ ਭਾਰਤ ਵਿਚ ਦੂਜੇ ਧਰਮ ਦੇ ਲੋਕਾਂ ਨਾਲ ਹੋ ਰਿਹਾ ਹੈ, ਉਹ ਧਾਰਮਿਕ ਹਉਮੈ ਦੀ ਇੱਕ ਉਦਾਹਰਣ ਹੈ)।

ਅਗਲੇ ਸਲੋਕ ਵਿਚ ਗੁਰੂ ਸਾਹਿਬ ਨੇ ਧਾਰਮਿਕ ਸਮਝੇ ਜਾਣ ਵਾਲੇ ਬੰਦਿਆਂ ਦੀ ਗੱਲ ਕੀਤੀ ਹੈ ਜੋ ਆਪਣੇ ਧਾਰਮਿਕ ਹੋਣ ਦੀ ਹਉਮੈ ਕਾਰਨ ਆਪਣੇ ਰਸਤੇ ਤੋਂ ਵਿਚਲਿਤ ਹੋ ਗਏ ਹਨ। ਗੁਰੂ ਅਮਰਦਾਸ ਬਿਆਨ ਕਰਦੇ ਹਨ ਕਿ ਮਨੁੱਖ ਭਾਵੇਂ ਉਹ ਵਿਦਵਾਨ ਜਾਂ ਸੰਸਾਰ ਤੋਂ ਸੰਨਿਆਸ ਲੈਣ ਵਾਲੇ ਹੀ ਹਨ, ਇਸ ਤ੍ਰੈਗੁਣਤਾਮਕ ਮਾਇਆ ਵਿਚ ਫਸੇ ਹੋਏ ਆਪਣੇ ਰਸਤੇ ਤੋਂ ਭੁੱਲੇ ਫਿਰਦੇ ਦੁਖੀ ਹੋ ਰਹੇ ਹਨ ਜਿਵੇਂ ਦੀਪਕ ਨੂੰ ਦੇਖ ਕੇ ਪਤੰਗਾ ਭੁੱਲ ਜਾਂਦਾ ਹੈ ਅਤੇ ਦੀਵੇ ਉਤੇ ਸੜ ਕੇ ਸੁਆਹ ਹੋ ਜਾਂਦਾ ਹੈ। ਪੰਡਿਤ ਦੂਸਰਿਆਂ ਨੂੰ ਉਪਦੇਸ਼ ਦਿੰਦਾ ਹੈ, ਧਾਰਮਿਕ ਸਿੱਖਿਆ ਦਿੰਦਾ ਹੈ ਪਰ ਉਹ ਵੀ ਮਾਇਆ ਵਿਚ ਫਸਿਆ ਹੋਇਆ ਆਪਣਾ ਧਿਆਨ ਇਹ ਦੇਖਣ ਵਿਚ ਲਾਈ ਰੱਖਦਾ ਹੈ ਕਿ ਕਿਸੇ ਨੇ ਭੇਟ ਵਿਚ ਕੀ ਚੜ੍ਹਾਵਾ ਚਾੜ੍ਹਿਆ ਹੈ। ਇਸ ਤਰ੍ਹਾਂ ਮਾਇਆ ਦੇ ਪਿਆਰ ਵਿਚ ਉਹ ਮਾਇਆ ਦਾ ਪਾਠ ਹੀ ਪੜ੍ਹਦਾ ਹੈ ਅਤੇ ਪਰਮਾਤਮਾ ਨੇ ਆਪਣੇ ਨਾਮ ਵਲੋਂ ਉਸ ਨੂੰ ਖੁੰਝਾ ਦਿੱਤਾ ਹੈ। ਜੋਗੀ, ਜੰਗਮ ਅਤੇ ਸੰਨਿਆਸੀ ਆਪਣੇ ਵਲੋਂ ਤਾਂ ਇਹ ਤਿੰਨੇ ਹੀ ਸੰਸਾਰ ਤੋਂ ਵਿਰਕਤ ਹੋਣ ਵਾਲੇ, ਸੰਸਾਰ ਦਾ ਤਿਆਗ ਕਰਨ ਵਾਲੇ ਆਪਣੇ ਆਪ ਨੂੰ ਕਹਾਉਂਦੇ ਹਨ ਪਰ ਆਪਣੇ ਤਿਆਗ ਦੀ ਹਉਮੈ ਕਾਰਨ ਉਨ੍ਹਾਂ ਅੰਦਰ ਵੀ ਅਹੰਕਾਰ ਪੈਦਾ ਹੋ ਗਿਆ ਹੈ ਅਤੇ ਉਹ ਗ੍ਰਿਹਸਥੀਆਂ ਦੀ ਦਿੱਤੀ ਭਿੱਖਿਆ ਅਤੇ ਬਸਤਰਾਂ 'ਤੇ ਆਸਰਿਤ ਹੋ ਕੇ ਵੀ ਗ੍ਰਿਹਸਥੀਆਂ ਨੂੰ ਤ੍ਰਿਸਕਾਰ ਨਾਲ ਦੇਖਦੇ ਹਨ ਅਤੇ ਥੋੜਾ ਕੱਪੜਾ ਜਾਂ ਭੋਜਨ ਸ਼ਰਧਾ ਨਾਲ ਦਿੱਤੀ ਭਿੱਖਿਆ ਵਿਚ ਨਹੀਂ ਲੈਂਦੇ ਅਤੇ ਇਸ ਮਨ ਦੇ ਹੱਠ ਅਤੇ ਅਹੰਕਾਰ ਕਾਰਨ ਉਨ੍ਹਾਂ ਨੇ ਆਪਣਾ ਜੀਵਨ ਨਾਮ ਤੋਂ ਬਿਨਾਂ ਅਜਾਈਂ ਗੁਆ ਲਿਆ ਹੈ। ਇਨ੍ਹਾਂ ਸਾਰਿਆਂ ਵਿਚੋਂ ਉਹ ਮਨੁੱਖ ਸਹਿਜ ਅਵਸਥਾ ਵਾਲਾ ਹੈ, ਪੂਰਨ ਅਵਸਥਾ ਵਾਲਾ ਹੈ ਜੋ ਗੁਰੂ ਦੇ ਸਨਮੁਖ ਹੈ, ਗੁਰੂ ਦੀ ਸਿੱਖਿਆ 'ਤੇ ਚੱਲਦਾ ਹੈ ਅਤੇ ਨਾਮ ਦਾ ਸਿਮਰਨ ਕਰਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਇਸ ਮਾਇਆ ਤੋਂ ਬਚਣ ਲਈ ਕਿਸ ਅੱਗੇ ਫਰਿਆਦ ਕੀਤੀ ਜਾਵੇ? ਸਾਰੇ ਉਸ ਅਕਾਲ ਪੁਰਖ ਦੀ ਪ੍ਰੇਰਨਾ ਨਾਲ ਹੀ ਕਾਰ ਕਰ ਰਹੇ ਹਨ, ਸੋ ਅਰਦਾਸ ਵੀ ਉਸ ਅਕਾਲ ਪੁਰਖ ਅੱਗੇ ਹੀ ਕੀਤੀ ਹੋਈ ਸਹਾਇਤਾ ਕਰਦੀ ਹੈ,

ਤ੍ਰੈਗੁਣ ਮਾਇਆ ਵੇਖਿ ਭੁਲੇ ਜਿਉ
ਦੇਖਿ ਦੀਪਕਿ ਪਤੰਗ ਪਚਾਇਆ॥
ਪੰਡਿਤ ਭੁਲਿ ਭੁਲਿ ਮਾਇਆ ਵੇਖਹਿ ਦਿਖਾ
ਕਿਨੈ ਕਿਹੁ ਆਣਿ ਚੜਾਇਆ॥
ਦੂਜੈ ਭਾਇ ਪੜਹਿ ਨਿਤ ਬਿਖਿਆ
ਨਾਵਹੁ ਦਯਿ ਖੁਆਇਆ॥
ਜੋਗੀ ਜੰਗਮ ਸੰਨਿਆਸੀ ਭੁਲੇ
ਓਨ੍ਹਾ ਅਹੰਕਾਰ ਬਹੁ ਗਰਬੁ ਵਧਾਇਆ॥
ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ
ਮਨ ਹਠਿ ਜਨਮੁ ਗਵਾਇਆ॥
ਏਤੜਿਆ ਵਿਚਹੁ ਸੋ ਜਨੁ ਸਮਧਾ
ਜਿਨਿ ਗੁਰਮੁਖਿ ਨਾਮੁ ਧਿਆਇਆ॥
ਜਨ ਨਾਨਕ ਕਿਸ ਨੋ ਆਖਿ ਸੁਣਾਈਐ
ਜਾ ਕਰਦੇ ਸਭਿ ਕਰਾਇਆ॥੨॥
(ਪੰਨਾ ੫੧੩)

ਅੱਗੇ ਉਨ੍ਹਾਂ ਵਿਕਾਰਾਂ ਅਤੇ ਔਗੁਣਾਂ ਦੀ ਗੱਲ ਕੀਤੀ ਗਈ ਹੈ ਜਿਨ੍ਹਾਂ ਨੂੰ ਗੁਰਮਤਿ ਵਿਚ ਪੰਜ ਚੋਰ ਵੀ ਕਿਹਾ ਜਾਂਦਾ ਹੈ ਕਿਉਂਕਿ ਉਹ ਮਨੁੱਖ ਕੋਲੋਂ ਸਾਰੇ ਚੰਗੇ ਗੁਣਾਂ ਨੂੰ ਖੋਹ ਲੈਂਦੇ ਹਨ। ਗੁਰੂ ਅਮਰਦਾਸ ਇਸ ਪਉੜੀ ਵਿਚ ਦੱਸਦੇ ਹਨ ਕਿ ਮਾਇਆ, ਮੋਹ, ਕਾਮ, ਕ੍ਰੋਧ ਅਤੇ ਅਹੰਕਾਰ ਭੂਤ-ਪ੍ਰੇਤ ਹਨ, ਇਹ ਜਮਰਾਜ ਦੀ ਰਿਆਇਆ ਹਨ ਕਿਉਂਕਿ ਇਨ੍ਹਾਂ ਉਤੇ ਜਮਰਾਜ ਦਾ ਜ਼ੋਰ ਚੱਲਦਾ ਹੈ। ਮਨਮੁਖ ਕਿਉਂਕਿ ਆਪਣੇ ਮਨ ਦੀ ਮਤਿ ਅਨੁਸਾਰ ਚੱਲਦਾ ਹੈ, ਉਸ ਨੂੰ ਮਾਇਆ ਨਾਲ ਮੋਹ ਹੁੰਦਾ ਹੈ, ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਉਸ ਦੇ ਮਨ 'ਤੇ ਕਾਬੂ ਪਾ ਲੈਂਦੇ ਹਨ ਜਿਸ ਕਰਕੇ ਉਸ ਨੂੰ ਇਹ ਵਿਕਾਰ ਮਿਲ ਕੇ ਜਮਾਂ ਦੇ ਮਾਰਗ 'ਤੇ ਪਾ ਦਿੰਦੇ ਹਨ। ਉਸ ਨੂੰ ਜਮਾਂ ਦੀ ਮਾਰ ਸਹਿਣੀ ਪੈਂਦੀ ਹੈ ਅਤੇ ਇਸ ਦੁੱਖ ਦੀ ਘੜੀ ਜੇ ਉਹ ਮਦਦ ਲਈ ਪੁਕਾਰਦਾ ਹੈ ਤਾਂ ਕੋਈ ਉਸ ਦੀ ਪੁਕਾਰ ਨਹੀਂ ਸੁਣਦਾ। ਗੁਰੂ ਸਾਹਿਬ ਦੱਸਦੇ ਹਨ ਕਿ ਜਿਸ ਮਨੁੱਖ ਉਤੇ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ, ਉਸ ਦਾ ਮੇਲ ਗੁਰੂ ਨਾਲ ਹੁੰਦਾ ਹੈ ਅਤੇ ਗੁਰੂ ਦੇ ਸਨਮੁਖ ਹੋ ਕੇ ਉਹ ਅਕਾਲ ਪੁਰਖ ਦਾ ਨਾਮ ਸਿਮਰਦਾ ਹੈ ਜਿਸ ਰਾਹੀਂ ਇਸ ਭਵਸਾਗਰ ਤੋਂ ਪਾਰ ਲੰਘ ਜਾਂਦਾ ਹੈ,

ਮਾਇਆ ਮੋਹੁ ਪਰੇਤੁ ਹੈ
ਕਾਮੁ ਕ੍ਰੋਧੁ ਅਹੰਕਾਰਾ॥
ਏਹ ਜਮ ਕੀ ਸਿਰਕਾਰ ਹੈ
ਏਨ੍ਹਾ ਉਪਰਿ ਜਮ ਕਾ ਡੰਡੁ ਕਰਾਰਾ॥
ਮਨਮੁਖ ਜਮ ਮਗਿ ਪਾਈਅਨ੍ਹਿ
ਜਿਨ੍ਹ ਦੂਜਾ ਭਾਉ ਪਿਆਰਾ॥
ਜਮਪੁਰਿ ਬਧੇ ਮਾਰੀਅਨਿ
ਕੋ ਸੁਣੈ ਨਾ ਪੂਕਾਰਾ॥
ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ
ਮਿਲੈ ਗੁਰਮੁਖਿ ਨਿਸਤਾਰਾ॥੧੨॥
(ਪੰਨਾ ੫੧੩)

ਉਪਰ ਮਾਇਆ-ਮੋਹ ਦੀ ਗੱਲ ਕੀਤੀ ਗਈ ਹੈ ਅਤੇ ਇਸ ਸਲੋਕ ਵਿਚ ਗੁਰੂ ਅਮਰਦਾਸ ਸਮਝਾ ਰਹੇ ਹਨ ਕਿ ਹਉਮੈ ਅਤੇ ਮਾਇਆ ਦਾ ਮੋਹ ਅਜਿਹਾ ਹੈ ਜੋ ਆਪਣੇ ਮਨ ਦੀ ਮਤਿ ਪਿੱਛੇ ਚੱਲਣ ਵਾਲੇ ਮਨੁੱਖਾਂ ਨੂੰ ਬਰਬਾਦ ਕਰ ਦਿੰਦਾ ਹੈ। ਜੋ ਮਨੁੱਖ ਰੱਬ ਵਲੋਂ ਆਪਣਾ ਮੋਹ ਤੋੜ ਕੇ ਮਾਇਆ ਨਾਲ ਮਨ ਜੋੜਦੇ ਹਨ, ਉਨ੍ਹਾਂ ਨੂੰ ਇਹ ਚੰਬੜ ਜਾਂਦੀ ਹੈ ਅਤੇ ਆਪਣੇ ਕਾਬੂ ਵਿਚ ਕਰ ਲੈਂਦੀ ਹੈ। ਜੇ ਗੁਰੂ ਦੇ ਸ਼ਬਦ ਰਾਹੀਂ ਇਸ ਨੂੰ ਆਪਣੇ ਅੰਦਰੋਂ ਪੂਰੀ ਤਰ੍ਹਾਂ ਸਾੜ ਦੇਈਏ ਤਾਂ ਇਹ ਮਨ ਵਿਚੋਂ ਦੂਰ ਹੋ ਜਾਂਦੀ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਇਸ ਮਾਇਆ ਰੂਪੀ ਰੋਗ ਨੂੰ ਮਾਰਨ ਵਾਲੀ ਦੁਆਈ ਇੱਕ ਅਕਾਲ ਪੁਰਖ ਦਾ ਨਾਮ ਹੈ ਜਿਸ ਨੂੰ ਗੁਰੂ ਦੇ ਸਨਮੁਖ ਹੋ ਕੇ ਪਾ ਸਕੀਦਾ ਹੈ,

ਹਉਮੈ ਮਮਤਾ ਮੋਹਣੀ
ਮਨਮੁਖਾ ਨੋ ਗਈ ਖਾਇ॥
ਜੋ ਮੋਹਿ ਦੂਜੈ ਚਿਤੁ ਲਾਇਦੇ
ਤਿਨਾ ਵਿਆਪਿ ਰਹੀ ਲਪਟਾਇ॥
ਗੁਰ ਕੈ ਸਬਦਿ ਪਰਜਾਲੀਐ
ਤਾ ਏਹ ਵਿਚਹੁ ਜਾਇ॥
ਤਨੁ ਮਨੁ ਹੋਵੈ ਉਜਲਾ
ਨਾਮੁ ਵਸੈ ਮਨਿ ਆਇ॥
ਨਾਨਕ ਮਾਇਆ ਕਾ ਮਾਰਣੁ ਹਰਿ ਨਾਮੁ ਹੈ
ਗੁਰਮੁਖਿ ਪਾਇਆ ਜਾਇ॥੧॥ (ਪੰਨਾ ੫੧੩)

ਅਗਲੇ ਸਲੋਕ ਵਿਚ ਗੁਰੂ ਅਮਰਦਾਸ ਦੱਸਦੇ ਹਨ ਕਿ ਮਨੁੱਖ ਦਾ ਮਨ ਕਈ ਜੁਗਾਂ ਤੱਕ ਭਰਮ ਵਿਚ ਭਟਕਦਾ ਹੋਇਆ ਜੰਮਦਾ ਤੇ ਮਰਦਾ ਰਹਿੰਦਾ ਹੈ, ਸਹਿਜ ਅਵਸਥਾ ਵਿਚ ਨਹੀਂ ਆਉਂਦਾ। ਇਹ ਉਸ ਰੱਬ ਦਾ ਭਾਣਾ ਹੈ ਕਿ ਉਸ ਨੇ ਇਹ ਸੰਸਾਰ ਦਾ ਠੱਗਣ ਵਾਲਾ ਪਰਪੰਚ ਬਣਾਇਆ ਹੈ ਅਤੇ ਇਸ ਖੇਡ ਵਿਚ ਮਨੁੱਖ ਨੂੰ ਭਰਮਾਇਆ ਹੋਇਆ ਹੈ। ਜਦੋਂ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ ਤਾਂ ਮਨੁੱਖ ਨੂੰ ਗੁਰੂ ਮਿਲ ਪੈਂਦਾ ਹੈ ਜਿਸ ਨਾਲ ਮਨ ਸਹਿਜ ਵਿਚ ਆਉਂਦਾ ਹੈ ਅਤੇ ਟਿਕ ਜਾਂਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਇਸ ਤਰ੍ਹਾਂ ਇਹ ਮਨ ਰੱਬ ਦੇ ਨਾਮ ਵਿਚ ਭਿੱਜ ਜਾਂਦਾ ਹੈ ਅਤੇ ਫਿਰ ਨਾ ਕੁਝ ਮਰਦਾ ਹੈ ਅਤੇ ਨਾ ਹੀ ਜੰਮਦਾ ਹੈ,

ਇਹੁ ਮਨੁ ਕੇਤੜਿਆ ਜੁਗ ਭਰਮਿਆ
ਥਿਰੁ ਰਹੈ ਨ ਆਵੈ ਜਾਇ॥
ਹਰਿ ਭਾਣਾ ਤਾ ਭਰਮਾਇਅਨੁ
ਕਰਿ ਪਰਪੰਚੁ ਖੇਲੁ ਉਪਾਇ॥
ਜਾ ਹਰਿ ਬਖਸੇ ਤਾ ਗੁਰ ਮਿਲੈ
ਅਸਥਿਰੁ ਰਹੈ ਸਮਾਇ॥
ਨਾਨਕ ਮਨ ਹੀ ਤੇ ਮਨੁ ਮਾਨਿਆ
ਨਾ ਕਿਛੁ ਮਰੈ ਨ ਜਾਇ॥੨॥
(ਪੰਨਾ ੫੧੩-੧੪)

**ਗੁਰਬਾਣੀ ਗਿਆਨ**

# ਹਉ ਤਾ ਕੈ ਬਲਿਹਾਰੀ

**ਗਉੜੀ ਮਹਲਾ ੫**
ਹਉ ਤਾ ਕੈ ਬਲਿਹਾਰੀ॥
ਜਾ ਕੈ ਕੇਵਲ ਨਾਮੁ ਅਧਾਰੀ॥੧॥ਰਹਾਉ॥
ਮਹਿਮਾ ਤਾ ਕੀ ਕੇਤਕ ਗਨੀਐ
ਜਨ ਪਾਰਬ੍ਰਹਮ ਰੰਗਿ ਰਾਤੇ॥
ਸੂਖ ਸਹਜ ਆਨੰਦ ਤਿਨਾ ਸੰਗਿ
ਉਨ ਸਮਸਰਿ ਅਵਰ ਨ ਦਾਤੇ॥੧॥
ਜਗਤ ਉਧਾਰਣ ਸੇਈ ਆਏ
ਜੋ ਜਨ ਦਰਸ ਪਿਆਸਾ॥
ਉਨ ਕੀ ਸਰਣਿ ਪਰੈ ਸੋ ਤਰਿਆ
ਸੰਤਸੰਗਿ ਪੂਰਨ ਆਸਾ॥੨॥
ਤਾ ਕੈ ਚਰਣਿ ਪਰਉ ਤਾ ਜੀਵਾ
ਜਨ ਕੈ ਸੰਗਿ ਨਿਹਾਲਾ॥
ਭਗਤਨ ਕੀ ਰੇਣੁ ਹੋਇ ਮਨੁ ਮੇਰਾ
ਹੋਹੁ ਪ੍ਰਭੂ ਕਿਰਪਾਲਾ॥੩॥
ਰਾਜੁ ਜੋਬਨੁ ਅਵਧ ਜੋ ਦੀਸੈ
ਸਭੁ ਕਿਛੁ ਜੁਗ ਮਹਿ ਘਾਟਿਆ॥
ਨਾਮੁ ਨਿਧਾਨੁ ਸਦ ਨਵਤਨੁ ਨਿਰਮਲੁ
ਇਹੁ ਨਾਨਕ ਹਰਿ ਧਨੁ ਖਾਟਿਆ॥੪॥

ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਪਿਤਾ ਜਗਤ ਦੇ ਜੀਵਾਂ ਨੂੰ ਉਪਦੇਸ਼ ਕਰਦੇ ਆਖਦੇ ਹਨ- ਹਉ ਤਾ ਕੈ ਬਲਿਹਾਰੀ, ਹੇ ਭਾਈ! ਮੈਂ ਉਨ੍ਹਾਂ ਪ੍ਰਭੂ ਦੇ ਪਿਆਰੇ ਭਗਤ ਜਨਾਂ ਤੋਂ ਸਦਾ ਹੀ ਬਲਿਹਾਰੇ ਜਾਂਦਾ ਹਾਂ; ਜਾ ਕੈ ਕੇਵਲ ਨਾਮੁ ਅਧਾਰੀ, ਜਿਨ੍ਹਾਂ ਦੇ ਅੰਦਰ ਸਿਰਫ ਤੇ ਸਿਰਫ ਉਸ ਜਗਤ ਪਿਤਾ ਪਰਮਾਤਮਾ ਦਾ ਨਾਮ ਹੀ ਵਸਿਆ ਹੋਇਆ ਹੈ ਅਤੇ ਉਸ ਮਿਹਰਵਾਨ ਪ੍ਰਭੂ ਪਿਆਰੇ ਦਾ ਸੋਹਣਾ ਨਾਮ ਹੀ ਉਨ੍ਹਾਂ ਦੀ ਜ਼ਿੰਦਗੀ ਦਾ ਓਟ ਅਤੇ ਆਸਰਾ ਹੈ।

ਮਹਿਮਾ ਤਾ ਕੀ ਕੇਤਕ ਗਨੀਐ
ਜਨ ਪਾਰਬ੍ਰਹਮ ਰੰਗਿ ਰਾਤੇ॥
ਸੂਖ ਸਹਜ ਆਨੰਦ ਤਿਨਾ ਸੰਗਿ
ਉਨ ਸਮਸਰਿ ਅਵਰ ਨ ਦਾਤੇ॥੧॥

ਸਤਿਗੁਰੂ ਗੁਰਦੇਵ ਪਿਤਾ ਜੀ ਆਖ ਰਹੇ ਹਨ- ਹੇ ਭਾਈ! ਉਨ੍ਹਾਂ ਪ੍ਰਭੂ ਦੇ ਪਿਆਰੇ ਭਗਤ ਜਨਾਂ ਦੀ ਮਹਿਮਾ ਭਲਾ ਕਿੰਨੀ ਕੁ ਵਰਣਨ ਕੀਤੀ ਜਾ ਸਕਦੀ ਹੈ, ਉਹ ਤਾਂ ਕਹਿਣ ਤੋਂ ਪਰੇ ਹੈ; ਉਹ ਪ੍ਰਭੂ ਦੇ ਜਨ ਤਾਂ ਉਸ ਪਾਰਬ੍ਰਹਮ ਗੁਰੂ ਰੰਗ ਵਿਚ ਰੰਗੇ ਪਏ ਹਨ; ਉਨ੍ਹਾਂ ਪ੍ਰਭੂ ਪਿਆਰਿਆਂ ਦੀ ਸੰਗਤ ਵਿਚ ਰਹਿ ਕੇ ਆਤਮਿਕ ਅਡੋਲਤਾ ਦਾ ਸੁਖ ਤੇ ਅਨੰਦ ਪ੍ਰਾਪਤ ਹੁੰਦਾ ਹੈ ਅਤੇ ਉਨ੍ਹਾਂ ਭਗਤ ਜਨਾਂ ਜੈਸਾ ਦਾਤਾ ਹੋਰ ਕੋਈ ਨਹੀਂ ਹੋ ਸਕਦਾ।

ਜਗਤ ਉਧਾਰਣ ਸੇਈ ਆਏ
ਜੋ ਜਨ ਦਰਸ ਪਿਆਸਾ॥
ਉਨ ਕੀ ਸਰਣਿ ਪਰੈ ਸੋ ਤਰਿਆ
ਸੰਤਸੰਗਿ ਪੂਰਨ ਆਸਾ॥੨॥

ਸਤਿਗੁਰੂ ਬਖਸ਼ਿਸ਼ ਕਰਦੇ ਆਖਦੇ ਹਨ- ਹੇ ਭਾਈ! ਜਿਨ੍ਹਾਂ ਪ੍ਰਭੂ ਦੇ ਪਿਆਰੇ ਭਗਤ ਜਨਾਂ ਨੂੰ ਆਪ ਪ੍ਰਭੂ ਦੇ ਦਰਸ਼ਨਾਂ ਦੀ ਪਿਆਸ ਲੱਗੀ ਰਹਿੰਦੀ ਹੈ, ਸਮਝ ਲਵੋ ਕਿ ਉਹੀ ਉਸ ਮਿਹਰਵਾਨ ਪ੍ਰਭੂ ਦੇ ਪਿਆਰੇ, ਵਿਕਾਰਾਂ ਦੀ ਅੱਗ ਵਿਚ ਸੜ ਰਹੇ ਜਗਤ ਜਲੰਦੇ ਦੇ ਜੀਵਾਂ ਨੂੰ ਉਧਾਰ ਕਰਨ ਲਈ ਆਏ ਹਨ। ਹੇ ਭਾਈ! ਜਿਹੜਾ ਵੀ ਜੀਵ ਉਨ੍ਹਾਂ ਦੀ ਸ਼ਰਣ ਵਿਚ ਆ ਜਾਂਦਾ ਹੈ, ਉਹ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦਾ ਹੈ। ਸੰਤਾਂ ਦੀ ਸੰਗਤ ਵਿਚ ਰਹਿ ਕੇ ਆਸਾਂ ਪੂਰੀਆਂ ਹੋ ਜਾਂਦੀਆਂ ਹਨ।

ਤਾ ਕੈ ਚਰਣਿ ਪਰਉ ਤਾ ਜੀਵਾ
ਜਨ ਕੈ ਸੰਗਿ ਨਿਹਾਲਾ॥
ਭਗਤਨ ਕੀ ਰੇਣੁ ਹੋਇ ਮਨੁ ਮੇਰਾ
ਹੋਹੁ ਪ੍ਰਭੂ ਕਿਰਪਾਲਾ॥੩॥

ਗੁਰਦੇਵ ਪਿਤਾ ਜੀ ਆਖਦੇ ਹਨ- ਹੇ ਭਾਈ! ਮੈਂ ਤਾਂ ਜਦੋਂ ਭਗਤ ਜਨਾਂ ਦੇ ਚਰਨੀਂ ਆ ਡਿਗਦਾ ਹਾਂ, ਤਾਂ ਮੈਂ ਜੀ ਉਠਦਾ ਹਾਂ; ਹੇ ਭਾਈ! ਪ੍ਰਭੂ ਦੇ ਪਿਆਰੇ ਭਗਤ ਜਨਾਂ ਦੀ ਸੰਗਤ ਵਿਚ ਰਹਿ ਕੇ ਮੈਂ ਨਿਹਾਲ ਹੋ ਜਾਂਦਾ ਹਾਂ, ਮੇਰਾ ਮਨ ਖਿੜ ਉਠਦਾ ਹੈ। ਹੁਣ ਗੁਰਦੇਵ ਜੀ ਫਿਰ ਅਰਦਾਸ ਕਰਦੇ ਆਖਦੇ ਹਨ, ਹੇ ਮੇਰੇ ਮਿਹਰਵਾਨ ਪ੍ਰੀਤਮ ਪ੍ਰਭੂ ਜੀਓ! ਤੂੰ ਮੇਰੇ ਉਤੇ ਸਦਾ ਹੀ ਆਪਣੀ ਕ੍ਰਿਪਾ ਬਣਾਈ ਰੱਖ, ਉਹੀ ਕ੍ਰਿਪਾ ਸਦਕਾ ਮੇਰਾ ਮਨ ਤੇਰੇ ਭਗਤ ਜਨਾਂ ਦੀ ਸਦਾ ਹੀ ਚਰਨ ਧੂੜ ਬਣਿਆ ਰਹੇ।

ਰਾਜੁ ਜੋਬਨੁ ਅਵਧ ਜੋ ਦੀਸੈ
ਸਭੁ ਕਿਛੁ ਜੁਗ ਮਹਿ ਘਾਟਿਆ॥
ਨਾਮੁ ਨਿਧਾਨੁ ਸਦ ਨਵਤਨੁ ਨਿਰਮਲੁ
ਇਹੁ ਨਾਨਕ ਹਰਿ ਧਨੁ ਖਾਟਿਆ॥੪॥

ਸਤਿਗੁਰੂ ਜੀ ਆਖ ਰਹੇ ਹਨ, ਹੇ ਭਾਈ! ਇਹ ਸਾਰੇ ਰਾਜ ਭਾਗ, ਹਕੂਮਤਾਂ ਅਤੇ ਜਵਾਨੀ ਦੀ ਉਮਰਾ- ਇਹ ਸਾਰਾ ਕੁਝ ਹੀ ਇਸ ਸੰਸਾਰ ਵਿਚ ਸੰਭਾਲ ਕੇ ਰੱਖਣ ਯੋਗ ਦਿਸਦਾ ਹੈ, ਪਰ ਇਹ ਸਭ ਕੁਝ ਹਰ ਰੋਜ਼ ਘਟਦਾ ਹੀ ਜਾ ਰਿਹਾ ਹੈ। ਹੇ ਭਾਈ! ਉਸ ਪ੍ਰਭੂ ਦਾ ਨਾਮ ਹੀ ਐਸਾ ਖਜ਼ਾਨਾ ਹੈ ਜੋ ਸਦਾ ਹੀ ਨਵਾਂ ਰਹਿੰਦਾ ਹੈ ਤੇ ਪਵਿੱਤਰ ਭੀ। ਇਸ ਨਾਮ ਨਾਲ ਵਿਗੜ ਰਿਹਾ ਮਨ ਪਾਵਨ-ਪਵਿੱਤਰ ਹੋ ਜਾਂਦਾ ਹੈ। ਇਹੁ ਨਾਨਕ ਹਰਿ ਧਨੁ ਖਾਟਿਆ, ਹੇ ਨਾਨਕ! ਇਸੇ ਲਈ ਪ੍ਰਭੂ ਦੇ ਪਿਆਰੇ ਨਾਮ ਧਨ ਦੀ ਖੱਟੀ ਹੀ ਖੱਟਦੇ ਹਨ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਮੈਨੂੰ ਉਹ ਕਹਾਣੀ ਲਿਖਣੀ ਨਹੀਂ ਸੀ ਚਾਹੀਦੀ!

**ਅੰਮ੍ਰਿਤਾ ਪ੍ਰੀਤਮ-6**




ਗੁਰਬਚਨ ਸਿੰਘ ਭੁੱਲਰ
ਫੋਨ: 1191-1142502364
bhullargs@gmail.com

ਅੰਮ੍ਰਿਤਾ ਦੇ ਸਿਰੇ ਦੇ ਜਜ਼ਬਾਤੀ ਸੁਭਾਅ ਦਾ ਇਕ ਨਤੀਜਾ ਇਹ ਵੀ ਹੋਇਆ ਕਿ ਉਹ ਇਧਰ ਜਾਂ ਉਧਰ ਵਿਚ ਯਕੀਨ ਕਰਨ ਲੱਗੀ। ਉਹਦੀ ਪਸੰਦ ਦਾ ਖਿਆਲ ਰੱਖਣ ਵਾਲੇ ਉਹਨੂੰ ਪਸੰਦ ਆਉਣ ਲੱਗੇ। ਲਕੀਰ ਤੋਂ ਭੋਰਾ-ਭਰ ਵੀ ਇਧਰ-ਉਧਰ ਹੋ ਜਾਣ ਵਾਲਿਆਂ ਨੂੰ ਉਹ ਕੁੱਟੀ ਕਹਿ ਦਿੰਦੀ। ਜਿਹੜੀ ਗੱਲ ਉਹ ਦਿਲ ਨੂੰ ਲਾ ਲੈਂਦੀ, ਉਹਨੂੰ ਨਾ ਵਿਸਰਦੀ ਸੀ ਤੇ ਨਾ ਮੁਆਫ ਕਰਦੀ ਸੀ। ਇਕ ਘਟਨਾ ਵਾਪਰੀ ਜਿਸ ਦੇ ਪਾਤਰ ਪਰਦੇਸੋਂ ਛੁੱਟੀ ਆਇਆ ਸਤੀ, ਅੰਮ੍ਰਿਤਾ ਤੇ ਡਾ. ਹਰਿਭਜਨ ਸਿੰਘ ਸਨ। ਉਹ ਬਣੀ-ਬਣਾਈ ਕਹਾਣੀ ਸੀ। 'ਕਸਵੱਟੀ' ਨਾਂ ਨਾਲ ਲਿਖ ਕੇ ਮੈਂ 'ਪ੍ਰੀਤਲੜੀ' ਨੂੰ ਭੇਜ ਦਿੱਤੀ। ਛਪੀ ਤਾਂ ਅੰਮ੍ਰਿਤਾ ਨੇ ਵੀ ਪੜ੍ਹੀ। ਹੋ ਗਿਆ ਝੰਜਟ! ਉਹਨੇ ਇਮਰੋਜ਼ ਤੋਂ ਰੋਸ ਦੀ ਚਿੱਠੀ ਲਿਖਵਾਈ ਤਾਂ ਗੁਰਬਖ਼ਸ਼ ਸਿੰਘ ਨੇ ਕਿਹਾ, 'ਇਹ ਕਹਾਣੀ ਅੰਮ੍ਰਿਤਾ ਬਾਰੇ ਨਹੀਂ; ਜਦੋਂ ਇਸ ਵਿਚੋਂ ਮੈਨੂੰ ਨਹੀਂ ਦਿੱਸੀ, ਪਾਠਕਾਂ ਨੂੰ ਉਹ ਕਿਥੋਂ ਦਿੱਸ ਜਾਵੇਗੀ?' ਪਰ ਉਹ ਨਰਮ ਨਾ ਪਈ। 'ਪ੍ਰੀਤਲੜੀ' ਨਾਲ ਕਸੈਲੇ ਚਿੱਠੀ-ਪੱਤਰ ਮਗਰੋਂ ਉਹਨੇ ਇਹ ਸਾਰਾ ਕਿੱਸਾ 'ਨਾਗਮਣੀ' ਵਿਚ ਵੀ ਛਾਪਿਆ ਅਤੇ 'ਰਸੀਦੀ ਟਿਕਟ' ਦੇ ਪਹਿਲੇ ਐਡੀਸ਼ਨ ਵਿਚ ਇਕ ਪੂਰਾ ਕਾਂਡ ਵੀ ਬਣਾ ਦਿੱਤਾ। ਸਾਹਮਣੇ ਖਰੀ-ਖੋਟੀ ਸੁਣਨ ਦੀ ਥਾਂ ਮੇਰੇ ਲਈ ਠੀਕ ਰਾਹ ਇਹੋ ਸੀ ਕਿ ਮੈਂ ਚੁੱਪ ਕਰ ਰਹਿੰਦਾ ਅਤੇ 'ਨਾਗਮਣੀ ਸ਼ਾਮ' ਵਿਚ ਜਾਣਾ ਛੱਡ ਦਿੰਦਾ। ਉਸ ਪਿਛੋਂ ਕਦੀ ਕਿਸੇ ਸਾਹਿਤਕ ਇਕੱਠ ਵਿਚ ਸਬੱਬ ਬਣਦਾ ਤਾਂ ਮੈਂ ਕੋਲ ਜਾ ਕੇ ਆਦਰ ਜ਼ਰੂਰ ਦਿੰਦਾ। ਉਹ ਥੋੜ੍ਹਾ ਸਿਰ ਤਾਂ ਹਿਲਾਉਂਦੀ ਪਰ ਨਾਖੁਸ਼ੀ ਛੁਪਾਏ ਬਿਨਾਂ!

ਨਾਂ-ਥਾਂ ਬਦਲੇ ਹੋਣ ਕਰਕੇ ਮੈਨੂੰ ਭਰਮ ਸੀ ਕਿ ਕਹਾਣੀ ਉਹਦੇ ਨਾਂ ਨਾਲ ਨਹੀਂ ਜੁੜੇਗੀ ਤੇ ਉਹ ਵੀ ਬੁਰਾ ਨਹੀਂ ਮਨਾਵੇਗੀ। ਆਖਰ ਕਹਾਣੀਕਾਰ ਵਿਸ਼ਾ ਕਿਤੋਂ ਤਾਂ ਲੈਂਦਾ ਹੀ ਹੈ। ਇਹ ਗੱਲ ਵੱਡੀ ਲੇਖਿਕਾ ਹੋਣ ਸਦਕਾ ਉਹਤੋਂ ਵੱਧ ਕੌਣ ਜਾਣਦਾ ਹੈ ਪਰ ਨਤੀਜਾ ਉਲਟ ਨਿਕਲਿਆ। ...ਅੰਮ੍ਰਿਤਾ ਦੇ ਦਿੱਤੇ ਸਾਹਿਤਕ ਉਤਸਾਹ, ਉਸ ਲਈ ਮਨ ਵਿਚ ਬਣੇ ਹੋਏ ਆਦਰ ਅਤੇ ਹੁਣ ਉਸ ਦੇ ਗੁੱਸੇ ਵੱਲ ਦੇਖਦਿਆਂ ਛੇਤੀ ਹੀ ਮੈਨੂੰ ਅਹਿਸਾਸ ਹੋ ਗਿਆ ਕਿ ਮੈਨੂੰ ਇਹ ਕਹਾਣੀ ਲਿਖਣੀ ਨਹੀਂ ਸੀ ਚਾਹੀਦੀ। ਇਹੋ ਕਾਰਨ ਹੈ, ਉਸ ਪਿੱਛੋਂ ਮੇਰੇ ਕਈ ਸੰਗ੍ਰਿਹ ਛਪੇ, ਪਰ ਉਹ ਕਹਾਣੀ ਮੈਂ ਸ਼ਾਮਲ ਨਾ ਕੀਤੀ।

ਹੌਲੀ-ਹੌਲੀ ਮੇਰੇ ਨਾਲ ਉਹਦੇ ਗੁੱਸੇ ਦਾ ਪਤਾ ਸਭ ਨੂੰ ਲੱਗ ਗਿਆ। ਇਕ ਦਿਨ ਮੈਂ ਨਵਯੁਗ ਗਿਆ ਤਾਂ ਸਤਿਆਰਥੀ ਜੀ ਪਹਿਲਾਂ ਹੀ ਬੈਠੇ ਸਨ। ਭਾਪਾ ਜੀ ਕਈ ਵਾਰ ਮਖੌਲ ਵਿਚ ਜਾਣੂਆਂ ਦੀ ਜਾਣ-ਪਛਾਣ ਕਰਵਾਉਣ ਲਗਦੇ। ਬੋਲੇ, "ਸਤਿਆਰਥੀ ਜੀ, ਤੁਹਾਡੇ ਪਿੰਡਾਂ ਦਾ ਮੁੰਡਾ ਮਿਲਾਵਾਂ।" ਉਹ ਹੱਸੇ, "ਲਓ ਜੀ ਇਹ ਤਾਂ ਹੋਏ ਮੇਰੇ ਪੌੜੀ ਸਾਂਢੂ, ਮੈਂ ਇਨ੍ਹਾਂ ਤੋਂ ਅਣਜਾਣ ਕਿਵੇਂ ਰਹਿ ਸਕਦਾ ਹਾਂ!" ਮੈਂ ਹੈਰਾਨ ਹੋ ਕੇ ਕਿਹਾ, "ਸਤਿਆਰਥੀ ਜੀ, ਮੈਂ ਤੁਹਾਡਾ ਬੱਚਾ, ਇਹ ਸਾਂਢੂਪੁਣੇ ਦਾ ਪਾਪ ਤਾਂ ਮੇਰੇ ਸਿਰ ਨਾ ਚਾੜ੍ਹੋ।...ਨਾਲੇ ਆਪਾਂ ਸਾਂਢੂ ਲੱਗੇ ਕਿਧਰੋਂ?" ਨਾਲ ਹੀ ਭਾਪਾ ਜੀ ਨੇ ਸਵਾਲ ਕੀਤਾ, "ਤੇ ਇਹ ਪੌੜੀ ਸਾਂਢੂ ਕੀ ਹੋਇਆ?" ਸਤਿਆਰਥੀ ਜੀ ਮੁੱਛਾਂ ਵਿਚ ਹੱਸੇ, "ਇਨ੍ਹਾਂ ਨੂੰ ਵੀ ਉਹ ਪੌੜੀਆਂ ਚੜ੍ਹਨੀਆਂ ਵਰਜਿਤ ਹੋ ਗਈਆਂ ਨੇ ਜੋ ਮੈਨੂੰ ਵਰਜਿਤ ਨੇ।" ਭਾਪਾ ਜੀ ਨੇ ਮੱਥੇ ਉਤੇ ਹੱਥ ਮਾਰਿਆ, "ਇਹਦੀ ਤਾਂ ਬੇਸ਼ੱਕ ਹੋ ਜਾਵੇ, ਤੁਹਾਡੀ ਗਤੀ ਤਾਂ ਸਤਿਆਰਥੀ ਜੀ, ਉਹ ਪੌੜੀਆਂ ਚੜ੍ਹਨ ਦੀ ਆਗਿਆ ਮਿਲੇ ਬਿਨਾਂ ਹੋਣੀ ਨਹੀਂ! ਮਰ ਕੇ ਵੀ ਤੁਹਾਡੀ ਆਤਮਾ ਦਾ ਪ੍ਰੇਤ ਉਨ੍ਹਾਂ ਪੌੜੀਆਂ ਦੁਆਲੇ ਚੱਕਰ ਕੱਟਦਾ ਰਹਿਣਾ ਵੇ।" ਸਤਿਆਰਥੀ ਜੀ ਕਹਿੰਦੇ, "ਭਾਪਾ ਜੀ, ਤੁਸੀਂ ਕਿਰਪਾ-ਨਿਧਾਨ ਹੋ, ਸਭ ਕਰਨ-ਕਰਾਵਣਹਾਰ ਹੋ, ਕਰੋ ਕੋਈ ਹੀਲਾ!" ਤੇ ਖਿਦਖਿਦ ਕਰ ਕੇ ਹੱਸ ਪਏ।

ਕੁਝ ਸਮਾਂ ਲੰਘਿਆ, ਭਾਪਾ ਜੀ ਦੀ ਵੀ, ਦੁੱਗਲ ਸਮੇਤ, ਸਤਿਆਰਥੀ ਜੀ ਦੇ ਪੌੜੀ ਸਾਂਢੂ ਬਣਨ ਦੀ ਵਾਰੀ ਆ ਗਈ। ਉਨ੍ਹਾਂ ਦੇ ਸਾਹਿਤਕ ਹੀ ਨਹੀਂ, ਗੁਆਂਢ-ਮੱਥਾ ਹੋਣ ਕਰਕੇ ਸੰਘਣੇ ਪਰਿਵਾਰਕ ਸਬੰਧ ਵੀ ਸਨ। ਅੰਮ੍ਰਿਤਾ ਨੂੰ ਗਿਆਨਪੀਠ ਪੁਰਸਕਾਰ ਮਿਲਿਆ ਤਾਂ ਭਾਪਾ ਜੀ ਨੇ ਗਦਗਦ ਹੋ ਕੇ 'ਆਰਸੀ' ਦਾ ਅੰਮ੍ਰਿਤਾ ਅੰਕ ਕੱਢਿਆ। ਉਸ ਵਿਚ ਸ਼ਾਮਲ ਕਰਤਾਰ ਸਿੰਘ ਦੁੱਗਲ ਦੇ ਲੇਖ ਦੀਆਂ ਦੋ ਗੱਲਾਂ ਅੰਮ੍ਰਿਤਾ ਨੂੰ ਬਹੁਤ ਚੁਭੀਆਂ। ਇਕ ਤਾਂ ਉਹਨੇ ਕੰਦਲਾ ਦਾ ਗੋਦ ਲਈ ਹੋਈ ਹੋਣਾ ਲਿਖ ਦਿੱਤਾ। ਭਾਵੇਂ ਇਸ ਦਾ ਪਤਾ ਅਨੇਕ ਲੋਕਾਂ ਨੂੰ ਪਹਿਲਾਂ ਹੀ ਸੀ, ਅੰਮ੍ਰਿਤਾ ਦਾ ਕਹਿਣਾ ਸੀ, ਇਸ ਸੱਚ ਨੂੰ ਕੰਦਲਾ ਸਮੇਤ ਕੋਈ ਨਹੀਂ ਸੀ ਜਾਣਦਾ। ਉਹਦਾ ਰੋਸ ਸੀ ਕਿ ਮੇਰੀ ਬੇਟੀ ਦੇ ਦਿਲ ਉਤੇ ਇਹ ਪੜ੍ਹ ਕੇ ਕੀ ਬੀਤੀ



*ਅੰਮ੍ਰਿਤਾ ਪ੍ਰੀਤਮ ਅਤੇ ਇਮਰੋਜ਼*

ਹੋਵੇਗੀ! ਦੂਜੇ, ਦੁੱਗਲ ਨੇ ਅੰਮ੍ਰਿਤਾ ਨੂੰ ਮਿਲਣ ਆਉਣ ਵਾਲਿਆਂ ਦਾ ਤੇ ਉਸ ਦੀ ਮਹਿਮਾਨ-ਨਿਵਾਜ਼ੀ ਦਾ ਸ਼ਰਾਰਤੀ ਢੰਗ ਨਾਲ ਜ਼ਿਕਰ ਕੀਤਾ ਹੋਇਆ ਸੀ। ਸੁਭਾਵਿਕ ਸੀ, ਭਾਪਾ ਜੀ ਤੇ ਦੁੱਗਲ-ਦੋਵਾਂ ਗੁਆਂਢੀਆਂ ਨਾਲ ਉਹਨੇ ਪੱਕੀ ਕੁੱਟੀ ਕਰ ਦਿੱਤੀ।

ਮੈਂ ਸਮਝਦਾ ਹਾਂ, ਇਹ ਸਭ ਉਸ ਇਕੱਠੀ ਹੋਈ ਕੁੜੱਤਣ ਦਾ ਨਤੀਜਾ ਸੀ ਜੋ ਕੁਝ ਪੰਜਾਬੀ ਲੇਖਕਾਂ, ਆਲੋਚਕਾਂ ਤੇ ਧਾਰਮਿਕ ਕਹਾਉਣ ਵਾਲੇ ਲੋਕਾਂ ਦੇ ਉਸ ਲਈ ਵਿਰੋਧ ਸਦਕਾ ਪੈਦਾ ਹੋਈ ਸੀ। ਉਹਦੀ ਜ਼ਾਤੀ ਜ਼ਿੰਦਗੀ ਨੂੰ ਲੈ ਕੇ, ਖਾਸ ਕਰਕੇ ਉਹਦੀ ਨਸ਼ੇਬਾਜ਼ੀ ਨੂੰ ਲੈ ਕੇ ਏਨਾ ਤੂਫਾਨ ਖੜ੍ਹਾ ਕੀਤਾ ਗਿਆ ਜਿਵੇਂ ਬਾਕੀ ਸਾਰਾ ਪੰਜਾਬ ਸੋਫੀਆਂ ਦਾ ਸਵਰਗ ਹੋਵੇ, ਬੱਸ ਇਕ ਉਹ ਕਿਤੋਂ ਅਵੱਗਿਆਕਾਰ ਆਈ ਹੋਵੇ। ਇਹਦੇ ਨਾਲ ਹੀ ਉਹਦੀਆਂ ਕਈ ਖ਼ੂਬਸੂਰਤ ਕਵਿਤਾਵਾਂ ਨੂੰ ਜਾਣ-ਬੁੱਝ ਕੇ ਤੋੜਿਆ-ਮਰੋੜਿਆ ਗਿਆ, ਗਲਤ ਅਰਥਾਇਆ ਗਿਆ ਅਤੇ ਨਿੰਦਿਆ ਗਿਆ। ਉਹਨੂੰ ਕਵਿੱਤਰੀ ਮੰਨਣੋਂ ਇਨਕਾਰ ਕੀਤਾ ਗਿਆ। ਪਾਠ-ਪੁਸਤਕਾਂ ਵਿਚੋਂ ਉਹਦੀਆਂ ਕਵਿਤਾਵਾਂ ਕੱਢੇ ਜਾਣ ਦੀ ਮੰਗ ਹੋਣ ਲੱਗੀ। 'ਸੁਨੇਹੜੇ' ਨੂੰ ਸਾਹਿਤ ਅਕਾਦਮੀ ਇਨਾਮ ਮਿਲਿਆ ਤਾਂ ਉਹਨੂੰ ਇਨਾਮ ਦੇ ਅਯੋਗ ਕਿਹਾ ਗਿਆ ਅਤੇ ਪੁਸਤਕ ਦੀ ਇਕ-ਇਕ ਕਵਿਤਾ ਨੂੰ ਛੁਟਿਆਉਣ ਵਾਸਤੇ ਲੇਖਾਂ ਦੀ ਝੜੀ ਲਾ ਦਿੱਤੀ ਗਈ।

ਹੌਲੀ ਹੌਲੀ ਉਹ ਇਮਰੋਜ਼ ਨਾਲ ਏਕਾਂਤਪਸੰਦ ਹੋ ਗਈ। ਪੰਜਾਬ ਤਾਂ ਛੁੱਟ ਹੀ ਗਿਆ, ਦਿੱਲੀ ਦੇ ਸਾਹਿਤਕ ਇਕੱਠਾਂ ਵਿਚ ਆਉਣਾ-ਜਾਣਾ ਵੀ ਬੰਦ ਹੋ ਗਿਆ। ਇਹ ਉਮਰ ਨਾਲ ਜੁੜੇ ਹੋਏ ਰੋਗਾਂ ਦੇ ਰੰਗ ਦਿਖਾਉਣ ਤੋਂ ਪਹਿਲਾਂ ਦੀ ਗੱਲ ਹੈ, ਪਿਛੋਂ ਤਾਂ ਘਰ ਤੱਕ ਤੇ ਫੇਰ ਕਮਰੇ ਤੱਕ ਸੀਮਤ ਹੋ ਜਾਣਾ ਕੁਦਰਤੀ ਸੀ।

ਇਕ ਦਿਨ ਫੋਨ ਆਇਆ। ਮੇਰੇ ਬੇਟੇ ਨੇ ਚੁੱਕਿਆ ਤੇ ਕਿਹਾ, "ਕਿਸੇ ਇਸਤਰੀ ਦੀ ਆਵਾਜ਼ ਹੈ।...ਇਉਂ ਲਗਦੈ ਜਿਵੇਂ ਅੰਮ੍ਰਿਤਾ ਜੀ ਹੋਣ।"

ਮੈਂ ਕਿਹਾ, "ਉਹ ਨਹੀਂ ਹੋ ਸਕਦੇ।"

ਮੈਂ 'ਹਾਂ ਜੀ' ਕਿਹਾ ਤਾਂ ਆਵਾਜ਼ ਆਈ, "ਭੁੱਲਰ, ਮੈਂ ਅੰਮ੍ਰਿਤਾ ਬੋਲਦੀ ਹਾਂ।"

ਮੈਂ ਹੈਰਾਨੀ ਛੁਪਾ ਕੇ ਸਵਾਲ ਕੀਤਾ, "ਤੁਹਾਡੀ ਸਿਹਤ ਦਾ ਕੀ ਹਾਲ ਹੈ ਅੰਮ੍ਰਿਤਾ ਜੀ? ਪਤਾ ਲੱਗਿਆ ਸੀ, ਤਬੀਅਤ ਖ਼ਰਾਬ ਹੈ?"

"ਸਿਹਤ, ਭੁੱਲਰ, ਹੁਣ ਮੇਰੀ ਠੀਕ ਨਹੀਂ ਰਹਿੰਦੀ।...ਹਾਂ, ਫੋਨ ਮੈਂ ਇਸ ਲਈ ਕੀਤਾ ਹੈ, ਪਾਕਿਸਤਾਨ ਤੋਂ ਕਹਾਣੀਕਾਰ ਅਫ਼ਜ਼ਲ ਤੌਸੀਫ਼ ਮੇਰੇ ਘਰ ਆਈ ਹੋਈ ਹੈ ਤੇ ਮਿਲਣਾ ਚਾਹੁੰਦੀ ਹੈ।"

ਮੈਂ ਪੁੱਛਿਆ, "ਜੇ ਤੁਹਾਨੂੰ ਕੋਈ ਵਿਘਨ ਨਾ ਪਵੇ, ਕੱਲ੍ਹ ਦਸ ਵਜੇ ਆ ਜਾਵਾਂ?"

ਫੋਨ ਰੱਖ ਕੇ ਮੈਂ ਨਿਤਾਰਾ ਕੀਤਾ, ਉਹ ਉਸ ਮਾਨਸਿਕ ਅਵਸਥਾ ਵਿਚ ਪਹੁੰਚ ਚੁੱਕੀ ਹੈ ਜਿਥੇ ਬੰਦਾ ਗਿਲੇ-ਸ਼ਿਕਵੇ, ਗੁੱਸੇ-ਰੋਸੇ ਮਾਮੂਲੀ ਗੱਲਾਂ ਸਮਝ ਕੇ ਛੱਡ-ਸੁੱਟ ਦਿੰਦਾ ਹੈ। ਜੇ ਗੁੱਸਾ ਓਵੇਂ ਹੁੰਦਾ, ਉਹ ਤੌਸੀਫ਼ ਨੂੰ ਮੇਰੇ ਨਾਲ ਹੋਰ ਕਿਤੇ ਮਿਲਣ ਲਈ ਨਾ ਵੀ ਆਖਦੀ ਤਾਂ ਇਹ ਤਾਂ ਕਹਿ ਹੀ ਸਕਦੀ ਸੀ, ਐਹ ਪਿਆ ਹੈ ਫੋਨ ਤੇ ਇਹ ਹੈ ਉਹਦਾ ਨੰਬਰ, ਆਪੇ ਗੱਲ ਕਰ ਲੈ।

ਮੈਂ ਕਮਰੇ ਵਿਚ ਗਿਆ ਤਾਂ ਲੱਤਾਂ-ਬਾਂਹਾਂ ਨੂੰ ਕਈ ਸਰ੍ਹਾਣਿਆਂ ਦਾ ਆਸਰਾ ਦੇ ਕੇ ਉਹ ਬਿਸਤਰ ਮੱਲੀਂ ਪਈ ਸੀ। ਹੋਰ ਗੱਲਾਂ ਤੋਂ ਇਲਾਵਾ ਉਹਨੇ ਪੁੱਛਿਆ, "ਟ੍ਰਿਬਿਊਨ ਵਧੀਆ ਚੱਲ ਰਿਹਾ ਸੀ, ਛੱਡ ਕਿਉਂ ਦਿੱਤਾ?"

ਮੈਂ ਦੱਸਿਆ, "ਮੇਰਾ ਉਨ੍ਹਾਂ ਨਾਲ ਦੋ ਸਾਲ ਦਾ ਕੰਟਰੈਕਟ ਸੀ, ਉਹ ਮੁੱਕ ਗਿਆ। ਉਨ੍ਹਾਂ ਨੇ ਮੈਨੂੰ ਆਪ ਬੁਲਾਇਆ ਸੀ, ਕੰਮ ਦੇਖ ਕੇ ਕੰਟਰੈਕਟ ਆਪ ਵਧਾਉਣਾ ਚਾਹੀਦਾ ਸੀ, ਵਧਾਇਆ ਨਹੀਂ। ਮੈਥੋਂ ਵਧਾਉਣ ਲਈ ਆਖਣ ਦੀ ਆਸ ਰਖਦੇ ਸਨ, ਮੈਂ ਆਖਿਆ ਨਹੀਂ।"

ਉਹ ਬੋਲੀ, "ਬਿਲਕੁਲ ਠੀਕ ਕੀਤਾ!" ਫੇਰ ਉਹ ਸਾਹਿਤ ਤੇ ਸਾਹਿਤਕਾਰਾਂ ਦੀਆਂ, ਅਖ਼ਬਾਰਾਂ ਤੇ ਪੱਤਰਕਾਰਾਂ ਦੀਆਂ ਹੋਰ ਗੱਲਾਂ ਕਰਨ ਲੱਗੀ ਜਿਨ੍ਹਾਂ ਨੇ ਮੈਨੂੰ ਅਹਿਸਾਸ ਕਰਵਾਇਆ ਕਿ ਉਹ ਆਪ ਭਾਵੇਂ ਚਿਰ ਤੋਂ ਘਰ ਤੱਕ ਸੀਮਤ ਹੈ ਪਰ ਬਾਹਰਲੀ ਦੁਨੀਆਂ ਬਾਰੇ ਉਹਦੀ ਜਾਣਕਾਰੀ ਅਜੇ ਵੀ ਸੀਮਤ ਨਹੀਂ ਹੋਈ।

*(ਚਲਦਾ)*

# ਸ਼ਹੀਦ ਭਗਤ ਸਿੰਘ ਦਾ ਬੰਗਾ ਇਕ ਤੇ ਬੰਗਾ ਦੋ

**ਨਿੱਕ ਸੁੱਕ**



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਜਨਮ ਅਖੰਡ ਪੰਜਾਬ ਦੇ ਚੱਕ ਨੰਬਰ 105 ਦਾ ਸੀ। ਉਸ ਦੇ ਮਾਪਿਆਂ ਨੇ ਇਸ ਚੱਕ ਦਾ ਨਾਂ ਬੰਗਾ ਰੱਖ ਲਿਆ ਸੀ। ਬੰਗਾ ਨਾਂ ਦਾ ਸ਼ਹਿਰ ਫਗਵਾੜਾ-ਨਵਾਂ ਸ਼ਹਿਰ ਸੜਕ ਉਤੇ ਪੈਂਦਾ ਹੈ। ਇਥੋਂ ਸ਼ਹੀਦ ਦੇ ਪੁਰਖਿਆਂ ਦਾ ਪਿੰਡ ਖਟਕੜ ਕਲਾਂ ਦੋ ਕਿਲੋਮੀਟਰ ਹੈ। 23 ਮਾਰਚ 1931 ਨੂੰ ਰਾਜਗੁਰੂ, ਸੁਖਦੇਵ ਤੇ ਭਗਤ ਸਿੰਘ ਦੀ ਸ਼ਹੀਦੀ ਨੇ ਓਧਰਲੇ ਤੇ ਇਧਰਲੇ ਦੋਵੇਂ ਬੰਗਿਆਂ ਨੂੰ ਅਮਰ ਕਰ ਦਿੱਤਾ ਹੈ।

ਉਧਰਲੇ ਬੰਗੇ ਨੂੰ ਅਮਰਤਾ ਪ੍ਰਦਾਨ ਕਰਨ ਵਾਲੇ ਲਹਿੰਦੇ ਪੰਜਾਬ ਦੇ ਨਾਮਵਰ ਅਦੀਬ ਅਫਜ਼ਲ ਅਹਿਸਨ ਰੰਧਾਵਾ, ਨਜ਼ਮ ਹੁਸੈਨ ਸੱਯਦ, ਮੀਆਂ ਸਲੀਮ ਜਹਾਂਗੀਰ ਅਤੇ ਅਹਿਮਦ ਸਲੀਮ ਹੀ ਨਹੀਂ, ਸਾਹੀਵਾਲ ਦਾ ਉਘਾ ਰੰਗ-ਮੰਚ ਹਸਤਾਖਰ ਸ਼ਫੀਕ ਬੱਟ ਵੀ ਹੈ। ਪਰ ਪਿਛਲੇ ਸਾਲਾਂ ਵਿਚ ਜਿਸ ਅਦਬੀ ਸ਼ਖਸੀਅਤ ਨੇ ਸਾਡੇ ਅਮਰ ਸ਼ਹੀਦ ਦੇ ਨਾਂ ਰੌਸ਼ਨ ਕਰਨ ਦਾ ਬੀੜਾ ਚੁੱਕਿਆ, ਉਹ ਕੋਲੰਬੀਆ ਤੋਂ ਉਚੀ ਵਿਦਿਆ ਪ੍ਰਾਪਤ ਅਤੇ ਇੰਨਸਟੀਚਿਊਟ ਆਫ ਪੀਸ ਐਂਡ ਸੈਕੂਲਰ ਸਟੱਡੀਜ਼ ਦੀ ਬਾਨੀ ਸੰਸਥਾਪਕ ਦਾਈਪ ਸਾਈਦਾ ਤੇ ਉਸ ਦੀਆਂ ਬੇਟੀਆਂ ਹਨ। ਉਸ ਨੇ ਭਗਤ ਸਿੰਘ ਦੀ ਸ਼ਹੀਦੀ ਨਾਲ ਸਬੰਧਤ ਦਸਤਾਵੇਜ਼ਾਂ ਦਾ ਅਧਿਐਨ ਕਰ ਕੇ ਲਾਹੌਰ ਦੇ ਸ਼ਹੀਦੀ ਅਸਥਾਨ ਸ਼ਾਦਮਾਨ ਚੌਕ ਦੀ ਨਿਸ਼ਾਨ ਦੇਹੀ ਕਰਕੇ ਇਸ ਚੌਕ ਦਾ ਨਾਂ ਭਗਤ ਸਿੰਘ ਚੌਕ ਰੱਖਣ ਦਾ ਬੀੜਾ ਚੁੱਕਿਆ। ਉਹ ਹਰ ਸਾਲ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਦੇ ਫੱਟੇ ਲੈ ਕੇ ਇਸ ਚੌਕ ਉਤੇ ਜਲੂਸ ਕੱਢਦੀ ਹੈ। ਉਹ ਆਪਣੇ ਸਮੇਂ ਦੇ ਪ੍ਰਮੁੱਖ ਸ਼ਾਸਕ ਨੂਰ-ਉਲ-ਅਮੀਨ ਮੈਂਗਲ ਦਾ ਸਾਥ ਪ੍ਰਾਪਤ ਕਰਨ ਵਿਚ ਵੀ ਸਫਲ ਹੋਈ। ਅਮੀਨ ਮੈਂਗਲ ਸ਼ਹੀਦ-ਏ-ਆਜ਼ਮ ਦਾ ਅਜਿਹਾ ਮੱਦਾਹ ਹੈ ਜਿਸ ਨੇ ਚੱਕ ਨੰਬਰ 105 ਦਾ ਮੂੰਹ-ਮੱਥਾ ਸ਼ਿੰਗਾਰਨ



*ਸ਼ਹੀਦ ਭਗਤ ਸਿੰਘ*

ਅਤੇ ਇਸ ਦਾ ਵਿਕਾਸ ਕਰਨ ਲਈ ਪਿਛਲੇ ਸਾਲ ਅੱਠ ਕਰੋੜ ਰੁਪਏ ਦਾ ਬਜਟ ਪਾਸ ਕਰਵਾਇਆ ਹੈ। ਲਹਿੰਦੇ ਪੰਜਾਬ ਦੇ ਨੁੱਕੜ ਨਾਟਕਕਾਰ ਸ਼ਫੀਕ ਬੱਟ ਨੇ ਚੱਕ ਨੰਬਰ 105 ਨੇੜੇ ਕਸਬਾ ਜੜ੍ਹਾਂ ਵਾਲਾ ਵਿਚ ਪੰਜ ਰੋਜ਼ਾ ਲੋਕ ਬੋਲੀ ਮੇਲਾ ਰਚਾ ਕੇ ਇਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਉਤੇ ਫੁੱਲ ਚੜ੍ਹਾਏ ਹਨ।

ਇਸੇ ਤਰ੍ਹਾਂ ਸੁਚੇਤ ਕਿਤਾਬ ਘਰ ਲਾਹੌਰ ਦੀ ਕਰਤਾ-ਧਰਤਾ ਸਾਹਿਬ ਮਕਸੂਦ ਅਤੇ ਫੈਜ਼ਾ ਰਾਨਾ ਜੋੜੀ ਭਗਤ ਸਿੰਘ ਤੇ ਉਸ ਦੇ ਸਾਥੀਆਂ ਦਾ ਸ਼ਹੀਦੀ ਨਾਲ ਸਬੰਧਤ ਸਾਹਿਤ ਨੂੰ ਸ਼ਾਹਮੁਖੀ ਵਿਚ ਲਿਪੀਅੰਤਰ ਕਰਵਾ ਕੇ ਲਗਾਤਾਰ ਲਹਿੰਦੇ ਪੰਜਾਬ ਦੇ ਪਾਠਕਾਂ ਤੱਕ ਪਹੁੰਚਾ ਰਹੀ ਹੈ।

ਇਧਰਲੇ ਪੰਜਾਬ ਦੇ ਖਟਕੜ ਕਲਾਂ ਨੂੰ ਆਪਾਂ ਬੰਗਾ-2 ਕਹਿ ਸਕਦੇ ਹਾਂ। ਸ਼ਹੀਦ ਦੇ ਮਾਪਿਆਂ ਦਾ ਪਿਛੋਕੜ ਤਾਂ ਖਟਕੜ ਕਲਾਂ ਦਾ ਸੀ ਪਰ ਉਨ੍ਹਾਂ ਨੇ ਉਧਰ ਜਾ ਕੇ ਚੱਕ ਨੰਬਰ, 105 ਨੂੰ ਬੰਗਾ ਨਾ ਦਿੱਤਾ ਸੀ। ਇਧਰ ਦੇ ਪੰਜਾਬੀ ਅਨੇਕ ਵਰ੍ਹਿਆਂ ਤੋਂ ਖਟਕੜ ਕਲਾਂ ਨੂੰ ਹਰ ਸਾਲ 23 ਮਾਰਚ ਵਾਲੇ ਦਿਨ ਚੇਤੇ ਕਰਦੇ ਹਨ। ਦੇਸ਼ ਦੀਆਂ ਸਭ ਸਿਆਸੀ ਪਾਰਟੀਆਂ ਤੇ ਲੋਕ ਸੇਵੀ ਸੰਸਥਾਵਾਂ ਇਸ ਦਿਨ ਇਥੇ ਸਮਾਗਮ ਰਚਾਉਂਦੀਆਂ ਹਨ। ਇਸ ਵਾਰ ਵੀ ਹਾਕਮ ਅਕਾਲੀ ਦਲ-ਭਾਜਪਾ ਤੋਂ ਬਿਨਾਂ ਆਮ ਆਦਮੀ ਪਾਰਟੀ, ਬਹੁਜਨ ਸਮਾਜ ਪਾਰਟੀ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਅਤੇ ਕਾਂਗਰਸ ਹੀ ਨਹੀਂ ਖੱਬੀਆਂ ਪਾਰਟੀਆਂ ਨੇ ਸ਼ਹੀਦੀ ਕਾਨਫਰੰਸਾਂ ਰਚਾਈਆਂ। ਇਥੇ ਪੀ.ਪੀ.ਪੀ. ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਭਗਤ ਸਿੰਘ ਨੂੰ ਫਾਂਸੀ ਲੱਗਣ ਵਾਲੇ ਕੇਸ ਨੂੰ ਨਵਿਉਂ ਸਿਰੇ ਖਲ੍ਹਵਾ ਕੇ ਉਸ ਵੇਲੇ ਦੀ ਸਰਕਾਰ ਦੀਆਂ ਵਧੀਕੀਆਂ ਨੂੰ ਨੰਗਿਆਂ ਕਰਨ ਦਾ ਵਚਨ ਲਿਆ ਅਤੇ ਉਘਾ ਸਮਾਜ ਸੇਵਕ ਅੰਨਾ ਹਜ਼ਾਰੇ ਖਟਕੜ ਕਲਾਂ ਵਿਖੇ ਸ਼ਹੀਦ ਦੇ ਪੁਰਖਿਆਂ ਦਾ ਘਰ ਵੇਖ ਕੇ ਆਇਆ। ਜਦੋਂ ਉਸ ਨੇ ਅਜਾਇਬ ਘਰ ਵਿਚ ਲੱਗੀਆਂ ਨੌਜਵਾਨ ਸ਼ਹੀਦਾਂ ਦੀਆਂ ਤਸਵੀਰਾਂ ਦੇਖੀਆਂ ਤਾਂ ਆਪ ਮੁਹਾਰੇ ਨਿਕਲੇ ਆਪਣੇ ਹੰਝੂ ਵੀ ਨਹੀਂ ਰੋਕ ਸਕਿਆ। ਉਸ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਭਰੇ ਮਨ ਨਾਲ ਕਿਹਾ ਕਿ ਇਹ ਦਿਨ ਸਿਆਸੀ ਗੱਲਾਂ ਕਰਨ ਦੀ ਥਾਂ ਅਮਰ ਸ਼ਹੀਦਾਂ ਦੀ ਕੁਰਬਾਨੀ ਨੂੰ ਫੁੱਲ ਚੜ੍ਹਾਉਣ ਦਾ ਹੈ। ਉਸ ਨੇ ਅਜਾਇਬ ਘਰ ਦੀ ਵਿਜ਼ੀਟਰ ਬੁੱਕ ਵਿਚ ਅੰਕਤ ਹਿੰਦੀ ਭਾਸ਼ਾ ਵਿਚ ਆਪਣੇ ਪ੍ਰਭਾਵ ਪੇਸ਼ ਕਰਦਿਆਂ ਦੇਸ਼ ਦਾ ਭਵਿੱਖ ਸੰਵਾਰਨ ਵਿਚ ਨੌਜਵਾਨ ਪੀੜ੍ਹੀ ਉਤੇ ਟੇਕ ਲਈ।

ਜੇ ਉਧਰ ਵਾਲੇ ਬੰਗੇ ਦੀ ਧਮਕ ਲਾਹੌਰ ਦੇ ਸ਼ਾਦਮਾਨ ਚੌਕ ਤੱਕ ਪੈਂਦੀ ਹੈ ਤਾਂ ਇਧਰ ਵਾਲੇ ਬੰਗੇ (ਖਟਕੜ ਕਲਾਂ) ਦੀ ਧਮਕ ਚੰਡੀਗੜ੍ਹ ਹੀ ਨਹੀਂ, ਦਿੱਲੀ ਤੱਕ ਪੈਂਦੀ ਹੈ। ਇੱਕ ਪੁਲਿਸ ਇੰਸਪੈਕਟਰ ਰਾਮ ਦਿਆਲ ਦਾ ਸਥਾਪਤ ਕੀਤਾ ਜਾਗ੍ਰਿਤੀ ਮਿਸ਼ਨ 23 ਮਾਰਚ ਤੋਂ ਇੱਕ ਦਿਨ ਪਹਿਲਾਂ ਚੰਡੀਗੜ੍ਹ ਤੋਂ ਸੱਤ ਬੱਸਾਂ ਵਿਚ 3500 ਸਕੂਲੀ ਵਿਦਿਆਰਥੀਆਂ ਨੂੰ ਖਟਕੜ ਕਲਾਂ ਲਿਜਾ ਕੇ ਉਨ੍ਹਾਂ ਨੂੰ ਸ਼ਹੀਦਾਂ ਦੀ ਕੁਰਬਾਨੀ ਤੋਂ ਜਾਗਰੂਕ ਕਰਵਾ ਕੇ ਲਿਆਇਆ ਹੈ। ਬੱਚਿਆ ਦੇ ਲੇਖ ਤੇ ਗਾਇਨ ਮੁਕਾਬਲੇ ਕਰਵਾ ਕੇ ਉਨ੍ਹਾਂ ਨੂੰ ਇਨਾਮ ਤੇ ਸਰਟੀਫਿਕੇਟ ਦਿੱਤੇ ਗਏ। ਇਸ ਮਿਸ਼ਨ ਨੂੰ ਇਸ ਤਰ੍ਹਾਂ ਦੀ ਜਾਗ੍ਰਿਤੀ ਫੈਲਾਉਂਦਿਆਂ ਡੇਢ ਦਹਾਕਾ ਹੋ ਗਿਆ ਹੈ। ਦੋਵਾਂ ਬੰਗਿਆਂ ਦੀ ਨਵੀਂ ਪੀੜ੍ਹੀ ਜ਼ਿੰਦਾਬਾਦ!

**ਕਾਮਰੇਡ ਤੁਲਸੀ ਰਾਮ:** ਬਾਬਾ ਭਗਤ ਸਿੰਘ ਬਿਲਗਾ ਦੇ ਅਕਾਲ ਚਲਾਣੇ ਤੋਂ ਪਿਛੋਂ ਹੁਣ ਸਾਥੀ ਤੁਲਸੀ ਰਾਮ ਦਾ ਤੁਰ ਜਾਣਾ ਖੱਬੀਆਂ ਪਾਰਟੀਆਂ ਲਈ ਨਾ ਪੂਰੇ ਜਾਣ ਵਾਲਾ ਪਾੜਾ ਹੈ। ਤੁਲਸੀ ਰਾਮ ਨੇ ਆਪਣੇ 99 ਸਾਲਾ ਜੀਵਨ ਦੇ 80 ਵਰ੍ਹੇ ਅਗਾਂਹ ਵਧੂ ਸੋਚ ਨੂੰ ਅਰਪਣ ਕੀਤੇ। ਲਿਖਤੀ ਸ਼ਬਦਾਂ ਨੂੰ ਪ੍ਰਨਾਇਆ ਇਹ ਜੀਉੜਾ 'ਨਵਾਂ ਜ਼ਮਾਨਾ' ਦਾ ਟਰੱਸਟੀ ਅਤੇ ਪੰਜਾਬ ਬੁੱਕ ਸੈਂਟਰ ਦਾ ਮੈਨੇਜਿੰਗ ਡਾਇਰੈਕਟਰ ਹੀ ਨਹੀਂ ਰਿਹਾ ਬਲਕਿ 'ਪੁਰਾਤਨ ਭਾਰਤੀ ਸਮਾਜ ਅਤੇ ਦਰਸ਼ਨ', 'ਜਮਾਤੀ ਜਦੋਜਹਿਦ ਉਰਫ ਕਮੀਊਨਿਸਟ ਲਹਿਰ', 'ਗਾਂਧੀਅਨ ਫਿਲਾਸਫੀ ਇੱਕ ਆਲੋਚਨਾਤਮ ਵਿਸ਼ਲੇਸ਼ਣ' ਆਦਿ ਪੁਸਤਕਾਂ ਦਾ ਰਚੈਤਾ ਵੀ ਸੀ। ਉਹ ਖੱਬੀ ਲਹਿਰ ਨੂੰ ਇਸ ਕਦਰ ਪ੍ਰਨਾਇਆ ਹੋਇਆ ਸੀ ਕਿ ਜਦੋਂ 7 ਮਾਰਚ 2015 ਨੂੰ ਪੰਜਾਬ ਬੁੱਕ ਸੈਂਟਰ ਵਾਲਾ ਏ.ਐਸ. ਪਾਲ ਮਿਲਣ ਗਿਆ ਤਾਂ ਉਸ ਨੂੰ ਕਹਿਣ ਲੱਗਾ, ਕਿਸੇ ਵੀ ਪਾਰਟੀ ਵਿਚ ਟੁੱਟ ਭੱਜ ਹੋਣੀ ਤਾਂ ਆਮ ਗੱਲ ਹੈ, ਇਸ ਦਾ ਪਰਛਾਵਾਂ 'ਨਵਾਂ ਜ਼ਮਾਨਾ' ਅਤੇ ਪੰਜਾਬ ਬੁੱਕ ਸੈਂਟਰ ਉਤੇ ਨਾ ਪੈਣ ਦਿਓ। ਇਹ ਸਬੱਬ ਦੀ ਗੱਲ ਹੈ ਕਿ ਸੱਚੇ-ਸੁੱਚੇ ਕਾਮਰੇਡ ਦਾ ਇਹ ਵਾਕ ਉਸ ਦਾ ਅੰਤਮ ਸੰਦੇਸ਼ ਹੋ ਨਿੱਬੜਿਆ ਹੈ।

**ਅੰਤਿਕਾ:** (ਬਰਕਤ ਰਾਮ ਯੁਮਨ)

ਮਰ ਜਾਣਾ ਲੱਖ ਚੰਗਾ
ਇਸ ਨਿੱਤ ਦੀ ਕੈਦ ਕੋਲੋਂ,
ਸਯਾਦ ਨੂੰ ਕੋਈ ਆਖੇ
ਜੱਲਾਦ ਬਣ ਕੇ ਆਏ।
ਹੱਦ ਏ ਯੁਮਨ!
ਕਿ ਆਖਿਰ ਸ਼ਾਗਿਰਦ ਬਣ ਕੇ ਨਿਕਲੇ,
ਤੇਰੇ ਸਕੂਲ ਜੋ ਵੀ
ਉਸਤਾਦ ਬਣ ਕੇ ਆਏ।

# ਆਰਮੀਨੀ ਨਸਲਕੁਸ਼ੀ

***1915-16 ਵਿਚ ਅਰਮੀਨੀਆਈ ਲੋਕਾਂ ਦੇ ਹੋਏ ਘਾਣ ਬਾਰੇ ਜੱਗ-ਜਹਾਨ ਨੂੰ ਨਾਲ ਦੀ ਨਾਲ ਹੀ ਖਬਰ ਹੋ ਗਈ ਸੀ। ਇਸ ਘਾਣ ਦੇ ਵੇਰਵੇ ਬੜੇ ਹੌਲਨਾਕ ਹਨ। ਸਿੱਖ ਵਿਦਵਾਨ ਪ੍ਰੋ. ਹਰਪਾਲ ਸਿੰਘ ਪੰਨੂ ਨੇ ਇਸ ਘਾਣ ਬਾਰੇ ਕੁਝ ਵੇਰਵੇ ਆਪਣੇ ਲੰਮੇ ਲੇਖ 'ਅਰਮੀਨੀ ਨਸਲਕੁਸ਼ੀ' ਵਿਚ ਸਾਂਝੇ ਕੀਤੇ ਹਨ। ਦੋ ਹਿੱਸਿਆਂ ਵਿਚ ਛਾਪੇ ਜਾ ਰਹੇ ਇਸ ਲੇਖ ਦਾ ਪਹਿਲਾ ਹਿੱਸਾ ਇਸ ਅੰਕ ਵਿਚ ਛਾਪਿਆ ਜਾ ਰਿਹਾ ਹੈ। -ਸੰਪਾਦਕ***



*ਹਰਪੁਤ ਕਸਬੇ ਵਿਚੋਂ ਅਰਮੀਨੀ ਲੋਕਾਂ ਨੂੰ ਲੈ ਕੇ ਲੰਘ ਰਹੇ ਤੁਰਕ ਫੌਜੀ।*

ਸੀਰੀਆ ਦੇ ਪੂਰਬੀ ਰੇਗਿਸਤਾਨ ਵਾਲੇ ਪਾਸੇ ਉਚੀ ਤਿੱਖੀ ਪਹਾੜੀ ਮਰਗਦ ਹੈ। ਜਵਾਲਾਮੁਖੀ ਦੇ ਲਾਵੇ ਨਾਲ ਬਣੀ ਪਹਾੜੀ ਦੇ ਪੱਥਰ ਧੁਆਂਖੇ ਹੋਏ ਹਨ। ਹਬੂਰ ਨਦੀ ਵਗਦੀ ਹੈ। ਅਖਬਾਰ ਦੀ ਫੋਟੋਗ੍ਰਾਫਰ ਈਸਾਬਿਲ ਐਲਸਨ ਨੂੰ ਇਥੇ ਕੁਝ ਖੌਫਨਾਕ ਮੰਜ਼ਰ ਦਿਸੇ। ਪਹਾੜੀ ਦੇ ਹੇਠਲੇ ਹਿੱਸਿਆਂ ਵਿਚ ਬਾਰਸ਼ ਦੇ ਪਾਣੀ ਨੇ ਮਿੱਟੀ ਵਿਚ ਦਰਾੜਾਂ ਪਾ ਦਿੱਤੀਆਂ ਸਨ। ਇਕ ਦਰਾੜ ਦੇ ਨਾਲ-ਨਾਲ ਈਸਾਬਿਲ ਹੇਠਾਂ ਉਤਰੀ ਤਾਂ ਮਨੁੱਖੀ ਖੋਪੜੀ ਦੇਖੀ। ਹੱਥ ਨਾਲ ਗਾਰਾ ਪਰੇ



**ਹਰਪਾਲ ਸਿੰਘ ਪੰਨੂ**
**ਫੋਨ: 91- 94642-51454**

ਕੀਤਾ, ਦੰਦ ਲਿਸ਼ਕ ਰਹੇ ਸਨ। ਖੋਪੜੀ ਨਾਲ ਹੇਠਾਂ ਵੱਲ ਰੀੜ੍ਹ ਦੀ ਹੱਡੀ ਜਾ ਰਹੀ ਸੀ, ਪੂਰਾ ਪਿੰਜਰ ਮਿਲ ਗਿਆ। ਹੋਰ ਖੁਦਾਈ ਕੀਤੀ- ਦੂਜਾ, ਤੀਜਾ, ਚੌਥਾ, ਪੰਜਵਾਂ ਪਿੰਜਰ ਮਿਲਿਆ। ਸਾਰੇ ਕੱਸ ਕੇ ਨੂੜੇ ਹੋਏ। ਬੰਨ੍ਹੇ ਹੋਣ ਕਾਰਨ ਪਿੰਜਰਾਂ ਦੀਆਂ ਲੱਤਾਂ ਬਾਹਾਂ ਇਕ-ਦੂਜੀ ਵਿਚ ਉਲਝੀਆਂ ਪਈਆਂ ਸਨ। ਤੁਰਕੀ ਵਿਚ 1915 ਦੇ ਸਾਲ ਰੋਮਾਨੀ ਲੋਕਾਂ ਦਾ ਨਰ ਸੰਘਾਰ ਹੋਇਆ ਸੀ। ਇਸ ਥਾਂ 50 ਹਜ਼ਾਰ ਮਾਸੂਮਾਂ ਨੂੰ ਪੰਜ-ਪੰਜ ਸੱਤ-ਸੱਤ ਦੀ ਗਿਣਤੀ ਵਿਚ ਇਕੱਠੇ ਨੂੜ ਕੇ ਦਰਿਆ ਵਿਚ ਧੱਕਾ ਦੇ ਦਿੰਦੇ। ਇੰਨੀਆਂ ਗੋਲੀਆਂ ਕਾਹਨੂੰ ਖਰਾਬ ਕਰਨੀਆਂ? ਆਪਣੀ ਕਿਸਮ ਦਾ ਇਹ ਪਹਿਲਾ ਅਨੋਖਾ ਕਤਲੇਆਮ ਹੈ।

ਆਰਮੀਨੀਆ ਉਪਰ ਤੁਰਕੀ ਦਾ ਕਬਜ਼ਾ ਸੀ। ਤੁਰਕੀ ਸਰਕਾਰ ਨੂੰ ਆਰਮੀਨੀ ਨਸਲ ਠੀਕ ਨਹੀਂ ਲੱਗੀ, ਇਸ ਦਾ ਬੀਜ ਨਾਸ ਕਰਨ ਲਈ ਕੁੱਲ ਸਾਢੇ ਪੰਜ ਲੱਖ ਕਤਲ ਕੀਤੇ। ਸਰਕਾਰ ਨੇ ਪ੍ਰਚਾਰ ਇਹ ਕੀਤਾ ਕਿ ਤੁਰਕਾਂ ਅਤੇ ਆਰਮੀਨੀ ਲੋਕਾਂ ਵਿਚ ਅਕਸਰ ਟਕਰਾਉ ਰਹਿੰਦਾ ਹੈ ਕਿਉਂਕਿ ਇਕੱਠੇ ਵਸਦੇ ਹਨ। ਕਿਉਂ ਨਾ ਆਰਮੀਨੀ ਲੋਕਾਂ ਦੀਆਂ ਬਸਤੀਆਂ ਵੱਖ ਹੋਣ? ਮੁੜ ਵਸਾਊ ਮਹਿਕਮੇ ਦੇ ਨਾਮ 'ਤੇ ਪਿੰਡਾਂ ਸ਼ਹਿਰਾਂ ਵਿਚੋਂ ਗੱਡੀਆਂ ਭਰ-ਭਰ ਲਿਆਈ ਜਾਂਦੇ ਅਤੇ ਮਾਰੀ ਜਾਂਦੇ। ਹਿਟਲਰ ਨੇ ਵੀ ਯਹੂਦੀਆਂ ਨੂੰ ਇਸੇ ਤਰ੍ਹਾਂ 'ਮੁੜ ਵਸਾਇਆ' ਸੀ।

ਮਰਗਦ ਪਹਾੜੀ ਦੇ ਬੰਨ੍ਹੇ ਹੋਏ ਪਿੰਜਰਾਂ ਨੇ ਖੋਜੀਆਂ ਦਾ ਧਿਆਨ ਖਿੱਚਿਆ। ਪਹਾੜੀ ਦੀਆਂ ਜੜ੍ਹਾਂ ਵਿਚ ਇੰਨਾ ਵੱਡਾ ਕਬਰਿਸਤਾਨ ਹੈ, ਪਤਾ ਨਹੀਂ ਸੀ। ਹੁਣ ਟੈਲੀਗਰਾਮ ਦੀ ਕਾਰਬਨ ਕਾਪੀ ਮਿਲੀ ਹੈ। ਤੁਰਕੀ ਦੇ ਗ੍ਰਿਹ ਮੰਤਰੀ ਤਲਾਤ ਪਾਸ਼ਾ ਨੇ 15 ਸਤੰਬਰ 1915 ਨੂੰ ਆਪਣੇ ਪੁਲਿਸ ਚੀਫ ਨੂੰ ਤਾਰ ਭੇਜੀ, "ਤੁਹਾਨੂੰ ਦੱਸਿਆ ਹੋਇਆ ਹੈ, ਸਰਕਾਰ ਨੇ ਆਪਣੇ ਮੁਲਕ ਤੁਰਕੀ ਵਿਚੋਂ ਕਿਨ੍ਹਾਂ ਲੋਕਾਂ ਦਾ ਮੁਕੰਮਲ ਸਫਾਇਆ ਕਰਨਾ ਹੈ, ਭਾਵੇਂ ਕਿੰਨੇ ਜ਼ਾਲਮ ਤਰੀਕੇ ਵਰਤਣੇ ਪੈਣ, ਪੂਰਾ ਖਾਤਮਾ ਹੋਵੇ। ਉਮਰ, ਲਿੰਗ ਜਾਂ ਜ਼ਮੀਰ ਦੀ ਆਵਾਜ਼ ਆਦਿਕ ਰੁਕਾਵਟਾਂ ਸਾਹਮਣੇ ਨਾ ਆਉਣ।"

ਗਿਣਤੀ ਜ਼ਿਆਦਾ ਹੁੰਦੀ ਤਾਂ ਕਤਾਰ ਵਿਚ ਖਲਾਰ ਕੇ ਸੰਗਲੀ ਵਾਂਗ ਇਕ-ਦੂਜੇ ਨੂੰ ਬੰਨ੍ਹ ਦਿੰਦੇ ਤੇ ਕਤਾਰ ਨੂੰ ਧੱਕਾ ਦੇਣ ਵੇਲੇ ਇਕ ਬੰਦੇ ਦੇ ਗੋਲੀ ਮਾਰਦੇ। ਇਕ ਮੁਰਦਾ ਬਾਕੀ ਜਿਉਂਦਿਆਂ ਨੂੰ ਡੁਬੋਈ ਰੱਖੇਗਾ। ਭੁੱਖਣ-ਭਾਣੇ ਮਰਦ ਔਰਤਾਂ, ਬੱਚੇ, ਬਹੁਤੇ ਬਿਮਾਰ, ਨੰਗੇ- ਚਾਰ ਦਿਨਾਂ ਵਿਚ ਪੰਜਾਹ ਹਜ਼ਾਰ। 1992 ਵਿਚ ਜ਼ਾਕਰ ਨੇ ਕੁਝ ਹੋਰ ਜਾਣਕਾਰੀ ਦਿੱਤੀ। ਫਰਾਤ ਦਰਿਆ ਕਿਨਾਰੇ ਵਸੇ ਪਿੰਡ ਦੇ ਜ਼ਾਕਰ ਨੇ ਜੋ ਅੱਖੀਂ ਦੇਖਿਆ, ਉਹ ਇਉਂ ਸੀ:

1915 ਵਿਚ ਮੈਂ ਬਾਰਾਂ ਸਾਲ ਦਾ ਸਾਂ। ਸਾਡੇ ਪਿੰਡ ਤੁਰਕ ਫੌਜ ਆ ਗਈ। ਪਿੰਡਾਂ ਦੀ ਮਾਰਕੀਟ ਨੂੰ ਅੱਗ ਲਾ ਕੇ ਸੁਆਹ ਕੀਤਾ। ਉਸਾਰੀ ਵਾਸਤੇ ਇੱਧਰ ਉਧਰ ਪੱਥਰਾਂ ਅਤੇ ਇੱਟਾਂ ਦੇ ਢੇਰ ਪਏ ਸਨ। ਮਰਦਾਂ ਨੂੰ ਕਿਹਾ, ਗੱਡੀਆਂ ਵਿਚ ਬੈਠੋ, ਕਿਤੇ ਚੱਲਣਾ ਹੈ। ਚਲੇ ਗਏ, ਕਦੀ ਨਾ ਪਰਤੇ। ਬੱਚਿਆਂ ਸਮੇਤ ਮਾਂਵਾਂ ਰਹਿ ਗਈਆਂ। ਸੱਤ-ਅੱਠ ਸਾਲ ਦੇ ਬੱਚੇ ਨੂੰ ਮਾਂਵਾਂ ਸਾਹਮਣੇ ਉਚਾ ਉਛਾਲਦੇ ਤਾਂ ਕਿ ਪੱਥਰਾਂ ਉਤੇ ਡਿਗੇ। ਮਰ ਗਿਆ ਤਾਂ ਠੀਕ, ਨਹੀਂ ਤਾਂ ਲੱਤਾਂ ਤੋਂ ਫੜ ਕੇ ਮੁੜ ਸਿਰ ਪੱਥਰ ਨਾਲ ਮਾਰਦੇ। ਮੈਂ ਆਪਣੇ ਜਮਾਤੀ ਦੀ ਖੋਪੜੀ ਵਿਚੋਂ ਦਿਮਾਗ ਬਾਹਰ ਨਿਕਲਦਾ ਦੇਖਿਆ। ਉਹਦੀ ਜੇਬ ਵਿਚੋਂ ਸਕੂਲ ਦੀ ਰਿਪੋਰਟ ਬੁੱਕ ਮਿਲੀ, ਫਸਟ ਆਇਆ ਸੀ। ਮੇਰੇ ਅੱਬੂ ਦੀ ਨਾਈ ਦੀ ਦੁਕਾਨ ਸੀ। ਮੈਂ ਦੁਕਾਨ ਵਿਚੋਂ ਸਾਰਾ ਕੁਝ ਦੇਖਿਆ। ਚੀਕਾਂ ਕੁਰਲਾਹਟਾਂ ਆਕਾਸ਼ ਵਿੰਨ੍ਹ ਰਹੀਆਂ ਸਨ। ਕਾਤਲ ਵਰਦੀਧਾਰੀ ਤੁਰਕ ਸਨ।

ਇਕ ਤੁਰਕ ਅਫਸਰ ਸਾਡੀ ਦੁਕਾਨ 'ਤੇ ਹਜਾਮਤ ਵਾਸਤੇ ਆਉਂਦਾ ਹੁੰਦਾ ਸੀ। ਪਤਾ ਨਹੀਂ ਕਿਵੇਂ, ਉਸ ਨੂੰ ਰਹਿਮ ਆ ਗਿਆ। ਉਸ ਨੇ ਭੱਜਣ ਵਿਚ ਸਾਡੀ ਮਦਦ ਕੀਤੀ, ਤੇ ਨਾਲੇ ਕਹਿ ਗਿਆ, 'ਜੇ ਬਚਣਾ ਹੈ ਤਾਂ ਇਸਲਾਮ ਧਾਰਨ ਕਰ ਲਉ।' ਮੇਰੇ ਪਿਤਾ ਸਾਨੂੰ ਅਸਮਾਂ ਪਿੰਡ ਲੈ ਗਏ। ਅਸੀਂ ਸਾਰੇ ਮੁਸਲਮਾਨ ਹੋ ਗਏ। ਮੇਰੇ ਮਾਪੇ ਬਿਮਾਰ ਹੋ ਗਏ। ਸ਼ਾਇਦ ਹੈਜ਼ਾ ਸੀ। ਮਰ ਗਏ। ਮੈਂ ਭੁੱਖ ਨਾਲ ਮਰ ਜਾਣਾ ਸੀ ਜੇ ਇਕ ਤੁਰਕ ਮੈਨੂੰ ਰੋਟੀ ਨਾ ਦਿੰਦਾ। ਮੈਨੂੰ ਯਤੀਮਖਾਨੇ ਛੱਡ ਆਇਆ। ਜਿਸ ਪਾਣੀ ਨਾਲ ਮੈਨੂੰ ਨੁਹਾਇਆ ਗਿਆ, ਉਹ ਗੰਦਾ ਸੀ। ਮੈਂ ਅੰਨ੍ਹਾ ਹੋ ਗਿਆ। ਸਾਰੇ ਬੱਚੇ ਅੰਨ੍ਹੇ ਹੋ ਗਏ। ਹੁਣ ਮੈਂ 89 ਸਾਲ ਦਾ ਹਾਂ। ਅੱਖਾਂ ਦਾ ਕਿਤੇ ਇਲਾਜ ਨਹੀਂ ਹੋਇਆ। ਮੈਨੂੰ ਪਤੈ, ਮੈਂ ਅੰਨ੍ਹਾ ਕਿਉਂ ਹੋਇਆ। ਪਾਣੀ ਵਿਚ ਨਹਾਉਣ ਕਰ ਕੇ ਨਹੀਂ, ਅਸੀਂ ਆਪਣਾ ਧਰਮ ਛੱਡ ਦਿੱਤਾ ਸੀ, ਇਸ ਕਰ ਕੇ। ਰੱਬ ਨੇ ਸਜ਼ਾ ਦੇਣੀ ਹੀ ਸੀ।

ਖੋਜੀਆਂ ਨੇ 1915 ਦੇ ਘੱਲੂਘਾਰੇ ਵਿਚੋਂ ਬਚ ਗਏ ਬੰਦਿਆਂ ਦੀਆਂ ਇੰਟਰਵਿਊ ਲਈਆਂ। ਨੇਕ ਮੁਸਲਮਾਨ ਵੀ ਸਨ ਜਿਨ੍ਹਾਂ ਨੇ ਜਾਨਾਂ ਜੋਖਮ ਵਿਚ ਪਾ ਕੇ ਜਾਨਾਂ ਬਚਾਈਆਂ। ਅਲੀ ਸੁਆਦਬੇ ਦਿਅਰ-ਇ-ਜਿਊਰ ਸ਼ਹਿਰ ਵਿਚ ਤੁਰਕ ਗਵਰਨਰ ਸੀ। ਉਹ ਬਹੁਤ ਰਹਿਮ ਦਿਲ ਮਨੁੱਖ ਸੀ। ਰਿਫਿਊਜੀ ਆਰਮੀਨੀਆ ਨੂੰ ਪਨਾਹ ਦਿੱਤੀ, ਬੱਚਿਆਂ ਲਈ ਯਤੀਮਖਾਨੇ ਬਣਾਏ। ਸਰਕਾਰ ਨੇ ਕੁਸਤੁਨਤੁਨੀਆ ਬੁਲਾ ਕੇ ਉਸ ਦੀ ਥਾਂ ਜ਼ੇਕੀਬੇ ਗਵਰਨਰ ਲਾ ਦਿੱਤਾ। ਆਉਂਦਿਆਂ ਈ ਉਸ ਨੇ ਸ਼ਹਿਰ ਨੂੰ ਤਸੀਹਾ ਕੇਂਦਰ ਬਣਾ ਦਿੱਤਾ।

1915 ਵਿਚ ਓਟੋਮਾਨ ਤੁਰਕੀ ਪਹਿਲੀ ਸੰਸਾਰ ਜੰਗ ਵਿਚ ਉਲਝਿਆ ਹੋਇਆ ਸੀ। ਪਹਿਲਾਂ 1894-96, ਦੋ ਸਾਲ ਵਿਚ ਆਰਮੀਨੀ ਈਸਾਈ ਵੱਡੀ ਪੱਧਰ 'ਤੇ ਕਤਲ ਕੀਤੇ ਸਨ। ਇਨ੍ਹਾਂ ਉਪਰ ਜ਼ਿਆਦਤੀਆਂ ਦਾ ਦੌਰ ਤਾਂ ਕਦੀ ਖਤਮ ਹੀ ਨਹੀਂ ਹੋਇਆ, ਇਸ ਵਾਰ 1915 ਵਿਚ ਬਹਾਨਾ ਇਹ ਘੜਿਆ ਗਿਆ ਕਿ ਆਰਮੀਨੀ, ਈਸਾਈ ਹੋਣ ਕਰ ਕੇ, ਦੁਸ਼ਮਣ ਅੰਗਰੇਜ਼ ਦੀ ਮਦਦ ਕਰਦੇ ਹਨ। ਦੋਸ਼ ਲਾਇਆ ਕਿ ਇਨ੍ਹਾਂ ਨੇ ਮੱਧ ਸਾਗਰ ਵਿਚਲੀ ਦੁਸ਼ਮਣ ਨੇਵੀ ਦੀ ਮਦਦ ਕੀਤੀ ਹੈ।

24 ਅਪਰੈਲ 1915 ਨੂੰ ਆਰਮੀਨੀ ਬੀਜ ਨਾਸ ਦੀ ਸ਼ੁਰੂਆਤ ਹੋਈ। ਸਰਕਾਰ ਨੇ ਹੁਕਮ ਦਿੱਤਾ ਕਿ ਕੁਸਤੁਨਤੁਨੀਆ ਦੇ ਸਾਰੇ ਵਿਦਵਾਨ ਅਤੇ ਰਸੂਖ ਵਾਲੇ ਆਰਮੀਨੀ ਗ੍ਰਿਫਤਾਰ ਕਰ ਕੇ ਕਤਲ ਕੀਤੇ ਜਾਣ। ਇਵੇਂ ਹੀ ਹੋਇਆ। ਤੁਰਕ ਫੌਜ ਵਿਚ ਆਰਮੀਨੀ ਸਨ। ਸਭ ਹਟਾ ਕੇ ਮਜ਼ਦੂਰੀ ਕਰਨ ਲਾ ਦਿੱਤੇ। ਰਾਬਰਟ ਫਿਸਕ ਨੂੰ 91 ਸਾਲ ਦੀ ਨਵਾਰਤ ਨਾਂ ਦੀ ਅੰਨ੍ਹੀ ਔਰਤ ਨੇ ਇਕ ਫੋਟੋ ਦਿਖਾਈ। ਸੁਹਣੇ ਹਸਮੁਖ ਸਮਾਰਟ ਵਰਦੀਧਾਰੀ ਫੌਜੀ ਦੀ ਤਸਵੀਰ ਸੀ। ਨਵਾਰਤ ਬੋਲੀ, ਬੜਾ ਸ਼ਾਨਦਾਰ ਇਨਸਾਨ ਸੀ ਮੇਰਾ ਅੱਬਾ। ਸਾਨੂੰ ਪਤਾ ਲੱਗਾ ਕਿ ਤੁਰਕ ਆ ਰਹੇ ਨੇ, ਅੱਬੂ ਨੇ ਵਰਦੀ ਪਹਿਨ ਲਈ। ਮਾਂ ਨੇ ਰੈਂਕ ਸਿਉਂ ਦਿੱਤਾ। ਚਾਰੇ ਮੈਡਲ ਪਹਿਨੇ, ਜੋ ਸ਼ਾਬਾਸ਼ ਵਜੋਂ ਮਿਲੇ ਸਨ। ਉਸ ਦੇ ਪਿੱਛੇ-ਪਿੱਛੇ ਸਾਡਾ ਸਾਰਾ ਪਰਿਵਾਰ ਰੇਲਵੇ ਸਟੇਸ਼ਨ ਗਿਆ। ਉਸ ਨੇ ਸਾਨੂੰ ਗੱਡੀ 'ਤੇ ਭੇਜ ਦਿੱਤਾ, ਆਪ ਪਿੱਛੇ ਮੁੜ ਗਿਆ। ਉਹੀ ਹੋਇਆ। ਪਰਿਵਾਰ ਬਚਾਉਣ ਦੇ ਕਸੂਰ ਦੀ ਸਜ਼ਾ ਮੌਤ।

88 ਸਾਲ ਦੀ ਕਮਜ਼ੋਰ ਮਾਰੇਨੀ ਬੈਰੂਤ ਸ਼ਹਿਰ ਦੇ ਨੇਤਰਹੀਣ ਆਸ਼ਰਮ ਵਿਚ ਬੈਠੀ ਦੱਸਦੀ ਹੈ: ਮੈਂ ਮੁਸ਼ ਪਿੰਡ ਤੋਂ ਹਾਂ। ਬਰਫਾਂ ਪੰਘਰਦੀਆਂ ਤਾਂ ਅਸੀਂ ਹਰ ਸਾਲ ਰਾਈ ਬੀਜਦੇ। ਪਿਤਾ ਤੇ ਭਰਾ ਕਿਸਾਨੀ ਦਾ ਕੰਮ ਕਰਦੇ। ਤੁਰਕ ਸਿਪਾਹੀ ਆਏ। ਇਹ 1915 ਦੀ ਗੱਲ ਹੈ। ਸਾਰੇ ਪਿੰਡ ਵਿਚ ਬੰਦ ਕਰ ਦਿੱਤੇ। ਅਗਲੀ ਸਵੇਰ ਕਿਹਾ, ਸਰਕਾਰ ਨੂੰ ਤੁਹਾਡੀ ਲੋੜ ਹੈ, ਚਲੋ। ਪਤਾ ਨਹੀਂ ਕਿੱਧਰ ਲੈ ਗਏ। ਸਾਰੇ ਸਦਮੇ ਵਿਚ ਸਾਂ। ਦੂਰੋਂ ਮੇਰੀ ਮਾਂ ਖਾਤੂਨ ਨੇ ਸਭ ਕੁਝ ਦੇਖ ਲਿਆ। ਮੁਸ਼ ਨੇੜੇ ਇਕ ਥਾਂ ਤਿੰਨ ਦਰਿਆ ਮਿਲ ਜਾਂਦੇ ਹਨ ਤੇ ਪੁਲ ਹੇਠੋਂ ਲੰਘਦੇ ਹਨ। ਲੰਮਾ ਪਾੜ ਹੋਣ ਕਰ ਕੇ ਬਹੁਤ ਵੱਡਾ ਪੁਲ ਹੈ। ਇਕ ਦੂਜੇ ਵੱਲ ਮੂੰਹ ਕਰਵਾ ਕੇ ਪੁਲ 'ਤੇ ਦੋ ਕਤਾਰਾਂ ਬਣਾ ਦਿੱਤੀਆਂ। ਗੋਲੀਆਂ ਦਾਗੀਆਂ, ਸਭ ਘਾਹ ਫੂਸ ਵਾਂਗ ਡਿੱਗੇ। ਕੱਪੜਿਆਂ ਦੀ ਤਲਾਸ਼ੀ ਦੌਰਾਨ ਕੋਈ ਚੀਜ਼ ਲੱਭਦੀ, ਰੱਖ ਲੈਂਦੇ। ਲੱਤਾਂ ਬਾਹਾਂ ਤੋਂ ਫੜ-ਫੜ ਦਰਿਆ ਵਿਚ ਸੁੱਟੀ ਜਾਂਦੇ। ਸਵੇਰ ਤੋਂ ਸੂਰਜ ਡੁੱਬਣ ਤਕ ਇਹੋ ਹੁੰਦਾ ਰਿਹਾ। ਮਾਂ ਨੇ ਸਾਨੂੰ ਕਿਹਾ, ਹੁਣ ਆਪਾਂ ਪੁਲ 'ਤੇ ਚੱਲ ਕੇ ਦਰਿਆ ਵਿਚ ਛਾਲਾਂ ਨਾ ਮਾਰ ਦਈਏ?

ਫਿਰ ਮਾਂ ਨੇ ਕਿਹਾ, ਚਲੋ ਹੁਣ ਉਜੜਦੇ ਹਾਂ। ਤੁਰਨਾ ਸ਼ੁਰੂ ਕਰੀਏ, ਉਦੋਂ ਤੱਕ ਤੁਰਦੇ ਰਹਾਂਗੇ, ਜਦੋਂ ਤੱਕ ਮਰ ਨਹੀਂ ਜਾਂਦੇ। ਮਾਰੇਨੀ ਦੀਆਂ ਭੈਣਾਂ-ਮੇਗਦ, ਦਿਲਬਰ, ਹਰੀਕੋ ਤੇ ਆਰਜ਼ੂ; ਦੋ ਛੋਟੇ ਭਰਾ ਦੁਜਵਾਂ ਤੇ ਫਰਯਾਦ ਤੁਰ ਪਏ। ਰਸਤੇ ਵਿਚ ਮੰਗ ਕੇ ਰੋਟੀ ਖਾ ਲੈਂਦੇ। ਗਰਮੀਆਂ ਵਿਚ ਤੁਰੇ। ਦਸੰਬਰ ਸੇਂਟ ਜੈਕਬ ਦਾ ਦਿਵਸ ਆ ਗਿਆ। ਮਾਰੇਨੀ ਦੀ ਉਮਰ 12 ਸਾਲ ਇਕ ਦਿਨ ਸੀ ਜਦੋਂ ਮਾਂ ਦੀ ਮੌਤ ਹੋਈ। ਅਸੀਂ ਸਿਵਾਸ ਪਿੰਡ ਚਲੇ ਗਏ। ਜ਼ਾਰ ਦੀਆਂ ਫੌਜਾਂ ਨੇ ਤੁਰਕੀ 'ਤੇ ਹੱਲਾ ਕਰ ਦਿੱਤਾ। ਸਾਡੇ ਪਿੰਡ ਮੁਸ਼ ਤੱਕ ਅੱਪੜ ਗਏ। ਉਹ ਪੁਲ ਤਬਾਹ ਕਰ ਦਿੱਤਾ ਜਿਥੇ ਮੇਰੇ ਪਿਤਾ ਨੂੰ ਕਤਲ ਕੀਤਾ ਗਿਆ ਸੀ। ਸਾਡਾ ਜੀ ਕੀਤਾ ਕਿ ਹੁਣ ਆਪਣੇ ਪਿੰਡ ਮੁਸ਼ ਚਲੇ ਜਾਣਾ ਚਾਹੀਦਾ ਹੈ। ਫਿਰ ਖਬਰ ਆਈ ਕਿ ਰੂਸੀ ਹਾਰ ਗਏ ਹਨ। ਸਾਨੂੰ ਸਾਰੇ ਭੈਣ-ਭਰਾਵਾਂ ਨੂੰ ਹੈਜ਼ਾ ਹੋ ਗਿਆ। ਮੈਂ ਤੇ ਆਰਜ਼ੂ ਬਚੀਆਂ, ਬਾਕੀ ਸਭ ਮਰ ਗਏ। ਥੋੜ੍ਹੇ ਦਿਨਾਂ ਬਾਅਦ ਉਹ ਵੀ ਮਰ ਗਈ। ਮੈਂ ਇਕੱਲੀ ਰਹਿ ਗਈ, ਯਤੀਮਖਾਨੇ ਵਿਚ ਦਾਖਲ ਕਰਵਾ ਦਿੱਤੀ। ਤੁਰਕ ਡਾਕੂ ਕੀ-ਕੀ ਨਹੀਂ ਕਰਦੇ? ਕੁਰਦਾਂ ਨੂੰ ਆਗਿਆ ਸੀ ਸੋਹਣੀਆਂ ਕੁੜੀਆਂ ਲੈ ਜਾਣ। ਪੀਣ ਲਈ ਪਾਣੀ ਮੰਗਦੀਆਂ ਤਾਂ ਮੁਫਤ ਨਹੀਂ ਮਿਲਦਾ ਸੀ। ਇਨ੍ਹਾਂ ਕੁਰਦਾਂ ਨੂੰ ਕੀ ਪਤਾ, ਜੋ ਉਹ ਕਰ ਰਹੇ ਹਨ, 60 ਸਾਲ ਬਾਅਦ ਸੱਦਾਮ ਹੁਸੈਨ ਕੁਰਦਾਂ ਦਾ ਬੀਜ ਨਾਸ ਉਵੇਂ ਹੀ ਕਰਨ ਲੱਗੇਗਾ!

ਮਾਰੇਨੀ ਦੀ ਦੱਸੀ ਘਟਨਾ ਇੱਕਾ-ਦੁਕਾ ਨਹੀਂ, ਇਹ ਰੁਟੀਨ ਸੀ। ਕੇਮੁਖ ਸ਼ਹਿਰ ਵਿਚ 20 ਹਜ਼ਾਰ ਵੱਡੇ-ਛੋਟੇ, ਕੁਰਦਾਂ ਅਤੇ ਤੁਰਕਾਂ ਨੇ ਮਾਰੇ। ਤੁਰਕਾਂ ਨੇ 900 ਔਰਤਾਂ ਦੀਆਂ ਲਾਸ਼ਾਂ ਦਜਲਾ ਦਰਿਆ ਵਿਚ ਸੁੱਟ ਦਿੱਤੀਆਂ ਜੋ ਇਕ ਥਾਂ 'ਤੇ ਇਕ-ਦੂਜੀ ਵਿਚ ਫਸ ਗਈਆਂ। ਪਾਣੀ ਰੁਕ ਗਿਆ, ਸੌ ਗਜ਼ ਦਾ ਵਲ ਪਾ ਕੇ ਦਰਿਆ ਵਗ ਸਕਿਆ। ਅਮਰੀਕਾ ਦਾ ਕੁਸਤੁਨਤੁਨੀਆ ਵਿਚ ਯਹੂਦੀ ਰਾਜਦੂਤ ਹੈਨਰੀ ਮੋਰਗੇਂਤ ਟੈਲੀਗਰਾਮ ਭੇਜਦਾ ਹੈ: ਦੂਰ ਦੁਰਾਡੇ ਜ਼ਿਲਿਆਂ ਤੋਂ ਆ ਰਹੀਆਂ ਰਿਪੋਰਟਾਂ ਅਨੁਸਾਰ ਵੱਡੀ ਗਿਣਤੀ ਵਿਚ ਅਮਨਪਸੰਦ ਆਰਮੀਨੀ ਲੋਕਾਂ ਦੇ ਕਤਲ ਹੋ ਰਹੇ ਹਨ। ਗ੍ਰਿਫਤਾਰੀਆਂ, ਖੌਫਨਾਕ ਤਸੀਹੇ, ਥੋਕ ਤੇ ਉਜਾੜੇ, ਦੇਸ ਦੇ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਬਲਾਤਕਾਰ, ਕਤਲੇਆਮ, ਬਿਨਾਂ ਕਿਸੇ ਕਾਰਨ ਤੋਂ ਹੋ ਰਹੇ ਹਨ। ਕੁਸਤੁਨਤੁਨੀਆ ਰਾਜਧਾਨੀ ਤੋਂ ਹੁਕਮ ਮਿਲ ਰਹੇ ਹਨ। ਸਰਕਾਰ ਕਹਿ ਰਹੀ ਹੈ, ਜੰਗ ਦੌਰਾਨ ਇਸ ਦੀ ਜ਼ਰੂਰਤ ਹੈ। ਜਿਨ੍ਹਾਂ ਪਿੰਡਾਂ ਤੋਂ ਫੜ-ਫੜ ਲਿਆ ਰਹੇ ਹਨ, ਉਥੇ ਇਨ੍ਹਾਂ ਤੋਂ ਕੋਈ ਖਤਰਾ ਨਹੀਂ।

ਸਰਪੂਹੀ ਪਾਪਜ਼ੀਆਂ ਦੀ ਕਹਾਣੀ ਸਾਨੂੰ ਇਸ ਲੇਖ ਦੇ ਪਹਿਲੇ ਪੈਰੇ ਵਿਚ ਲੈ ਜਾਵੇਗੀ: ਮੈਂ ਤਕਿਰਦ ਦੀ ਹਾਂ। ਇਸਤੰਬੂਲ ਤੋਂ ਘੋੜੇ 'ਤੇ ਚਲੀਏ ਤਾਂ ਮੇਰੇ ਪਿੰਡ 12 ਘੰਟਿਆਂ ਵਿਚ ਅੱਪੜੀਦਾ ਹੈ। ਤੁਰਕ ਆਏ, ਸਾਰੇ ਪਰਿਵਾਰ ਨੂੰ ਕਿਹਾ, ਚਲੋ। ਸਾਨੂੰ ਜਹਾਜ ਵਿਚ ਬਿਠਾ ਕੇ ਕੋਨੀਆਂ ਬੰਦਰਗਾਹ ਤੋਂ ਅਲੋਪੇ ਲੈ ਗਏ। ਮਾਂ, ਪਿਤਾ, ਚਾਚੀ ਤੇ ਮੇਰੀਆਂ ਦੋ ਭੈਣਾਂ ਨੂੰ ਬੰਦ ਕਰ ਦਿੱਤਾ। ਬਹੁਤ ਗਰਮੀ ਸੀ। ਮਾਂ ਤੇ ਚਾਚੀ ਮਰ ਗਈਆਂ। ਹਰ ਰੋਜ਼ ਕੁੱਟਦੇ, ਭੁੱਖੀਆਂ ਰੱਖਦੇ। ਫਿਰ ਕੈਂਪ ਵਿਚ ਲੈ ਗਏ। ਹਜ਼ਾਰਾਂ ਆਰਮੀਨੀ ਬੰਦੀਆਂ ਨੂੰ ਉਤਰ ਵੱਲ ਲੈ ਜਾਂਦੇ। ਅੱਬਾ ਨੇ ਸਾਰਿਆਂ ਦੀਆਂ ਬਾਹਾਂ ਉਤੇ ਨਾਮ ਖੁਣ ਦਿੱਤੇ ਸਨ ਤਾਂ ਕਿ ਗੁੰਮ ਹੋਣ 'ਤੇ ਲੱਭ ਸਕੀਏ। ਮਾਰਥੂਲ ਵਿਚੋਂ ਪੈਦਲ ਤੋਰ ਕੇ

***(ਬਾਕੀ ਅਗਲੇ ਸਫੇ 'ਤੇ)***



ਤਲਾਤ ਪਾਸ਼ਾ

***ਤੁਰਕੀ ਦੇ ਗ੍ਰਿਹ ਮੰਤਰੀ ਤਲਾਤ ਪਾਸ਼ਾ ਨੇ ਆਪਣੇ ਪੁਲਿਸ ਚੀਫ ਨੂੰ ਤਾਰ ਭੇਜੀ- "ਤੁਹਾਨੂੰ ਦੱਸਿਆ ਹੋਇਆ ਹੈ, ਸਰਕਾਰ ਨੇ ਤੁਰਕੀ ਵਿਚੋਂ ਕਿਨ੍ਹਾਂ ਲੋਕਾਂ ਦਾ ਮੁਕੰਮਲ ਸਫਾਇਆ ਕਰਨਾ ਹੈ, ਭਾਵੇਂ ਕਿੰਨੇ ਜ਼ਾਲਮ ਤਰੀਕੇ ਵਰਤਣੇ ਪੈਣ, ਪੂਰਾ ਖਾਤਮਾ ਹੋਵੇ। ਉਮਰ, ਲਿੰਗ ਜਾਂ ਜ਼ਮੀਰ ਦੀ ਆਵਾਜ਼ ਆਦਿਕ ਰੁਕਾਵਟਾਂ ਸਾਹਮਣੇ ਨਾ ਆਉਣ।"... ਮਗਰੋਂ ਇਕ ਆਰਮੀਨੀ ਜਿਸ ਦਾ ਸਾਰਾ ਪਰਿਵਾਰ ਮਾਰਿਆ ਗਿਆ ਸੀ, ਨੇ ਬਰਲਿਨ (ਜਰਮਨੀ ) ਵਿਚ ਪਾਸ਼ਾ ਫੁੰਡ ਦਿੱਤਾ।***

## ਲੇਖਕ ਦੀ ਟਿੱਪਣੀ

***1984 ਵਿਚ ਪਹਿਲਾਂ ਦਰਬਾਰ ਸਾਹਿਬ ਸਮੇਤ 42 ਗੁਰਦੁਆਰਿਆਂ ਉਪਰ ਪੰਜਵੇਂ ਪਾਤਸ਼ਾਹ ਦੇ ਸ਼ਹੀਦੀ ਪੁਰਬ ਸਮੇਂ ਫੌਜਾਂ ਚੜ੍ਹੀਆਂ, ਫਿਰ ਇੰਦਰਾ ਗਾਂਧੀ ਦੇ ਕਤਲ ਪਿਛੋਂ ਸਿੱਖਾਂ ਦਾ ਵਿਆਪਕ ਕਤਲੇਆਮ ਹੋਇਆ; ਮੇਰੇ ਦਿਮਾਗ ਵਿਚ ਅਕਸਰ ਖਿਆਲ ਆਉਂਦਾ ਕਿ ਜੇ ਗ਼ਲੋਬ ਉਪਰ ਸਿੱਖਾਂ ਦਾ ਕੋਈ ਦੇਸ ਹੁੰਦਾ, ਉਸ ਦੀ ਮਦਦ ਸਦਕਾ ਬਚਣ ਦੀ ਸੰਭਾਵਨਾ ਹੋ ਸਕਦੀ। ਆਰਮੀਨੀ ਲੋਕਾਂ ਦਾ ਇਕ ਸਦੀ ਦਾ ਇਤਿਹਾਸ ਪੜ੍ਹਿਆ ਤਾਂ ਦੇਖਿਆ, ਇਨ੍ਹਾਂ ਈਸਾਈਆਂ ਨੂੰ ਬਚਾਉਣ ਕੋਈ ਈਸਾਈ ਮੁਲਕ ਨਹੀਂ ਆਇਆ। ਅਮਰੀਕਾ ਅਤੇ ਇੰਗਲੈਂਡ ਨੇ ਤਬਾਹੀ ਦੀਆਂ ਰਿਪੋਰਟਾਂ ਜ਼ਰੂਰ ਤਿਆਰ ਕਰਵਾਈਆਂ, ਕਸੂਰਵਾਰ ਤੁਰਕਾਂ ਨੂੰ ਸਜ਼ਾਵਾਂ ਤੱਕ ਨਹੀਂ ਦੇ ਸਕੇ ਹਾਲਾਂਕਿ ਦੂਜੀ ਸੰਸਾਰ ਜੰਗ ਸਮੇਂ ਤੁਰਕੀ ਉਪਰ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ ਸੀ। ਹਰ ਦੇਸ ਦਾ ਆਪੋ-ਆਪਣਾ ਸਿਆਸੀ ਏਜੰਡਾ ਸੀ ਜਿਸ ਵਿਚੋਂ ਆਰਮੀਨੀ ਲੋਕਾਂ ਦੇ ਬਚਾਉਣ ਦੀ ਵਿਉਂਤ ਮਨਫੀ ਸੀ। ਭਾਰਤ ਵਿਚ ਮੁਸਲਮਾਨਾਂ ਦੇ ਕਤਲੇਆਮ ਹੁੰਦੇ ਰਹਿੰਦੇ ਹਨ, ਇਸਲਾਮੀ ਦੇਸ ਉਨ੍ਹਾਂ ਵਾਸਤੇ ਹਾਅ ਦਾ ਨਾਅਰਾ ਵੀ ਨਹੀਂ ਮਾਰਦੇ।***

ਦਿਅਰ-ਇ-ਜਿਊਰ ਲੈ ਗਏ। ਮੈਨੂੰ ਕੋਈ ਅਰਬ ਮੁੰਡਾ ਲੈ ਗਿਆ ਤੇ ਕਲਮਾ ਪੜ੍ਹਾ ਦਿੱਤਾ। ਬਾਅਦ ਵਿਚ ਮੈਨੂੰ ਪਤਾ ਲੱਗਾ, ਮਾਰਥੂਲ ਪਾਰ ਉਤਰ ਵਿਚ ਮਰਗਦ ਪਹਾੜੀ ਹੈ। ਮੇਰੇ ਪਰਿਵਾਰ ਦੇ ਜੀਆਂ ਨੂੰ ਇਕੱਠੇ ਬੰਨ੍ਹਿਆ। ਦਰਿਆ ਵਿਚ ਧੱਕਾ ਦੇਣ ਵੇਲੇ ਇਕ ਦੇ ਗੋਲੀ ਮਾਰੀ। ਗੋਲੀ ਨਾਲ ਕਿਹੜਾ ਮਰਿਆ, ਡੁੱਬਣ ਨਾਲ ਕਿਹੜੇ, ਪਤਾ ਨਹੀਂ। ਘੱਲੂਘਾਰੇ ਤੋਂ ਦਸ ਸਾਲ ਬਾਅਦ ਮੈਂ ਮਰਗਦ ਗਈ ਤਾਂ ਕਿ ਪਰਿਵਾਰ ਨੂੰ ਲੱਭਾਂ। ਉਥੇ ਤਾਂ ਖੋਪਰੀਆਂ ਤੇ ਪਿੰਜਰਾਂ ਦੇ ਢੇਰ ਸਨ। ਕੁੱਤਿਆਂ ਬਿੱਲੀਆਂ ਨੇ ਖਾ ਲਏ ਹੋਣੇ! ਲਾਸ਼ਾਂ ਦੀ ਰੁਕਾਵਟ ਕਰ ਕੇ ਦਰਿਆ ਇਕ ਮੀਲ ਪੂਰਬ ਵੱਲ ਰਸਤਾ ਬਦਲ ਕੇ ਵਗਣ ਲੱਗਾ।

ਸੀਰੀਆ ਦੇ ਮਾਰਥੂਲ ਵਿਚ ਥਾਂ-ਥਾਂ ਕਤਲਗਾਹਾਂ ਮਿਲਣਗੀਆਂ। ਬਹੁਤ ਵੱਡੀ ਗੁਫਾ ਸੀਰੀਅਨ ਆਇਲਫੀਲਡ ਨੇੜੇ ਹੈ। ਇਸ ਵਿਚ ਪੰਜ ਹਜ਼ਾਰ ਬੰਦੇ ਤੁੰਨ ਕੇ ਗੁਫਾ ਦੇ ਮੂੰਹ ਉਪਰ ਅੱਗ ਬਾਲ ਦਿੱਤੀ। ਧੂੰਆਂ ਅੰਦਰ ਲੰਘਦਾ ਗਿਆ। ਇਹ ਸਾਰੇ ਬੰਦੀ ਖੰਘਦੇ-ਖੰਘਦੇ ਮਰੇ। ਇਹ ਗੁਫਾ ਇਕ ਕਿਲੋਮੀਟਰ ਡੂੰਘੀ ਹੈ। ਇਸ ਘਟਨਾ ਨੂੰ ਹਿਟਲਰ ਦੇ ਗੈਸ ਚੈਂਬਰਾਂ ਦੀ ਮਾਂ ਕਹੋ। ਯਹੂਦੀਆਂ ਵਾਂਗ ਆਰਮੀਨੀ ਸਿਖਿਅਤ ਲੋਕ ਸਨ-ਵਕੀਲ, ਸਿਵਲ ਅਫਸਰ, ਵਪਾਰੀ, ਪੱਤਰਕਾਰ, ਅਧਿਆਪਕ। ਯਹੂਦੀਆਂ ਦਾ ਘੱਲੂਘਾਰਾ ਦੇਰ ਬਾਅਦ ਪਤਾ ਲੱਗਾ, ਆਰਮੀਨੀ ਲੋਕਾਂ ਬਾਰੇ ਉਦੋਂ ਪਤਾ ਲੱਗ ਗਿਆ ਸੀ। ਬ੍ਰਿਟਿਸ਼ ਸਰਕਾਰ ਨੇ ਵਿਸਕੰਟ ਜੇਮਜ਼ ਬਰਿਸ ਅਤੇ ਜੁਆਨ ਆਰਨੋਲਡ ਟਾਇਨਬੀ ਨੂੰ 1915 ਵਿਚ ਹੀ ਮੌਕੇ 'ਤੇ ਜਾ ਕੇ ਰਿਪੋਰਟ ਤਿਆਰ ਕਰਨ ਲਈ ਕਿਹਾ। ਸੱਤ ਸੌ ਪੰਨਿਆਂ ਦੀ ਕਿਤਾਬ 'ਦਿ ਟ੍ਰੀਟਮੈਂਟ ਆਫ ਅਰਮੀਨੀਅਨਜ਼ ਇਨ ਦਿ ਆਟੋਮਾਨ ਐਂਪਾਇਰ 1915-1916' ਚਸ਼ਮਦੀਦ ਗਵਾਹਾਂ ਦੇ ਬਿਆਨਾਂ ਉਪਰ ਆਧਾਰਤ, ਘੱਲੂਘਾਰਿਆਂ ਦਾ ਪਹਿਲਾਂ ਵਿਸਤ੍ਰਿਤ ਰਿਕਾਰਡ ਹੈ। ਇਹ ਕਤਲਾਂ ਦਾ ਬਿਰਤਾਂਤ ਨਹੀਂ, ਮਨੁੱਖਤਾ ਵਿਰੁਧ ਅਪਰਾਧ ਬਾਰੇ ਗੰਭੀਰ, ਵਿਗਿਆਨਕ ਇਤਿਹਾਸ ਹੈ। ਸੂਚਨਾ ਸਮੱਗਰੀ ਇਕੱਤਰ ਕਰਨ ਵਿਚ ਤੁਰਕੀ ਰਹਿੰਦੇ ਅਮਰੀਕਨ ਮਿਸ਼ਨਰੀਆਂ ਨੇ, ਇਟਲੀ, ਡੈਨਮਾਰਕ, ਸਵੀਡਨ, ਯੂਨਾਨ ਅਤੇ ਜਰਮਨੀ ਦੇ ਦੂਤਘਰਾਂ ਨੇ ਮਦਦ ਕੀਤੀ।

ਆਰਮੀਨੀ ਘੱਲੂਘਾਰੇ ਦੇ ਤੱਥ ਸਭ ਤੋਂ ਪਹਿਲਾਂ ਅਮਰੀਕਨ ਦੂਤਾਵਾਸ ਨੇ ਇਕੱਠੇ ਕੀਤੇ, ਆਰਮੀਨੀ ਦੁਖਾਂਤ ਦਾ ਪੂਰਾ ਰਿਕਾਰਡ ਸਟੇਟ ਆਰਕਾਈਵਜ਼ ਵਿਚ ਸਾਂਭ ਦਿੱਤਾ। ਲੈਸਲੀ ਡੇਵਿਸ 38 ਸਾਲ ਦਾ ਹਰਪੂਤ ਵਿਚ ਅਮਰੀਕਨ ਵਕੀਲ ਸੀ। ਉਹ ਘੋੜੇ ਦੀ ਕਾਠੀ 'ਤੇ ਸਵਾਰ ਹੋਇਆ ਅਤੇ ਤੁਰਕੀ ਵਿਚ ਹੋਏ ਸਾਰੇ ਕਤਲੇਆਮ ਦਾ ਸਰਵੇਖਣ ਕੀਤਾ। ਲਿਖਦਾ ਹੈ, "ਪਹਿਲੇ 24 ਘੰਟਿਆਂ ਵਿਚ ਹੀ ਮੈਂ ਦਸ ਹਜ਼ਾਰ ਲਾਸ਼ਾਂ ਤੇ ਪਿੰਜਰ ਦੇਖ ਲਏ। ਪਹਾੜੀਆਂ ਦੀਆਂ ਜੜ੍ਹਾਂ ਵਿਚ, ਮੈਦਾਨਾਂ ਵਿਚ, ਦਰਿਆਵਾਂ ਵਿਚ, ਹਰ ਥਾਂ ਲਾਸ਼ਾਂ। ਜ਼ਨਾਨੀਆਂ ਸਭ ਚਿੱਤ ਲੇਟੀਆਂ ਹੋਈਆਂ। ਲਗਦਾ ਸੀ ਪਹਿਲਾਂ ਸੰਗੀਨਾਂ ਨਾਲ ਤਸੀਹੇ ਦਿੱਤੇ।" ਇਨ੍ਹਾਂ ਦੌਰਿਆਂ ਦੌਰਾਨ ਇਕ ਜ਼ਖਮੀ ਔਰਤ ਸਹਿਕਦੀ ਦੇਖੀ, ਡੇਵਿਸ ਉਸ ਕੋਲ ਗਿਆ ਤੇ ਪੁੱਛਿਆ, ਪਾਣੀ ਪਿਲਾਵਾਂ? ਬਰੈਡ ਖੁਆਵਾਂ? ਉਹ ਚੀਕੀ, ਮੌਤ ਚਾਹੀਦੀ ਹੈ ਮੌਤ। ਇਕ ਪਿੰਡ ਵਿਚੋਂ ਲੰਘਦੇ ਡੇਵਿਸ ਨੇ ਗਲੀਆਂ ਵਿਚ ਔਰਤਾਂ, ਮਰਦਾਂ, ਬੱਚਿਆਂ ਦੀਆਂ ਲਾਸ਼ਾਂ ਦੇਖੀਆਂ। ਇਕ ਆਰਮੀਨੀ ਕਾਲਜ ਅਧਿਆਪਕ ਸਹਿਕ ਰਿਹਾ ਸੀ, ਡੇਵਿਸ ਨੇ ਬਚਾ ਲਿਆ। ਇਸ ਸਭ ਕੁਝ ਉਪਰ ਲੇਖ ਛਪਵਾਇਆ ਜਿਸ ਦਾ ਸਿਰਲੇਖ ਸੀ- ਦੁੱਖ ਅਤੇ ਸ਼ਾਨ। ਅਮਰੀਕਨ ਇਤਿਹਾਸਕਾਰ ਪੀਟਰ ਬਲਕਿਆਂ ਨੇ ਇਸ ਲਿਖਤ ਨੂੰ ਰੂਹਾਨੀ ਅਸੀਸ ਕਿਹਾ। ਪੀਟਰ ਦੇ ਸ਼ਬਦ ਹਨ:

ਕਤਲ ਹੋਏ ਜਿਸਮਾਂ ਵਾਸਤੇ
ਘੱਟੋ ਘੱਟ ਮਿੱਟੀ ਦੀ ਇਕ ਮੁੱਠੀ।
ਸਫੈਦ ਪਿੰਜਰਾਂ ਵਾਸਤੇ
ਮਿੱਟੀ ਦੀ ਮੁੱਠੀ ਦੇਹ ਰੱਬਾ!
ਇਹ ਲਾਵਾਰਸ ਬਹੁਤਾ ਕੁਝ ਨਹੀਂ ਮੰਗਦੇ।
ਆਪਣੇ ਪਿਆਰਿਆਂ ਦੇ ਜਿਸਮਾਂ ਵਿਚ
ਕੀੜਿਆਂ ਦੀ ਨੁਮਾਇਸ਼ ਨ੍ਹੀਂ ਦੇਖਣੀ।
ਇਨ੍ਹਾਂ ਦੀਆਂ ਸੋਹਣੀਆਂ ਪਿਆਰੀਆਂ ਅੱਖਾਂ,
ਇਨ੍ਹਾਂ ਦੇ ਅਨਾਰਾਂ ਵਰਗੇ ਮੁਖੜੇ।
ਗੱਲ੍ਹਾਂ ਜਿਨ੍ਹਾਂ ਦੇ ਚੁੰਮਣ ਲਈ ਹੋਂਠ ਤਰਸਦੇ,
ਸੱਪਾਂ ਦਾ ਖਾਜਾ ਨੇ ਹੁਣ।
ਇਸ ਵੱਡੀ ਕਤਲਗਾਹ ਦੀ ਬਦਬੂ
ਸਹੀ ਨਹੀਂ ਜਾਂਦੀ ਪਿਤਾ।
ਨੰਗੀਆਂ ਛਾਤੀਆਂ, ਨੰਗੀਆਂ ਲੱਤਾਂ,
ਲੇਟੀਆਂ ਪਈਆਂ ਔਰਤਾਂ।
ਇਨ੍ਹਾਂ ਦੀ ਇੱਜ਼ਤ ਕੱਜਣ ਵਾਸਤੇ
ਮਿੱਟੀ ਦੀ ਮੁੱਠ...।
ਕਿਸੇ ਵੱਡੀ ਚੀਜ਼ ਲਈ ਝੋਲੀ ਨਹੀਂ ਅੱਡੀ,
ਬੱਸ ਮਿੱਟੀ ਦੀ ਇਕ ਮੁੱਠ।

ਜਰਮਨੀ ਦੇ ਕੈਸਰ ਨੇ ਤੁਰਕੀ ਦੀ ਮਦਦ ਵਾਸਤੇ ਫੌਜ ਭੇਜੀ ਸੀ। ਇਕ ਜਰਮਨ ਨਰਸ ਤਸਵੀਰਾਂ ਖਿੱਚਣ ਲੱਗੀ। ਫੀਲਡ ਮਾਰਸ਼ਲ ਨੇ ਮਨਾਹੀ ਦਾ ਹੁਕਮ ਦਿੱਤਾ। ਹੁਕਮ ਮੰਨਿਆ ਨਹੀਂ; ਰਸਲੀਨ, ਗੱਕਾ, ਅਲੇਪੋ ਅਤੇ ਦਿਅਰ-ਇ-ਜਿਊਰ ਕਤਲਗਾਹਾਂ ਦੀਆਂ ਫੋਟੋਆਂ ਖਿਚ ਲਈਆਂ। ਅੱਜ ਇਹ ਕੀਮਤੀ ਰਿਕਾਰਡ ਹੈ। ਜਰਮਨ ਨੇ ਤੁਰਕੀ ਵਿਚ ਰੇਲਵੇ ਸਟੇਸ਼ਨ ਵੀ ਬਣਾਉਣੇ ਸਨ। ਦੇਖਿਆ, ਪਸ਼ੂ ਢੋਣ ਵਾਲੀਆਂ ਮਾਲ ਗੱਡੀਆਂ ਵਿਚ ਆਰਮੀਨੀ ਲੋਕਾਂ ਨੂੰ ਲਿਆ ਰਹੇ ਹਨ, ਇਕ-



ਪੋਲੈਂਡ ਵਿਚ ਜੰਮਿਆ ਯਹੂਦੀ ਵਕੀਲ ਰੇਫੀਲ ਲੈਮਕਿਨ ਜਿਸ ਨੇ 1944 ਵਿਚ 'ਜੀਨੋਸਾਈਡ' (ਨਸਲਕੁਸ਼ੀ) ਸ਼ਬਦ ਘੜਿਆ।

ਇਕ ਡੱਬੇ ਵਿਚ ਨੱਬੇ-ਨੱਬੇ। ਇਸ ਤੋਂ ਵੀਹ ਸਾਲ ਬਾਅਦ ਜਰਮਨ ਇਹੋ ਕੁਝ ਨਾਜ਼ੀਆਂ ਨਾਲ ਕਰਨਗੇ। ਇਸ ਗੱਡੀ ਦੀ ਤਸਵੀਰ ਮੌਜੂਦ ਹੈ।

ਦੁਨੀਆਂ ਭਰ ਦੇ ਅਖਬਾਰਾਂ ਨੇ ਇਸ ਜ਼ੁਲਮ ਦੀਆਂ ਰਿਪੋਰਟਾਂ ਛਾਪੀਆਂ। ਅਮਰੀਕਾ ਨਿਊਟਰਲ ਚੱਲ ਰਿਹਾ ਸੀ। ਸੰਪਾਦਕੀਆਂ ਰਾਹੀਂ ਅਮਰੀਕਾ ਨੂੰ ਅਪੀਲਾਂ ਕੀਤੀਆਂ ਕਿ ਆਰਮੀਨੀ ਲੋਕਾਂ ਨੂੰ ਬਚਾਉ। ਇੰਗਲੈਂਡ ਦੀਆਂ ਫੌਜਾਂ ਤਾਂ ਖੁਦ ਇਟਲੀ ਵਿਚਲੇ ਅਤਿਆਚਾਰ ਦੇਖ ਰਹੀਆਂ ਸਨ। ਅਲੇਪੋ ਵਿਚ ਅਮਰੀਕਨ ਵਕੀਲ ਜੈਕਸਨ ਨੇ ਜੁਲਾਈ 1915 ਵਿਚ 1000 ਔਰਤਾਂ ਤੇ ਬੱਚੇ ਕੁਰਦਾਂ ਹਵਾਲੇ ਕਰਨ ਬਾਰੇ ਲਿਖਿਆ: ਘੋੜਿਆਂ 'ਤੇ ਸਵਾਰ ਕੁਰਦ, ਸੋਹਣੀਆਂ ਕੁੜੀਆਂ ਤੇ ਔਰਤਾਂ ਛਾਂਟ ਲੈਂਦੇ। ਬਾਕੀ ਜਿਨ੍ਹਾਂ ਦਾ ਸਫਾਇਆ ਕਰਨਾ ਹੈ, ਉਨ੍ਹਾਂ ਨੂੰ ਨਿਰਵਸਤਰ ਕਰਦੇ। ਗਰਮੀਆਂ ਦੀ ਰੁੱਤ, ਪੈਦਲ, ਨੰਗੀਆਂ ਸਫਰ ਕਰਨਗੀਆਂ। ਰਸਲੀਨ ਵਿਚ ਮੈਂ ਖੁਦ 300 ਔਰਤਾਂ ਨੰਗੀਆਂ ਦੇਖੀਆਂ। ਵਾਲ ਹਵਾ ਵਿਚ ਉਡਦੇ, ਜਿਵੇਂ ਜੰਗਲੀ ਜਾਨਵਰ ਹੋਣ। ਬਲਦੀ ਧੁੱਪ ਵਿਚ ਛੇ ਦਿਨ ਪੈਦਲ। ਕੁਝ ਨੇ ਮੈਨੂੰ ਆਪਣੇ ਜਿਸਮ ਦਿਖਾਏ, ਚਮੜੀ ਹਰੀ ਨੀਲੀ ਹੋ ਗਈ ਸੀ। ਜਿਵੇਂ ਸੱਪ ਦੀ ਕੁੰਜ ਉਤਰਦੀ ਹੈ, ਇਉਂ ਉਤਰ ਰਹੀ ਸੀ। ਸਿਰਾਂ ਵਿਚ ਡੂੰਘੇ ਜ਼ਖਮ ਸਨ।

ਨਿਜੀ ਡਾਇਰੀਆਂ ਅਤੇ ਦੋਸਤਾਂ ਨੂੰ ਲਿਖੇ ਖਤਾਂ ਦਾ ਭੰਡਾਰ ਅਜੇ ਛਪਿਆ ਨਹੀਂ। ਅੰਗਰੇਜ਼ ਵਪਾਰੀ ਸਾਈਰਿਲ ਬਾਰਟਰ ਖਤ ਵਿਚ ਲਿਖਦਾ ਹੈ: ਦਿਅਰ-ਏ-ਜਿਊਰ ਵਿਚ ਆਰਮੀਨੀ ਰਿਫਿਊਜੀਆਂ ਦਾ ਪਹਿਲਾ ਜਥਾ ਦੇਖਿਆ। ਫਿਰ ਤਿੰਨ ਮਹੀਨੇ ਆਮ ਦੇਖਣ ਨੂੰ ਮਿਲਦੇ। ਇਨ੍ਹਾਂ ਵਿਚ 16 ਤੋਂ 60 ਸਾਲ ਤੱਕ ਉਮਰ ਦਾ ਕੋਈ ਨਹੀਂ। ਭੁੱਖੇ ਅਤੇ ਬਿਮਾਰ। ਮੱਖੀਆਂ ਵਾਂਗ ਮਰ ਰਹੇ। ਕਿਤੋਂ ਰਸਦ ਨਹੀਂ ਆਉਂਦੀ। ਮਾਰੂਥਲ ਵਿਚ ਇੰਨੀ ਵੱਡੀ ਤਬਾਹੀ। ਮੈਨੂੰ ਡਰਾਉਣੇ ਸੁਫਨੇ ਆਉਂਦੇ ਰਹੇ।

ਹੁਣ ਚਸ਼ਮਦੀਦ ਗਵਾਹ ਨਹੀਂ ਰਹੇ, ਉਨ੍ਹਾਂ ਦੀ ਅਗਲੀ ਪੀੜ੍ਹੀ ਮਾਪਿਆਂ ਤੋਂ ਸੁਣੇ ਬਿਰਤਾਂਤ ਸੁਣਾਉਂਦੀ ਹੈ। ਐਲਨ ਆਪਣੇ ਪਿਤਾ ਬਾਰੇ ਦੱਸਦੀ ਹੈ: ਫੜ ਕੇ ਰੇਲਵੇ ਦੇ ਪੁਰਾਣੇ ਸ਼ੈਡ ਵਿਚ ਲੈ ਗਏ ਜਿਥੇ ਅਨੇਕ ਯੂਨਾਨੀ ਤੇ ਆਰਮੀਨੀ ਬੰਦੀ ਸਨ। ਕਤਾਰਾਂ ਵਿਚ ਖੜ੍ਹੇ ਹੋਣ ਲਈ ਕਹਿੰਦੇ, ਮਸ਼ੀਨਗਨ ਦੇ ਫਾਇਰਾਂ ਨਾਲ ਭੁੰਨ ਦਿੰਦੇ...ਫਿਰ ਅਗਲੀ ਕਤਾਰ। ਮੇਰਾ ਪਿਉ ਬਚ ਗਿਆ ਕਿਉਂਕਿ ਬੇਹੋਸ਼ ਹੋ ਕੇ ਡਿੱਗ ਪਿਆ ਸੀ। ਜਾਂਦੇ-ਜਾਂਦੇ ਸੰਗੀਨਾਂ ਮਾਰ ਗਏ। ਜਾਣ ਲੱਗਾ, ਦੇਖਿਆ, ਦੋ ਕੁੜੀਆਂ ਜਿਉਂਦੀਆਂ ਭੈਅ-ਭੀਤ ਕੰਬ ਰਹੀਆਂ ਸਨ। ਪਿਤਾ ਉਨ੍ਹਾਂ ਨੂੰ ਛੱਡ ਕੇ ਕਿਵੇਂ ਜਾ ਸਕਦਾ ਸੀ? ਉਠਣ ਦਾ ਇਸ਼ਾਰਾ ਕੀਤਾ। ਤਿੰਨੇ ਬੰਦਰਗਾਹ ਵੱਲ ਚੱਲ ਪਏ। ਜੰਗੀ ਜਹਾਜ ਮੁਸਾਫਿਰਾਂ ਨੂੰ ਚੜ੍ਹਨ ਨਹੀਂ ਸਨ ਦਿੰਦੇ। ਇਕ ਮੁਸਾਫਿਰ-ਜਹਾਜ ਤੁਰਨ ਵਾਲਾ ਸੀ। ਸੰਗਲ ਖੁੱਲ੍ਹ ਜਾਣ ਕਰ ਕੇ ਪਾਣੀ ਵਿਚ ਪਿਛੇ ਹਟ ਗਿਆ। ਤਿੰਨਾਂ ਨੇ ਪਾਣੀ ਵਿਚ ਛਾਲਾਂ ਮਾਰ ਦਿੱਤੀਆਂ, ਤੈਰ ਕੇ ਨੇੜੇ ਪੁੱਜੇ। ਇਟਾਲੀਅਨ ਸਵਾਰੀਆਂ ਨੇ ਉਪਰ ਖਿੱਚ ਲਏ।

ਪਹਿਲੀ ਜੰਗ ਵਿਚ ਇੰਗਲੈਂਡ-ਅਮਰੀਕਾ ਦੀ ਧਿਰ ਜਿੱਤ ਗਈ। ਤੁਰਕੀ, ਜਰਮਨ ਆਦਿਕ ਹਾਰ ਗਏ। ਆਰਮੀਨੀ ਸੋਚਦੇ ਸਨ, ਸਾਡੇ ਭਰਾ ਜਿੱਤ ਗਏ ਹਨ, ਹੁਣ ਮਰੇ ਤਾਂ ਵਾਪਸ ਨਹੀਂ ਲਿਆ ਸਕਦੇ, ਦੋਸ਼ੀਆਂ ਨੂੰ ਸਜ਼ਾਵਾਂ ਦੇਣਗੇ। ਹਾਰੇ ਫੌਜੀ ਜਰਨੈਲਾਂ ਨੇ ਇਨ੍ਹਾਂ ਘੱਲੂਘਾਰਿਆਂ ਦਾ ਸਾਰਾ ਰਿਕਾਰਡ ਅੰਗਰੇਜ਼ਾਂ ਹਵਾਲੇ ਕਰ ਦਿੱਤਾ। ਇਕ ਮਿਲਟਰੀ ਅਫਸਰ ਨੇ ਆਪਣੇ ਕੁਲੀਗ ਨੂੰ ਤਾਰ ਪਾਈ ਸੀ, 'ਉਹ ਕਾਰਵਾਂ ਆਪਣੀ ਅੰਤਿਮ ਮੰਜ਼ਲ ਵਲ ਰਵਾਨਾ ਕਰ ਦਿੱਤਾ' ਜਿਸ ਨੇ ਪੜ੍ਹੀ ਉਸ ਨੂੰ ਸਮਝ ਨਾ ਆਈ, ਪੁੱਛਿਆ, ਕੀ ਮਤਲਬ? ਜਵਾਬ ਦਿੱਤਾ, ਮਤਲਬ ਸਫਾਇਆ। ਸਾਰੇ ਕਤਲ। ਇਹੋ ਜਿਹੇ ਕੁਝ ਛੋਟੇ-ਮੋਟੇ ਅਫਸਰ ਫਾਹੇ ਲਾ ਦਿੱਤੇ। ਗ੍ਰਹਿ ਮੰਤਰੀ ਤਲਾਤ ਪਾਸ਼ਾ ਜਰਮਨੀ ਦੌੜ ਗਿਆ। ਉਸ ਨੂੰ ਗ਼ੈਰ-ਹਾਜ਼ਰੀ ਵਿਚ ਫਾਂਸੀ ਦੀ ਸਜ਼ਾ ਸੁਣਾਈ। ਇਕ ਆਰਮੀਨੀ ਜਿਸ ਦਾ ਸਾਰਾ ਪਰਿਵਾਰ ਮਾਰਿਆ ਗਿਆ ਸੀ, ਨੇ ਬਰਲਿਨ ਵਿਚ ਤਲਾਤ ਪਾਸ਼ਾ ਫੁੰਡ ਦਿੱਤਾ।

ਅੰਗਰੇਜ਼ਾਂ ਦੀ ਇਨ੍ਹਾਂ ਮੁਕੱਦਮਿਆਂ ਵਿਚ ਬਹੁਤੀ ਰੁਚੀ ਨਹੀਂ ਸੀ। ਅੱਖਾਂ ਪੂੰਝਣ ਵਾਲਾ ਮਾੜਾ-ਮੋਟਾ ਕੰਮ ਕੀਤਾ। ਹਾਂ, ਆਰਮੀਨੀਆ ਤੁਰਕੀ ਤੋਂ ਖੁਦਮੁਖਤਾਰ ਦੇਸ ਹੋਵੇਗਾ, ਇਸ ਵਾਸਤੇ ਤੁਰਕੀ ਨੂੰ ਮਨਾ ਲਿਆ। ਵਿਲਸਨ ਨੇ ਤੁਰਕੀ ਦੇ ਨਕਸ਼ੇ ਵਿਚੋਂ ਕੁਝ ਹਿੱਸੇ ਕੱਟ ਕੇ ਆਰਮੀਨੀਆ ਦੇਸ ਸਿਰਜ ਦਿੱਤਾ ਪਰ ਛੇਤੀ ਹੀ ਤੁਰਕ ਅਤੇ ਰੂਸੀ ਬਾਲਸ਼ਵਿਕਾਂ ਵਿਚ ਏਕਾ ਹੋ ਗਿਆ ਤੇ ਦਸੰਬਰ 1920 ਵਿਚ ਇਸ ਦੇਸ ਦਾ ਭੋਗ ਪੈ ਗਿਆ। ਮਾਰਥੂਲਾਂ ਵਿਚ ਆਪਣੀਆਂ ਫੌਜਾਂ ਮਰਵਾਏ ਤੇ ਆਰਮੀਨੀਆਂ ਬਚਾਏ, ਇੰਗਲੈਂਡ ਦਾ ਪ੍ਰਧਾਨ ਮੰਤਰੀ ਵਿਲਸਨ ਇਸ ਲਈ ਤਿਆਰ ਨਹੀਂ ਸੀ। ਕੁਰਦਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ, 'ਵੱਖਰਾ ਦੇਸ ਚਾਹੀਦੈ।' ਜਿਨ੍ਹਾਂ ਨੇ ਤੁਰਕੀ ਦੇ ਜਲਾਦਾਂ ਵਜੋਂ ਫਰਜ਼ ਨਿਭਾਇਆ, ਉਨ੍ਹਾਂ ਦਾ ਤੁਰਕੀ ਤੋਂ ਮੋਹ-ਭੰਗ ਹੋ ਗਿਆ। ਇੰਗਲੈਂਡ ਨੇ ਸੋਚਿਆ, ਜੇ ਕੁਰਦਿਸਤਾਨ ਬਣ ਗਿਆ, ਉਹ ਰੂਸ ਦੀ ਝੋਲੀ ਵਿਚ ਪੈ ਜਾਵੇਗਾ ਜੋ ਇੰਗਲੈਂਡ-ਅਮਰੀਕਾ ਦੀ ਸਿਆਸਤ ਵਾਸਤੇ ਠੀਕ ਨਹੀਂ।

ਅਮਰੀਕਾ ਇੰਗਲੈਂਡ ਦਾ ਚੁੱਪ ਰਹਿਣ ਦਾ ਮਤਲਬ ਸੀ, ਆਰਮੀਨੀ ਫਿਰ ਇਕੱਲੇ ਰਹਿ ਗਏ। ਤੁਰਕਾਂ ਨੇ 1939 ਦੇ ਸਾਲ, ਦੂਜੀ ਆਲਮੀ ਜੰਗ ਵੇਲੇ ਸਿਲੀਸੀਆ ਵਿਚ ਫਰੈਂਚ ਆਰਮੀ 'ਤੇ ਹੱਲਾ ਬੋਲ ਦਿੱਤਾ ਤੇ ਮਰਾਸ਼ ਸ਼ਹਿਰ ਤੱਕ ਧੱਕ ਦਿੱਤੇ। ਇਥੇ ਰਹਿ ਰਹੇ ਆਰਮੀਨੀ ਸੋਚਦੇ ਸਨ, ਫਰਾਂਸੀਸੀ ਸੁਰੱਖਿਆ ਅਧੀਨ ਹਾਂ, ਕੋਈ ਖਤਰਾ ਨਹੀਂ, 50 ਹਜ਼ਾਰ ਦੀ ਗਿਣਤੀ ਵਿਚ ਫਿਰ ਤੁਰਕਾਂ ਨੇ ਕਤਲ ਕੀਤੇ। ਚਰਚਿਲ ਨੇ ਲਿਖਿਆ, 'ਇਤਿਹਾਸ, ਆਰਮੀਨੀਆ ਲਫਜ਼ ਲੱਭੇਗਾ, ਨਹੀਂ ਮਿਲੇਗਾ।'

ਮੁਸਲਮਾਨਾਂ ਨੇ ਕਿਹਾ, ਗੋਰੇ ਇਸ ਕੌਮ ਲਈ ਇਸ ਕਰ ਕੇ ਫਿਕਰਮੰਦ ਨਹੀਂ ਕਿ ਇਹ ਘੱਟ-ਗਿਣਤੀ ਹਨ। ਈਸਾਈ, ਈਸਾਈਆਂ ਨੂੰ ਬਚਾਉਣ ਲਈ ਫਿਕਰਮੰਦ ਹਨ।

ਅਸੀਂ ਦੇਖ ਰਹੇ ਹਾਂ ਕਿ ਇਨ੍ਹਾਂ ਵਾਸਤੇ ਕੋਈ ਫਿਕਰਮੰਦ ਨਹੀਂ। ਪਾਦਰੀ ਕਰਕਾਸ਼ਿਅਨ ਦੀ ਭੈਣ ਵਿਕਟੋਰੀਆ ਦੱਸਦੀ ਹੈ, 1939 ਵਿਚ ਦਸ ਸਾਲ ਦੀ ਸੀ। ਫਰਾਂਸੀਸੀ ਫੌਜ ਉਨ੍ਹਾਂ ਨੂੰ ਬਚਾ ਕੇ ਲਿਜਾ ਰਹੀ ਸੀ। ਭਰਾ ਵਰੂਜਨ ਦੋ ਸਾਲ ਦਾ ਮਾਂ ਦੀ ਗੋਦੀ ਵਿਚ ਦਮ ਤੋੜ ਗਿਆ। ਮਲੇਰੀਆ ਸੀ। ਚਾਲੀ ਦਿਨ ਸੀਰੀਆ ਦੇ ਸ਼ਹਿਰ ਅੱਬਾਸੀ ਵਿਚ ਰਹੇ। ਫਿਰ ਸੱਤ ਦਿਨ ਸਮੁੰਦਰੀ ਜਹਾਜ ਵਿਚ। ਉਤਰੀ ਲੈਬਨਾਨ ਦੇ ਸ਼ਹਿਰ ਤ੍ਰਿਪੋਲੀ ਉਤਰੇ, ਮਾਲ ਗੱਡੀ ਰਾਹੀਂ ਰੱਯਾਕ ਪੁਜੇ, ਇਥੋਂ ਆਜਰ ਲੈ ਗਏ। ਫਰਾਂਸੀਸੀਆਂ ਨੂੰ ਪਤਾ ਨਹੀਂ ਲਗਦਾ ਸੀ ਕਿ ਸਾਡਾ ਕਰਨ ਕੀ? ਫਾਦਰ ਕਰਕਾਸ਼ੀਅਨ ਨੇ ਦੱਸਿਆ, ਬਹੁਤੇ ਬੱਚਿਆਂ ਦੇ ਮਾਪੇ ਜਾਂ ਦਾਦਾ-ਦਾਦੀ ਨਹੀਂ ਸਨ। ਪੱਥਰ ਕੁੱਟਣ ਦੀ 25 ਪੌਂਡ ਦਿਹਾੜੀ ਮਿਲਣ ਲੱਗੀ। ਦਲ-ਦਲ ਵਿਚ ਇਕ ਹਜ਼ਾਰ ਮੌਤਾਂ ਮਲੇਰੀਏ ਕਾਰਨ ਹੋਈਆਂ। ਕਸਬੇ ਦੇ ਉਤਰ ਵਲ ਟੁੱਟੀਆਂ ਫੁੱਟੀਆਂ ਕਬਰਾਂ ਦੇਖ ਲਉ। ਇਥੋਂ ਬਹੁਤੇ ਅਮਰੀਕਾ ਚਲੇ ਗਏ ਤੇ ਕਦੀ ਵਾਪਸ ਨਾ ਆਏ। ਫਾਦਰ ਇਕ ਵਾਰ ਤੁਰਕੀ ਆਪਣਾ ਜੱਦੀ ਪਿੰਡ ਦੇਖਣ ਗਿਆ ਦੱਸਦਾ ਹੈ, ਉਥੇ 35 ਆਰਮੀਨੀ ਪਰਿਵਾਰ ਰਹਿੰਦੇ ਨੇ। ਕਹਿੰਦੇ ਤੁਰਕ ਹੁਣ ਨਰਮ ਹਨ ਕਿਉਂਕਿ ਸਾਡਾ ਦੇਸ ਆਰਮੀਨੀਆ ਉਨ੍ਹਾਂ ਨੇ ਖੋਹ ਲਿਆ। ਫਰਾਂਸ ਡਰ ਗਿਆ ਕਿ ਪਹਿਲੀ ਵੱਡੀ ਲਾਮ ਵਾਂਗ ਦੁਬਾਰਾ ਤੁਰਕੀ, ਜਰਮਨੀ ਨਾਲ ਨਾ ਰਲ ਜਾਵੇ। ਸੋ, ਤੁਰਕੀ ਦੀਆਂ ਸ਼ਰਤਾਂ 'ਤੇ ਸੰਧੀ ਕੀਤੀ। ਸੰਧੀ ਮੁਤਾਬਕ ਰਾਇਸ਼ੁਮਾਰੀ ਕਰਵਾਈ ਜਾਵੇ ਕਿ ਆਰਮੀਨੀ ਵੱਖ ਦੇਸ ਚਾਹੁੰਦੇ ਹਨ ਜਾਂ ਤੁਰਕੀ ਵਿਚ ਰਹਿਣ ਨੂੰ ਪਹਿਲ ਦਿੰਦੇ ਹਨ। ਇਕ ਤਾਂ ਜੀਆਘਾਤ ਹੋ ਚੁੱਕਾ, ਦੂਜੇ ਜਾਅਲੀ ਵੋਟਾਂ ਭੁਗਤਾਣ ਵਾਸਤੇ ਟਰੱਕਾਂ ਵਿਚ ਬਾਹਰੋਂ ਵੋਟਰ ਆ ਉਤਰੇ। ਖਬਰ ਛਪੀ ਕਿ ਆਰਮੀਨੀ ਵਸੋਂ ਤੁਰਕੀ ਵਿਚ ਰਹਿਣਾ ਪਸੰਦ ਕਰਦੀ ਹੈ। ਪਾਠ ਦਾ ਭੋਗ ਪੈ ਗਿਆ। ਫਰਾਂਸ ਆਪਣੇ ਮੱਥੇ ਉਪਰ ਲੱਗਾ ਬੇਇਜ਼ਤ ਦਾਗ ਧੋ ਨਹੀਂ ਸਕੇਗਾ। ਰਾਇਸ਼ੁਮਾਰੀ ਦੇ ਨਤੀਜੇ ਬਾਅਦ ਯੂਰਪ ਦੇ ਜਿਸ ਦੇਸ ਵਲ ਮੂੰਹ ਹੋਇਆ, ਆਰਮੀਨੀ ਭੱਜ ਗਏ। ਉਨ੍ਹਾਂ ਦੇ ਇਤਿਹਾਸਕ ਸ਼ਹਿਰ ਅਲੈਕਸੈਂਦਰੇਟਾ ਦਾ ਨਾਮ ਮੁਸਲਮਾਨਾਂ ਨੇ ਇਸਕੰਦਰਮ ਰੱਖ ਦਿੱਤਾ। ਨਾਮਕਰਨ ਵੇਲੇ, ਵੱਡੀ ਦਾਅਵਤ ਵਿਚ ਤੁਰਕੀ ਨੇ ਐਲਾਨ ਕੀਤਾ, ਜਿਨ੍ਹਾਂ ਦੀਆਂ ਨਜ਼ਰਾਂ ਅਜੇ ਇਸਕੰਦਰਮ ਵੱਲ ਹਨ, ਸਮਝੋ ਉਹ ਅੰਨ੍ਹੇ ਹਨ। ਤੁਰਕੀ ਵਲ ਮੈਲੀ ਨਿਗ੍ਹਾ ਮਨਜ਼ੂਰ ਨਹੀਂ।

1939 ਵਿਚ ਰੂਸੀ ਫੌਜ ਪੋਲੈਂਡ ਵਿਚ ਪੁੱਜੀ ਜਿਸ ਨੇ ਭਿਆਨਕ ਤਬਾਹੀ ਮਚਾਈ। ਟੀ.ਐਸ. ਇਲੀਅਟ ਇਕ ਔਰਤ ਦਾ ਬਿਆਨ ਦਰਜ ਕਰਦਾ ਹੈ, "ਪਿੰਡ ਰੇਲ ਗੱਡੀ ਰਾਹੀਂ ਉਜੜ ਕੇ ਜਾਏਗਾ, ਮੈਂ ਰੱਬ ਅੱਗੇ ਅਰਦਾਸ ਕੀਤੀ ਕਿ ਗੱਡੀ ਰਾਤ ਨੂੰ ਜਾਏ ਜਦੋਂ ਮੇਰੇ ਬੱਚੇ ਸੁੱਤੇ ਪਏ ਹੋਣ। ਬਦਕਿਸਮਤ ਦਿਨੇ ਚੱਲ ਪਈ। ਇਸ ਨੇ ਸਾਡੇ ਘਰ, ਸਾਡੇ ਖੇਤ ਲਾਗਿਓਂ ਲੰਘਣਾ ਸੀ। ਬੱਚਿਆਂ ਨੇ ਖਿੜਕੀ ਰਾਹੀਂ ਦੇਖਿਆ, ਕਰਾਸ ਹੱਥ ਵਿਚ ਚੁੱਕੀ ਪਾਦਰੀ ਵਿਦਾਇਗੀ ਲਈ ਹੱਥ ਹਿਲਾ ਰਿਹਾ ਸੀ, ਪ੍ਰਾਰਥਨਾ ਕਰ ਰਿਹਾ ਸੀ। ਜਦੋਂ ਸਾਡਾ ਫਾਰਮ ਹਾਊਸ ਦੇਖਿਆ, ਤੋਮੂ ਚੀਕਾਂ ਮਾਰਨ ਲੱਗਾ, ਮੰਮੀ ਸਾਡਾ ਬਾਗ, ਮੰਮੀ ਸਾਡਾ ਤਾਲਾਬ, ਅਹੁ ਦੇਖ ਮੰਮੀ ਸਾਡੀ ਗਾਂ ਘਾਹ ਚਰਦੀ, ਮੰਮੀ ਸਾਨੂੰ ਕਿਉਂ ਲੈ ਕੇ ਚੱਲੀ?"

ਪੋਲੈਂਡ ਵਿਚ ਜੰਮੇ ਯਹੂਦੀ ਰਾਫੇਲ ਲੈਮਕਿਨ ਨੇ 1944 ਵਿਚ 'ਜੀਨੋਸਾਈਡ' ਸ਼ਬਦ ਘੜਿਆ, ਇਸ ਨੂੰ ਪੰਜਾਬੀ ਵਿਚ ਨਸਲਕੁਸ਼ੀ ਕਹਾਂਗੇ। ਇਸ ਸ਼ਬਦ ਦੇ ਜਨਮ ਨਾਲ ਮਨੁੱਖੀ ਅਧਿਕਾਰਾਂ ਦੀ ਗੱਲ ਤੁਰਨ ਲੱਗੀ। ਹਿਟਲਰ ਨੇ ਜਦੋਂ ਯਹੂਦੀਆਂ ਦੀ ਨਸਲਕੁਸ਼ੀ ਦਾ ਫੈਸਲਾ ਕੀਤਾ, ਉਸ ਨੂੰ ਕਿਹਾ ਗਿਆ, ਪਰ ਇੰਨਾ ਵੱਡਾ ਜੀਆਘਾਤ ਦੇਖ ਕੇ ਸੰਸਾਰ ਹਿੱਲ ਨਹੀਂ ਜਾਏਗਾ? ਹਿਟਲਰ ਨੇ ਕਿਹਾ, ਵੀਹ ਸਾਲ ਪਹਿਲਾਂ ਆਰਮੀਨੀ ਲੋਕਾਂ ਦੀ ਨਸਲਕੁਸ਼ੀ ਕਿਸ ਨੂੰ ਯਾਦ ਹੈ?

(ਚਲਦਾ)

## ਸੰਪਾਦਕ ਦੀ ਡਾਕ

## ਸੇਵਾ ਸਿੰਘ ਠੀਕਰੀਵਾਲਾ

ਪੰਜਾਬ ਟਾਈਮਜ਼ ਦੇ 28 ਮਾਰਚ ਦੇ ਅੰਕ ਵਿਚ ਡਾ. ਹਰਪਾਲ ਸਿੰਘ ਪੰਨੂ ਦਾ ਲੇਖ 'ਬੇਬਾਕ ਤੇ ਵਿਲਖਣ ਸ਼ਖਸੀਅਤ ਸਿਰਦਾਰ ਕਪੂਰ ਸਿੰਘ' ਪੜ੍ਹਿਆ। ਸਿਰਦਾਰ ਕਪੂਰ ਸਿੰਘ ਬਾਰੇ ਅਤੇ ਉਨ੍ਹਾਂ ਦੀਆਂ ਲਿਖਤਾਂ ਪੜ੍ਹਨ ਦੀ ਉਤਸੁਕਤਾ ਦੇ ਲਿਹਾਜੇ ਆਪਣੇ ਵਿਦਵਾਨ ਅਧਿਆਪਕ ਡਾ. ਪੰਨੂ ਦਾ ਲੇਖ ਪੜ੍ਹ ਕੇ ਬੜੀ ਜਾਣਕਾਰੀ ਹਾਸਿਲ ਹੋਈ। ਡਾ. ਪੰਨੂ ਨੇ ਇਸ ਲੇਖ ਦੇ ਅੰਤ ਵਿਚ ਸ. ਸੇਵਾ ਸਿੰਘ ਠੀਕਰੀਵਾਲਾ ਬਾਰੇ 'ਠੀਕਰੀਵਾਲਾ ਸਰਦਾਰ ਨੇਕ ਬਖਤ ਸਿੱਖ ਸੀ ਜਿਸ ਨੂੰ ਮਹਾਰਾਜੇ ਦੀ ਅੱਯਾਸ਼ੀ ਪਸੰਦ ਨਹੀਂ ਸੀ' ਲਿਖ ਕੇ ਵਿਚ ਸ. ਸੇਵਾ ਸਿੰਘ ਦੇ ਜੀਵਨ ਫਲਸਫ਼ੇ ਨੂੰ ਨਿਆਂਪੂਰਵਕ ਸੰਖੇਪ ਸ਼ਬਦਾਂ ਵਿਚ ਪੇਸ਼ ਕੀਤਾ ਹੈ। ਮਹਾਰਾਜਾ ਪਟਿਆਲਾ ਵਲੋਂ ਜਿਸ ਤਰ੍ਹਾਂ ਸ. ਸੇਵਾ ਸਿੰਘ ਠੀਕਰੀਵਾਲਾ ਨਾਲ ਵਿਹਾਰ ਕੀਤਾ ਗਿਆ, ਉਸ ਸਬੰਧੀ ਸੰਖੇਪ ਇਤਿਹਾਸਕ ਜਾਣਕਾਰੀ ਇਸ ਤਰ੍ਹਾਂ ਹੈ:

1923 ਈ. ਵਿਚ ਅਕਾਲੀ ਲਹਿਰ ਦੇ ਪ੍ਰਸਿਧ ਮੋਰਚੇ ਜੈਤੋ ਦੇ ਮੋਰਚੇ ਦੌਰਾਨ ਅੰਗਰੇਜ਼ ਸਰਕਾਰ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗੈਰ-ਕਾਨੂੰਨੀ ਕਰਾਰ ਦਿੰਦਿਆਂ ਇਨ੍ਹਾਂ ਜਥੇਬੰਦੀਆਂ ਦੇ ਆਗੂਆਂ ਦੀਆਂ ਗ੍ਰਿਫਤਾਰੀਆਂ ਲਈ ਹੁਕਮ ਜਾਰੀ ਕਰ ਦਿਤੇ ਸਨ। ਸ. ਸੇਵਾ ਸਿੰਘ ਨੂੰ ਵੀ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਦੇ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਰਿਆਸਤ ਪਟਿਆਲਾ ਦੇ ਪ੍ਰਧਾਨ ਹੋਣ ਦੀ ਹੈਸੀਅਤ ਵਿਚ ਸ੍ਰੀ ਮੁਕਤਸਰ ਸਾਹਿਬ ਤੋਂ ਗ੍ਰਿਫਤਾਰ ਕੀਤਾ ਗਿਆ। 1925 ਈ. ਵਿਚ ਗੁਰਦੁਆਰਾ ਐਕਟ ਹੋਂਦ ਵਿਚ ਆਉਣ ਉਪਰੰਤ ਪਟਿਆਲਾ ਰਿਆਸਤ ਦੀ ਪੁਲਿਸ ਨੇ ਮੁੜ ਸ. ਸੇਵਾ ਸਿੰਘ ਨੂੰ ਹਿਰਾਸਤ ਵਿਚ ਲੈ ਲਿਆ ਅਤੇ ਉਨ੍ਹਾਂ ਵਿਰੁਧ ਡੇਰਾ ਬਾਬਾ ਗਾਂਧਾ ਸਿੰਘ-ਬਰਨਾਲਾ ਦੀ ਇਕ ਗੜਵੀ ਚੋਰੀ ਦਾ ਹਾਸੋਹੀਣਾ ਮੁਕਦਮਾ ਬਣਾਉਣ ਦਾ ਅਸਫਲ ਯਤਨ ਕੀਤਾ। ਇਸ ਦੀ ਬੜੀ ਚਰਚਾ ਹੋਈ। ਅਖੀਰ ਡੇਰੇ ਦੇ ਮਹੰਤ ਰਘਵੀਰ ਸਿੰਘ ਨੇ ਬਿਆਨ ਦਿਤਾ ਕਿ ਮੇਰੇ ਡੇਰੇ ਵਿਚੋਂ ਕੋਈ ਗੜਵੀ ਚੋਰੀ ਨਹੀਂ ਹੋਈ। ਇਸ ਤਰ੍ਹਾਂ ਦੋਸ਼ ਸਿਧ ਨਾ ਹੋਣ ਕਾਰਨ ਨਾ ਤਾਂ ਕੋਈ ਸਜ਼ਾ ਹੋਈ ਤੇ ਨਾ ਹੀ ਕੋਈ ਜੁਰਮਾਨਾ ਹੋਇਆ ਪਰ ਸ. ਸੇਵਾ ਸਿੰਘ ਨੂੰ ਰਿਹਾ ਨਾ ਕੀਤਾ ਗਿਆ ਅਤੇ ਬਿਨਾ ਕੋਈ ਮੁਕਦਮਾ ਬਣਾਏ ਤਿੰਨ ਸਾਲ (1926 ਤੋਂ 1929 ਤਕ) ਕੇਂਦਰੀ ਜੇਲ੍ਹ ਪਟਿਆਲਾ ਵਿਚ ਨਜ਼ਰਬੰਦ ਰਖਿਆ ਗਿਆ। ਇਹ ਪਹਿਲੀ ਗ੍ਰਿਫਤਾਰੀ ਸੀ। ਅਕਤੂਬਰ 1930 ਈ. ਵਿਚ ਪੰਜਾਬ ਰਿਆਸਤ ਪਰਜਾ ਮੰਡਲ ਦੀ ਲੁਧਿਆਣਾ ਕਾਨਫਰੰਸ ਵਿਚ ਭਾਗ ਲੈਣ ਕਾਰਨ ਪੁਲਿਸ ਨੇ ਸ. ਸੇਵਾ ਸਿੰਘ ਨੂੰ ਮੁੜ ਗ੍ਰਿਫਤਾਰ ਕਰ ਲਿਆ ਅਤੇ ਪੰਜ ਸਾਲ ਕੈਦ ਤੇ ਇਕ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾ ਕੇ ਪਟਿਆਲਾ ਜੇਲ੍ਹ ਵਿਚ ਨਜ਼ਰਬੰਦ ਕਰ ਦਿਤਾ। ਪ੍ਰੰਤੂ ਕੌਮੀ ਜਥੇਬੰਦੀਆਂ ਦੇ ਸੰਘਰਸ਼ ਦੇ ਫਲਸਰੂਪ ਚਾਰ ਮਹੀਨਿਆਂ ਬਾਅਦ ਹੀ ਬਿਨਾ ਸ਼ਰਤ ਰਿਹਾ ਕਰ ਦਿਤਾ ਗਿਆ। ਇਸ ਤਰ੍ਹਾਂ ਹੀ ਨਵੰਬਰ 1931 ਈ. ਵਿਚ ਰਿਆਸਤ ਜੀਂਦ ਦੀ ਸਰਕਾਰ ਵਿਰੁਧ ਲੱਗੇ ਅਕਾਲੀ ਮੋਰਚੇ ਵਿਚ ਉਨ੍ਹਾਂ ਚਾਰ ਮਹੀਨੇ ਕੈਦ ਕੱਟੀ ਅਤੇ ਰਿਆਸਤ ਮਲੇਰਕੋਟਲੇ ਦੀ ਸਰਕਾਰ ਵਿਰੁਧ ਚੱਲੇ ਕੁਠਾਲਾ ਕਿਸਾਨ ਅੰਦੋਲਨ ਵਿਚ ਤਿੰਨ ਮਹੀਨਿਆਂ ਦੀ ਕੈਦ ਕਟੀ।

ਸ. ਸੇਵਾ ਸਿੰਘ ਦੀ ਆਖਰੀ ਗ੍ਰਿਫਤਾਰੀ ਦੇ ਦੋ ਦੋਸ਼ ਦਸੇ ਗਏ- ਪਹਿਲਾ, ਉਨ੍ਹਾਂ ਨੇ 15-16 ਮਈ 1932 ਪਿੰਡ ਖੁਡਿਆਲ (ਸੁਨਾਮ) ਦੀ ਅਕਾਲੀ ਕਾਨਫਰੰਸ ਵਿਚ ਭਾਗ ਲੈ ਕੇ ਮਹਾਰਜਾ ਪਟਿਆਲਾ ਵਿਰੁਧ ਅੰਦੋਲਨ ਜਾਰੀ ਕੀਤਾ; ਤੇ ਦੂਜਾ, ਉਨ੍ਹਾਂ ਨੇ 24 ਅਗਸਤ, 1933 ਈ. ਵਿਚ ਪੰਜਾਬ ਰਿਆਸਤੀ ਪਰਜਾ ਮੰਡਲ ਦੀ ਦਿੱਲੀ ਕਾਨਫਰੰਸ ਵਿਚ ਭਾਗ ਲੈ ਕੇ ਸੰਮਤ 1988 ਦੀ ਹਦਾਇਤ ਦੀ ਉਲੰਘਣਾ ਕੀਤੀ ਹੈ। ਇਨ੍ਹਾਂ ਦੋਸ਼ਾਂ ਵਿਚ ਰਿਆਸਤ ਪਟਿਆਲਾ ਦੀ ਪੁਲਿਸ ਨੇ ਸ. ਸੇਵਾ ਸਿੰਘ ਨੂੰ ਮੁੜ ਗ੍ਰਿਫਤਾਰ ਕਰ ਲਿਆ ਅਤੇ ਨਾਜਮ ਬਰਨਾਲਾ ਦੀ ਅਦਾਲਤ ਵਿਚ ਮੁਕਦਮਾ ਚਲਾ ਕੇ ਦਸ ਸਾਲ ਦੀ ਕੈਦ ਅਤੇ ਦੋ ਹਜ਼ਾਰ ਜੁਰਮਾਨੇ ਦੀ ਸਜ਼ਾ ਸੁਣਾਈ ਗਈ। ਇਹ ਉਨ੍ਹਾਂ ਦੀ ਅੰਤਿਮ ਜੇਲ੍ਹ ਯਾਤਰਾ ਸੀ। ਕੇਂਦਰੀ ਜੇਲ੍ਹ ਪਟਿਆਲਾ ਵਿਚ ਜੇਲ੍ਹ ਦੇ ਉਚ ਅਧਿਕਾਰੀਆਂ ਅਤੇ ਰਿਆਸਤ ਪਟਿਆਲਾ ਦੇ ਹੁਕਮਰਾਨਾ ਦੇ ਜ਼ਬਰ, ਜ਼ੁਲਮ ਅਤੇ ਧੱਕੇਸ਼ਾਹੀ ਵਿਰੁਧ ਸ. ਸੇਵਾ ਸਿੰਘ ਨੇ ਅਪਰੈਲ 1934 ਵਿਚ ਭੁਖ ਹੜਤਾਲ ਸ਼ੁਰੂ ਕਰ ਦਿਤੀ, ਜੋ ਨੌਂ ਮਹੀਨੇ ਜਾਰੀ ਰਹੀ। ਉਪਰੰਤ 19 ਤੇ 20 ਜਨਵਰੀ 1935 ਦੀ ਵਿਚਕਾਰਲੀ ਰਾਤ ਨੂੰ ਲਗਪਗ ਡੇਢ ਵਜੇ ਦਸਮੇਸ਼ ਪਿਤਾ ਦਾ ਨਾਦੀ ਪੁਤਰ ਸ. ਸੇਵਾ ਸਿੰਘ ਸ਼ਹੀਦ ਹੋ ਗਿਆ।

*-ਡਾ. ਗੁਰਤੇਜ ਸਿੰਘ ਠੀਕਰੀਵਾਲਾ*
*ਫੋਨ: 91-94638-61316*

## ਵਿਲੱਖਣ ਸ਼ਖਸੀਅਤ ਸਿਰਦਾਰ ਕਪੂਰ ਸਿੰਘ

ਪੰਜਾਬ ਟਾਈਮਜ਼ ਦੇ 28 ਮਾਰਚ ਦੇ ਅੰਕ ਵਿਚ ਸਿਰਦਾਰ ਕਪੂਰ ਸਿੰਘ ਦੀ ਬੇਬਾਕ ਤੇ ਵਿਲੱਖਣ ਸ਼ਖਸੀਅਤ ਬਾਰੇ ਲੇਖ ਪੜ੍ਹ ਕੇ ਮਨ ਗਦ ਗਦ ਹੋ ਗਿਆ। ਅੱਜ-ਕੱਲ੍ਹ ਐਨੀਆਂ ਕੌੜੀਆਂ ਤੇ ਸੱਚੀਆਂ ਗੱਲਾਂ ਸੁਣ ਕੇ ਲੋਕ ਗੁੱਸਾ ਕਰ ਜਾਂਦੇ ਹਨ ਅਤੇ ਸਾਰੀ ਉਮਰ ਇਕ ਦੂਜੇ ਨਾਲ ਬੋਲਦੇ ਨਹੀਂ ਪਰ ਅਕਾਲੀਆਂ ਨੂੰ ਭਾਈ ਸਾਹਿਬ ਬਹੁਤ ਹੀ ਗੰਦੀਆਂ ਗਾਲ੍ਹਾਂ ਕੱਢ ਦਿਆ ਕਰਦੇ ਸਨ। ਕੋਈ ਨਾ ਤਾਂ ਗੁੱਸਾ ਹੀ ਕਰਦਾ ਸੀ, ਨਾ ਹੀ ਉਨ੍ਹਾਂ ਅੱਗੇ ਚੂੰ ਹੀ ਕਰਦਾ ਸੀ, ਕਿਉਂਕਿ ਭਾਈ ਸਾਹਿਬ ਤਰਕ ਦੇ ਨਾਲ ਸੱਚੀ ਗੱਲ ਕਰਦੇ ਹੁੰਦੇ ਸਨ।

ਜਿਨ੍ਹਾਂ ਨੇ ਵੀ ਸਿਰਦਾਰ ਕਪੂਰ ਸਿੰਘ ਦੀ ਸੰਗਤ ਕੀਤੀ ਹੈ, ਉਹ ਗਿਆਨ ਨਾਲ ਮਾਲਾਮਾਲ ਹਨ। ਕਾਸ਼! ਉਹ ਗਿਆਨ ਦੀਆਂ ਗੱਲਾਂ ਜਿਵੇਂ ਡਾ. ਹਰਪਾਲ ਸਿੰਘ ਪੰਨੂ ਨੇ ਲਿਖੀਆਂ ਹਨ, ਉਸੇ ਤਰ੍ਹਾਂ ਉਹ ਸਾਰੇ ਵਿਦਵਾਨ ਵੀ ਲਿਖਣ ਜਿਨ੍ਹਾਂ ਨੇ ਭਾਈ ਸਾਹਿਬ ਦੀ ਸੰਗਤ ਕੀਤੀ ਹੈ।

*-ਗੁਰਬਿੰਦਰ ਸਿੰਘ ਤੂੰਗ, ਫੋਨ: 209-221-2137*

ਕਹਾਣੀ

# ਤਈਅਬਾ

***ਮੁਢ ਕਦੀਮ ਤੋਂ ਹੀ ਔਰਤ ਮਰਦ ਜਾਤ ਦੇ ਹੱਥੋਂ ਲਿਤਾੜੀ ਜਾਂਦੀ ਰਹੀ ਹੈ ਅਤੇ ਇਹ ਸਿਲਸਿਲਾ ਅੱਜ ਵੀ ਜਾਰੀ ਹੈ। ਅੱਜ ਵੀ ਆਮ ਫਹਿਮ ਔਰਤ ਨੂੰ ਉਸ ਰਾਹ ਧੱਕਿਆ ਜਾ ਰਿਹਾ ਹੈ ਜਿਸ ਰਾਹ ਉਹ ਕਦੀ ਵੀ ਜਾਣਾ ਨਹੀਂ ਚਾਹੁੰਦੀ। ਕਹਾਣੀਕਾਰਾ ਵੀਨਾ ਵਰਮਾ ਨੂੰ ਔਰਤ ਦੇ ਦਰਦ ਦੀ ਬੜੀ ਸ਼ਿੱਦਤ ਭਰੀ ਪਛਾਣ ਹੈ। ਇੰਨਾ ਹੀ ਨਹੀਂ, ਉਸ ਵਿਚ ਮਰਦ ਜਾਤ ਦੀ ਸਤਾਈ ਔਰਤ ਦੇ ਦਰਦ ਨੂੰ ਬੜੀ ਬੇਬਾਕੀ ਨਾਲ ਕਹਿਣ ਦੀ ਜੁਅਰਤ ਵੀ ਹੈ। ਸ਼ਾਇਦ ਇਸੇ ਕਰਕੇ ਮਰਹੂਮ ਨਾਟਕਕਾਰ ਬਲਵੰਤ ਗਾਰਗੀ ਨੇ ਉਸ ਬਾਰੇ ਕਿਹਾ ਸੀ ਕਿ ਉਹ ਕੁੜੀ ਤਾਂ ਬਾਣੀਆਂ ਦੀ ਹੈ ਪਰ ਉਸ ਵਿਚ ਗੱਲ ਕਹਿਣ ਦੀ ਦਲੇਰੀ ਜੱਟਾਂ ਵਾਲੀ ਹੈ। 'ਤਈਅਬਾ' ਨਾਂ ਦੀ ਇਹ ਕਹਾਣੀ ਇਕ ਅਜਿਹੀ ਔਰਤ ਦੀ ਗਾਥਾ ਹੈ ਜਿਸ ਦੀ ਪਹਿਲਾਂ ਮਾਂ ਨੂੰ ਮਰਦ ਪ੍ਰਧਾਨ ਸਮਾਜ ਵਲੋਂ ਤਵਾਇਫ ਬਣਨ 'ਤੇ ਮਜਬੂਰ ਕੀਤਾ ਗਿਆ ਅਤੇ ਫਿਰ ਖੁਦ ਉਸ ਨੂੰ। -ਸੰਪਾਦਕ***

"ਫੈੱਡ-ਅਪ ਬੀਇੰਗ ਅਲੋਨ ਇਨ ਦਾ ਈਵਨਿੰਗਜ਼? ਡੌਂਟ ਲੂਜ਼ ਫੇਥ, ਟੇਕ ਵੱਨ ਬੋਲਡ ਸਟੈੱਪ ਐਂਡ ਚੇਂਜ ਦਾ ਕੋਰਸ ਆਫ ਯੂਅਰ ਡੈਸਟਿਨੀ। ਬਲੈਕ ਏਸ਼ੀਅਨ ਬਿਊਟੀ ਲੁਕਿੰਗ ਫਾਰ ਮੇਲ, ਫਰੌਮ ਐਨੀ ਉਰਿਜਨ।"

ਟੈਲੀਫੂਨ...।

ਕਿਸੇ ਮੈਗਜ਼ੀਨ ਵਿਚ ਉਸ ਦੀ ਐਡਵਰਟਾਈਜ਼ਮੈਂਟ ਪੜ੍ਹ ਕੇ ਮੈਂ ਉਸ ਤੋਂ ਅਪਾਇੰਟਮੈਂਟ ਲੈ ਲਈ। ਨਿਸ਼ਚਤ ਸਮੇਂ ਮੁਤਾਬਿਕ ਸ਼ਾਮ ਨੂੰ ਮੈਂ ਉਸ ਦੇ ਘਰ ਪਹੁੰਚ ਗਈ। ਉਸ ਨੇ ਬੂਹਾ ਖੋਲ੍ਹਿਆ ਤੇ ਬਨਾਵਟੀ ਜਿਹੀ ਮੁਸਕਾਨ ਮੇਰੇ ਵੱਲ ਸੁੱਟੀ। ਉਸ ਦੇ ਮੁਸਕਰਾਉਣ ਦੇ ਢੰਗ ਤੋਂ ਮੈਂ ਅੰਦਾਜ਼ਾ ਨਾ ਲਗਾ ਸਕੀ ਕਿ ਉਹ ਮੈਨੂੰ ਦੇਖ ਕੇ ਖੁਸ਼ ਹੋਈ ਹੈ ਜਾਂ ਨਾਰਾਜ਼। ਹੌਲੀ ਹੌਲੀ ਕਦਮ ਰੱਖਦੀ ਹੋਈ ਮੈਂ ਉਸ ਦੇ ਸਿਟਿੰਗ ਰੂਮ ਵਿਚ ਚਲੀ ਗਈ। ਬਹੁਤ ਹੀ ਸਲੀਕੇ ਨਾਲ ਸਜਾਇਆ ਹੋਇਆ ਕਮਰਾ ਸੀ। ਕੰਧਾਂ 'ਤੇ ਦੋ ਵੱਡੀਆਂ ਵੱਡੀਆਂ ਪੇਂਟਿੰਗਜ਼ ਟੰਗੀਆਂ ਹੋਈਆਂ, ਗੂੜ੍ਹੇ ਭੂਰੇ ਰੰਗ ਦਾ ਫਰਨੀਚਰ ਅਤੇ ਉਸੇ ਰੰਗ ਦਾ ਵਾਲ-ਪੇਪਰ। ਟੀ.ਵੀ., ਵੀਡੀਓ, ਤੇ ਹੋਰ ਉਰਾ ਪਰਾ। ਰੂਮ ਕਿਸੇ ਰਈਸ ਦਾ ਡਰਾਇੰਗ ਰੂਮ ਜਾਪਦਾ ਸੀ।

ਕਾਲੇ ਰੰਗ ਦਾ ਸੂਟ, ਵਾਲ ਘੁੰਗਰਾਲੇ ਕੀਤੇ ਹੋਏ, ਬਨਾਵਟੀ ਗਹਿਣਿਆਂ ਨਾਲ ਕੀਤਾ ਹਾਰ ਸ਼ਿੰਗਾਰ ਤੇ ਜ਼ਰੂਰਤ ਤੋਂ ਜ਼ਿਆਦਾ ਕੀਤਾ ਹੋਇਆ ਮੇਕਅਪ, ਉਹ ਕੋਈ ਪੇਂਟਿੰਗ ਹੀ ਲੱਗ ਰਹੀ ਸੀ,

## ਵੀਨਾ ਵਰਮਾ

ਜਿਸ ਨੂੰ ਚਿੱਤਰਕਾਰ ਨੇ ਹਰ ਰੰਗ ਵਰਤ ਕੇ ਸਜਾਇਆ ਹੋਵੇ।

"ਦੱਸੋ ਤੁਹਾਡੀ ਕੀ ਖਿਦਮਤ ਕਰਾਂ?" ਉਹ ਮੇਰੀ ਸਾਹਮਣੀ ਕੁਰਸੀ 'ਤੇ ਬੈਠਦੀ ਹੋਈ ਬੋਲੀ।

"ਮੈਂ ਤੁਹਾਨੂੰ ਦੱਸਿਆ ਸੀ ਟੈਲੀਫੋਨ 'ਤੇ...। ਤੁਸੀਂ ਕਿਹਾ ਸੀ ਘਰ ਆ ਜਾਵਾਂ...।" ਮੈਂ ਹੌਲੀ ਹੌਲੀ ਲਫਜ਼ ਇਕੱਠੇ ਕੀਤੇ।

"ਹਾਂ...। ਮੈਂ ਪਹਿਲਾਂ ਸੋਚਿਆ ਸੀ ਕਿਤੇ ਤੂੰ ਲੈਸਬੀਅਨ ਏਂ। ਪਰ ਫੇਰ ਪਤਾ ਲੱਗਾ ਕਿ ਨਹੀਂ। ਮੁਲਾਕਾਤ ਦਾ ਮਕਸਦ ਕੋਈ ਹੋਰ ਏ। ਨਾਲੇ ਮੈਨੂੰ 'ਤੁਸੀਂ ਤੁਸੀਂ' ਕਰ ਕੇ ਨਾ ਬੁਲਾ। 'ਤੂੰ' ਕਹੇਂਗੀ ਤਾਂ ਜ਼ਿਆਦਾ ਕਰੀਬ ਲੱਗਣਾ ਏ।" ਉਸ ਨੇ ਪੈਰ ਕੁਰਸੀ ਦੇ ਉੱਪਰ ਇਕੱਠੇ ਕਰ ਲਏ।

"ਜੀ ਹਾਂ। ਮੇਰੀ ਕਿਤਾਬ ਛਪ ਰਹੀ ਹੈ...ਜਿਸ ਵਿਚ ਮੈਂ ਤੁਹਾਡੀ ਸੌਰੀ ਤੇਰੀ ਕਹਾਣੀ ਦੇਣਾ ਚਾਹੁੰਦੀ ਹਾਂ।" ਮੈਂ ਉਸ ਨੂੰ ਦੂਜੀ ਵਾਰ ਆਪਣਾ ਮਕਸਦ ਦੱਸਿਆ।

"ਮੇਰੀ ਕਹਾਣੀ? ਕਿਤਾਬ ਦੇ ਵਿਚ...? ਕੋਈ ਨਵਾਂ ਮਜ਼ਮੂਨ ਤਾਂ ਹਾਂ ਨਹੀਂ ਮੈਂ। ਦੁਨੀਆਂ ਦੀ ਤਾਰੀਖ਼ ਵੇਸਵਾਵਾਂ ਦੇ ਅਫਸਾਨਿਆਂ ਨਾਲ ਭਰੀ ਪਈ ਏ। ਫੇਰ ਤੂੰ ਇਹੀ ਮਜ਼ਮੂਨ ਕਿਉਂ ਚੁਣਿਆ?" ਉਸ ਨੇ ਵਕੀਲਾਂ ਵਾਂਗ ਜ਼ਿਰਾਹ ਕੀਤੀ।

"ਮੈਂ ਕਿਸੇ ਵੇਸਵਾ ਦੀ ਨਹੀਂ ਬਲਕਿ ਇੱਕ ਔਰਤ ਦੀ ਕਹਾਣੀ ਲਿਖਣਾ ਚਾਹੁੰਦੀ ਹਾਂ ਤੇ ਔਰਤ ਸਭ ਕੁਝ ਹੈ-ਮਾਂ, ਬੇਟੀ, ਭੈਣ, ਬੀਵੀ, ਮਾਸ਼ੂਕ, ਦੇਵੀ ਤੇ ਵੇਸਵਾ ਵੀ...।"

"ਸਭ ਤੋਂ ਗੰਦਾ ਕਰੈਕਟਰ ਏ ਇਹ ਔਰਤ ਦਾ, ਜੋ ਤੂੰ ਕਹਾਣੀ ਲਈ ਚੁਣਿਆ ਏ। ਇਸ ਕਹਾਣੀ ਤੋਂ ਬਗ਼ੈਰ ਕੀ ਤੇਰੀ ਕਿਤਾਬ ਪੂਰੀ ਨਹੀਂ ਹੁੰਦੀ? ਕੀ ਲਿਖੇਂਗੀ, ਇਹੀ ਨਾ ਕਿ ਮੈਂ ਕੀ ਕਰਦੀ ਹਾਂ, ਮੇਰੇ ਗਾਹਕ ਕੌਣ ਕੌਣ ਨੇ, ਮੈਂ ਕੋਠੇ 'ਤੇ ਕਿੱਦਾਂ ਪਹੁੰਚੀ ਤੇ ਕਿਵੇਂ ਮੈਂ ਲੋਕਾਂ ਨੂੰ ਲੁੱਟਨੀ ਹਾਂ? ਕੀ ਨਵੀਂ ਗੱਲ ਏ, ਕੋਈ ਹੋਰ ਕਹਾਣੀ ਲੱਭ। ਤਵਾਇਫ...ਬਕਵਾਸ ਏ।" ਉਹ ਅਚਾਨਕ ਗਰਮ ਹੋ ਗਈ।

"ਹਿੰਦੂ ਧਰਮ ਦੇ ਮੁਤਾਬਿਕ ਜਦੋਂ ਕਾਲੀ ਮਾਤਾ ਦੀ ਮੂਰਤ ਬਣਾਈ ਜਾਂਦੀ ਹੈ ਤਾਂ ਉਸ ਦੇ ਵਿਚ ਵੇਸਵਾ ਦੇ ਕੋਠੇ ਦੀ ਦੇਹਲੀ ਦੀ ਮਿੱਟੀ ਵੀ ਵਰਤੀ ਜਾਂਦੀ ਹੈ ਵਰਨਾ ਉਹ ਮੂਰਤ ਸੰਪੂਰਨ ਨਹੀਂ ਹੁੰਦੀ। ਹੋਰ ਵੀ ਕਹਾਣੀਆਂ ਨੇ ਮੇਰੀ ਕਿਤਾਬ ਵਿਚ...ਸਭ ਔਰਤਾਂ ਬਾਰੇ ਹੀ ਨੇ ਪਰ ਤੇਰੇ ਬਗੈਰ ਮੇਰੀ ਕਿਤਾਬ ਸੰਪੂਰਨ ਨਹੀਂ ਹੋਣੀ। ਲੰਗੜੀ ਜਿਹੀ ਰਹੇਗੀ।" ਮੈਂ ਤਰਕ ਰੱਖਿਆ।

ਮੈਂ ਦੇਖਿਆ ਮੇਰੀ ਗੱਲ ਸੁਣ ਕੇ ਉਸ ਨੇ ਅੱਖਾਂ ਝੁਕਾ ਲਈਆਂ। ਉਸ ਦੇ ਚਿਹਰੇ 'ਤੇ ਜੋ ਚਿੜਚਿੜਾਪਣ ਸੀ ਉਹ ਗ਼ਾਇਬ ਹੋ ਗਿਆ ਤੇ ਉਸ ਨੇ ਇੱਕ ਹੌਕਾ ਲਿਆ।

"ਕੁਝ ਖਾਣ ਪੀਣ ਦਾ ਸ਼ੌਕ ਰੱਖਦੀ ਏਂ?" ਉਸ ਨੇ ਸਾਹਮਣੀ ਮੇਜ਼ ਤੋਂ ਸਿਗਰਟਾਂ ਦੀ ਡੱਬੀ ਚੁੱਕੀ।

"ਨੋ...ਥੈਂਕਸ।" ਮੈਂ ਸਿਰ ਹਿਲਾਇਆ।

ਉਸ ਨੇ ਸਿਗਰਟ ਸੁਲਘਾਈ ਤੇ ਧੂੰਏ ਦਾ ਫੁਹਾਰਾ ਮੂੰਹ 'ਚੋਂ ਕੱਢਿਆ। ਕਾਫੀ ਦੇਰ ਉਹ ਸੋਚਦੀ ਰਹੀ। ਫੇਰ ਬਾਹਾਂ ਖੋਲ੍ਹ ਕੇ ਪੂਰੇ ਜ਼ੋਰ ਨਾਲ ਅੰਗੜਾਈ ਲਈ।

"ਕਿੱਥੋਂ ਸ਼ੁਰੂ ਕਰਾਂ?" ਉਸ ਨੇ ਅਚਾਨਕ ਪੁੱਛਿਆ।

"ਜਿਥੋਂ ਤੱਕ ਯਾਦ ਤੇਰਾ ਸਾਥ ਦਿੰਦੀ ਹੈ।" ਮੈਂ ਜੁਆਬ ਦਿੱਤਾ। "ਹੂੰ...।" ਉਸ ਨੇ ਲੰਮਾ ਹੁੰਗਾਰਾ ਭਰਿਆ।

"ਮੈਂ ਪਾਕਿਸਤਾਨ 'ਚ ਪੈਦਾ ਹੋਈ ਸੀ। ਮੇਰੀ ਮਾਂ 'ਨਸੀਮ ਬਾਨੋ' ਇਲਾਕੇ ਦੀ ਮਕਬੂਲ ਗਾਇਕਾ ਸੀ। ਉਹ ਲੱਖਣਵਾਲ ਵਰਗੇ ਛੋਟੇ ਜਿਹੇ ਪਿੰਡ 'ਚ ਰਹਿੰਦੀ ਸੀ, ਲੋਕਾਂ ਦੇ ਵਿਆਹ ਸ਼ਾਦੀਆਂ 'ਤੇ ਮੁਜਰੇ ਕਰਦੀ ਹੁੰਦੀ ਸੀ ਤੇ ਮੇਰਾ ਬਾਪ ਇੱਕੋ ਵੇਲੇ ਤਿੰਨ ਤਿੰਨ ਬੀਵੀਆਂ ਰੱਖਦਾ ਸੀ। ਖਾਨਦਾਨੀ ਕੰਜਰ ਸੀ ਉਹ। ਮੇਰੀ ਮਾਂ ਨੂੰ ਇਸ਼ਕ ਦੇ ਚੱਕਰ ਵਿਚ ਫਸਾ ਕੇ ਘਰੋਂ ਭਜਾ ਲਿਆਇਆ ਤੇ ਫੇਰ ਉਸ ਨੂੰ ਪੁੱਠੇ ਰਾਹ ਪਾ ਦਿੱਤਾ। ਉਹ ਅਕਸਰ ਉਸ ਨੂੰ 'ਕੰਜਰੀ' ਕਹਿ ਕੇ ਮੁਖਾਤਿਬ ਹੁੰਦਾ। ਸ਼ਰਾਬ ਪੀ ਕੇ ਅੰਮੀ ਨੂੰ ਮਾਰਦਾ ਕੁੱਟਦਾ ਤੇ ਪੈਸੇ ਖੋਹ ਕੇ ਲੈ ਜਾਂਦਾ। ਪਰ ਅੰਮੀ ਨੇ ਇਸ਼ਕ ਕੀਤਾ ਸੀ ਤਾਂ ਬੱਸ ਇਸ਼ਕ ਹੀ ਕੀਤਾ ਸੀ। ਉਹ ਉਸ ਦੀ ਮਾਰ ਕੁੱਟ ਖਾਂਦੀ ਪਰ ਉਸ ਦੇ ਪੈਰ ਨਾ ਛੱਡਦੀ। ਆਖਦੀ, "ਤੇਰੇ ਕਦਮਾਂ ਵਿਚ ਹੀ ਜਾਨ ਦੇ ਦੇਣੀ ਏ ਪਰ ਤੇਰੇ ਤੋਂ ਜੁਦਾ ਨਹੀਂ ਹੋਣਾ।" ਉਨ੍ਹਾਂ ਦਾ ਇਹ ਡਰਾਮਾ ਮੈਂ ਅਕਸਰ ਦੇਖਦੀ। ਮੇਰੀ ਮਾਂ ਨੇ ਮੇਰੀ ਤਾਲੀਮ ਦਾ ਇੰਤਜ਼ਾਮ ਲਾਹੌਰ ਵਿਚ ਕਰ ਰੱਖਿਆ ਸੀ। ਮੈਂ ਹੋਸਟਲ ਵਿਚ ਰਹਿੰਦੀ ਸੀ ਤੇ ਮਾਂ ਮੈਨੂੰ ਘਰ ਘੱਟ ਹੀ ਬੁਲਾਉਂਦੀ ਸੀ। ਬੜੀ ਸੁਹਤਾਤ ਸੀ ਉਹ ਮੇਰੇ ਮੁਤੱਲਕ। ਸ਼ਾਇਦ ਉਸ ਨੂੰ ਡਰ ਸੀ ਕਿਤੇ ਉਸ ਦੀ ਜ਼ਿੰਦਗੀ ਦੇ ਸਾਏ ਮੇਰੀ ਜ਼ਿੰਦਗੀ 'ਤੇ ਨਾ ਪੈ ਜਾਣ। ਉਹ ਮੇਰੀ ਸ਼ਾਦੀ ਹੋਈ ਵੇਖਣਾ ਚਾਹੁੰਦੀ ਸੀ, ਮੇਰਾ ਘਰ ਵਸਿਆ ਵੇਖਣਾ ਚਾਹੁੰਦੀ ਸੀ ਜਿਵੇਂ ਹਰ ਮਾਂ ਚਾਹੁੰਦੀ ਏ। ਤੂੰ ਬੋਰ ਤਾਂ ਨਹੀਂ ਹੋ ਰਹੀ?" ਉਹ ਅਚਾਨਕ ਰੁਕੀ।

"ਨਹੀਂ।" ਮੈਂ ਜੁਆਬ ਦਿੱਤਾ। ਮੈਂ ਦੇਖਿਆ ਉਸ ਦੇ ਚਿਹਰੇ 'ਤੇ ਉਦਾਸੀ ਛਾ ਗਈ ਸੀ।

"ਜੇ ਤੂੰ ਬੁਰਾ ਨਾ ਮਨਾਵੇਂ ਤਾਂ ਮੈਂ ਥੋੜ੍ਹੀ ਵਾਈਨ ਲੈ ਲਵਾਂ?" ਉਸ ਨੇ ਜਿਵੇਂ ਇਜਾਜ਼ਤ ਮੰਗੀ।

"ਮੈਨੂੰ ਕੋਈ ਇਤਰਾਜ਼ ਨਹੀਂ।" ਮੈਂ ਹਲਕਾ ਜਿਹਾ ਮੁਸਕਰਾਈ।

ਉਹ ਉੱਠੀ ਤੇ ਵਾਈਨ ਦੀ ਪੂਰੀ ਬੋਤਲ ਤੇ ਗਿਲਾਸ ਲੈ ਕੇ ਆ ਗਈ। ਉਸ ਨੇ ਗਿਲਾਸ ਵਾਈਨ ਦਾ ਭਰਿਆ ਤੇ ਤਿੰਨ ਚਾਰ ਘੁੱਟ ਇਕੱਠੇ ਹੀ ਭਰ ਗਈ।

"ਦਰਅਸਲ ਜੇ ਮੈਂ ਪੀਵਾਂ ਨਾ ਤਾਂ ਜ਼ਿਆਦਾ ਗੱਲ ਨਹੀਂ ਕਰ ਸਕਦੀ। ਬਹੁਤ ਛੇਤੀ ਥੱਕ ਜਾਨੀ ਹਾਂ। ਨਾਲੇ ਤੂੰ ਤਾਂ ਪੂਰੀ ਜ਼ਿੰਦਗੀ ਦਾ ਹਿਸਾਬ-ਕਿਤਾਬ ਮੰਗ ਰਹੀ ਏਂ। ਹਾਂ ਸੱਚ ਤੇਰਾ ਨਾਮ ਕੀ ਏ?" ਉਸ ਨੂੰ ਖਿਆਲ ਆਇਆ ਕਿ ਉਸ ਨੇ ਇੱਕ ਵਾਰੀ ਵੀ ਮੇਰਾ ਨਾਮ ਨਹੀਂ ਪੁੱਛਿਆ ਸੀ।

"ਪੂਜਾ।" ਮੈਂ ਕਿਹਾ।

"ਮਤਲਬ?"

"ਇਬਾਦਤ।"

"ਅਸਲੀ ਏ ਕਿ ਨਕਲੀ?" ਉਹ ਹੱਸੀ।

"ਅਸਲੀ ਹੀ ਹੈ।" ਮੈਂ ਹਾਂ 'ਚ ਸਿਰ ਹਿਲਾਇਆ

"ਹਰ ਮਾਂ ਆਪਣੀ ਬੇਟੀ ਦਾ ਨਾਮ ਅਜਿਹਾ ਹੀ ਰੱਖਦੀ ਏ, ਮਸਲਨ ਪੂਜਾ, ਇਬਾਦਤ, ਖੁਸ਼ਬੂ, ਪਾਕੀਜ਼ਾ ਪਰ ਜ਼ਮਾਨਾ ਉਨ੍ਹਾਂ ਦੇ ਨਾਮ ਬਦਲ ਕੇ ਹੋਰ ਦਾ ਹੋਰ ਹੀ ਬਣਾ ਦਿੰਦਾ ਏ-ਕੰਜਰੀ, ਵੇਸਵਾ, ਤਵਾਇਫ, ਲੌਂਡੀ, ਕਨੀਜ਼, ਰਖੇਲ।" ਉਸ ਨੇ ਸ਼ਿਕਵਾ ਜਿਹਾ ਕੀਤਾ।

"ਤੇਰਾ ਕੀ ਨਾਮ ਹੈ?" ਮੈਂ ਪੁੱਛਿਆ।

"ਮੇਰੀ ਮਾਂ ਨੇ ਮੇਰਾ ਨਾਮ ਤਈਅਬਾ ਰੱਖਿਆ ਸੀ। ਪਰ ਪਤਾ ਨਹੀਂ ਕਿੰਨੇ ਨਵੇਂ ਪੁਰਾਣੇ ਨਾਮ ਮੈਨੂੰ ਮਿਲਦੇ ਰਹੇ ਤੇ ਮੈਂ ਕੱਪੜਿਆਂ ਵਾਂਗ ਨਾਮ ਬਦਲਦੀ ਰਹੀ।" ਉਸ ਨੇ ਗਿਲਾਸ ਫੇਰ ਮੂੰਹ ਨੂੰ ਲਗਾਇਆ।

"ਇਹ ਸ਼ਰਾਬ ਪੀਣੀ ਕਦੋਂ ਤੋਂ ਸ਼ੁਰੂ ਕੀਤੀ ਏ?" ਮੈਂ ਬੋਤਲ ਵੱਲ ਇਸ਼ਾਰਾ ਕੀਤਾ।

"ਪਤਾ ਨਹੀਂ ਪੂਜਾ। ਸ਼ਰਾਬ, ਸਿਗਰਟ ਤੇ ਹੋਰ ਬੜਾ ਕੁਝ। ਇਹ ਤੋਹਫੇ ਨੇ ਮੇਰੇ ਚਾਹੁਣ ਵਾਲਿਆਂ ਦੇ। ਕੋਈ ਕੁਛ ਦੇ ਗਿਆ ਤੇ ਕੋਈ ਕੁਛ। ਹਾਂ, ਮੇਰੀ ਮਾਂ ਨੇ ਮੇਰਾ ਨਾਮ ਤਈਅਬਾ ਰੱਖਿਆ ਸੀ। ਮਤਲਬ ਪਾਕ ਜਿਸ ਨੂੰ ਕਿਸੇ ਨੇ ਕਦੇ ਛੁਹਿਆ ਨਾ ਹੋਵੇ। ਤਈਅਬਾ।" ਆਖ ਕੇ ਉਹ ਹੱਸ ਪਈ।

"ਹਾਂ, ਤੇਰੀ ਮਾਂ ਤੇਰਾ ਵਿਆਹ ਕਰਨਾ ਚਾਹੁੰਦੀ ਸੀ।" ਮੈਂ ਗੱਲ ਪਿੱਛੇ ਵੱਲ ਨੂੰ ਮੋੜੀ।

"ਮੇਰੀ ਮਾਂ ਨੂੰ ਡਰ ਸੀ ਕਿਤੇ ਮੈਂ ਉਸੇ ਰਾਹ 'ਤੇ ਨਾ ਚੱਲ ਪਵਾਂ ਜੋ ਕੋਠੇ ਵੱਲ ਨੂੰ ਜਾਂਦਾ ਏ। ਉਹ ਮੇਰੇ ਲਈ ਕੋਠੀਆਂ ਦੇ ਖਾਬ ਦੇਖਦੀ ਰਹੀ ਪਰ ਮੇਰੇ ਮੁਕੱਦਰ ਵਿਚ ਕੋਠਾ ਹੀ ਲਿਖਿਆ ਸੀ। ਮੇਰੇ 'ਤੇ ਹਰ ਦਮ ਪਹਿਰਾ ਸੀ। ਮੈਂ ਕਿਤੇ ਇਕੱਲੀ ਆ ਜਾ ਨਹੀਂ ਸਕਦੀ ਸੀ ਪਰ ਕਹਿੰਦੇ ਨੇ ਜੋ ਕੁਦਰਤ ਨੂੰ ਮੰਜ਼ੂਰ ਹੋਵੇ ਹੋ ਕੇ ਰਹਿੰਦਾ ਏ। ਮੈਂ ਹੋਸਟਲ ਵਿਚ ਰਹਿੰਦੀ ਸੀ। ਇੱਕ ਦਿਨ ਅਸੀਂ ਸਭ ਲੜਕੀਆਂ ਸ਼ਾਪਿੰਗ ਕਰਨ ਗਈਆਂ ਤਾਂ ਸਲੀਮ ਅਚਾਨਕ ਮੇਰੇ ਨਾਲ ਆ ਟਕਰਾਇਆ। ਖ਼ੂਬਸੂਰਤ ਨੌਜਵਾਨ। ਮੈਨੂੰ ਇਹ ਗੱਲ ਹਾਦਸਨ ਹੋਈ ਲੱਗੀ। ਮੈਂ ਦੇਖਿਆ ਕਿ ਉਹ ਸਾਡਾ ਪਿੱਛਾ ਕਰ ਰਿਹਾ ਸੀ। ਫੇਰ ਦੂਸਰੇ ਦਿਨ ਉਸ ਨੇ ਗੇਟਕੀਪਰ ਦੇ ਹੱਥ ਮੈਨੂੰ ਖ਼ਤ ਲਿਖ ਕੇ ਭੇਜਿਆ। "ਚੌਦਵੀਂ ਕਾ ਚਾਂਦ ਹੋ...।" ਖ਼ਤ ਪੜ੍ਹ ਕੇ ਸਾਰੀ ਰਾਤ ਮੇਰਾ ਦਿਲ ਧੜਕਦਾ ਰਿਹਾ। ਮੈਂ ਤਾਂ ਕਾਲੇ ਰੰਗ ਦੀ ਆਮ ਜਿਹੀ ਲੜਕੀ ਸੀ...ਕਿਸੇ ਖ਼ੂਬਸੂਰਤ ਨੌਜਵਾਨ ਦੇ ਮੂੰਹੋਂ 'ਚੌਦਵੀਂ ਕਾ ਚਾਂਦ' ਸੁਣ ਕੇ ਜਿਵੇਂ ਸਿਤਾਰਿਆਂ 'ਚ ਪਹੁੰਚ ਗਈ। ਇੱਕ ਦਿਨ ਜਦੋਂ ਉਹ ਭਰੀ ਸਰਦੀ 'ਚ ਸਾਰਾ ਦਿਨ ਮੇਰੇ ਕਾਲਜ ਅੱਗੋਂ ਧੂਣੀ ਲਾਈ ਬੈਠਾ ਰਿਹਾ ਤਾਂ ਮੇਰੇ ਤੋਂ ਬਰਦਾਸ਼ਤ ਨਾ ਹੋਇਆ।

ਮੈਂ ਡਾਕਟਰ ਦੇ ਜਾਣ ਦਾ ਬਹਾਨਾ ਕੀਤਾ ਤੇ ਹੋਸਟਲ ਤੋਂ ਬਾਹਰ ਆ ਗਈ। ਸਾਰਾ ਦਿਨ ਅਸੀਂ ਲਾਹੌਰ ਦੀਆਂ ਸੜਕਾਂ 'ਤੇ ਪੈਦਲ ਘੁੰਮਦੇ ਰਹੇ। ਪਾਰਕਾਂ 'ਚ, ਵੀਰਾਨ ਥਾਵਾਂ 'ਤੇ ਅਤੇ ਦੁਨੀਆਂ ਤੋਂ ਦੂਰ। ਅਸੀਂ ਕੁਝ ਨਹੀਂ ਬੋਲੇ ਪਰ ਸਾਡੀਆਂ ਗੱਲਾਂ ਖ਼ਤਮ ਨਹੀਂ ਹੋ ਰਹੀਆਂ ਸੀ। ਸ਼ਾਮ ਹੋਈ ਮੈਂ 'ਕੱਲ੍ਹ ਫੇਰ ਮਿਲਣ' ਦਾ ਵਾਅਦਾ ਕਰ ਕੇ ਵਾਪਸ ਆ ਗਈ। ਇਸ ਤਰ੍ਹਾਂ ਦੋ ਤਿੰਨ ਮਹੀਨੇ ਲੰਘ ਗਏ। ਹੁਣ ਤੱਕ ਮੈਂ ਪੂਰੀ ਤਰ੍ਹਾਂ ਉਸ ਦੇ ਇਸ਼ਕ 'ਚ ਗ੍ਰਿਫਤਾਰ ਹੋ ਚੁੱਕੀ ਸੀ। ਉਸ ਨੂੰ ਵੇਖੇ ਬਗੈਰ ਸਕੂਨ ਨਹੀਂ ਸੀ ਮਿਲਦਾ।

"ਤੇਰੇ ਬਗ਼ੈਰ ਮੈਂ ਨਹੀਂ ਰਹਿ ਸਕਦਾ ਤਬੀ। ਚੱਲ ਕਿਤੇ ਚੱਲ ਕੇ ਨਿਕਾਹ ਕਰਵਾ ਲਈਏ।" ਇੱਕ ਦਿਨ ਉਸ ਨੇ ਅੱਖਾਂ ਭਰ ਕੇ ਕਿਹਾ।

"ਮੈਂ ਇਸ ਕਾਬਿਲ ਕਿਥੇ ਹਾਂ ਸਲੀਮ। ਮੈਂ ਤਾਂ ਕਾਲੀ ਜਿਹੀ ਲੜਕੀ ਹਾਂ, ਤੇਰੀ ਅੰਮੀ ਨੂੰ ਪਸੰਦ ਵੀ ਨਹੀਂ ਆਵਾਂਗੀ। ਉਸ ਦਾ ਸੁਪਨਾ ਤਾਂ ਚਾਂਦ ਸੀ ਦੁਲਹਨ ਹੋਵੇਗੀ। ਕਾਸ਼! ਮੇਰਾ ਰੰਗ ਥੋੜ੍ਹਾ ਗੋਰਾ ਹੁੰਦਾ।" ਮੈਨੂੰ ਆਪਣੇ ਕਾਲੇ ਰੰਗ 'ਤੇ ਬਹੁਤ ਦੁਖ ਸੀ। "ਬਕਵਾਸ। ਕਾਲਿਆਂ ਦੇ ਡੰਗੇ ਪਾਣੀ ਨਹੀਂ ਮੰਗਦੇ ਜਾਨੇਮਨ। ਗੋਰਿਆਂ 'ਚ ਉਹ ਜ਼ਹਿਰ ਕਿੱਥੇ!" ਆਖ ਕੇ ਉਸ ਨੇ ਮੇਰੀਆਂ ਜ਼ੁਲਫਾਂ ਖੋਲ੍ਹ ਕੇ ਮੇਰੇ ਗਲ਼ 'ਚ ਪਾ ਦਿੱਤੀਆਂ। "ਤੇਰਾ ਕਾਲਾ ਰੰਗ ਹੀ ਤੇਰਾ ਹੁਸਨ ਏ। ਪੂਰੀ ਨਾਗਣ ਲੱਗਣੀ ਏਂ, ਇੱਕ ਵਾਰ ਡੰਗ ਦੇਵੇਂ ਬੰਦਾ ਸਾਰੀ ਉਮਰ ਤੜਫੇ।" ਉਸ ਨੇ ਮੇਰੇ ਕਾਲੇ ਰੰਗ 'ਤੇ ਪੂਰੀ ਗਜ਼ਲ ਕਹਿ ਦਿੱਤੀ।

"ਤੈਨੂੰ ਸੁਹਣੀ ਲੱਗਣੀ ਆਂ। ਸ਼ਾਇਦ ਤੇਰੇ ਅੰਮੀ ਅੱਬੂ ਨੂੰ ਪਸੰਦ ਨਾ ਆਵਾਂ, ਖੁਦਾ ਨਾ ਕਰੇ।" ਮੈਨੂੰ ਯਕੀਨ ਨਹੀਂ ਆ ਰਿਹਾ ਸੀ।

"ਅੱਬੂ ਅੰਮੀ ਨੂੰ ਕੌਣ ਪੁੱਛਦਾ ਏ। ਇਸ਼ਕ ਮਰਦਾਂ ਦਾ ਕੰਮ ਏ। ਮੈਂ ਕੋਈ ਦੁੱਧ ਪੀਂਦਾ ਬੱਚਾ ਹਾਂ ਜੋ ਅੰਮੀ ਨੂੰ ਪੁੱਛਾਂਗਾ ਕਿ ਸ਼ਾਦੀ ਕਰਾਂ ਜਾਂ ਨਾ? ਇਸ਼ਕ ਨੇ ਤਾਂ ਸ਼ਹਿਜ਼ਾਦਾ ਸਲੀਮ ਨੂੰ ਅਕਬਰ ਦੇ ਵਿਰੁਧ ਖੜ੍ਹਾ ਕਰ ਦਿੱਤਾ ਸੀ ਤੇ ਉਹ ਸਲਤਨਤ ਛੱਡ ਕੇ ਬਾਗ਼ੀ ਹੋ ਗਿਆ ਸੀ। ਫੇਰ ਮੇਰਾ ਝਗੜਾ ਕਿਸੇ ਬਾਦਸ਼ਾਹ ਨਾਲ ਥੋੜ੍ਹੀ ਏ। ਮੇਰੇ ਕੋਲ ਤਾਂ ਖਾਲੀ ਕੁੱਲੀ ਏ, ਕਬੂਲ ਏ ਤਾਂ ਆ ਜਾ...।" ਉਹ ਫ਼ਕੀਰਾਂ ਵਾਂਗ ਬੋਲਿਆ ਤੇ ਉਸ ਦੀ ਇਸ ਫਕੀਰੀ 'ਤੇ ਮੈਂ ਮਰ ਮਿਟੀ।

"ਮੈਂ ਆਪਣੀ ਅੰਮੀ ਨਾਲ ਗੱਲ ਕਰਾਂ ਫੇਰ?" ਮੈਂ ਵੀ ਹੁਣ ਹਮੇਸ਼ਾ ਲਈ ਸਲੀਮ ਦੀ ਹੋ ਜਾਣਾ ਚਾਹੁੰਦੀ ਸੀ।

ਉਹ ਕਾਫੀ ਦੇਰ ਚੁੱਪ ਰਿਹਾ।

"ਤਬੀ...। ਮੈਂ ਕਹਿਣਾ ਨਹੀਂ ਚਾਹੁੰਦਾ, ਤੈਨੂੰ ਦੁੱਖ ਲੱਗੇਗਾ। ਪਰ ਤੈਨੂੰ ਇਲਮ ਏ ਕਿ ਤੇਰੀ ਅੰਮੀ ਦਾ ਪੇਸ਼ਾ...!" ਆਖ ਕੇ ਉਹ ਚੁੱਪ ਹੋ ਗਿਆ।

ਜਿਵੇਂ ਕਿਸੇ ਨੇ ਮੇਰੇ ਮੂੰਹ 'ਤੇ ਭਰੇ ਬਾਜ਼ਾਰ 'ਚ ਥੱਪੜ ਮਾਰ ਦਿੱਤਾ ਹੋਵੇ। "ਸਲੀਮ। ਮੇਰੀ ਮਾਂ ਮੇਰੀ ਮਾਂ ਏ। ਖ਼ੁਦਾ ਦੇ ਵਾਸਤੇ ਇੱਕ ਹਰਫ ਵੀ ਉਨ੍ਹਾਂ ਦੀ ਸ਼ਾਨ ਦੇ ਖਿਲਾਫ ਨਾ ਕਹੀਂ...ਖੁਦਾ ਨਾਖਾਸਤਾ ਮਾਲੂਮ ਨਹੀਂ ਮੈਂ ਕੀ ਕਰ ਬੈਠਾਂ।" ਮੈਂ ਆਪਣੇ ਆਪ ਨੂੰ ਬੜੀ ਮੁਸ਼ਕਿਲ ਨਾਲ ਕਾਬੂ ਕੀਤਾ ਤੇ ਉਥੋਂ ਉਠ ਕੇ ਆ ਗਈ।

ਅੱਠ ਦਿਨ ਸਲੀਮ ਮੈਨੂੰ ਨਾ ਮਿਲਿਆ। ਅੱਠਵੇਂ ਦਿਨ ਮੇਰੀ ਅੰਮੀ ਜਾਨ ਸਲੀਮ ਨਾਲ ਹੋਸਟਲ 'ਚ ਮੈਨੂੰ ਮਿਲਣ ਆਈ। ਮੈਂ ਪਸ਼ੇਮਾਨ ਹੋ ਗਈ। ਅੰਮੀ ਨੇ ਦੱਸਿਆ ਕਿ ਸਲੀਮ ਅੰਮੀ ਦੇ ਕਦਮਾਂ 'ਚ ਗਿਰ ਗਿਆ ਸੀ ਕਿ ਮੈਨੂੰ ਸਿਰਫ ਤਈਅਬਾ ਚਾਹੀਦੀ ਏ। ਤੇ ਅੰਮੀ ਨੇ ਉਸ ਨੂੰ ਆਪਣੇ ਸੀਨੇ ਨਾਲ ਲਗਾ ਲਿਆ ਸੀ।

"ਹੋਰ ਤੂੰ ਖ਼ੁਦਾ ਤੋਂ ਕੀ ਮੰਗਣੀ ਏਂ ਤਈਅਬਾ, ਮੁਹੱਬਤ ਖ਼ੁਦਾ ਦੀ ਦਾਤ ਏ। ਇੰਨਾ ਪਿਆਰ ਕਰਨ ਵਾਲਾ ਸ਼ੌਹਰ ਮੁਕੱਦਰ ਨਾਲ ਮਿਲਦਾ ਏ। ਮੈਂ ਸਾਰੀ ਉਮਰ ਆਦਮੀ ਦੇ ਪਿਆਰ ਨੂੰ ਤਰਸਦੀ ਰਹੀ ਆਂ। ਤੂੰ ਕਿਸਮਤ ਨੂੰ ਠੋਕਰ ਨਾ ਮਾਰ। ਨਿਕਾਹ ਕਰ ਲੈ ਬੇਟੀ।" ਆਖ ਕੇ ਉਸ ਨੇ ਆਪਣੇ ਜੀਵਨ ਭਰ ਦੀ ਕਮਾਈ ਸੋਨਾ ਚਾਂਦੀ ਤੇ ਪੈਸਿਆਂ ਦਾ ਢੇਰ ਮੇਰੇ ਅੱਗੇ ਜ਼ਮੀਨ 'ਤੇ ਲਗਾ ਦਿੱਤਾ ਜੋ ਸ਼ਾਇਦ ਉਹ ਮੇਰੇ ਅੱਬੂ ਤੋਂ ਛੁਪਾ ਛੁਪਾ ਕੇ ਰੱਖ ਰਹੀ ਸੀ ਕਿ ਕਦੇ ਮੇਰਾ ਨਿਕਾਹ ਕਿਸੇ ਸ਼ਰੀਫ ਇਨਸਾਨ ਨਾਲ ਕਰੇਗੀ। "ਸ਼ਰਾਫ਼ਤ ਬੜੀ ਵੱਡੀ ਚੀਜ਼ ਏ ਬੇਟਾ....। ਪੈਸਾ ਕੰਮ ਨਹੀਂ ਆਉਂਦਾ, ਬੰਦੇ ਕੰਮ ਆਉਂਦੇ ਨੇ, ਤੇ ਸਲੀਮ ਮੈਨੂੰ ਕਿਸੇ ਚੰਗੇ ਖਾਨਦਾਨ ਦਾ ਚਿਰਾਗ ਲੱਗਦਾ ਏ। ਤੂੰ ਕਿਸੇ ਸ਼ਰੀਫ ਘਰ ਦੀ ਬਹੂ ਬਣੇਂ, ਮੇਰੀ ਇਹੀ ਆਖਰੀ ਤਮੰਨਾ ਏ...। ਖ਼ੁਦਾ ਕਰੇ ਤੂੰ ਆਪਣੇ ਘਰ ਰਾਜ ਕਰੇਂ ਤੇ ਮੁੜ ਕੇ ਮੇਰੀ ਬਦਨਾਮ ਦੁਨੀਆਂ 'ਚ ਤੇਰੇ ਪਾਕ ਕਦਮ ਨਾ ਪੈਣ।" ਅੰਮੀ ਨੇ ਝੋਲੀ ਮੇਰੇ ਅੱਗੇ ਅੱਡ ਦਿੱਤੀ।

ਮੇਰਾ ਤੇ ਸਲੀਮ ਦਾ ਨਿਕਾਹ ਹੋ ਗਿਆ। ਹੋਸਟਲ ਛੱਡ ਕੇ ਮੈਂ ਇੱਕ ਕਿਰਾਏ ਦੇ ਮਕਾਨ ਵਿਚ ਆ ਗਈ। ਅੰਮੀ ਨੇ ਪੈਸੇ ਜ਼ਰੂਰਤ ਤੋਂ ਜ਼ਿਆਦਾ ਦੇ ਦਿੱਤੇ ਸੀ। ਛੇ ਮਹੀਨੇ ਤੱਕ ਤਾਂ ਸਾਡਾ ਹਨੀਮੂਨ ਹੀ ਚੱਲਦਾ ਰਿਹਾ। ਪਰ ਕਹਿੰਦੇ ਨੇ ਕਿ ਹੌਲੀ ਹੌਲੀ ਤਾਂ ਖੂਹ ਵੀ ਖਾਲੀ ਹੋ ਜਾਂਦੇ ਨੇ। ਔਰਤ ਸੀ ਮੈਂ ਤੇ ਘਰ ਨੂੰ ਚਲਾਉਣ ਦਾ ਫਿਕਰ ਸਲੀਮ ਨਾਲੋਂ ਜ਼ਿਆਦਾ ਮੈਨੂੰ ਹੀ ਸੀ। "ਸਲੀਮ। ਹੁਣ ਤੂੰ ਕੋਈ ਕੰਮ ਲੱਭ ਲੈ। ਕੋਈ ਨੌਕਰੀ...। ਕੋਈ ਬਿਜ਼ਨਸ...। ਅੰਮੀ ਦੇ ਦਿੱਤੇ ਪੈਸੇ ਖ਼ਤਮ ਹੋ ਚੱਲੇ ਨੇ।" ਇੱਕ ਰਾਤ ਜਦੋਂ ਉਹ ਮੇਰੀਆਂ ਜ਼ੁਲਫ਼ਾਂ ਨਾਲ ਖੇਲ ਰਿਹਾ ਸੀ ਤਾਂ ਮੈਂ ਕਿਹਾ।

"ਤੇਰੇ ਇਸ਼ਕ 'ਚੋਂ ਫੁਰਸਤ ਮਿਲੇਗੀ ਬੇਗ਼ਮ ਤਾਂ ਹੀ ਕੁਝ ਕਰਾਂਗਾ।" ਉਸ ਨੇ ਮੇਰੀ ਕਮਰ ਦੁਆਲੇ ਬਾਹਾਂ ਕੱਸੀਆਂ। "ਮੈਂ ਤੈਨੂੰ ਆਜ਼ਾਦ ਕਰਨੀ ਆਂ ਸਲੀਮ। ਖ਼ੁਦਾ ਦੇ ਵਾਸਤੇ ਇਸ਼ਕ ਬਹੁਤ ਹੋ ਗਿਆ। ਹੁਣ ਰੋਟੀ ਪਾਣੀ ਦਾ ਫਿਕਰ ਕਰ।" ਮੈਂ ਅਖੀਰ ਦੀ ਕਹੀ। ਬਹੁਤ ਦਿਨ ਉਹ ਕੰਮ ਦੀ ਤਲਾਸ਼ ਵਿਚ ਮਾਰਿਆ ਮਾਰਿਆ ਫਿਰਦਾ ਰਿਹਾ, ਪਰ ਕੰਮ ਨਾ ਮਿਲਿਆ। ਕਈ ਮਹੀਨੇ ਲੰਘ ਗਏ। ਫਾਕਿਆਂ ਦੀ ਨੌਬਤ ਆ ਗਈ। ਹੁਣ ਕੀ ਕਰੀਏ? ਇੱਕ ਦਿਨ ਮੈਂ ਸ਼ਾਮ ਨੂੰ ਉਦਾਸ ਜਿਹੀ ਲੇਟੀ ਹੋਈ ਸੀ, ਸਲੀਮ ਕਿਸੇ ਅਜਨਬੀ ਨਾਲ ਘਰ ਆਇਆ। "ਇਹ ਸ਼ੇਖ ਸਾਹਬ ਨੇ ਤਬੀ। ਅਰਬ ਤੋਂ ਆਏ ਨੇ। ਬੜੇ ਵੱਡੇ ਬੰਦੇ ਨੇ। ਦੁਨੀਆਂ ਭਰ ਦੇ ਮੁਲਕਾਂ ਵਿਚ ਇਨ੍ਹਾਂ ਦੇ ਬਿਜ਼ਨਸ ਚੱਲਦੇ ਨੇ ਤੇ ਕਈ ਫ਼ਿਲਮਾਂ 'ਚ ਇਨ੍ਹਾਂ ਨੇ ਪੈਸਾ ਇਨਵੈਸਟ ਕੀਤਾ ਏ। ਗੀਤ ਗ਼ਜ਼ਲ ਸੁਣਨ ਦੇ ਬੜੇ ਸ਼ੁਕੀਨ ਨੇ। ਮੈਂ ਕਿਹਾ ਚਲੋ ਅੱਜ ਸਾਡੇ ਘਰ ਵੀ ਇਨ੍ਹਾਂ ਦੇ ਮੁਬਾਰਕ ਕਦਮ ਪੈ ਜਾਣ।" ਉਸ ਨੇ ਸ਼ੇਖ ਸਾਹਬ ਦਾ ਤੁਆਰਫ਼ ਕਰਵਾਇਆ।

"ਬੜੀ ਕਰਮ ਨਵਾਜ਼ੀ ਏ।" ਮੈਂ ਸਲਾਮ ਕੀਤਾ।

ਸਲੀਮ ਸ਼ੇਖ ਸਾਹਬ ਨੂੰ ਘਰ ਬਿਠਾ ਕੇ ਖਾਣ ਪੀਣ ਲਈ ਸਾਮਾਨ ਲੈਣ ਚਲਾ ਗਿਆ। ਸ਼ੇਖ ਸਾਹਬ ਨੇ ਨੀਲੇ ਨੋਟਾਂ ਦੀਆਂ ਗੱਠੀਆਂ ਕੱਢ ਕੇ ਮੇਜ਼ ਉੱਤੇ ਰੱਖ ਦਿੱਤੀਆਂ। ਮੈਨੂੰ ਗੱਲ ਦੀ ਸਮਝ ਨਾ ਆਈ।

"ਇਹ ਸਲੀਮ ਦੀ ਕਮਾਈ ਏ।" ਸ਼ੇਖ ਮੇਰੇ ਵੱਲ ਦੇਖ ਕੇ ਮੁਸਕਰਾਇਆ।

"ਇੰਨੇ ਜ਼ਿਆਦਾ ਪੈਸੇ! ਇਹੋ ਜਿਹੀ ਸਲੀਮ ਨੇ ਕੀ ਮੱਲ ਮਾਰੀ ਸੀ?" ਮੈਂ ਖੁਦ ਨੂੰ ਸਵਾਲ ਕੀਤਾ।

"ਇਹ ਤਾਂ ਕੁਝ ਵੀ ਨਹੀਂ। ਇੰਨੇ ਤਾਂ ਮੈਂ ਇੱਕ ਰਾਤ 'ਤੇ ਖਰਚ ਦਿੰਦਾ ਹਾਂ।" ਆਖ ਕੇ ਸ਼ੇਖ ਮੇਰੇ ਨਾਲ ਸੋਫੇ 'ਤੇ ਆ ਕੇ ਬੈਠ ਗਿਆ।

"ਇੱਕ ਰਾਤ? ਮੈਂ ਕੁਝ ਸਮਝੀ ਨਹੀਂ ਸ਼ੇਖ ਸਾਹਬ...।" ਮੈਂ ਉਸ ਤੋਂ ਥੋੜ੍ਹਾ ਦੂਰ ਸਰਕ ਗਈ।

"ਸਲੀਮ ਦੱਸਦਾ ਸੀ ਕਿ ਤੂੰ ਬਹੁਤ ਅੱਛੀ ਫਨਕਾਰ ਏਂ। ਗ਼ਜ਼ਲ ਬਹੁਤ ਖ਼ੂਬਸੂਰਤ ਕਹਿੰਨੀ ਏਂ। ਤੇਰੀ ਆਵਾਜ਼ ਬੜੀ ਪਿਆਰੀ ਏ।" ਉਸ ਨੇ ਮੇਰੇ ਗਲ਼ 'ਚ ਬਾਂਹ ਪਾਈ। ਮੈਨੂੰ ਲੱਗਿਆ ਜਿਵੇਂ ਕੋਈ ਨਾਗ ਮੇਰੀ ਗਰਦਨ ਦੁਆਲੇ ਲਿਪਟ ਗਿਆ ਹੋਵੇ। ਮੈਂ ਝਟਕੇ ਨਾਲ ਉਸ ਦੀ ਬਾਂਹ ਨੂੰ ਦੂਰ ਕਰ ਦਿੱਤਾ। "ਨਹੀਂ। ਮੈਂ ਕੋਈ ਗਾਣਾ ਵਜਾਣਾ ਨਹੀਂ ਜਾਣਦੀ।" ਮੈਂ ਗੁੱਸੇ 'ਚ ਉਠ ਖੜ੍ਹੀ ਹੋਈ।

ਸਲੀਮ ਜੋ ਸ਼ਾਇਦ ਦਰਵਾਜ਼ੇ ਪਿੱਛੇ ਖੜ੍ਹਾ ਸਾਡੀਆਂ ਗੱਲਾਂ ਸੁਣ ਰਿਹਾ ਸੀ ਅਚਾਨਕ ਸਾਹਮਣੇ ਆ ਗਿਆ।

"ਤਬੀ, ਸ਼ੇਖ ਸਾਹਬ ਵੱਡੇ ਬੰਦੇ ਨੇ। ਇਨ੍ਹਾਂ ਨੂੰ ਖ਼ਫਾ ਨਾ ਕਰ ਦੇਵੀਂ ਕਿਤੇ। ਬਹੁਤ ਮਾਲਦਾਰ ਆਦਮੀ ਨੇ। ਆਪਣੀ ਮੁਫਲਸੀ ਖਤਮ ਕਰ ਦੇਣਗੇ। ਜ਼ਰਾ ਅੱਜ ਰਾਤ ਇਨ੍ਹਾਂ ਨੂੰ ਖੁਸ਼ ਕਰ ਦੇ।" ਉਹ ਮੈਨੂੰ ਸਮਝਾ ਰਿਹਾ ਸੀ ਤੇ ਮੇਰੇ ਕੰਨਾਂ ਨੂੰ ਯਕੀਨ ਨਾ ਆਇਆ ਕਿ ਇਹ ਉਹੀ ਸਲੀਮ ਏ ਜੋ ਮੈਨੂੰ ਬਾਜ਼ਾਰ 'ਚ ਹਾਂਡੀ ਦਾ ਗੋਸ਼ਤ ਤੱਕ ਖਰੀਦਣ ਨਹੀਂ ਜਾਣ ਦਿੰਦਾ ਸੀ।

"ਤਾਂ ਇਹ ਏ ਤੇਰੀ ਕਮਾਈ! ਹਰਾਮ ਦੇ ਪਿੱਲੇ, ਗੰਦੀ ਨਾਲੀ ਦੇ ਕੀੜੇ...ਤੇਰੀ ਹਿੰਮਤ ਕਿੱਦਾਂ ਪੈ ਗਈ ਮੇਰੀ ਅਸਮਤ ਦਾ ਸੌਦਾ ਕਰਨ ਦੀ? ਕਿੰਨਾ ਵੱਡਾ ਦੱਲਾ ਏਂ ਤੂੰ ਜੋ ਆਪਣੀ ਹੀ ਬੀਵੀ ਦਾ ਸੌਦਾ ਕਰ ਰਿਹਾ ਏਂ।" ਮੈਂ ਸਲੀਮ ਨੂੰ ਗਿਰੇਵਾਨ ਤੋਂ ਫੜ ਲਿਆ।

"ਕੰਜਰੀ ਦੀ ਔਲਾਦ...ਤੇ ਨਖਰੇ ਦੇਖ ਜਿਵੇਂ ਕੋਈ ਸ਼ਰੀਫ ਔਰਤ ਹੋਵੇ। ਤੂੰ ਮੈਨੂੰ ਸ਼ਰਾਫਤ ਦਾ ਪਾਠ ਪੜ੍ਹਾ ਰਹੀ ਏਂ ਹਰਾਮਜ਼ਾਦੀਏ, ਤੇਰੀ ਮਾਂ ਕੰਜਰੀ ਸਾਰੀ ਉਮਰ ਇਹੀ ਸੌਦੇਬਾਜ਼ੀਆਂ ਕਰਦੀ ਰਹੀ ਏ।" ਉਸ ਨੂੰ ਜਿਵੇਂ ਪਹਿਲਾਂ ਹੀ ਪਤਾ ਸੀ ਕਿ ਮੈਂ ਕੀ ਕਹਾਂਗੀ।

"ਹੁਣ ਤੱਕ ਉਸੇ ਕੰਜਰੀ ਦਾ ਗੂਹ ਖਾਂਦਾ ਰਿਹਾ ਏਂ ਕੁੱਤਿਆ। ਉਸੇ ਦੀ ਕਮਾਈ 'ਤੇ ਐਸ਼ ਕੀਤੀ ਏ। ਹਯਾ ਕਰ...ਖ਼ੁਦਾ ਦੇ ਕਹਿਰ ਤੋਂ ਡਰ।" ਮੇਰੇ ਤੋਂ ਆਪਣੀ ਅੰਮੀ ਬਾਰੇ ਗੰਦੇ ਅਲਫਾਜ਼ ਸੁਣੇ ਨਾ ਗਏ।

"ਹਾਂ, ਗੂਹ ਖਾਂਦਾ ਰਿਹਾ ਹਾਂ ਉਸ ਬੁੱਢੀ ਕੰਜਰੀ ਦਾ। ਹੁਣ ਤੇਰਾ ਗਰਮ ਗੋਸ਼ਤ ਵੇਚ ਕੇ ਗੁਜ਼ਾਰਾ ਕਰਾਂਗਾ।" ਆਖ ਕੇ ਉਸ ਨੇ ਮੈਨੂੰ ਰੂੰਈਂ ਵਾਂਗ ਕੁੱਟਣਾ ਸ਼ੁਰੂ ਕਰ ਦਿੱਤਾ।

"ਜੇ ਇਹੀ ਕੰਮ ਕਰਨਾ ਏਂ ਤਾਂ ਫੇਰ ਤੇਰੀ ਕੀ ਲੋੜ ਏ ਕੁੱਤਿਆ।" ਆਖ ਕੇ ਮੈਂ ਸ਼ਰਾਬ ਦੀ ਬੋਤਲ ਚੁੱਕ ਕੇ ਉਸ ਦੇ ਸਿਰ ਵਿਚ ਦੇ ਮਾਰੀ। ਖ਼ੂਨ ਦਾ ਫੁਹਾਰਾ ਛੁੱਟਿਆ ਤੇ ਸਲੀਮ ਫਰਸ਼ 'ਤੇ ਪਿਆ ਤੜਫ ਰਿਹਾ ਸੀ। ਮੇਰੇ ਹੋਸ਼ੋ ਹਵਾਸ ਉੱਡ ਗਏ। ਬੱਸ ਪੁਲਿਸ ਆਵੇਗੀ ਤੇ...।" ਮੈਂ ਸੁੱਕੇ ਪੱਤੇ ਵਾਂਗ ਕੰਬ ਗਈ। ਸ਼ੇਖ ਨੇ ਮੇਰੇ ਸਿਰ 'ਤੇ ਹੱਥ ਰੱਖਿਆ। ਮੈਂ ਗਰਦਨ ਉਠਾ ਕੇ ਉਸ ਵੱਲ ਦੇਖਿਆ, ਉਸ ਵਕਤ ਉਹ ਮੈਨੂੰ ਕਿਸੇ ਮਸੀਹਾ ਵਾਂਗ ਲੱਗਿਆ। ਉਸ ਨੇ ਮੇਰਾ ਹੱਥ ਫੜਿਆ ਤੇ ਸਲੀਮ ਨੂੰ ਉਥੇ ਹੀ ਤੜਫਦਾ ਛੱਡ ਕੇ ਮੈਨੂੰ ਕਿਸੇ ਹੋਟਲ ਵਿਚ ਲੈ ਗਿਆ।

ਅਗਲੇ ਦਿਨ ਮੇਰਾ ਪਾਸਪੋਰਟ ਤੇ ਟਿਕਟ

***(ਅਗਲੇ ਸਫੇ 'ਤੇ ਜਾਰੀ)***

ਆ ਗਏ ਤੇ ਉਸੇ ਰਾਤ ਹੀ ਮੈਂ ਸ਼ੇਖ ਸਾਹਬ ਨਾਲ ਜਹਾਜ਼ ਚੜ੍ਹ ਕੇ ਅਰਬ ਪਹੁੰਚ ਗਈ। ਸ਼ੇਖ ਦੇ ਮਹਿਲਨੁਮਾ ਘਰ ਵਿਚ ਬੇਸ਼ੁਮਾਰ ਕਮਰੇ ਸਨ ਤੇ ਹਰ ਕਮਰੇ ਵਿਚ ਇੱਕ ਔਰਤ। ਜਿਵੇਂ ਪਸ਼ੂਆਂ ਦੀ ਕੋਈ ਮੰਡੀ ਲੱਗੀ ਹੋਵੇ। ਉਸ ਦੇ ਹਰਮ ਵਿਚ ਹਰ ਮੁਲਕ, ਹਰ ਨਸਲ ਤੇ ਹਰ ਰੰਗ ਦੀ ਔਰਤ ਸੀ। ਮੈਂ ਉਸ ਹਜੂਮ ਵਿਚ ਗੁਆਚ ਗਈ।

ਉਹ ਔਰਤਾਂ ਮੈਨੂੰ ਦੇਖ ਕੇ ਹੱਸਦੀਆਂ।

ਕਈ ਦਿਨ ਲੰਘ ਗਏ। ਸ਼ੇਖ ਮੁੜ ਕੇ ਨਾ ਆਇਆ। ਸ਼ਾਇਦ ਔਰਤਾਂ ਦੇ ਇਸ ਮੇਲੇ ਵਿਚ ਆ ਕੇ ਉਹ ਮੈਨੂੰ ਭੁੱਲ ਗਿਆ ਸੀ ਜਾਂ ਮੁੜ ਕੇ ਮੇਰੀ ਵਾਰੀ ਹੀ ਨਹੀਂ ਆਈ। ਉਹ ਔਰਤਾਂ ਵਾਰ ਵਾਰ ਆ ਕੇ ਮੈਨੂੰ ਘੂਰਦੀਆਂ, ਆਪਣੀ ਜ਼ੁਬਾਨ 'ਚ ਕੋਈ ਗੱਲ ਕਰਦੀਆਂ ਤੇ ਇਸ਼ਾਰੇ ਕਰਦੀਆਂ ਕਿ ਤੈਨੂੰ ਮਿਲ ਕੇ ਇੱਕ ਦਿਨ ਕੁੱਟਣਾ ਏਂ। ਜਿਵੇਂ ਮੁਹੱਲੇ 'ਚ ਕੋਈ ਨਵਾਂ ਕੁੱਤਾ ਆਉਂਦਾ ਏ ਤਾਂ ਪੁਰਾਣੇ ਕੁੱਤੇ ਉਸ ਨੂੰ ਦੇਖ ਕੇ ਭੌਂਕਦੇ ਨੇ, ਇਹੀ ਹਾਲ ਉਨ੍ਹਾਂ ਔਰਤਾਂ ਦਾ ਸੀ। ਪਰ ਮੈਨੂੰ ਸ਼ੇਖ ਸਾਹਬ ਦਾ ਸਹਾਰਾ ਸੀ। ਇਸ ਲਈ ਮੈਂ ਉਨ੍ਹਾਂ ਵੱਲ ਜ਼ਿਆਦਾ ਤਵੱਜੋ ਨਾ ਦਿੱਤੀ। ਇੱਕ ਦਿਨ ਮੇਰੇ ਕਮਰੇ ਵਿਚ ਸਾਮਾਨ ਰੱਖਣ ਲਈ ਸ਼ੇਖ ਦਾ ਨੌਕਰ ਅਬਦੁਲ ਆਇਆ। ਉਹ ਟੁੱਟੀ ਫੁੱਟੀ ਪੰਜਾਬੀ ਬੋਲਦਾ ਸੀ। ਉਸ ਨੇ ਮੈਨੂੰ ਦੱਸਿਆ ਕਿ ਸ਼ੇਖ ਕੋਲ ਮੇਰੇ ਵਰਗੀਆਂ ਹਜ਼ਾਰਾਂ ਹੀ ਔਰਤਾਂ ਹਨ। ਇਸ ਮਹਿਲ ਵਿਚ ਤਰ੍ਹਾਂ ਤਰ੍ਹਾਂ ਦੇ ਲੋਕ ਆਉਂਦੇ ਨੇ ਤੇ ਸ਼ੇਖ ਔਰਤਾਂ ਆਪਣੇ ਮਹਿਮਾਨਾਂ ਦੀ ਖਿਦਮਤ ਵਿਚ ਪੇਸ਼ ਕਰਦਾ ਏ।

ਸੁਣ ਕੇ ਮੇਰਾ ਦਮ ਰੁਕ ਗਿਆ, ਜਿਸ ਗੱਲ ਦਾ ਡਰ ਸੀ, ਉਹੋ ਹੋਈ। ਮੇਰੀ ਕਿਸਮਤ 'ਚ ਬਰਬਾਦ ਹੋਣਾ ਹੀ ਲਿਖਿਆ ਸੀ। ਅਬਦੁਲ ਦੀ ਹਮਦਰਦੀ ਕਾਰਨ ਮੇਰੀ ਉਸ ਨਾਲ ਦੋਸਤੀ ਹੋ ਗਈ। ਉਸ ਨੂੰ ਜਦੋਂ ਵੀ ਫੁਰਸਤ ਹੁੰਦੀ ਉਹ ਮੇਰੇ ਕਮਰੇ ਵਿਚ ਆ ਜਾਂਦਾ। ਹੌਲੀ ਹੌਲੀ ਇਹ ਦੋਸਤੀ ਜਿਸਮਾਨੀ ਤਾਲੁਕਾਤ ਵਿਚ ਬਦਲ ਗਈ। ਦਰਅਸਲ ਸਲੀਮ ਨਾਲ ਕਈ ਮਹੀਨੇ ਰਹਿ ਕੇ ਜਿਵੇਂ ਹੁਣ ਮੈਨੂੰ ਰਾਤ ਨੂੰ ਖਾਲੀ ਬਿਸਤਰ ਖਾਣ ਨੂੰ ਆਉਂਦਾ ਸੀ, ਤੇ ਸ਼ੇਖ ਸਾਹਬ ਕੋਲ ਮੇਰੇ ਲਈ ਵਕਤ ਨਹੀਂ ਸੀ।

ਇੱਕ ਰਾਤ ਉਹ ਮੇਰੇ ਨਾਲ ਸੁੱਤਾ ਪਿਆ ਸੀ ਕਿ ਬਾਹਰੋਂ ਜ਼ੋਰ ਜ਼ੋਰ ਦੀ ਦਰਵਾਜ਼ਾ ਭੰਨਿਆ ਜਾਣ ਲੱਗਾ। ਅਸੀਂ ਦੋਵੇਂ ਡਰ ਗਏ। ਮੈਂ ਉਸ ਨੂੰ ਆਪਣੇ ਪਲੰਘ ਨੀਚੇ ਛੁਪਾ ਦਿੱਤਾ ਤੇ ਕਾਹਲੀ ਨਾਲ ਕੱਪੜੇ ਪਾ ਕੇ ਦਰਵਾਜ਼ਾ ਖੋਲ੍ਹਿਆ। ਸ਼ੇਖ ਸਾਹਬ ਹੱਥ ਵਿਚ ਹੰਟਰ ਲਈ ਖੜ੍ਹੇ ਸਨ ਤੇ ਪਿੱਛੇ ਔਰਤਾਂ ਦਾ ਹਜੂਮ। ਸ਼ਾਇਦ ਉਹ ਮੇਰੀ ਨਿਗਰਾਨੀ ਕਰਦੀਆਂ ਸਨ ਕਿ ਮੈਂ ਕੀ ਕਰ ਰਹੀ ਹਾਂ ਤੇ ਮੌਕਾ ਪੈਣ 'ਤੇ ਉਹ ਸ਼ੇਖ ਨੂੰ ਸੱਦ ਲਿਆਈਆਂ ਸਨ। "ਕੀ ਕਰ ਰਹੀ ਸੀ ਹਰਾਮਜ਼ਾਦੀਏ?" ਸ਼ੇਖ ਨੇ ਹੰਟਰ ਹਵਾ 'ਚ ਘੁਮਾਇਆ ਤੇ ਮੈਂ ਜੰਗਲੀ ਬਾਂਸ ਵਾਂਗ ਕੰਬ ਗਈ। "ਸੌਂ ਰਹੀ ਸੀ...।" ਮੇਰੇ ਗਲੇ 'ਚੋਂ ਆਵਾਜ਼ ਆਈ।

ਤੇਰਾ ਯਾਰ ਕਿੱਥੇ ਏ? ਉਸ ਦੇ ਟੋਟੇ ਟੋਟੇ ਕਰ ਕੇ ਉਸ ਦਾ ਗੋਸ਼ਤ ਕੁੱਤਿਆਂ ਅੱਗੇ ਪਾ ਦਿਆਂਗਾ।" ਉਹ ਮੈਨੂੰ ਪਿੱਛੇ ਧਕੇਲ ਕੇ ਕਮਰੇ 'ਚ ਆ ਗਿਆ।

"ਕੋਈ ਨਹੀਂ ਏ।" ਮੈਂ ਸਫਾਈ ਦਿੱਤੀ।

"ਸ਼ੱਟ ਅਪ। ਆਪਣਾ ਹੁਲੀਆ ਦੇਖ।" ਆਖ ਕੇ ਉਸ ਨੇ ਮੇਰੀਆਂ ਲੱਤਾਂ 'ਤੇ ਹੰਟਰ ਮਾਰਿਆ।

ਮੈਂ ਅਸਲ 'ਚ ਜਲਦੀ ਵਿਚ ਪੁੱਠੀ ਸਲਵਾਰ ਪਾ ਲਈ ਸੀ। ਸ਼ੇਖ ਨੇ ਹੰਟਰ ਮਾਰ ਮਾਰ ਕੇ ਮੇਰਾ ਤੇ ਅਬਦੁਲ ਦਾ ਜਿਸਮ ਲਹੂ ਲੁਹਾਣ ਕਰ ਦਿੱਤਾ।

ਦੂਜੇ ਦਿਨ ਸ਼ੇਖ ਮੇਰੇ ਕਮਰੇ 'ਚ ਆਇਆ। ਪੈਸਿਆਂ ਦੀ ਇੱਕ ਥੈਲੀ ਮੇਰੇ ਅੱਗੇ ਸੁੱਟ ਕੇ ਬੋਲਿਆ, "ਮੈਨੂੰ ਪਤਾ ਏ ਤੇਰੀਆਂ ਰਗਾਂ 'ਚ ਇੱਕ ਕੰਜਰੀ ਦਾ ਖੂਨ ਏ। ਤੇਰੇ ਤੋਂ ਸ਼ਰਾਫਤ ਦੀ ਉਮੀਦ ਰੱਖਣਾ ਬੇਵਕੂਫੀ ਏ। ਆਹ ਫੜ ਪੈਸੇ ਤੇ ਮੇਰੀਆਂ ਨਜ਼ਰਾਂ ਤੋਂ ਦੂਰ ਚਲੀ ਜਾ। ਮੈਂ ਨਹੀਂ ਚਾਹੁੰਦਾ ਕਿ ਤੇਰੀ ਸੋਹਬਤ ਦਾ ਅਸਰ ਦੂਜੀਆਂ ਔਰਤਾਂ 'ਤੇ ਪਵੇ ਤੇ ਉਹ ਮੇਰੇ ਨੌਕਰਾਂ ਨਾਲ ਸੌਣ। ਇੱਕ ਮੱਛੀ ਸਾਰੇ ਪਾਣੀ ਨੂੰ ਗੰਦਾ ਕਰ ਦਿੰਦੀ ਏ।"

ਤੇ ਪਤਾ ਨਹੀਂ ਉਸ ਨੇ ਕੀ ਕੀਤਾ, ਦੂਜੇ ਦਿਨ ਮੈਨੂੰ ਟਿਕਟ ਦੇ ਕੇ ਕਿਸੇ ਅੰਗਰੇਜ਼ ਬੁੱਢੇ ਨਾਲ ਇੰਗਲੈਂਡ ਜਾਣ ਵਾਲੇ ਜਹਾਜ਼ ਵਿਚ ਚੜ੍ਹਾ ਦਿੱਤਾ। ਉਹ ਅੰਗਰੇਜ਼ ਬੁੱਢਾ ਕਈ ਰਾਤਾਂ ਮੈਨੂੰ ਵਰਤਦਾ ਰਿਹਾ। ਫੇਰ ਉਸ ਨੇ ਕਿਸੇ ਹੋਰ ਦੋਸਤ ਅੱਗੇ ਮੈਨੂੰ ਪੇਸ਼ ਕਰ ਦਿੱਤਾ। ਫੇਰ ਹੋਰ ਦੋਸਤ...ਫੇਰ ਹੋਰ ਅੱਗੇ ਤੇ ਫੇਰ ਹੋਰ ਅੱਗੇ। ਹੁਣ ਤੱਕ ਮੈਂ ਪੂਰੀ ਵੇਸਵਾ ਬਣ ਚੁੱਕੀ ਸੀ। ਜਿਸਮਫਰੋਸ਼ੀ ਮੇਰੀ ਮਜਬੂਰੀ ਬਣ ਗਈ ਸੀ। ਅੰਮੀ ਦੀਆਂ ਲੱਖਾਂ ਕੋਸ਼ਿਸ਼ਾਂ ਦੇ ਬਾਵਜੂਦ ਕਿਸਮਤ ਨੇ ਮੈਨੂੰ ਬਖਸ਼ਿਆ ਨਹੀਂ ਸੀ। ਇੰਗਲੈਂਡ ਆਈ ਨੂੰ ਕਈ ਮਹੀਨੇ ਹੋ ਗਏ ਤਾਂ ਥੋੜ੍ਹੀ ਬਹੁਤ ਜ਼ੁਬਾਨ ਸਿੱਖ ਗਈ। ਲੋਕਾਂ ਦੇ ਚਿਹਰੇ ਪੜ੍ਹਨ ਲੱਗੀ। ਹਰ ਸ਼ਾਮ ਕਿਸੇ ਨਾਲ ਗੁਜ਼ਾਰਦੀ ਤਾਂ ਕਿ ਦੂਜੇ ਦਿਨ ਲਈ ਬਰੈਡ ਤੇ ਬਟਰ ਖਰੀਦ ਸਕਾਂ। ਕਈ ਵਾਰ ਮੰਦੇ ਦੇ ਦਿਨਾਂ ਵਿਚ ਦੋ ਦੋ ਪੌਂਡ 'ਚ ਵੀ ਵਿਕੀ। ਰਾਤਾਂ ਦੇ ਕਾਲੇ ਸਾਏ ਮੈਨੂੰ ਡਰਾਉਂਦੇ ਤਾਂ ਮੈਂ ਰਾਤ ਕਿਸੇ ਵੀ ਆਲ੍ਹਣੇ 'ਚ ਕੱਟ ਲੈਂਦੀ।

ਇੰਗਲੈਂਡ ਆਉਣ ਤੋਂ ਪਹਿਲਾਂ ਮੈਂ ਕਦੇ ਸ਼ਰਾਬ ਨਹੀਂ ਪੀਤੀ ਸੀ। ਸ਼ਰਾਬ ਦੀ ਹਰ ਬੋਤਲ ਵਿਚ ਮੈਨੂੰ ਆਪਣੀ ਅੰਮੀ ਦੇ ਆਂਸੂ ਭਰੇ ਨਜ਼ਰ ਆਉਂਦੇ ਜੋ ਉਹ ਮੇਰੇ ਅਬੂ ਦੇ ਸ਼ਰਾਬ ਪੀਣ 'ਤੇ ਵਹਾਇਆ ਕਰਦੀ ਸੀ ਪਰ ਇਥੇ ਆ ਕੇ ਇਹ ਬੀਮਾਰੀ ਵੀ ਲੱਗ ਗਈ। ਇੱਕ ਬੁੱਢਾ ਜਹੂਦੀ ਮੇਰਾ ਆਸ਼ਕ ਸੀ। ਉਹ ਸੈਕਸ ਕਰਨ ਤੋਂ ਪਹਿਲਾਂ ਮੈਨੂੰ ਹਮੇਸ਼ਾ ਰੱਜ ਕੇ ਸ਼ਰਾਬ ਪਿਲਾਉਂਦਾ, ਉਸ ਨੂੰ ਵਹਿਮ ਸੀ ਕਿ ਸ਼ਰਾਬ ਦੇ ਨਸ਼ੇ 'ਚ ਮੈਂ ਆਪਣਾ ਤੇ ਉਸ ਵਿਚਲਾ ਉਮਰ ਦਾ ਫਰਕ ਭੁੱਲ ਜਾਵਾਂਗੀ। ਪਰ ਔਰਤ ਨੂੰ ਜੇ ਕੋਈ ਨਸ਼ਾ ਚੜ੍ਹਦਾ ਏ ਤਾਂ ਉਹ ਸਿਰਫ ਇਸ਼ਕ ਦਾ ਵਰਨਾ ਸਮੁੰਦਰ ਸ਼ਰਾਬ ਦਾ ਵੀ ਉਹ ਆਪਣੇ ਅੰਦਰ ਸੁੱਟ ਲਵੇ ਤਾਂ ਅਸਰ ਨਹੀਂ ਕਰੇਗਾ। ਸ਼ਰਾਬ ਨਾਲੋਂ ਵੱਧ ਨਸ਼ਾ ਤਾਂ ਖੁਦ ਉਸ ਦੇ ਅੰਦਰ ਏ।

ਖ਼ੈਰ ਇੰਦਾਂ ਸ਼ਰਾਬ ਦੀ ਆਦਤ ਪੈ ਗਈ। ਇੱਕ ਹੋਰ ਸੀ ਮੇਰਾ ਗਾਹਕ ਕੋਈ ਫਰਾਂਸੀਸੀ। ਉਹ ਸਿਗਰਟਾਂ ਬਹੁਤ ਪੀਂਦਾ ਸੀ, ਚੇਨ ਸਮੋਕਰ...। ਨਾ ਉਹ ਮੇਰੀ ਜ਼ੁਬਾਨ ਸਮਝਦਾ ਸੀ ਤੇ ਨਾ ਮੈਂ ਉਸਦੀ। ਪਰ ਬਿਸਤਰ 'ਚ ਸਿਰਫ ਇੱਕੋ ਹੀ ਜ਼ੁਬਾਨ ਚੱਲਦੀ ਏ ਤੇ ਉਹ ਦੁਨੀਆਂ ਦਾ ਹਰ ਮਰਦ ਤੇ ਔਰਤ ਸਮਝਦੇ ਨੇ। ਉਸ ਨੇ ਸਿਗਰਟਾਂ ਦੀ ਲਤ ਪਾ ਦਿੱਤੀ। ਫੇਰ ਕਈ ਆਏ, ਕਈ ਗਏ। ਕਈ ਪੱਕੇ ਤੇ ਕਈ ਕੱਚੇ। ਕਈਆਂ ਦੀਆਂ ਸ਼ਕਲਾਂ ਤੇ ਨਾਮ ਵੀ ਜ਼ਿਹਨ ਸੁਬਹਾ ਹੋਣ ਤੱਕ ਭੁੱਲ ਜਾਂਦਾ ਸੀ ਤੇ ਕਈ ਤਮਾਮ ਉਮਰ ਯਾਦ ਰਹਿਣਗੇ।

ਇਹੋ ਜਿਹਾ ਹੀ ਸੀ ਇੱਕ ਇੰਡੀਅਨ ਮੁੰਡਾ। ਇੰਗਲੈਂਡ 'ਚ ਉਸ ਦੀ ਪਰਵਰਿਸ਼ ਹੋਈ ਸੀ। ਉਸ ਦੀ ਬੀਵੀ ਮਰ ਗਈ ਸੀ, ਤੇ ਹੁਣ ਉਸ ਦੇ ਘਰ ਉਸ ਦੀ ਦਸ ਸਾਲ ਦੀ ਬੱਚੀ ਨੂੰ ਉਸ ਦੀ ਗੋਰੀ ਗਰਲ ਫਰੈਂਡ ਸੰਭਾਲਦੀ ਸੀ। ਨਾਮ ਸੀ ਉਸ ਦਾ ਸੈਂਡੀ। ਉਹ ਮੇਰੇ ਕਾਫੀ ਕਰੀਬ ਆ ਗਿਆ। ਇੱਕ ਦਿਨ ਅਚਾਨਕ ਉਸ ਨੇ ਮੈਨੂੰ ਸ਼ਾਦੀ ਦਾ ਪੈਗਾਮ ਦਿੱਤਾ। ਮੈਨੂੰ ਇਤਬਾਰ ਨਾ ਆਇਆ। ਜ਼ਿੰਦਗੀ ਨੇ ਫੇਰ ਆਵਾਜ਼ ਮਾਰੀ ਸੀ ਤੇ ਮੈਂ ਖੜ੍ਹੋ ਗਈ। ਸੈਂਡੀ ਨੇ ਮੈਨੂੰ ਕਈ ਦਫਾ ਦੱਸਿਆ ਸੀ ਕਿ ਉਹ ਕਿਸੇ ਏਸ਼ੀਅਨ ਕੁੜੀ ਨਾਲ ਵਿਆਹ ਕਰਵਾ ਕੇ ਘਰ ਵਸਾਉਣਾ ਚਾਹੁੰਦਾ ਏ ਤੇ ਇਸ ਗੋਰੀ ਗਰਲ ਫਰੈਂਡ ਤੋਂ ਛੁਟਕਾਰਾ ਚਾਹੁੰਦਾ ਏ ਜੋ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਉਸ ਦਾ ਪਿੱਛਾ ਨਹੀਂ ਸੀ ਛੱਡ ਰਹੀ। ਮੈਂ ਸੋਚਿਆ, "ਚਲੋ, ਇੱਕ ਵਾਰ ਨਾ ਸਹੀ, ਸ਼ਾਇਦ ਦੂਜੀ ਵਾਰ ਕੋਈ ਸਹੀ ਬੰਦਾ ਮੇਰੀ ਜ਼ਿੰਦਗੀ ਵਿਚ ਆ ਜਾਵੇ।"

ਇੱਕ ਦਿਨ ਮੈਂ ਅਚਾਨਕ ਹੀ ਉਸ ਦੇ ਘਰ ਚਲੀ ਗਈ। ਡੋਰ ਬੈੱਲ ਕੀਤੀ। ਕਿਸੇ ਖੂਬਸੂਰਤ ਅੰਗਰੇਜ਼ ਔਰਤ ਨੇ ਦਰਵਾਜ਼ਾ ਖੋਲ੍ਹਿਆ। ਜੋਗੀਆ ਰੰਗ ਦਾ ਪੀਲਾ ਪੰਜਾਬੀ ਸੂਟ, ਬਾਹਾਂ ਰੰਗ ਬਰੰਗੀਆਂ ਵੰਗਾਂ ਨਾਲ ਭਰੀਆਂ ਹੋਈਆਂ, ਮੱਥੇ 'ਤੇ ਲਾਲ ਬਿੰਦੀ ਤੇ ਕਮਰ ਤੱਕ ਖੁੱਲ੍ਹੀਆਂ ਲੰਮੀਆਂ ਜ਼ੁਲਫਾਂ। ਉਹ ਪੂਰੀ 'ਮੀਰਾ ਬਾਈ' ਬਣੀ ਮੇਰੇ ਸਾਹਮਣੇ ਖਲੋਤੀ ਸੀ। ਮੈਂ ਉਸ ਦੀਆਂ ਅੱਖਾਂ ਵਿਚ ਗੁਆਚ ਗਈ। ਭੁੱਲ ਗਈ ਕਿ ਕਿਸ ਮਕਸਦ ਲਈ ਆਈ ਹਾਂ। ਉਹ ਮੈਨੂੰ ਅੰਦਰ ਲੈ ਗਈ। ਇੱਕ ਅਜੀਬ ਜਿਹਾ ਡਰ ਸੀ ਉਸ ਦੀਆਂ ਅੱਖਾਂ ਵਿਚ ਜਿਵੇਂ ਮੈਂ ਉਸ ਦੇ ਘਰ ਚੋਰੀ ਕਰਨ ਆਈ ਹੋਵਾਂ।

"ਸੈਂਡੀ ਕਿਥੇ ਏ?" ਮੈਂ ਪੁੱਛਿਆ।

"ਉਹ ਤਾਂ ਇੰਡੀਆ ਗਿਆ ਹੋਇਆ ਏ।" ਉਸ ਨੇ ਝੂਠ ਬੋਲਿਆ। "ਤੂੰ ਉਸ ਦੀ ਕਿਰਾਏਦਾਰ ਏਂ?" ਮੈਂ ਜਾਣ ਬੁੱਝ ਕੇ ਕਿਹਾ। "ਨਹੀਂ ਉਹ ਮੇਰਾ ਸ਼ੌਹਰ ਏ।" ਉਹ ਸ਼ਰਮਾਈ। ਮੈਨੂੰ ਉਸ 'ਤੇ ਰਹਿਮ ਆਇਆ।

"ਖ਼ੁਦਾ ਤੇਰੇ ਸ਼ੌਹਰ ਨੂੰ ਸਲਾਮਤ ਰੱਖੇ!" ਮੇਰਾ ਦਿਲ ਭਰ ਆਇਆ ਤੇ ਮੈਂ ਵਾਪਸ ਆ ਗਈ।

ਉਸੇ ਸ਼ਾਮ ਸੈਂਡੀ ਮੈਨੂੰ ਮਿਲਣ ਆਇਆ।

"ਸੈਂਡੀ ਅੱਜ ਤੋਂ ਬਾਅਦ ਤੂੰ ਇਥੇ ਨਾ ਆਈਂ।" ਮੈਂ ਬੇਰੁਖੀ ਨਾਲ ਕਿਹਾ। "ਕਿਉਂ?" ਉਹ ਘਬਰਾ ਗਿਆ।

"ਬੱਸ, ਮੈਂ ਤੈਨੂੰ ਕਹਿ ਦਿੱਤਾ ਏ ਇੱਕ ਵਾਰ।" ਮੈਂ ਖਿੱਝ ਕੇ ਕਿਹਾ। "ਕੀ ਗੱਲ ਤੈਨੂੰ ਮਾਰਸ਼ਾ ਨੇ ਕੁਝ ਕਿਹਾ ਏ?" ਉਹ ਮੇਰਾ ਹੱਥ ਫੜਦਾ ਹੋਇਆ ਬੋਲਿਆ।

"ਹਾਂ...।" ਮੇਰੀ ਆਵਾਜ਼ ਦਰਦ 'ਚ ਡੁੱਬ ਗਈ।

"ਉਹ! ਤੂੰ ਉਸ ਕੁੱਤੀ 'ਤੇ ਯਕੀਨ ਨਾ ਕਰ। ਮੇਰਾ ਉਸ ਨਾਲ ਕੋਈ ਤੁਅੱਲਕ ਨਹੀਂ। ਖਾਹਮਖਾਹ ਮੇਰੇ ਪਿੱਛੇ ਪਈ ਏ।" ਉਸ ਦਾ ਹੌਸਲਾ ਮੁੜਿਆ।

"ਕੁੱਤੀ ਉਹ ਨਹੀਂ, ਕੁੱਤਾ ਤੂੰ ਏਂ...ਕਿਵੇਂ ਉਹ ਤੇਰੇ ਇਸ਼ਕ ਵਿਚ ਦੀਵਾਨੀ ਹੋਈ ਭੇਸ ਵਟਾਈ ਫਿਰਦੀ ਏ। ਤੇ ਤੂੰ ਉਸ ਨੂੰ ਕੁੱਤੀ ਦੱਸਨਾ ਏਂ।" ਮੈਨੂੰ ਗੁੱਸਾ ਆ ਗਿਆ।

"ਉਹ ਪਖੰਡਣ ਏ। ਉਹ ਇਸ਼ਕ ਕਰਦੀ ਏ, ਕਰੀ ਜਾਵੇ...ਮੇਰਾ ਉਸ ਨਾਲ ਸੈਕਸ ਤੋਂ ਵੱਧ ਕੋਈ ਰਿਸ਼ਤਾ ਨਹੀਂ।" ਉਸ ਨੇ ਨਫਰਤ ਨਾਲ ਮੋਢੇ ਹਿਲਾਏ।

"ਅਫਸੋਸ ਤਾਂ ਇਹੀ ਏ ਕਿ ਔਰਤ ਹਮੇਸ਼ਾ ਇਸ਼ਕ ਕਰਦੀ ਏ ਤੇ ਮਰਦ ਸਿਰਫ ਸੈਕਸ ਕਰਦਾ ਏ। ਉਸ ਦੇ ਜਿਸਮ ਨੂੰ ਦੇਖਦਾ ਏ, ਉਸ ਦੀ ਰੂਹ ਨੂੰ ਨਹੀਂ ਤੇ ਰੂਹ ਨੂੰ ਦੇਖਣ ਲਈ ਤੀਜੀ ਅੱਖ ਦੀ ਲੋੜ ਏ, ਜੋ ਸਭ ਕੋਲ ਨਹੀਂ ਹੁੰਦੀ ਤੇ ਮੈਂ ਉਸੇ ਨਾਲ ਹੀ ਨਿਕਾਹ ਕਰਾਂਗੀ ਜਿਸ ਕੋਲ ਤੀਜੀ ਅੱਖ ਹੋਵੇਗੀ ਵਰਨਾ ਜੁੱਤੀਆਂ ਵਾਂਗ ਮਰਦ ਬਦਲਦੀ ਰਹਾਂਗੀ।" ਮੈਂ ਵੀ ਨਫਰਤ ਨਾਲ ਜੁੱਤੀ ਜ਼ਮੀਨ ਤੇ ਰਗੜੀ।

"ਮੱਤ ਭੁੱਲ ਕਿ ਤੂੰ ਮੇਰੇ ਨਾਲ ਸੁੱਤੀ ਏਂ...ਆਪਣੀ ਇੱਜ਼ਤ ਤੂੰ ਮੈਨੂੰ ਦੇ ਚੁੱਕੀ ਏਂ।" ਉਸ ਨੂੰ ਨਵੀਂ ਗੱਲ ਸੁੱਝੀ। "ਤੂੰ ਨਹੀਂ ਸੁੱਤਾ ਮੇਰੇ



ਨਾਲ?" ਮੈਂ ਗੁੱਸੇ ਨਾਲ ਪੁੱਛਿਆ। "ਮੈਂ ਮਰਦ ਹਾਂ...ਤੂੰ ਔਰਤ।" ਉਹ ਗੁਮਾਨ ਨਾਲ ਬੋਲਿਆ। "ਔਰਤ ਹਾਂ ਤਾਂ ਕੀ ਗੁਨਾਹ ਏ...ਜੇ ਤੈਨੂੰ ਕੋਈ ਫਰਕ ਨਹੀਂ ਪਿਆ ਤਾਂ ਮੇਰੀ ਕੀ ਮਹਿੰਦੀ ਉਤਰ ਗਈ?" ਆਖ ਕੇ ਮੈਂ ਜ਼ੋਰ ਨਾਲ ਹੱਸੀ। "ਫਰਕ ਬਹੁਤ ਏ ਤੂੰ ਬਾਅਦ ਵਿਚ ਮਹਿਸੂਸ ਕਰੇਂਗੀ।" ਉਹ ਜਲ ਕੇ ਕੋਲਾ ਹੋ ਗਿਆ। "ਸੈਂਡੀ, ਮੈਂ ਉਨ੍ਹਾਂ ਔਰਤਾਂ 'ਚੋਂ ਨਹੀਂ ਹਾਂ ਜਿਹੜੀਆਂ ਚਾਰ ਰਾਤਾਂ ਕਿਸੇ ਨਾਲ ਸੌਂ ਕੇ ਲਿੱਬੜ ਜਾਂਦੀਆਂ ਨੇ। ਤੇਰੇ ਵਰਗੇ ਕਈ ਚਾਮਕੇ ਤੁਰੇ ਫਿਰਦੇ ਨੇ।" ਆਖ ਕੇ ਮੈਂ ਸਿਗਰਟ ਸੁਲਘਾਈ।

"ਔਰਤ ਨਹੀਂ ਨਾਗਣ ਏ ਤੂੰ ਨਾਗਣ। ਕਾਲੀ ਨਾਗਣ...ਤੈਨੂੰ ਵੱਸ ਕਰਨਾ ਮੇਰੇ ਵਰਗੇ ਨਾਦਾਨ ਸਪੇਰੇ ਦੇ ਵੱਸ ਦਾ ਰੋਗ ਨਹੀਂ ਏ।" ਉਹ ਚੀਕਿਆ। "ਦੁਨੀਆਂ ਦੀ ਹਰ ਔਰਤ ਨਾਗਣ ਏਂ ਤੇ ਮਰਦ ਸਪੇਰਾ। ਜੇ ਇਹ ਸਪੇਰਾ ਇਸ਼ਕ ਦੀ ਬੀਨ ਨਾ ਵਜਾਵੇ ਤਾਂ ਇਹ ਨਾਗਣ ਕਦੇ ਇਸ ਦੇ ਕਾਬੂ 'ਚ ਨਾ ਆਵੇ...ਮੇਰੀ ਇਕੱਲੀ ਦੀ ਗੱਲ ਨਹੀਂ ਏ। ਨਾਲੇ ਤੇਰੇ ਇਸ਼ਕ ਵਿਚ ਉਹ ਦਮ ਨਹੀਂ ਰਿਹਾ ਹੁਣ ਜਿਸ ਨਾਲ ਤੂੰ ਮੈਨੂੰ ਪਟਾਰੀ 'ਚ ਪਾ ਸਕੇਂ।" ਆਖ ਕੇ ਮੈਂ ਹੱਸੀ ਤੇ ਉਹ ਗੁੱਸੇ 'ਚ ਪੈਰ ਪਟਕਦਾ ਹੋਇਆ ਚਲਾ ਗਿਆ। ਫੇਰ ਨਹੀਂ ਆਇਆ। ਬੜਾ ਗੰਦਾ ਲੱਗਦਾ ਏ ਮੈਨੂੰ ਬੰਦਾ ਜਦੋਂ ਕਿਸੇ ਔਰਤ ਖਾਸ ਕਰ ਕੇ ਆਪਣੀ ਬੀਵੀ ਜਾਂ ਮਾਸ਼ੂਕ ਨੂੰ ਬੁਰੀ ਦੱਸਦਾ ਏ। ਕਮਬਖ਼ਤ...ਨਾਮੁਰਾਦ, ਔਰਤ ਵੀ ਕੋਈ ਭੰਡਣ ਵਾਲੀ ਚੀਜ਼ ਏ? ਗਰੀਬ ਕੀ ਵਿਗਾੜ ਲਵੇਗੀ ਕਿਸੇ ਦਾ? ਮਰਦ ਸੌ ਜ਼ੁਲਮ ਸਿਤਮ ਵੀ ਕਰੇ ਤਾਂ ਉਸ ਦੀ ਕਦਮਬੋਸੀ ਕਰਨੀ ਨਹੀਂ ਛੱਡਦੀ। ਕਮਬਖ਼ਤ। ਸੱਚ ਪੁੱਛੋ ਤਾਂ ਮੈਨੂੰ ਹਰ ਔਰਤ 'ਚੋਂ ਆਪਣੀ ਅੰਮੀ ਨਜ਼ਰ ਆਉਂਦੀ ਏ ਤੇ ਹਰ ਮਰਦ 'ਚੋਂ ਆਪਣਾ ਬਾਪ...।

ਉਸ ਤੋਂ ਬਾਅਦ ਇੱਕ ਹੋਰ ਆਇਆ ਪਾਕਿਸਤਾਨੀ। ਹੁਸੈਨ ਨਾਮ ਸੀ ਉਸ ਦਾ। ਉਸ ਨਾਲ ਵੀ ਮੇਰੀ ਚੰਗੀ ਦੋਸਤੀ ਹੋ ਗਈ ਤੇ ਗੱਲ ਨਿਕਾਹ ਤੱਕ ਪਹੁੰਚ ਗਈ। ਮੇਰੇ ਹੀ ਧੰਦੇ ਵਾਲੀ ਮੇਰੀ ਇੱਕ ਸਹੇਲੀ ਇੱਕ ਵਾਰ ਬੀਮਾਰ ਸੀ ਤੇ ਹਸਪਤਾਲ ਵਿਚ ਦਾਖਿਲ ਸੀ। ਉਹ ਆਪਣੀ ਪੰਜ ਕੁ ਸਾਲ ਦੀ ਫੁੱਲ ਵਰਗੀ ਬੱਚੀ ਨੂੰ ਮੇਰੇ ਕੋਲ ਛੱਡ ਗਈ। ਇੱਕ ਦਿਨ ਹੁਸੈਨ ਰਾਤ ਨੂੰ ਮੇਰੇ ਕੋਲ ਆਇਆ ਤੇ ਬਹੁਤ ਦੇਰ ਤੱਕ ਬੱਚੀ ਨਾਲ ਪਿਆਰ ਕਰਦਾ ਰਿਹਾ।

"ਕਿੰਨੀ ਪਿਆਰੀ ਬੱਚੀ ਏ।" ਮੈਂ ਸ਼ਰਾਬ ਦੇ ਭਰੇ ਗਿਲਾਸ ਮੇਜ਼ 'ਤੇ ਰੱਖਦੀ ਹੋਈ ਬੋਲੀ।

"ਹਾਂ। ਕੰਜਰੀ ਦੀ ਧੀ ਏ, ਵੱਡੀ ਹੋ ਕੇ ਕਮਾਲ ਦੀ ਕੰਜਰੀ ਬਣੇਗੀ।" ਕਹਿ ਕੇ ਉਹ ਹੱਸਿਆ।

ਜਿਵੇਂ ਕਿਸੇ ਨੇ ਮੇਰੇ ਕਲੇਜੇ ਵਿਚ ਖੰਜਰ ਖੋਭ ਦਿੱਤਾ ਸੀ। ਗਿਲਾਸ ਮੇਰੇ ਹੱਥੋਂ ਛੁਟ ਕੇ ਜ਼ਮੀਨ 'ਤੇ ਜਾ ਡਿੱਗਾ।

"ਕੀ ਹੋਇਆ?" ਉਹ ਭੱਜ ਕੇ ਮੇਰੇ ਕੋਲ ਆਇਆ।

"ਕੁਝ ਨਹੀਂ। ਤੂੰ ਇਥੋਂ ਚਲਾ ਜਾ ਹੁਸੈਨ। ਮੇਰੀ ਤਬੀਅਤ ਠੀਕ ਨਹੀਂ ਏ।" ਮੈਂ ਆਪਣੇ ਸੀਨੇ 'ਤੇ ਹੱਥ ਰੱਖਦਿਆਂ ਕਿਹਾ। "ਕੀ ਗੱਲ ਏ ਚੰਦਾ?" ਉਸ ਨੇ ਮੈਨੂੰ ਆਪਣੀਆਂ ਬਾਹਾਂ 'ਚ ਲੈਣਾ ਚਾਹਿਆ।

"ਮੈਂ ਕਿਹਾ ਏ ਕਿ ਤੂੰ ਇਥੋਂ ਚਲਾ ਜਾ ਗੈੱਟ ਆਊਟ।" ਮੈਂ ਉਸ ਨੂੰ ਧੱਕਾ ਮਾਰਿਆ। ਪਰ ਉਹ ਬੜਾ ਢੀਠ ਸੀ, ਨਾ ਗਿਆ। ਮੈਂ ਕਲੇਜਾ ਫੜੀ ਆਪਣੇ ਬਿਸਤਰ 'ਤੇ ਜਾ ਪਈ। ਉਸ ਰਾਤ ਉਸ ਨੇ ਕਈ ਵਾਰ ਮੇਰੇ ਨਾਲ ਖੇਹ ਖਾਣ ਦੀ ਕੋਸ਼ਿਸ਼ ਕੀਤੀ ਪਰ ਮੈਂ ਹਰ ਵਾਰ ਉਸ ਨੂੰ ਧੱਕਾ ਮਾਰ ਕੇ ਪਰ੍ਹਾਂ ਕਰ ਦਿੰਦੀ। ਅਖੀਰ ਜਦੋਂ ਉਹ ਜ਼ਬਰਦਸਤੀ 'ਤੇ ਉਤਰ ਆਇਆ ਤਾਂ ਮੈਂ ਪੂਰੇ ਜ਼ੋਰ ਨਾਲ ਲੱਤ ਉਸ ਦੇ ਢਿੱਡ ਵਿਚ ਮਾਰੀ ਤੇ ਉਸ ਨੂੰ ਬਿਸਤਰ 'ਚੋਂ ਬਾਹਰ ਸੁੱਟ ਦਿੱਤਾ।

"ਇਸੇ ਵਕਤ ਇਥੋਂ ਚਲਾ ਜਾ...ਵਰਨਾ ਪੁਲਿਸ ਬੁਲਾ ਲਵਾਂਗੀ, ਮੁੜ ਕੇ ਮੈਨੂੰ ਆਪਣੀ ਮਨਹੂਸ ਸੂਰਤ ਨਾ ਵਿਖਾਈਂ।" ਦਰਵਾਜ਼ਾ ਖੋਲ੍ਹ ਕੇ ਉਸ ਨੂੰ ਬਾਹਰ ਜਾਣ ਦਾ ਇਸ਼ਾਰਾ ਕੀਤਾ। ਉਹ ਚਲਾ ਗਿਆ ਤੇ ਮੁੜ ਕੇ ਮੈਨੂੰ ਦਿਖਾਈ ਨਾ ਦਿੱਤਾ। ਹਾਂ ਇੱਕ ਵਾਰੀ ਬੜਾ ਅਜੀਬ ਵਾਕਿਆ ਹੋਇਆ। ਇੱਕ ਬਾਪ ਤੇ ਬੇਟਾ ਦੋਵੇਂ ਹੀ ਮੇਰੇ ਆਸ਼ਕ ਸਨ। ਪਰ ਮੈਨੂੰ ਪਤਾ ਨਹੀਂ ਸੀ। ਇਹ ਉਸੇ ਜਹੂਦੀ ਦੀ ਗੱਲ ਏ ਜਿਸ ਦਾ ਮੈਂ ਪਹਿਲਾਂ ਜ਼ਿਕਰ ਕੀਤਾ ਸੀ। ਇੱਕ ਦਿਨ ਮਲੂਮ ਨਹੀਂ ਕਿਸ ਤਰ੍ਹਾਂ ਉਸ ਦਾ ਬੇਟਾ ਵੀ ਮੇਰੇ ਕੋਲ ਆ ਗਿਆ। ਰਾਤ ਨੂੰ ਮੇਰੇ ਨਾਲ ਸੌਣ ਲੱਗਾ ਤਾਂ ਲੌਂਡਿਆਂ ਵਾਂਗ ਬੋਲਿਆ, "ਤੂੰ ਸਭ ਤੋਂ ਪਹਿਲਾਂ ਕਿਸ ਨਾਲ ਸੁੱਤੀ ਸੀ?"

"ਤੇਰੇ ਬਾਪ ਨਾਲ।" ਮੈਂ ਗੁੱਸੇ 'ਚ ਕਿਹਾ। ਮੈਂ ਤਾਂ ਸਿਰਫ਼ ਮਜ਼ਾਕ ਹੀ ਕੀਤਾ ਸੀ ਪਰ ਦਰਅਸਲ ਸੱਚਮੁੱਚ ਹੀ ਉਸ ਦਾ ਬਾਪ ਵੀ ਮੇਰੇ ਘਰ ਆਂਦਾ ਜਾਂਦਾ ਸੀ। ਇੱਕ ਦਿਨ ਦੋਵੇਂ ਇਕੱਠੇ ਹੀ ਆ ਗਏ। ਉਸ ਦਿਨ ਗਲਤੀ ਮੇਰੀ ਹੀ ਸੀ। ਅਮੂਮਨ ਜਦੋਂ ਵੀ ਕੋਈ ਗਾਹਕ ਮੇਰੇ ਕੋਲ ਹੁੰਦਾ ਸੀ ਤਾਂ ਮੈਂ ਲਾਲ ਚੁੰਨੀ ਵਿੰਡੋ 'ਤੇ ਟੰਗ ਦਿੰਦੀ ਸੀ ਤਾਂ ਕਿ ਬਾਹਰੋਂ ਆਉਣ ਵਾਲਾ ਸਮਝ ਜਾਵੇ ਕਿ ਮੈਂ ਬਿਜ਼ੀ ਹਾਂ। ਉਸ ਦਿਨ ਭੁੱਲ ਗਈ। ਦੋਵੇਂ ਇਕੱਠੇ ਹੀ ਆ ਗਏ। ਬਾਪ ਕਹੇ ਤੇਰੀ ਤਲਾਸ਼ 'ਚ ਆਇਆ ਹਾਂ ਤੇ ਬੇਟਾ ਕਹੇ ਕਿ ਉਹ ਬਾਪ ਦਾ ਪਿੱਛਾ ਕਰ ਰਿਹਾ ਸੀ। ਦੋਵਾਂ ਵਿਚ ਖੂਬ ਜੰਗ ਹੋਈ। ਬੇਟਾ ਘਰ ਛੱਡ ਕੇ ਚਲਾ ਗਿਆ। ਪਰ ਬੁੱਢਾ ਕਮਾਲ ਕਰ ਗਿਆ। ਮਰਦਾ ਹੋਇਆ ਆਪਣਾ ਮਕਾਨ ਮੇਰੇ ਨਾਮ ਲਗਵਾ ਗਿਆ, ਪਾਗਲ। ਤੇ ਇਹ ਮਕਾਨ ਉਸੇ ਦਾ ਹੀ ਏ। ਮੈਂ ਬਾਵਰਚੀਖਾਨੇ ਦਾ ਇੱਕ ਚਮਚ ਤੱਕ ਨਹੀਂ ਖਰੀਦਿਆ। ਸਭ ਕੁਝ ਉਸੇ ਦਾ ਦਿੱਤਾ ਹੋਇਆ ਏ।"

ਸਿਰਫ ਜਹੂਦੀ ਬੁੱਢਾ ਹੀ ਨਹੀਂ, ਕਈ ਹੋਰ ਵੀ ਸ਼ਾਇਸਤਾ ਇਨਸਾਨ ਮੇਰੀ ਜ਼ਿੰਦਗੀ 'ਚ ਆਏ। ਉਨ੍ਹਾਂ ਵਿਚੋਂ ਇੱਕ ਸੀ ਪ੍ਰੋ. ਖਾਨ। ਬਹੁਤ ਨਫੀਸ ਆਦਮੀ ਸੀ ਉਹ। ਬੀਵੀ ਬਹੁਤ ਹੁਸੀਨ ਸੀ ਉਸ ਦੀ, ਬਲਾ ਹੀ ਖੂਬਸੂਰਤ ਤੇ ਆਲ੍ਹਾ ਦਰਜੇ ਦੀ ਨੌਕਰੀ ਸੀ ਉਸ ਕੋਲ, ਪਰ ਰੰਡੀਬਾਜ਼ੀ ਦਾ ਬੜਾ ਸ਼ੁਕੀਨ ਸੀ। ਪਤਾ ਨਹੀਂ ਕਿਉਂ ਮੈਂ ਕਦੇ ਵੀ ਉਸ ਤੋਂ ਇੱਕ ਪੈਸਾ ਤੱਕ ਨਹੀਂ ਲਿਆ। ਉਸ ਨੂੰ ਮੇਰੀ ਆਵਾਜ਼ ਬਹੁਤ ਪਸੰਦ ਸੀ। ਮੈਂ ਗਜ਼ਲ ਕਹਿੰਦੀ ਤਾਂ ਉਹ ਅਸ਼ ਅਸ਼ ਕਰ ਉਠਦਾ। ਮੇਰੀ ਆਵਾਜ਼ 'ਚੋਂ ਮੈਨੂੰ ਆਪਣੀ ਅੰਮੀ ਦੀ ਆਵਾਜ਼ ਸੁਣਾਈ ਦਿੰਦੀ ਤੇ ਮੇਰੀ ਗ਼ਜ਼ਲ 'ਚ ਹੋਰ ਦਰਦ ਜਾਗ ਪੈਂਦਾ। "ਬਹੁਤ ਮਕਬੂਲ ਗ਼ਜ਼ਲ ਗਾਇਕਾ ਬਣ ਸਕਦੀ ਏਂ ਤੂੰ...ਜੇ ਕੋਸ਼ਿਸ਼ ਕਰੇਂ ਤਾਂ ਬਹੁਤ ਸ਼ੋਹਰਤ ਮਿਲ ਸਕਦੀ ਏ।" ਉਹ ਕਈ ਵਾਰ ਮਸ਼ਵਰਾ ਦਿੰਦਾ। "ਸ਼ੋਹਰਤਾਂ ਤੇ ਰੁਸਵਾਈਆਂ 'ਚ ਕੋਈ ਜ਼ਿਆਦਾ ਫਰਕ ਨਹੀਂ ਏ ਖਾਨ ਸਾਹਬ, ਦੋਵੇਂ ਸਕੀਆਂ ਭੈਣਾਂ ਨੇ...ਇਕੱਠੀਆਂ ਹੀ ਆਉਂਦੀਆਂ ਨੇ...ਤੇ ਮੈਨੂੰ ਦੋਵਾਂ 'ਚ ਹੁਣ ਕੋਈ ਫਰਕ ਨਹੀਂ ਲੱਗਦਾ।" ਮੈਂ ਕਿਹਾ ਤਾਂ ਉਸ ਨੇ ਕਈ ਵਾਰੀ ਆਪਣੇ ਮੱਥੇ 'ਤੇ ਹੱਥ ਮਾਰਿਆ।

"ਕਿੰਨੀ ਜ਼ਹੀਨ ਔਰਤ ਏਂ ਤੂੰ। ਫਖਰ ਹੈ ਮੈਨੂੰ ਆਪਣੇ ਆਪ 'ਤੇ ਜੋ ਮੈਂ ਤੇਰੇ ਨਾਲ ਇਸ਼ਕ ਕੀਤਾ। ਸੈਕਸ ਤਾਂ ਕਿਸੇ ਨਾਲ ਵੀ ਕੀਤਾ ਜਾ ਸਕਦਾ ਏ ਪਰ ਇਸ਼ਕ...। ਖਾਸ ਕਰਕੇ ਮੇਰੇ ਵਰਗੇ ਬੰਦੇ ਲਈ ਇਸ਼ਕ ਵਾਸਤੇ ਸਿਰਫ ਜਿਸਮ ਦੀ ਨਹੀਂ ਜ਼ਿਹਨ ਦੀ ਵੀ ਲੋੜ ਹੈ।" ਉਹ ਵਾਰ ਵਾਰ ਮੇਰੇ ਤੋਂ ਕੁਰਬਾਨ ਹੋ ਰਿਹਾ ਸੀ। "ਪਰ ਪਿਛਲੇ ਹਫਤੇ ਤਾਂ ਤੁਸੀਂ ਫਰਮਾ ਰਹੇ ਸੀ ਕਿ ਸੈਕਸ ਕਰਨ ਤੋਂ ਬਾਅਦ ਔਰਤ ਮਰਦ ਨੂੰ ਇਸ ਤਰ੍ਹਾਂ ਲੱਗਦੀ ਏ ਜਿਵੇਂ ਆਖਰੀ ਕਸ਼ ਖਿੱਚ ਕੇ ਸੁੱਟੀ ਹੋਈ ਸਿਗਰਟ...ਮਤਲਬ ਬੇਕਾਰ।" ਜਦੋਂ ਮੈਂ ਕਿਹਾ ਤਾਂ ਉਸ ਨੇ ਦੋਵੇਂ ਹੱਥ ਮੇਰੇ ਅੱਗੇ ਜੋੜ ਦਿੱਤੇ ਕਿ ਗੁਸਤਾਖ਼ੀ ਮੁਆਫ। ਇਸੇ ਤਰ੍ਹਾਂ ਕਈ ਦਫਾ ਕਈ ਆਏ ਜਿਨ੍ਹਾਂ ਕੋਲ ਨੋਟਾਂ ਦੀ ਗਰਮੀ ਤਾਂ ਸੀ ਪਰ ਜਜ਼ਬਾਤ ਦਾ ਨਿੱਘ ਨਹੀਂ ਸੀ। ਮੇਰੀ ਅੰਮੀ ਆਖਦੀ ਹੁੰਦੀ ਸੀ ਔਰਤ ਤੇ ਪਾਣੀ ਵਿਚ ਕੋਈ ਫਰਕ ਨਹੀਂ ਹੁੰਦਾ, ਜਿਸ 'ਚ ਘੁਲ ਗਈ, ਉਹੋ ਜਿਹੀ ਹੋ ਗਈ। ਜਾਂ ਹਰ ਰੰਗ 'ਚ ਰੰਗ ਲੈਂਦੀ ਹੈ ਆਪਣੇ ਆਪ ਨੂੰ ਔਰਤ।' ਪਰ ਮੇਰੇ ਤੇ ਕੋਈ ਰੰਗ ਨਾ ਚੜ੍ਹਿਆ ਤੇ ਨਾ ਹੀ ਕਿਸੇ ਪਾਣੀ 'ਚ ਮੈਂ ਘੁਲ ਸਕੀ ਕਦੇ। ਹਾਂ, ਬਲਕਿ ਹਰ ਵਾਰ ਮੇਰੀ ਤਸ਼ਨਗੀ ਵੱਧਦੀ ਗਈ। ਸ਼ਾਇਦ ਮੈਨੂੰ ਪਾਣੀ ਦੀ ਨਹੀਂ ਜ਼ਹਿਰ ਦੀ ਤਲਾਸ਼ ਏ। ਕੋਈ ਅਜਿਹਾ ਡੰਗ ਮਾਰੇ ਮੁੜ ਕੇ ਜ਼ਹਿਰ ਨਾ ਮੰਗਾਂ। ਪਰ ਇਥੇ ਸੱਪਾਂ 'ਚ ਜ਼ਹਿਰ ਕਿੱਥੇ। ਮੈਂ ਕਈ ਨਾਗ ਪੂਛਾਂ ਤੋਂ ਫੜ ਫੜ ਕੇ ਘੁੰਮਾਏ ਸਭ ਪਾਣੀ ਦੇ ਸੱਪ ਨਿਕਲੇ। ਕਿਸੇ 'ਚ ਇੰਨਾ ਜ਼ਹਿਰ ਨਹੀਂ ਸੀ ਜੋ ਮੈਨੂੰ ਡੰਗ ਮਾਰਦਾ। ਹਰ ਜੁਸਤਜੂ ਵਿਚ ਮੈਂ ਨਾਕਾਮਯਾਬ ਹੋਈ ਤੇ ਵਕਤ ਦੀ ਗਰਦੋ ਗੁਬਾਰ ਵਿਚ ਮੇਰੀਆਂ ਹਸਰਤਾਂ ਦੇ ਸਿਤਾਰੇ ਡੁੱਬਦੇ ਰਹੇ। ਕਹਾਵਤ ਏ ਕਿ 'ਔਰਤ ਤੇ ਜ਼ਮੀਨ ਬੇਖਸਮੀਆਂ ਬੇਸ਼ਕ ਹੋਣ ਪਰ ਬੇਯਾਰ ਕਦੇ ਨਹੀਂ ਹੁੰਦੀਆਂ।' ਕਈ ਵਾਰ ਹੱਸ ਪੈਨੀ ਹਾਂ ਮੈਂ ਇਹ ਜੁਮਲਾ ਸੋਚ ਕੇ। ਖਸਮ ਕੋਈ ਨਹੀਂ ਮਿਲਿਆ ਚਾਮਕੇ ਬੜੇ ਮਿਲੇ। ਸਭ ਦੀ ਇਹੋ ਆਰਜ਼ੂ ਕਿ ਮੈਨੂੰ ਨੰਗੀ ਨੂੰ ਦੇਖਣਾ ਹੈ-ਬੇਨਕਾਬ। ਮਰਦ ਦੀ ਸ਼ੁਰੂ ਤੋਂ ਹਸਰਤ ਹੀ ਇਹ ਹੈ ਕਿ ਕਿਵੇਂ ਨਾ ਕਿਵੇਂ ਔਰਤ ਨੂੰ ਨੰਗੀ ਕੀਤਾ ਜਾਵੇ। ਜਦੋਂ ਫਰਗੀ ਦੀਆਂ ਨੰਗੀ ਦੀਆਂ ਤਸਵੀਰਾਂ ਅਖ਼ਬਾਰਾਂ 'ਚ ਲੱਗੀਆਂ ਤਾਂ ਮੈਂ ਬਹੁਤ ਹੱਸੀ। ਕੁਝ ਦਿਨ ਪਹਿਲਾਂ ਹੀ ਮੈਂ ਟੀ.ਵੀ. ਤੇ ਉਹ ਤੁਹਾਡਾ 'ਮਹਾਂਭਾਰਤ' ਦੇਖਿਆ ਸੀ ਜਿਸ ਵਿਚ ਦਰੋਪਤੀ ਨੂੰ ਪੰਜ ਸੱਤ ਮੁਸ਼ਟੰਡੇ ਫੜ ਕੇ ਨੰਗੀ ਕਰਨ ਦੀ ਕੋਸ਼ਿਸ਼ ਕਰਦੇ ਨੇ। ਫਰਗੀ ਤੇ ਦਰੋਪਤੀ ਮੈਨੂੰ ਇੱਕੋ ਜਿਹੀਆਂ ਲੱਗੀਆਂ। ਵਿਚਾਰੀਆਂ...। ਮਰਦ ਅੱਜ ਵੀ ਉਥੇ ਹੀ ਏ ਜਿਥੇ ਹਜ਼ਾਰਾਂ ਸਾਲ ਪਹਿਲਾਂ ਸੀ ਜੰਗਲੀ। ਸਿਰਫ ਔਰਤ ਨੂੰ ਨੰਗਾ ਕਰਨ ਦੀ ਖਾਹਿਸ਼। ਫੇਰ ਮੈਂ ਕਿਸ ਗਿਣਤੀ 'ਚ ਆਉਂਦੀ ਸੀ। ਨਾਲੇ ਜਿਸਮਾਨੀ ਨੰਗੇਜ ਹੋਰ ਗੱਲ ਏ ਤੇ ਰੂਹਾਨੀ ਹੋਰ। ਜਿਸਮ ਮੇਰਾ ਛਲਣੀ ਹੋ ਗਿਆ ਏ, ਨੰਗੀਆਂ ਨਿਗਾਹਾਂ ਤੋਂ। ਇਹ ਬਦਨਸੀਬ ਮਿੱਟੀ ਪਤਾ ਨਹੀਂ ਕਿੰਨੀ ਵਾਰੀ ਨੰਗੀ ਹੋਈ ਏ। ਸੱਚ ਪੁੱਛੋਂ ਤਾਂ ਨੰਗੀ ਜ਼ਿਆਦਾ ਹੋਈ ਏ ਕੱਪੜੇ ਤਾਂ ਘੱਟ ਹੀ ਨਸੀਬ ਹੋਏ ਨੇ ਗਰੀਬ ਨੂੰ। ਲੋਕਾਂ ਦਾ ਆਮ ਖਿਆਲ ਏ ਕਿ ਮੈਂ ਮਰਦਾਂ ਤੋਂ ਪੈਸਾ ਲੁੱਟਣੀ ਹਾਂ, ਜੇਬਾਂ ਖਾਲੀ ਕਰਦੀ ਹਾਂ ਉਨ੍ਹਾਂ ਦੀਆਂ। ਵੈਸੇ ਤਾਂ ਹਰ ਔਰਤ ਦਾ ਮਕਸਦ ਹੀ ਮਰਦ ਦੀ ਜੇਬ ਖਾਲੀ ਕਰਨਾ ਹੁੰਦਾ ਹੈ। ਚਾਹੇ ਉਹ ਬੀਵੀ ਹੈ ਜਾਂ ਰਖੇਲ ਪਰ ਮੈਂ ਇਸ ਕੰਮ 'ਚ ਕੁਝ ਜ਼ਿਆਦਾ ਹੀ ਬਦਨਾਮ ਹਾਂ। ਮੇਰੇ ਜਿਸਮ ਦੇ ਬਾਵਸਤਾ ਕਈ ਅਫਸਾਨੇ ਜ਼ਮਾਨੇ ਭਰ 'ਚ ਮਸ਼ਹੂਰ ਹੋਏ ਕਿ ਮੈਂ ਬਹੁਤ ਹੁਸੀਨ ਹਾਂ, ਬਹੁਤ ਗੁਦਾਜ਼ ਬਦਨ ਏ ਮੇਰਾ, ਬਹੁਤ ਰੇਸ਼ਮੀ ਹਾਂ, ਮੇਰੀਆਂ ਜ਼ੁਲਫਾਂ ਕਾਲੀਆਂ ਘਟਾਵਾਂ ਨੇ ਤੇ ਕਮਰ ਤੇਜ਼ ਤਲਵਾਰ ਏ, ਮੇਰੀਆਂ ਅੱਖਾਂ 'ਚ ਹਜ਼ਾਰਾਂ ਝੀਲਾਂ ਦੀ ਗਹਿਰਾਈ ਏ...ਵਗੈਰਾ ਵਗੈਰਾ। ਪਰ ਕਦੇ ਕਿਸੇ ਨੇ ਇਹ ਨਹੀਂ ਦੇਖਿਆ ਕਿ ਮੇਰੇ ਅੰਦਰ ਇੱਕ ਸਮੁੰਦਰ ਵੀ ਹੈ, ਅਹਿਸਾਸ ਦਾ ਸਮੁੰਦਰ, ਤੇ ਉਸ ਸਮੁੰਦਰ ਦੀ ਅੱਗ ਤੱਕ ਕੋਈ ਨਹੀਂ ਪਹੁੰਚਿਆ, ਕਿਸੇ ਨੂੰ ਸੇਕ ਤੱਕ ਵੀ ਨਹੀਂ ਆਇਆ ਉਸ ਅੱਗ ਦਾ, ਬੁਝਣੀ ਤਾਂ ਕਿਸ ਤੋਂ ਸੀ। ਗਰਮ ਗੋਸ਼ਤ ਨੂੰ ਨੋਚਣ ਵਾਲੇ ਬਹੁਤ ਮਿਲੇ ਪਰ ਹਰ 'ਤੇ ਕੋਈ ਝਰੀਟ ਨਾ ਪਾ ਸਕਿਆ, ਬਹੁਤ ਲੰਮੀ ਦਾਸਤਾਨ ਏ ਮੇਰੇ ਜ਼ਖ਼ਮਾਂ ਦੀ। ਰਾਤ ਮੁਕ ਜਾਵੇਗੀ, ਕਹਾਣੀ ਨਹੀਂ ਖਤਮ ਹੋਣੀ।" ਆਖ ਕੇ ਉਸ ਨੇ ਉਬਾਸੀ ਲਈ।

"ਹੁਣ ਤੂੰ ਕੀ ਨਾਮ ਰੱਖੇਂਗੀ ਮੇਰੇ ਅਫਸਾਨੇ ਦਾ.?" ਕਹਿ ਕੇ ਉਹ ਇਕਦਮ ਚੁੱਪ ਹੋ ਗਈ।

ਮੈਂ ਜਿਵੇਂ ਨੀਂਦ 'ਚੋਂ ਜਾਗੀ। ਦੇਖਿਆ ਵਾਈਨ ਦੀ ਪੂਰੀ ਬੋਤਲ ਖਾਲੀ ਸੀ। ਸਿਗਰਟਾਂ ਦੀ ਡੱਬੀ ਮਰੋੜ ਕੇ ਮੇਜ਼ ਥੱਲੇ ਸੁੱਟੀ ਪਈ ਸੀ। "ਹਿੰਦੂ ਧਰਮ ਵਿਚ ਗੀਤਾ ਦਾ ਸੰਦੇਸ਼ ਹੈ ਕਿ ਰੂਹ ਅਮਰ ਹੈ। ਸਰੀਰ ਤਾਂ ਚੋਲਾ ਹੈ, ਕੱਪੜਿਆਂ ਵਾਂਗ ਇਨਸਾਨ ਇਸ ਨੂੰ ਬਦਲਦਾ ਹੈ। ਤੂੰ ਤਾਂ ਖੁਦ ਹੀ ਦੱਸਿਆ ਹੈ ਕਿ ਤੇਰੀ ਰੂਹ ਨੂੰ ਕਿਸੇ ਨੇ ਨਹੀਂ ਛੂਹਿਆ। ਸਿਰਫ ਬਦਨ ਹੀ ਛਲਣੀ ਏ। ਬਦਨ ਤਾਂ ਰੋਜ਼ ਹੀ ਛਲਣੀ ਹੁੰਦੇ ਨੇ ਤਈਅਬਾ...ਰੂਹ ਤੇ ਝਰੀਟ ਕਿਸਮਤ ਨਾਲ ਹੀ ਪੈਂਦੀ ਹੈ।" ਮੈਂ ਡੂੰਘਾ ਹੌਕਾ ਲਿਆ। ਮੈਂ ਦੇਖਿਆ ਮੇਰਾ ਜੁਆਬ ਸੁਣ ਕੇ ਉਸ ਦੀਆਂ ਸਾਂਵਲੀਆਂ ਗੱਲ੍ਹਾਂ 'ਤੇ ਦੋ ਮੋਤੀ ਆ ਗਿਰੇ ਜੋ ਸ਼ਾਇਦ ਉਸ ਨੇ ਆਪਣੀ ਕਹਾਣੀ ਵੇਲੇ ਪੂਰਾ ਸਮਾਂ ਅੱਖਾਂ ਦੇ ਕਿਸੇ ਕੋਨੇ 'ਡੱਕੀ ਰੱਖੇ ਸਨ।

# ਸ਼ੱਕਰ ਦਾ ਸਫਰ



ਸ਼ਬਦ ਝਰੋਖਾ

ਬਲਜੀਤ ਬਾਸੀ
ਫੋਨ: 734-259-9353

ਫਰੀਦ ਦਾ ਇਕ ਸਲੋਕ ਹੈ, "ਫਰੀਦਾ ਸਕਰ ਖੰਡੁ ਨਿਵਾਤ ਗੁੜ ਮਾਖਿਉ ਮਾਂਝਾ ਦੁਧੁ, ਸਭੇ ਵਸਤੂ ਮਿਠੀਆਂ ਰਬੁ ਨ ਪੁਜਨੁ ਤੁਧੁ।" ਕਿਆ ਬਾਤ ਹੈ, ਫਰੀਦ ਸ਼ਕਰ ਖਾਣ ਨੂੰ ਰੱਬ ਤੱਕ ਪੁੱਜਣ ਦੇ ਮਾਰਗ ਵਿਚ ਰੁਕਾਵਟ ਸਮਝਦੇ ਹਨ ਪਰ ਖੁਦ ਸ਼ੱਕਰ ਦੇ ਏਨੇ ਸ਼ੌਕੀਨ ਸਨ ਕਿ ਲੋਕ ਉਨ੍ਹਾਂ ਨੂੰ ਸ਼ਕਰਗੰਜ (ਜਾਂ ਗੰਜੇਸ਼ਕਰ, ਸ਼ੱਕਰ ਦਾ ਖ਼ਜ਼ਾਨਾ) ਕਹਿਣ ਲੱਗੇ। ਇਕ ਹੋਰ ਜਗ੍ਹਾ ਕਹਿੰਦੇ ਹਨ, "ਦੇਖ ਫਰੀਦਾ ਜਿ ਥੀਆ ਸਕਰ ਹੋਈ ਵਿਸੁ।" ਖੈਰ ਅਸੀਂ ਇਹ ਸਮਝਾਂਗੇ ਕਿ ਫਰੀਦ ਦੀ ਬਾਣੀ ਲੋਕਾਂ ਨੂੰ ਏਨੀ ਮਧੁਰ ਲੱਗੀ ਕਿ ਉਨ੍ਹਾਂ ਨੂੰ ਇਹ ਲਕਬ ਬਖਸ਼ ਦਿੱਤਾ ਗਿਆ। ਸੰਭਵ ਹੈ ਉਨ੍ਹਾਂ ਦੀ ਆਵਾਜ਼ ਵੀ ਬਹੁਤ ਮਿੱਠੀ ਹੋਵੇ। ਪੰਜਾਬੀ ਵਿਚ ਲਿਖਤੀ ਤੌਰ ਤੇ ਸਕਰ ਸ਼ਬਦ ਦਾ ਪ੍ਰਾਚੀਨਤਮ ਵਾਕਿਆ ਮੇਰੀ ਜਾਚੇ ਇਹੋ ਹੈ। ਗੁਰੂ ਨਾਨਕ ਦੇਵ ਨੇ ਸਕਰ ਸ਼ਬਦ ਵਰਤਿਆ ਹੈ, "ਸਕਰ ਖੰਡੁ ਮਾਇਆ ਤਨਿ ਮੀਠੀ ਹਮ ਤਉ ਪੰਡ ਉਚਾਈ ਰੇ।" ਬੋਲਚਾਲ ਦੀ ਪੰਜਾਬੀ ਵਿਚ ਆਮ ਤੌਰ ਤੇ ਸ਼ੱਕਰ ਸ਼ਬਦ ਦਾ ਰੂਪ ਸੱਕਰ ਹੀ ਹੈ। ਪੰਜਾਬੀ ਸਭਿਆਚਾਰ ਵਿਚ ਸ਼ੱਕਰ ਦਾ ਬਹੁਤ ਮਹੱਤਵ ਹੈ। ਸ਼ੁਭ ਕਾਰਜਾਂ ਸਮੇਂ ਸ਼ੱਕਰ ਵੰਡੀ ਜਾਂਦੀ ਹੈ। ਦੂਲੇ ਭੱਟੀ ਵੱਲ ਸੰਕੇਤ ਕਰਦੇ ਲੋਹੜੀ ਦੇ ਇਕ ਗੀਤ ਦੇ ਬੋਲ ਹਨ, "ਦੂੱਲੇ ਨੇ ਧੀ ਵਿਆਹੀ, ਹੋ, ਸੇਰ ਸੱਕਰ ਪਾਈ, ਹੋ..." ਨਾਲੇ ਸ਼ੱਕਰ ਖੋਰੇ ਨੂੰ ਰੱਬ ਸ਼ੱਕਰ ਦਿੰਦਾ ਹੈ। ਪੰਜਾਬੀ ਸ਼ੱਕਰ-ਘਿਉ ਤੇ ਲਾਲਾਂ ਸੁੱਟਦੇ ਹਨ। ਸ਼ੁਭ ਗੱਲ ਕਰਨ ਵਾਲੇ ਦੇ ਮੂੰਹ ਵਿਚ ਘਿਉ ਸ਼ੱਕਰ ਪਾਉਣ ਦੀ ਗੱਲ ਕੀਤੀ ਜਾਂਦੀ ਹੈ। 'ਘਿਉ ਸ਼ੱਕਰ ਹੋਣਾ' ਮੁਹਾਵਰੇ ਦਾ ਅਰਥ ਹੈ ਇਕ-ਮਿੱਕ ਹੋਣਾ। ਵਾਰਿਸ ਦੀ ਹੀਰ ਵਿਚ ਇਸ ਮੁਹਾਵਰੇ ਦੀ ਵਰਤੋਂ ਕੀਤੀ ਮਿਲਦੀ ਹੈ। ਲੋਕਾਂ ਭਾਣੇ ਹੀਰ ਦੀਆਂ ਭਰਜਾਈਆਂ ਅੰਦਰੋਂ ਰਾਂਝੇ ਨਾਲ ਘਿਉ-ਸ਼ੱਕਰ ਹਨ:

ਕਰੇਂ ਆਕੜਾਂ ਖਾ ਕੇ ਦੁੱਧ ਚਾਵਲ,
ਇਹ ਰੱਜ ਕੇ ਖਾਣ ਦੀਆਂ ਮਸਤੀਆਂ ਨੇ।
ਆਖਣ ਦੇਵਰੇ ਨਾਲ ਨਿਹਾਲ ਹੋਈਆਂ,
ਸਾਨੂੰ ਸਭ ਸ਼ਰੀਕਣੀਆਂ ਹੱਸਦੀਆਂ ਨੇ।
ਇਹੋ ਰਾਂਝਣੇ ਨਾਲ ਹਨ ਘਿਉ ਸ਼ੱਕਰ,
ਪਰ ਜਿਉ ਦਾ ਭੇਤ ਨਾ ਦੱਸਦੀਆਂ ਨੇ
ਰੰਨਾਂ ਡਿਗਦੀਆਂ ਵੇਖ ਕੇ ਛੈਲ ਮੁੰਡਾ,
ਜਿਵੇਂ ਸ਼ਹਿਦ 'ਚ ਮੱਖੀਆਂ ਫਸਦੀਆਂ ਨੇ।
ਇੱਕ ਤੂੰ ਕਲੰਕ ਹੈਂ ਅਸਾਂ ਲੱਗਾ,
ਹੋਰ ਸਭ ਸੁਖਾਲੀਆਂ ਵਸਦੀਆਂ ਨੇ।
ਘਰੋਂ ਨਿਕਲਸੈਂ ਤੇ ਪਿਆ ਮਰੇਂ ਭੁਖਾ,
ਵਾਰਸ ਭੁਲ ਜਾਵਨ ਖ਼ਰਮਸਤੀਆਂ ਨੇ।

ਜੇ ਇਕ ਮਿੱਕ ਹੋਣ ਦੀ ਮਿਸਾਲ ਹੀਰ ਵਿਚ ਹੈ ਤਾਂ ਇਸ ਤੋਂ ਉਲਟ ਵੀ ਹੈ। ਆਜੜੀ ਰਾਂਝੇ ਨੂੰ ਸਿੱਖਿਆ ਦਿੰਦਾ ਹੈ: "ਵਾਰਸ ਸ਼ਾਹ ਇਹ ਉਮਰ



ਨਿੱਤ ਕਰੇਂ ਜ਼ਾਇਆ, ਸ਼ੱਕਰ ਵਿਚ ਪਿਆਜ਼ ਕਿਉਂ ਘੋਲਿਆ ਈ?"

ਗੰਨੇ ਦੇ ਰਸ ਤੋਂ ਸ਼ੱਕਰ ਭਾਰਤ ਵਿਚ ਕਦੀਮਾਂ ਤੋਂ ਬਣਾਈ ਜਾਂਦੀ ਹੈ। ਕੁਝ ਖੋਜਾਂ ਅਨੁਸਾਰ ਗੰਨਾ ਅੱਜ ਤੋਂ ਕੋਈ ਪੰਜ ਹਜ਼ਾਰ ਸਾਲ ਪਹਿਲਾਂ ਪ੍ਰਸ਼ਾਂਤ ਮਹਾਸਾਗਰ ਦੇ ਦੀਪਾਂ ਵਿਚ ਪਾਇਆ ਜਾਂਦਾ ਸੀ ਤੇ ਇਥੋਂ ਹੀ ਗੰਨੇ ਦੇ ਰਸ ਤੋਂ ਮਿੱਠਾ ਬਣਾਇਆ ਜਾਣ ਲੱਗਾ। ਖਿਆਲ ਹੈ ਕਿ ਗੰਨਾ ਇਥੋਂ ਹੀ ਭਾਰਤ ਦੇ ਤਟਵਰਤੀ ਖੇਤਰਾਂ ਵਿਚ ਪੁੱਜਾ। ਈਸਾ ਤੋਂ ਪੰਜ ਸਦੀਆਂ ਪਹਿਲਾਂ ਫਾਰਸ ਦੇ ਸਮਰਾਟ ਦੇਰੀਅਸ ਨੇ ਭਾਰਤੀ ਉਪਮਹਾਂਦੀਪ ਤੇ ਫਤਿਹ ਹਾਸਿਲ ਕੀਤੀ ਤਾਂ ਉਸ ਨੇ ਦੇਖਿਆ ਕਿ ਇਥੋਂ ਦੇ ਲੋਕ ਗੰਨੇ ਦੇ ਰਸ ਤੋਂ ਬਣੇ ਮਿੱਠੇ ਨਾਲ ਆਪਣੇ ਭੋਜਨ ਵਿਚ ਮਿਠਾਸ ਭਰਦੇ ਹਨ। ਉਹ ਹੈਰਾਨ ਸੀ ਕਿ ਇਹ ਕੈਸਾ ਕਾਹਨਾ ਹੈ ਜੋ ਮਖੀਲ ਦੀਆਂ ਮੱਖੀਆਂ ਤੋਂ ਬਿਨਾਂ ਹੀ ਸ਼ਹਿਦ ਉਪਜਾ ਦਿੰਦਾ ਹੈ। ਸੌ ਕੁ ਸਾਲ ਪਿਛੋਂ ਸਿਕੰਦਰ ਭਾਰਤ ਤੋਂ ਇਹ ਚਮਤਕਾਰੀ ਕਾਹਨਾ ਆਪਣੇ ਦੇਸ਼ ਲੈ ਗਿਆ। ਅਰਬਾਂ ਨੇ ਫਾਰਸ ਜਿੱਤਿਆ ਤਾਂ ਉਹ ਗੰਨਾ ਆਪਣੇ ਇਲਾਕਿਆਂ ਵਿਚ ਲੈ ਗਏ। ਇਸ ਪਿਛੋਂ ਤਾਂ ਅਰਬਾਂ ਨੇ ਆਪਣੇ ਵਪਾਰਕ ਸਬੰਧਾਂ ਰਾਹੀਂ ਗੰਨਾ ਮਿਸਰ, ਸਾਈਪਰਸ, ਉੱਤਰੀ ਅਫਰੀਕਾ, ਸਪੇਨ, ਪੁਰਤਗਾਲ ਅਤੇ ਸੀਰੀਆ ਵਿਚ ਪਹੁੰਚਾਇਆ। ਸਾਮਰਾਜ ਦੇ ਪਸਾਰ ਨਾਲ ਇਕ ਦੇਸ਼ ਦੇ ਵਿਸ਼ੇਸ਼ ਉਤਪਾਦ ਦੂਰ ਦੂਰ ਤੱਕ ਫੈਲ ਜਾਂਦੇ ਹਨ। ਪੰਦਰਵੀਂ ਸਦੀ ਦੇ ਅੰਤ ਵਿਚ ਕੋਲੰਬਸ ਨੇ ਗੰਨਾ ਕੈਰਿਬੀਅਨ ਪ੍ਰਦੇਸ਼ਾਂ ਵਿਚ ਪਹੁੰਚਾਇਆ ਤਾਂ ਦੇਖਿਆ ਗਿਆ ਕਿ ਗੰਨੇ ਲਈ ਇਥੋਂ ਦਾ ਪੌਣ ਪਾਣੀ ਅਤੇ ਧਰਤੀ ਹੋਰ ਵੀ ਵਧੇਰੇ ਸਾਜ਼ਗਾਰ ਹੈ। ਯੂਰਪੀ ਸਾਮਰਾਜੀ ਦੇਸ਼ਾਂ ਨੇ ਇਸ ਨੂੰ ਮੁਨਾਫੇ ਵਾਲੀ ਫਸਲ ਦੇਖਦਿਆਂ ਹੋਰ ਲਾਤੀਨੀ ਦੇਸ਼ਾ ਵਿਚ ਪਹੁੰਚਾਇਆ ਤੇ ਇਸ ਦੀ ਕਾਸ਼ਤ ਲਈ ਅਫਰੀਕਾ ਤੋਂ ਗੁਲਾਮ ਲਿਆਂਦੇ।

ਬਰਤਾਨੀਆ ਸਮੇਤ ਸਾਰੇ ਯੂਰਪ ਵਿਚ ਬਹੁਤ ਦੇਰ ਤੱਕ ਲੋਕ ਸ਼ਹਿਦ ਨੂੰ ਹੀ ਮਿੱਠੇ ਵਜੋਂ ਵਰਤਦੇ ਸਨ। ਬਾਰ੍ਹਵੀਂ ਸਦੀ ਵਿਚ ਯੂਰਪੀਅਨ ਕਰੂਸੇਡਰਾਂ ਨੇ ਮੁਸਲਮਾਨ ਸੀਰੀਆ ਤੋਂ ਸ਼ੱਕਰ ਲਿਆਂਦੀ। ਪਰ ਬਰਤਾਨੀਆ ਦੀ ਧਰਤੀ ਗੰਨਾ ਉਪਜਾਉਣ ਦੇ ਅਨੁਕੂਲ ਨਹੀਂ ਸੀ। ਕਹਿੰਦੇ ਹਨ ਹੈਨਰੀ ਦੂਜਾ 1264 ਵਿਚ ਸ਼ੱਕਰ ਵਰਤਿਆ ਕਰਦਾ ਸੀ ਪਰ 14ਵੀਂ ਸਦੀ ਦੇ ਸ਼ੁਰੂ ਵਿਚ ਹੀ ਸ਼ੱਕਰ ਦੀ ਵਰਤੋਂ ਆਮ ਹੋਣ ਲੱਗੀ। ਮੁਦਰਾ ਦੀ ਅੱਜ ਦੀ ਕਦਰ ਅਨੁਸਾਰ ਉਦੋਂ ਸ਼ੱਕਰ 50 ਪੌਂਡ ਦੀ ਇਕ ਪੌਂਡ ਵਿਕਦੀ ਸੀ। ਇਸ ਨੂੰ ਚਿੱਟਾ ਸੋਨਾ ਕਿਹਾ ਜਾਣ ਲੱਗਾ। ਇਸ ਨੂੰ ਵਿਸ਼ੇਸ਼ ਡੱਬਿਆਂ ਵਿਚ ਤਾਲਾ ਲਾ ਕੇ ਰੱਖਿਆ ਜਾਂਦਾ ਸੀ। ਬਾਅਦ ਵਿਚ ਵਿਗਿਆਨੀਆਂ ਨੇ ਚੁਕੰਦਰ ਤੋਂ ਸ਼ੱਕਰ ਬਣਾ ਦਿੱਤੀ ਤਾਂ ਫਿਰ ਜਾ ਕੇ ਗੰਨੇ ਵਾਲੀ ਸ਼ੱਕਰ ਦੀ ਇਜਾਰੇਦਾਰੀ ਟੁੱਟੀ, ਕਿਉਂਕਿ ਚੁਕੰਦਰ ਦੀ ਪੈਦਾਵਾਰ ਯੂਰਪ ਵਿਚ ਚੋਖੀ ਹੈ।

ਸ਼ੱਕਰ ਸ਼ਬਦ ਦੀ ਵੀ ਲੱਗਭਗ ਸਮਾਨਅੰਤਰ ਕਹਾਣੀ ਹੈ। ਇਹ ਸ਼ਬਦ ਭਾਰਤ ਤੋਂ ਤੁਰਿਆ ਤੇ ਚਹੁੰ ਕੂੰਟਾਂ ਵਿਚ ਫੈਲ ਗਿਆ।। ਪੰਜਾਬੀ ਵਿਚ ਸੱਕਰ/ਸ਼ੱਕਰ ਸ਼ਬਦ ਗੰਨੇ ਦੀ ਪਤ ਨੂੰ ਮਲ-ਮਲ ਕੇ ਆਟੇ ਜਿਹੇ ਬਣਾਏ ਉਤਪਾਦ ਲਈ ਰੂੜ੍ਹ ਹੋ ਚੁੱਕਾ ਹੈ। ਹਾਲਾਂ ਕਿ ਹਿੰਦੀ ਆਦਿ ਵਿਚ ਸ਼ੱਕਰ ਦਾ ਅਰਥ ਖੰਡ ਜਾਂ ਮਿੱਠਾ ਵੀ ਹੈ। ਖ਼ੂਨ ਵਿਚ ਮਿੱਠੇ ਦੇ ਵਾਧੇ ਲਈ ਹਿੰਦੀ ਵਿਚ ਸ਼ੱਕਰ ਰੋਗ ਸ਼ਬਦ ਹੈ ਜਦ ਕਿ ਪੰਜਾਬੀ ਵਿਚ ਅਸੀਂ ਅੰਗਰੇਜ਼ੀ ਸ਼ਬਦ ਸ਼ੂਗਰ ਤੋਂ ਕੰਮ ਸਾਰ ਲੈਂਦੇ ਹਾਂ, "ਫਲਾਨੇ ਨੂੰ ਸ਼ੂਗਰ ਹੋਈ ਹੋਈ ਹੈ"। ਦਿਲਚਸਪ ਗੱਲ ਹੈ ਕਿ ਅੰਗਰੇਜ਼ੀ ਵਿਚ ਸ਼ੂਗਰ ਅਜਿਹੇ ਅਰਥਾਂ ਵਿਚ ਨਹੀਂ ਵਰਤਿਆ ਜਾਂਦਾ। ਸ਼ੱਕਰ ਸ਼ਬਦ ਸੰਸਕ੍ਰਿਤ *ਸ਼ਰਕਰਾ ਤੋਂ ਵਿਉਤਪਤ ਹੋਇਆ ਹੈ। ਮੁਢਲੇ ਤੌਰ ਤੇ ਸ਼ਰਕਰਾ ਦਾ ਅਰਥ ਬਜਰੀ, ਰੋੜੀ, ਰੇਤ ਕਣ ਆਦਿ ਹੈ। ਸੰਸਕ੍ਰਿਤ ਵਿਚ ਜਲ-ਸ਼ਰਕਰਾ ਦਾ ਮਤਲਬ ਬਰਫ ਦੇ ਗੜ੍ਹੇ ਹੁੰਦਾ ਹੈ। ਖੰਡ ਅਸਲ ਵਿਚ ਰਵੇਦਾਰ ਵਸਤੂ ਹੋਣ ਕਰਕੇ ਇਸ ਨੂੰ ਸ਼ਰਕਰਾ ਸ਼ਬਦ ਮਿਲਿਆ। ਭਾਰਤ ਤੋਂ ਤੁਰ ਕੇ ਸ਼ੱਕਰ ਸ਼ਬਦ ਸ਼ਕਰ ਵਸਤੂ ਦੇ ਨਾਲ ਨਾਲ ਹੀ ਲੱਗਭਗ ਸਾਰੀ ਦੁਨੀਆਂ ਦੀਆਂ ਭਾਸ਼ਾਵਾਂ ਵਿਚ ਵੜ ਗਿਆ। ਇਹ ਗੱਲ ਵਖਰੀ ਹੈ ਕਿ ਇਸ ਨੇ ਹਰ ਭਾਸ਼ਾ ਦੀਆਂ ਵਿਸ਼ੇਸ਼ ਧੁਨੀਆਂ ਅਨੁਸਾਰ ਅਤੇ ਹੋਰ ਭਾਸ਼ਾਈ ਕਾਰਨਾਂ ਕਰਕੇ ਕੁਝ ਵਖਰੇ ਰੂਪ ਧਾਰਨ ਕਰ ਲਏ। ਪਹਿਲਾਂ ਤਾਂ ਭਾਰਤ ਦੀਆਂ ਵੱਖ ਵੱਖ ਬੋਲੀਆਂ ਵਿਚ ਹੀ ਇਸ ਦੇ ਰੂਪ ਆਪਣੇ ਆਪਣੇ ਹਨ। ਮਿਸਾਲ ਵਜੋਂ ਕੰਨੜ ਵਿਚ ਸੱਕਰੇ, ਮਰਾਠੀ ਵਿਚ ਸਾਖਰ, ਸਿੰਧੀ ਵਿਚ ਹਕੂਰੇ। ਦਿਲਚਸਪ ਗੱਲ ਹੈ ਕਿ ਮਲਿਆਲਮ ਵਿਚ ਇਸ ਲਈ ਵਰਤਿਆ ਜਾਂਦਾ ਚੱਕਰਾ ਸ਼ਬਦ ਪੁਰਤਗੀਜ਼ ਵਿਚ ਜੈਗਰੀ ਸ਼ਬਦ ਵਜੋਂ ਅਪਣਾਇਆ ਗਿਆ ਜੋ ਅੰਗਰੇਜ਼ੀ ਵਿਚ ਵੀ ਇਸੇ ਰੂਪ ਵਿਚ ਆ ਗਿਆ ਤੇ ਗੁੜ ਜਾਂ ਰਾਬ ਜਿਹੀ ਚੀਜ਼ ਲਈ ਵਰਤਿਆ ਜਾਣ ਲੱਗਾ। ਉਂਜ ਪੁਰਤਗੀਜ਼ ਸਪੈਨਿਸ਼ ਵਿਚ ਸ਼ੱਕਰ ਲਈ ਆਸੂਕਾਰ ਸ਼ਬਦ ਹੈ। ਇਹ ਸ਼ਬਦ ਅਰਬੀ ਸਕਿਰਾ ਦੇ ਅੱਗੇ ਅਰਬੀ ਦਾ ਨਿਸ਼ਚੇਵਾਦੀ ਆਰਟੀਕਲ 'ਅਲ' ਲੱਗਣ ਕਾਰਨ ਬਣਿਆ ਯਾਨਿ ਅਲਸਕਿਰਾ>ਆਸੂਕਾਰ। ਫਾਰਸੀ ਵਿਚ ਇਹ ਸ਼ੱਕਰ ਵਜੋਂ ਗਿਆ ਤਾਂ ਅੱਗੇ ਅਰਬੀ ਵਿਚ ਸਕਿਰਾ ਜਿਹਾ ਬਣ ਗਿਆ। ਗਰੀਕ ਵਿਚ ਜ਼ਾਹਾਰੀ ਹੈ, ਰੂਸੀ ਵਿਚ ਸਾਕ਼ਰ, ਫਰਾਂਸੀਸੀ ਵਿਚ ਸਿਉਕਾ ਤੇ ਜਰਮਨ ਵਿਚ ਜ਼ੁਕਰ। ਖਮੇਰ ਵਿਚ ਸਕਰ। ਫਿਲਪਾਈਨੀ ਅਸੁਕਲ ਤੋਂ ਲਗਦਾ ਹੈ ਕਿ ਇਸ ਭਾਸ਼ਾ ਵਿਚ ਇਹ ਸ਼ਬਦ ਪੁਰਤਗੀਜ਼ੀ ਆਸੂਕਾਰ ਤੋਂ ਬਣਿਆ ਹੋਵੇਗਾ। ਅੰਗਰੇਜ਼ੀ ਸ਼ੂਗਰ ਫਰਾਂਸੀਸੀ ਸਿਉਕਰ ਤੋਂ ਬਣਿਆ ਜੋ ਅੱਗੋਂ ਲਾਤੀਨੀ ਸਕਰਮ ਤੋਂ ਵਿਗੜਿਆ। ਇਥੇ ਇਹ ਦੱਸ ਦੇਵਾਂ ਕਿ ਸੈਕਰੀਨ ਤੇ ਸਕਰੋਜ਼ ਸ਼ਬਦ ਵੀ ਸ਼ੂਗਰ ਦੇ ਹੀ ਸੁਜਾਤੀ ਹਨ। ਲਾਤੀਨੀ ਸ਼ਬਦ ਜਿਵੇਂ ਪਹਿਲਾਂ ਸੰਕੇਤ ਕੀਤਾ ਗਿਆ ਹੈ, ਅਰਬੀ, ਫਾਰਸੀ ਤੇ ਫਿਰ ਸੰਸਕ੍ਰਿਤ ਨਾਲ ਜਾ ਜੁੜਦਾ ਹੈ। ਇਸ ਲੰਬੀ ਚੌੜੀ ਸੂਚੀ ਪੇਸ਼ ਕਰਨ ਦਾ ਮਕਸਦ ਇਹ ਦ੍ਰਿੜ ਕਰਾਉਣਾ ਹੈ ਕਿ ਇਕ ਭਾਰਤੀ ਸ਼ਬਦ ਕਿਵੇਂ ਸਾਰੀ ਦੁਨੀਆ ਵਿਚ ਫੈਲਿਆ। ਫਿਰ ਵੀ ਇਕ ਵਿਦਵਾਨ ਨੇ ਇਹ ਸਾਬਿਤ ਕਰਨ ਦੀ ਕੋਸਿਲਸ਼ ਕੀਤੀ ਹੈ ਕਿ ਇਨ੍ਹਾਂ ਸਾਰੇ ਸ਼ਬਦਾਂ ਦੀ ਜਨਮਦਾਤੀ ਚੀਨੀ ਭਾਸ਼ਾ ਦਾ ਸ਼ਬਦ *ਸ਼ਾ ਚੇ ਹੈ ਜਿਸ ਦਾ ਸ਼ਾਬਦਿਕ ਅਰਥ ਹੈ "ਰੇਤ ਖੰਡ" ਜੋ ਸ਼ੱਕਰ ਦਾ ਰੇਤ ਕਣਾਂ ਵਰਗੀ ਹੋਣ ਵੱਲ ਸੰਕੇਤ ਕਰ ਰਿਹਾ ਹੈ। ਉਸ ਅਨੁਸਾਰ ਇਹ ਵਿਕਾਸ ਇਸ ਤਰਾਂ ਰਿਹਾ ਹੋਵੇਗਾ :ਸ਼ਾ- ਚੇ> ਸ਼ਾ-ਕੇ> ਸ਼ਾ-ਕੇਰ> ਸ਼ਰਕਰਾ। ਇਸ ਤੋਂ ਅੱਗੇ ਹੋਰ ਭਾਸ਼ਾਵਾਂ ਵਿਚ ਇਸ ਦਾ ਪ੍ਰਵੇਸ਼ ਇਸੇ ਤਰਾਂ ਦਾ ਹੈ ਜਿਵੇਂ ਅਸੀਂ ਦਰਸਾਇਆ ਹੈ। ਪਰ ਚੀਨ 'ਚ ਪੁਰਾਣੇ ਜ਼ਮਾਨੇ ਤੋਂ ਸ਼ੱਕਰ ਹੋਣ ਦੇ ਪ੍ਰਮਾਣ ਨਹੀਂ। ਬਹੁਤ ਸਾਰੇ ਵਿਦਵਾਨ ਹਰ ਚੀਜ਼ ਦਾ ਅਰੰਭ ਆਪਣੇ ਦੇਸ਼ 'ਚੋਂ ਲਭਦੇ ਰਹਿੰਦੇ ਹਨ। ਇਸ ਖੋਜ ਪੱਤਰ ਬਾਰੇ ਹੋਰ ਵਿਚਾਰ ਫਿਰ ਕਰਾਂਗੇ।

# ਬਲਬੀਰ ਸਿੰਘ ਨੂੰ ਲਾਈਫ਼ ਟਾਈਮ ਅਚੀਵਮੈਂਟ ਅਵਾਰਡ

***ਬਲਬੀਰ ਸਿੰਘ ਸੀਨੀਅਰ ਨੂੰ ਹਾਕੀ ਇੰਡੀਆ ਵਲੋਂ ਲਾਈਫ਼ ਟਾਈਮ ਅਚੀਵਮੈਂਟ ਅਵਾਰਡ ਮਿਲਣ 'ਤੇ ਹਾਕੀ ਪ੍ਰੇਮੀਆਂ ਨੇ ਦਿਲੋਂ ਖੁਸ਼ੀ ਮਨਾਈ ਹੈ। ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਬਲਬੀਰ ਸਿੰਘ ਸੀਨੀਅਰ ਦੀਆਂ ਪ੍ਰਾਪਤੀਆਂ ਹਰ ਪੱਖ ਤੋਂ ਹਾਕੀ ਦੇ ਜਾਦੂਗਰ ਵਜੋਂ ਮਸ਼ਹੂਰ ਹੋਏ ਖਿਡਾਰੀ ਧਿਆਨ ਚੰਦ ਤੋਂ ਕਿਤੇ ਵਧੇਰੇ ਹਨ। ਉਂਜ, ਇਹ ਵਕਤ ਦੀ ਵਿਡੰਬਨਾ ਹੀ ਹੈ ਕਿ ਇਹ ਲਾਈਫ਼ ਟਾਈਮ ਅਚੀਵਮੈਂਟ ਅਵਾਰਡ ਉਹਨੂੰ ਧਿਆਨ ਚੰਦ ਦੇ ਨਾਂ 'ਤੇ ਦਿੱਤਾ ਗਿਆ ਹੈ। ਇਸ ਮੁੱਦੇ ਬਾਰੇ ਕੁਝ ਕੁ ਗੱਲਾਂ ਪ੍ਰਿੰਸੀਪਲ ਸਰਵਣ ਸਿੰਘ ਨੇ ਇਸ ਲੇਖ ਵਿਚ ਸਾਂਝੀਆਂ ਕੀਤੀਆਂ ਹਨ। -ਸੰਪਾਦਕ***

ਪ੍ਰਿੰ. ਸਰਵਣ ਸਿੰਘ

ਹਾਕੀ ਇੰਡੀਆ ਨੇ ਬਲਬੀਰ ਸਿੰਘ ਸੀਨੀਅਰ ਨੂੰ ਲਾਈਫ਼ ਟਾਈਮ ਅਚੀਵਮੈਂਟਸ ਅਵਾਰਡ ਦਿੱਤਾ ਹੈ। ਇਸ ਅਵਾਰਡ ਵਿਚ ਟਰਾਫੀ ਦੇ ਨਾਲ ਤੀਹ ਲੱਖ ਰੁਪਏ ਦਾ ਚੈਕ ਵੀ ਸ਼ਾਮਲ ਹੈ। ਇਹ ਪਹਿਲੀ ਵਾਰ ਹੈ ਕਿ ਬਲਬੀਰ ਸਿੰਘ ਨੂੰ ਕੈਸ਼ ਅਵਾਰਡ ਮਿਲਿਆ। ਉਹ ਹੁਣ ਉਮਰ ਦੇ 92ਵੇਂ ਸਾਲ ਵਿਚ ਹੈ। ਹਾਕੀ ਦੀ ਖੇਡ ਦੇ ਇਸ ਯੁਗ ਪੁਰਸ਼ ਨੇ ਓਲੰਪਿਕ ਖੇਡਾਂ 'ਚੋਂ ਤਿੰਨ ਗੋਲਡ ਮੈਡਲ ਜਿੱਤੇ ਜਿਸ ਕਰ ਕੇ ਉਸ ਨੂੰ 'ਗੋਲਡਨ ਹੈਟ ਟ੍ਰਿਕ' ਵਾਲਾ ਬਲਬੀਰ ਵੀ ਕਿਹਾ ਜਾਂਦੈ। ਹੈਲਸਿੰਕੀ-1952 ਦੀਆਂ ਓਲੰਪਿਕ ਖੇਡਾਂ ਵਿਚ ਸੈਮੀ ਫਾਈਨਲ ਤੇ ਫਾਈਨਲ ਮੈਚਾਂ 'ਚ ਭਾਰਤੀ ਟੀਮ ਦੇ 9 ਗੋਲਾਂ ਵਿਚੋਂ 8 ਗੋਲ ਉਸ ਦੀ ਸਟਿੱਕ ਨਾਲ ਹੋਏ ਸਨ। ਹਾਲੈਂਡ ਵਿਰੁਧ ਫਾਈਨਲ ਮੈਚ ਵਿਚ ਭਾਰਤੀ ਟੀਮ ਦੇ 6 ਗੋਲਾਂ 'ਚੋਂ ਉਸ ਦੇ 5 ਗੋਲ ਸਨ ਜੋ ਓਲੰਪਿਕ ਖੇਡਾਂ ਦੇ ਇਤਿਹਾਸ ਦਾ 63 ਸਾਲ ਪੁਰਾਣਾ ਰਿਕਾਰਡ ਹੈ ਤੇ ਗਿੱਨੀਜ਼ ਬੁੱਕ ਆਫ਼ ਰਿਕਾਰਡਜ਼ ਵਿਚ ਦਰਜ ਹੈ।

ਲੰਡਨ ਦੀਆਂ ਓਲੰਪਿਕ ਖੇਡਾਂ-2012 ਸਮੇਂ ਓਲੰਪਿਕ ਖੇਡਾਂ ਦੇ ਸਫ਼ਰ 'ਚੋਂ ਜਿਹੜੇ 16 'ਆਈਕੋਨਿਕ ਓਲੰਪੀਅਨ' ਚੁਣੇ ਗਏ, ਉਨ੍ਹਾਂ ਵਿਚ ਹਾਕੀ ਦਾ ਇਕੋ ਇਕ ਖਿਡਾਰੀ ਬਲਬੀਰ ਸਿੰਘ ਹੀ ਚੁਣਿਆ ਗਿਆ। 16 ਆਈਕੋਨ ਖਿਡਾਰੀਆਂ ਵਿਚ 8 ਮਰਦ ਹਨ ਤੇ 8 ਔਰਤਾਂ। ਦੁਨੀਆਂ ਦੀ ਦੋ ਤਿਹਾਈ ਵਸੋਂ ਏਸ਼ੀਆ ਦੇ ਸਿਰਫ਼ 2 ਖਿਡਾਰੀ ਓਲੰਪਿਕ ਰਤਨ ਚੁਣੇ ਗਏ ਜਿਨ੍ਹਾਂ ਵਿਚ ਇਕ ਚੀਨ ਦਾ ਹੈ ਤੇ ਦੂਜਾ ਭਾਰਤ ਦਾ ਬਲਬੀਰ ਸਿੰਘ ਹੈ। ਇਸ ਨੇ ਸਾਬਤ ਕਰ ਦਿੱਤਾ ਹੈ ਕਿ ਬਲਬੀਰ ਸਿੰਘ ਦੀਆਂ ਖੇਡ ਪ੍ਰਾਪਤੀਆਂ ਕਿਸੇ ਵੀ ਭਾਰਤੀ ਖਿਡਾਰੀ ਤੋਂ ਵੱਧ ਹਨ। ਹਾਕੀ ਦੇ ਜਾਦੂਗਰ ਕਹੇ ਜਾਂਦੇ ਮੇਜਰ ਧਿਆਨ ਚੰਦ ਤੋਂ ਵੀ ਵੱਧ। ਧਿਆਨ ਚੰਦ ਨੇ ਬ੍ਰਿਟਿਸ਼ ਇੰਡੀਆ ਲਈ ਐਂਗਲੋ ਇੰਡੀਅਨ ਖਿਡਾਰੀਆਂ ਦੇ ਸਹਿਯੋਗ ਨਾਲ ਤਿੰਨ ਗੋਲਡ ਮੈਡਲ ਜਿੱਤੇ ਤੇ ਯੂਨੀਅਨ ਜੈਕ ਝੁਲਾਏ ਜਦਕਿ ਬਲਬੀਰ ਸਿੰਘ ਨੇ ਆਜ਼ਾਦ ਭਾਰਤ ਲਈ ਤਿੰਨ ਗੋਲਡ ਮੈਡਲ ਜਿੱਤੇ ਤੇ ਤਿਰੰਗੇ ਲਹਿਰਾਏ। ਓਲੰਪਿਕ ਖੇਡਾਂ ਵਿਚ ਤਿੰਨ ਗੋਲਡ ਮੈਡਲ ਤੇ ਏਸ਼ਿਆਈ ਖੇਡਾਂ ਵਿਚ ਇਕ ਸਿਲਵਰ ਮੈਡਲ ਜਿੱਤਣ ਤੋਂ ਬਿਨਾਂ ਬਲਬੀਰ ਸਿੰਘ ਨੇ ਭਾਰਤੀ ਟੀਮਾਂ ਦੇ ਕੋਚ/ਮੈਨੇਜਰ ਬਣ ਕੇ ਵਿਸ਼ਵ ਹਾਕੀ ਕੱਪ ਜਿੱਤਿਆ ਤੇ ਸੱਤ ਹੋਰ ਮੈਡਲ ਭਾਰਤੀ ਟੀਮਾਂ ਨੂੰ ਜਿਤਾਏ। ਦੋ ਪੁਸਤਕਾਂ ਲਿਖੀਆਂ ਜਿਨ੍ਹਾਂ 'ਚ ਇਕ ਹਾਕੀ ਦੀ ਕੋਚਿੰਗ ਬਾਰੇ ਹੈ। ਭਾਰਤ-ਚੀਨ ਜੰਗ ਵੇਲੇ ਆਪਣੇ ਤਿੰਨੇ ਓਲੰਪਿਕ ਗੋਲਡ ਮੈਡਲ ਪ੍ਰਧਾਨ ਮੰਤਰੀ ਫੰਡ ਲਈ ਦਾਨ ਕੀਤੇ। ਫਿਰ ਆਪਣੀਆਂ ਸਾਰੀਆਂ ਖੇਡ ਨਿਸ਼ਾਨੀਆਂ ਸਪੋਰਟਸ ਅਥਾਰਟੀ ਆਫ ਇੰਡੀਆ ਦੇ ਸਪੁਰਦ ਕਰ ਦਿੱਤੀਆਂ। ਇਹ ਬਲਬੀਰ ਸਿੰਘ ਹੀ ਸੀ ਜਿਸ ਨੇ ਲਾਸ ਏਂਜਲਸ-1984 ਦੀਆਂ ਓਲੰਪਿਕ ਖੇਡਾਂ ਸਮੇਂ ਇਕ ਖਾਲਿਸਤਾਨੀ ਨੌਜੁਆਨ ਹੱਥੋਂ ਤਿਰੰਗੇ ਦੀ ਕੀਤੀ ਜਾ ਰਹੀ ਬੇਹੁਰਮਤੀ ਆਪਣੀ ਜਾਨ ਖ਼ਤਰੇ 'ਚ ਪਾ ਕੇ ਰੋਕੀ ਸੀ ਜਿਸ ਕਰ ਕੇ ਹਿੱਟ ਲਿਸਟ ਉਤੇ ਆ ਗਿਆ ਸੀ।

ਮੇਜਰ ਧਿਆਨ ਚੰਦ ਦੇ ਪਿਤਾ ਬ੍ਰਿਟਿਸ਼ ਆਰਮੀ ਵਿਚ ਸਨ। ਬਲਬੀਰ ਸਿੰਘ ਦੇ ਪਿਤਾ ਸੁਤੰਤਰਤਾ ਸੰਗਰਾਮ ਵਿਚ ਜੇਲ੍ਹੀਂ ਜਾਂਦੇ ਰਹੇ ਤੇ ਮਿਸ਼ਨਰੀ ਸਕੂਲ ਅਧਿਆਪਕ ਰਹੇ। ਬਲਬੀਰ ਸਿੰਘ ਨੂੰ ਅੱਖੋਂ ਪਰੋਖੇ ਕਰ ਕੇ ਧਿਆਨ ਚੰਦ ਨੂੰ ਪਦਮ ਭੂਸ਼ਨ ਪੁਰਸਕਾਰ ਦਿੱਤਾ ਗਿਆ। ਪਟਿਆਲੇ ਦੇ ਕੌਮੀ ਖੇਡ ਸੰਸਥਾਨ ਵਿਚ ਧਿਆਨ ਚੰਦ ਹੋਸਟਲ ਤੇ ਦਿੱਲੀ ਦੇ ਨੈਸ਼ਨਲ ਸਟੇਡੀਅਮ ਦਾ ਨਾਂ ਧਿਆਨ ਚੰਦ ਹਾਕੀ ਸਟੇਡੀਅਮ ਰੱਖਿਆ ਗਿਆ। ਧਿਆਨ ਚੰਦ ਦੇ ਨਾਂ ਉਤੇ ਭਾਰਤ ਦਾ ਨਾਮੀ ਖੇਡ ਪੁਰਸਕਾਰ ਦਿੱਤਾ ਜਾ ਰਿਹਾ ਹੈ ਤੇ ਉਹਦੇ ਜਨਮ ਦਿਨ ਨੂੰ ਭਾਰਤ ਦੇ ਖੇਡ ਦਿਵਸ ਵਜੋਂ ਮਨਾਇਆ ਜਾ ਰਿਹਾ ਹੈ, ਪਰ ਬਲਬੀਰ ਸਿੰਘ ਦਾ ਨਾਮ ਅਜੇ ਤਕ ਕਿਤੇ ਵੀ ਨਹੀਂ ਜੋੜਿਆ ਗਿਆ।

ਉਂਜ ਤਾਂ ਖਿਡਾਰੀਆਂ ਦਾ ਆਪਸੀ ਮੁਕਾਬਲਾ ਕਰਨਾ ਵਾਜਬ ਨਹੀਂ, ਪਰ ਜੇ ਨਿਰਪੱਖਤਾ ਨਾਲ ਵਾਚਿਆ ਜਾਵੇ ਤਾਂ ਬਲਬੀਰ ਸਿੰਘ ਦੀਆਂ ਖੇਡ ਪ੍ਰਾਪਤੀਆਂ ਧਿਆਨ ਚੰਦ ਨਾਲੋਂ ਵੱਧ ਹਨ, ਘੱਟ ਨਹੀਂ। ਬਤੌਰ ਖਿਡਾਰੀ, ਬਤੌਰ ਕੋਚ/ਮੈਨੇਜਰ, ਖੇਡ ਪ੍ਰਬੰਧਕ, ਖੇਡ ਲੇਖਕ ਤੇ ਜੈਂਟਲਮੈਨ ਸਪੋਰਟਸਮੈਨ ਵਜੋਂ ਜਿਵੇਂ ਉਹ ਵਿਚਰਿਆ, ਉਸੇ ਨੂੰ ਮੁੱਖ ਰੱਖਦਿਆਂ ਕੌਮਾਂਤਰੀ ਓਲੰਪਿਕ ਕਮੇਟੀ ਨੇ ਧਿਆਨ ਚੰਦ ਨੂੰ ਨਹੀਂ, ਬਲਬੀਰ ਸਿੰਘ ਨੂੰ ਓਲੰਪਿਕ ਖੇਡਾਂ ਦਾ ਆਈਕੋਨ ਚੁਣਿਆ। ਉਹ ਪੰਜਾਬ ਦਾ ਮਾਣ ਹੈ ਤੇ ਭਾਰਤ ਦੀ ਸ਼ਾਨ।




*ਅਵਾਰਡ ਪ੍ਰਾਪਤ ਕਰਦੇ ਹੋਏ ਬਲਬੀਰ ਸਿੰਘ (ਖੱਬਿਓਂ ਦੂਜੇ)*

ਮੈਂ ਬਲਬੀਰ ਸਿੰਘ ਦੀ ਜੀਵਨੀ ਲਿਖਦਿਆਂ ਕਾਫੀ ਸਮੇਂ ਤੋਂ ਉਸ ਦੇ ਸੰਪਰਕ ਵਿਚ ਹਾਂ। ਹੁਣ 'ਗੋਲਡਨ ਗੋਲ' ਨਾਂ ਦੀ ਜੀਵਨੀ ਛਪ ਗਈ ਹੈ ਜਿਸ ਨੂੰ ਸੰਗਮ ਪਬਲੀਕੇਸ਼ਨਜ਼ ਪਟਿਆਲਾ ਨੇ ਪ੍ਰਕਾਸ਼ਿਤ ਕੀਤਾ ਹੈ। ਉਸ ਵਿਚ ਬਲਬੀਰ ਸਿੰਘ ਨੇ ਆਪਣੇ ਜੀਵਨ ਦੇ ਭੇਤ ਖੁੱਲ੍ਹ ਕੇ ਦੱਸੇ ਹਨ। ਉਹਦੇ ਮਨ ਵਿਚ ਧਿਆਨ ਚੰਦ ਲਈ ਬੇਹੱਦ ਸਤਿਕਾਰ ਹੈ, ਕਿਉਂਕਿ ਉਹ ਉਸ ਤੋਂ ਅਠਾਰਾਂ ਸਾਲ ਵੱਡਾ ਸੀ ਤੇ ਬਚਪਨ ਵਿਚ ਉਸ ਦਾ ਰੋਲ ਮਾਡਲ ਸੀ। ਉਦੋਂ ਨਹੀਂ ਸੀ ਪਤਾ ਕਿ ਹਾਕੀ ਦੀ ਖੇਡ ਵਿਚ ਉਸ ਦੀਆਂ ਪ੍ਰਾਪਤੀਆਂ ਉਸ ਦੇ ਰੋਲ ਮਾਡਲ ਤੋਂ ਵੀ ਵਧ ਜਾਣਗੀਆਂ। 19ਵੀਂ ਸਦੀ ਦੇ ਪੰਜਵੇਂ ਦਹਾਕੇ ਵਿਚ ਫ਼ਿਰੋਜ਼ਪੁਰ ਵਿਖੇ ਹਾਕੀ ਦੇ ਮੈਚ ਹੁੰਦੇ ਤਾਂ ਧਿਆਨ ਚੰਦ ਆਰਮੀ ਦੀ ਟੀਮ ਦਾ ਕੈਪਟਨ ਹੁੰਦਾ ਤੇ ਬਲਬੀਰ ਸਿੰਘ ਸਿਵਲੀਅਨ ਟੀਮ ਦਾ ਕੈਪਟਨ। ਦੋਵੇਂ ਸੈਂਟਰ ਫਾਰਵਰਡ ਖੇਡਦੇ ਹੋਏ ਬੁਲੀ ਕਰਦੇ ਤੇ ਮੈਚ ਹਮੇਸ਼ਾ ਬਲਬੀਰ ਸਿੰਘ ਦੀ ਟੀਮ ਜਿੱਤਦੀ।

ਕਈ ਵਾਰ ਸਹੀ ਤੱਥਾਂ ਤੋਂ ਬਿਨਾਂ ਹੀ ਖਿਡਾਰੀਆਂ ਬਾਰੇ ਦੰਦ ਕਥਾਵਾਂ ਚੱਲ ਪੈਂਦੀਆਂ ਹਨ ਤੇ ਘੱਟ ਪ੍ਰਾਪਤੀਆਂ ਵਾਲੇ ਖਿਡਾਰੀ ਵੱਧ ਪ੍ਰਾਪਤੀਆਂ ਵਾਲੇ ਖਿਡਾਰੀਆਂ ਨਾਲੋਂ ਵੱਡੇ ਦਰਸਾ ਦਿੱਤੇ ਜਾਂਦੇ ਹਨ। ਧਿਆਨ ਚੰਦ ਤੇ ਬਲਬੀਰ ਸਿੰਘ ਦੇ ਕੇਸ ਵਿਚ ਵੀ ਅਜਿਹਾ ਹੀ ਹੋਇਆ ਹੈ। ਇਹ ਬਲਬੀਰ ਸਿੰਘ ਦੀ ਵਡਿਆਈ ਹੈ ਕਿ ਉਸ ਨੇ ਹਾਕੀ ਇੰਡੀਆ ਵਲੋਂ ਧਿਆਨ ਚੰਦ ਦੇ ਨਾਂ ਉਤੇ ਦਿੱਤਾ ਅਵਾਰਡ ਵਸੂਲਿਆ ਤੇ ਸੱਚਮੁੱਚ ਵੱਡਾ ਖਿਡਾਰੀ ਹੋਣ ਦਾ ਸਬੂਤ ਦਿੱਤਾ। ਉਂਜ ਹਾਕੀ ਇੰਡੀਆ ਵਾਲਿਆਂ ਨੇ ਪਹਿਲਾਂ ਨਹੀਂ ਸੀ ਦੱਸਿਆ ਕਿ ਉਸ ਨੂੰ ਲਾਈਫ਼ ਟਾਈਮ ਅਚੀਵਮੈਂਟਸ ਲਈ ਧਿਆਨ ਚੰਦ ਅਵਾਰਡ ਦਿੱਤਾ ਜਾ ਰਿਹਾ ਹੈ। ਸਮਾਗਮ ਵਿਚ ਸ਼ਾਮਲ ਬਲਬੀਰ ਸਿੰਘ ਲਈ

*(ਬਾਕੀ ਅਗਲੇ ਸਫੇ 'ਤੇ)*

# ਯਾਦ ਰੱਖੀਦੀਆਂ ਔਖਾਂ ਜੋ ਲੰਘਾਈਆਂ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਮਾਨ ਸਿੰਘ ਨੇ ਪੂਰੇ ਗੁੱਸੇ ਵਿਚ ਆਪਣੇ ਦੋਹਾਂ ਛੋਟੇ ਪੁੱਤਰਾਂ ਨੂੰ ਲਾਹਨਤਾਂ ਪਾਈਆਂ। ਉਨ੍ਹਾਂ ਨੂੰ ਉਹ ਵਕਤ ਯਾਦ ਕਰਵਾਇਆ ਜਦੋਂ ਉਹ ਆਪਣੇ ਵੱਡੇ ਭਰਾ ਦੇ ਤਰਲੇ ਕਰਦੇ ਸਨ ਕਿ ਬਾਈ! ਸਾਨੂੰ ਨਰਕ ਭਰੀ ਜ਼ਿੰਦਗੀ ਵਿਚੋਂ ਕੱਢ ਕੇ ਅਮਰੀਕਾ ਲੈ ਜਾ! ਤੇ ਅੱਜ ਉਹ ਪੈਸਿਆਂ ਵਾਲੇ ਬਣ ਕੇ ਆਪਣੇ ਭਰਾ ਨੂੰ ਭੁੱਲ ਗਏ ਸਨ।...

ਮਾਨ ਸਿੰਘ ਦੇ ਤਿੰਨ ਪੁੱਤਰ ਸਨ। ਵੱਡਾ ਗਿੰਦਰ, ਦੂਜਾ ਸ਼ਿੰਦਾ ਤੇ ਤੀਜਾ ਪਾਲੀ। ਦੋ ਧੀਆਂ ਵੀ ਸਨ- ਵੱਡੀ ਪਾਲੋ ਤੇ ਛੋਟੀ ਦੇਬੋ। ਵੱਡਾ ਪਰਿਵਾਰ ਸੀ ਪਰ ਜ਼ਮੀਨ ਥੋੜ੍ਹੀ ਸੀ। ਗਿੰਦਰ ਸੱਤ ਜਮਾਤਾਂ ਪਾਸ ਕਰ ਕੇ ਹਟ ਗਿਆ ਸੀ। ਉਹ ਆਪਣੇ ਕਿਸੇ ਮਿੱਤਰ ਨਾਲ ਕੰਮ-ਧੰਦਾ ਕਰਵਾ ਦਿੰਦਾ ਤੇ ਉਹ ਉਨ੍ਹਾਂ ਦੀ ਜ਼ਮੀਨ ਵਾਹ-ਬੀਜ ਦਿੰਦਾ। ਬਾਕੀ ਸਾਰੇ ਪੜ੍ਹਦੇ ਸਨ, ਪਰ ਵਕਤ ਬਹੁਤ ਔਖਾ ਲੰਘ ਰਿਹਾ ਸੀ। ਘਰ ਦੀ ਥਾਂ ਅਤੇ ਪਸ਼ੂਆਂ ਵਾਲਾ ਵਾੜਾ ਨਾਲੋ-ਨਾਲ ਸੀ। ਜਿੰਨੇ ਜੀਅ ਸਨ, ਉਨੇ ਹੀ ਪਸ਼ੂ। ਗਰੀਬੀ ਨੇ ਜ਼ਿੰਦਗੀ ਨਰਕ ਬਣਾ ਦਿੱਤੀ ਸੀ। ਉਂਜ ਗਿੰਦਰ ਸਿਆਣਾ ਸੀ। ਉਹਨੇ ਆਪਣੇ ਬਾਪ ਨਾਲ ਸਲਾਹ ਕਰ ਕੇ ਘਰ ਦਾ ਤਬਾਦਲਾ ਕਿਸੇ ਨਾਲ ਕਰ ਲਿਆ। ਪਿੰਡ ਵਿਚਲਾ ਘਰ ਦੇ ਕੇ ਬਾਹਰ ਸੜਕ 'ਤੇ ਘਰ ਲੈ ਲਿਆ ਜਿਸ ਨਾਲ ਪਸ਼ੂਆਂ ਨੂੰ ਵੀ ਖੁੱਲ੍ਹੀ ਥਾਂ ਮਿਲ ਗਈ ਤੇ ਉਹ ਆਪ ਵੀ ਸੁਖਾਲਾ ਸਾਹ ਲੈਣ ਲੱਗ ਪਏ।

ਗਿੰਦਰ ਦਾ ਮਿੱਤਰ ਨੇਕ ਅਜੇ ਪੜ੍ਹਦਾ ਸੀ ਤੇ ਘਰਦਿਆਂ ਨਾਲ ਖੇਤੀ ਵੀ ਕਰਵਾਉਂਦਾ ਸੀ। ਨੇਕ ਦਾ ਫੁੱਫੜ ਇੰਗਲੈਂਡ ਵਿਚ ਬਹੁਤ ਪਹਿਲਾਂ ਦਾ ਗਿਆ ਹੋਇਆ ਸੀ ਤੇ ਉਥੇ ਉਸ ਦੇ ਰੈਸਟੋਰੈਂਟ ਸਨ। ਉਹ ਜਦੋਂ ਪਿੰਡ ਆਇਆ ਤਾਂ ਉਸ ਦੀ ਪਾਰਖੂ ਅੱਖ ਨੇ ਗਿੰਦਰ ਪਛਾਣ ਲਿਆ ਕਿ ਮੁੰਡਾ ਮਿਹਨਤੀ ਹੈ ਤੇ ਇਮਾਨਦਾਰ ਵੀ ਲੱਗਦਾ ਹੈ। ਉਹਨੇ ਨੇਕ ਨਾਲ ਗੱਲ ਚਲਾਈ ਤੇ ਗਿੰਦਰ ਨੂੰ ਇੰਗਲੈਂਡ ਸੱਦਣ ਦੀ ਗੱਲ ਕਹੀ। ਅੰਨ੍ਹੇ ਨੂੰ ਜਿਵੇਂ ਅੱਖਾਂ ਮਿਲ ਗਈਆਂ ਹੋਣ! ਗਿੰਦਰ ਤੋਂ ਚਾਅ ਨਾ ਝੱਲ ਹੋਵੇ। ਛੇਤੀ ਹੀ ਨੇਕ ਦਾ ਫੁੱਫੜ ਗਿੰਦਰ ਨੂੰ ਇੰਗਲੈਂਡ ਲੈ ਗਿਆ। ਬੱਸ ਫਿਰ ਕੀ ਸੀ! ਗਰੀਬ ਕਿਸਾਨ ਦੇ ਪੁੱਤ ਨੇ ਲੱਕ ਤੋੜ ਕੇ ਮਿਹਨਤ ਕੀਤੀ। ਪੰਜਾਂ ਸਾਲਾਂ ਵਿਚ ਦੱਸ ਦਿੱਤਾ ਕਿ ਅਹੁ ਸਾਹਮਣੇ ਚੁਬਾਰੇ ਵਾਲਿਆਂ ਦਾ ਮੁੰਡਾ ਇੰਗਲੈਂਡ ਵਿਚ ਹੈ। ਨੇਕ ਦੇ ਵਿਆਹ 'ਤੇ ਗਿੰਦਰ ਪਿੰਡ ਗਿਆ ਤੇ ਵਾਪਸ ਇੰਗਲੈਂਡ ਨਾ ਪਰਤਿਆ। ਘਰਦਿਆਂ ਨੇ ਉਹਦਾ ਵਿਆਹ ਕਰਨਾ ਚਾਹਿਆ, ਪਰ ਗਿੰਦਰ ਨੇ ਬਚਦੇ ਰੁਪਏ ਕਿਸੇ ਏਜੰਟ ਨੂੰ ਦੇ ਕੇ ਅਮਰੀਕਾ ਦਾ ਵੀਜ਼ਾ ਲਵਾ ਲਿਆ। ਅਮਰੀਕਾ ਆ ਕੇ ਉਹ ਰੈਸਟੋਰੈਂਟ 'ਤੇ ਕੁੱਕ ਲੱਗ ਗਿਆ। ਪੇਪਰਾਂ ਦੀ ਚਾਲ ਬੇਸ਼ੱਕ ਮੱਧਮ ਚੱਲੀ, ਪਰ ਡਾਲਰਾਂ ਨਾਲ ਸਾਰੇ ਪਰਿਵਾਰ ਦੇ ਰੋਣੇ-ਧੋਣੇ ਧੋ ਦਿੱਤੇ।

ਗਿੰਦਰ ਇਕ ਦਿਨ ਬਾਹਰ ਬੈਠਾ ਪਰਿਵਾਰ ਨੂੰ ਯਾਦ ਕਰ ਕੇ ਰੋ ਰਿਹਾ ਸੀ ਤਾਂ ਕਿਸੇ ਗੋਰੀ ਨੇ ਉਹਨੂੰ ਰੋਣ ਦਾ ਕਾਰਨ ਪੁੱਛਿਆ। ਉਹਨੇ ਕਿਹਾ ਕਿ ਉਸ ਕੋਲ ਗਰੀਨ ਕਾਰਡ ਨਹੀਂ ਤੇ ਉਹ ਵਾਪਸ ਜਾ ਕੇ ਆਪਣੇ ਪਰਿਵਾਰ ਨੂੰ ਮਿਲ ਨਹੀਂ ਸਕਦਾ। ਗੋਰੀ ਦੂਜੇ-ਚੌਥੇ ਦਿਨ ਉਨ੍ਹਾਂ ਦੇ ਰੈਸਟੋਰੈਂਟ 'ਤੇ ਖਾਣਾ ਖਾਣ ਆਉਂਦੀ ਸੀ। ਉਹਨੂੰ ਪੰਜਾਬੀ ਤੇ ਪੰਜਾਬੀ ਖਾਣਾ ਪਸੰਦ ਸਨ। ਗੋਰੀ ਨੇ ਉਹਨੂੰ ਗਰੀਨ ਕਾਰਡ ਦਿਵਾਉਣ ਲਈ ਉਸ ਨਾਲ ਵਿਆਹ ਕਰਵਾਉਣਾ ਮੰਨ ਲਿਆ ਤੇ ਗਿੰਦਰ ਨੂੰ ਆਪਣੇ ਘਰ ਲੈ ਗਈ ਜਿਥੇ ਉਹ ਆਪਣੀਆਂ ਦੋ ਬਿੱਲੀਆਂ ਨਾਲ ਰਹਿੰਦੀ ਸੀ। ਪੇਪਰਾਂ ਦੀ ਸਾਰੀ ਭੱਜ-ਨੱਠ ਗੋਰੀ ਨੇ ਕੀਤੀ, ਤੇ ਫਿਰ ਇਕ ਦਿਨ ਦੋਵਾਂ ਦੀ ਇੰਟਰਵਿਊ ਆ ਗਈ। ਗਿੰਦਰ ਨੇ ਰੈਸਟੋਰੈਂਟ ਤੋਂ ਹਫ਼ਤੇ ਦੀਆਂ ਛੁੱਟੀਆਂ ਲੈ ਲਈਆਂ। ਗੋਰੀ ਨਾਲ ਬਾਹਰ ਘੁੰਮ-ਫਿਰ ਆਇਆ। ਰਾਤ ਨੂੰ ਖਾਧੀ-ਪੀਤੀ ਵਿਚ ਗਿੰਦਰ ਨੇ ਗੋਰੀ ਦੀਆਂ ਬਿੱਲੀਆਂ ਕੱਪੜੇ ਧੋਣ ਵਾਲੀ ਮਸ਼ੀਨ ਵਿਚ ਸੁੱਟ ਕੇ ਮਸ਼ੀਨ ਚਲਾ ਦਿੱਤੀ। ਫਿਰ ਕੱਪੜੇ ਸੁਕਾਉਣ ਵਾਲੀ ਮਸ਼ੀਨ ਵਿਚ ਪਾ ਦਿੱਤੀਆਂ। ਆਪਣੀ ਖੁਸ਼ੀ ਵਿਚ ਉਹ ਭੁੱਲ ਗਿਆ ਕਿ ਉਹ ਕਰ ਕੀ ਰਿਹਾ ਹੈ!

ਗੋਰੀ ਨੇ ਦੇਖਿਆ ਤਾਂ ਉਹਨੂੰ ਗੁੱਸਾ ਚੜ੍ਹ ਗਿਆ। ਉਹਨੇ ਗਿੰਦਰ ਦੇ ਕੱਪੜੇ ਬਾਹਰ ਸੁੱਟ ਦਿੱਤੇ। ਉਹ ਪੁਲਿਸ ਨੂੰ ਕਾਲ ਕਰਨ ਲੱਗੀ ਤਾਂ ਗਿੰਦਰ ਨੇ ਪੈਰ ਫੜ ਲਏ। ਗੋਰੀ ਫਿਰ ਵੀ ਨਰਮ-ਦਿਲ ਨਿਕਲੀ। ਉਹਨੇ ਤੁਰੰਤ ਬਿੱਲੀਆਂ ਡਾਕਟਰ ਕੋਲ ਦਿਖਾਈਆਂ ਤੇ ਉਹ ਠੀਕ ਹੋ ਗਈਆਂ। ਗਿੰਦਰ ਦੇ ਤਰਲੇ-ਹਾੜ੍ਹਿਆਂ ਨੇ ਗੋਰੀ ਨੂੰ ਇੰਟਰਵਿਊ ਲਈ ਮਨਾ ਲਿਆ। ਗੋਰੀ ਤੇ ਗਿੰਦਰ ਦੇ ਸਹੀ ਜਵਾਬਾਂ ਨੇ ਗਰੀਨ ਕਾਰਡ ਪਰੂਫ਼ ਕਰਵਾ ਲਿਆ। ਗਿੰਦਰ ਗੋਰੀ ਨਾਲ ਪੱਕਾ ਹੀ ਰਹਿਣਾ ਚਾਹੁੰਦਾ ਸੀ, ਪਰ ਗੋਰੀ ਨੇ ਉਹਨੂੰ ਤਲਾਕ ਦੇ ਦਿੱਤਾ। ਗਿੰਦਰ ਪਿੰਡ ਵਿਆਹ ਕਰਵਾਉਣ ਚਲਿਆ ਗਿਆ। ਬਾਪੂ ਕਹਿੰਦਾ, 'ਪਹਿਲਾਂ ਆਪਣੀਆਂ ਭੈਣਾਂ ਦੇ ਵਿਆਹ ਕਰ, ਫਿਰ ਆਪਣਾ ਵਿਆਹ ਕਰਵਾਈਂ।' ਦੋਵਾਂ ਭੈਣਾਂ ਦੇ ਵਿਆਹ ਕਰ ਕੇ ਉਹ ਵਾਪਸ ਆ ਗਿਆ। ਰੁਪਏ ਇਕੱਠੇ ਕਰ ਕੇ ਆਪਣਾ ਰੈਸਟੋਰੈਂਟ ਖਰੀਦ ਲਿਆ। ਕੰਮ ਬੜਾ ਵਧੀਆ ਚੱਲਿਆ। ਕਿਸੇ ਮਿੱਤਰ ਨੇ ਆਪਣੀ ਸਾਲੀ ਨਾਲ ਗਿੰਦਰ ਦਾ ਵਿਆਹ ਕਰ ਦਿੱਤਾ। ਉਹਦੀ ਘਰਵਾਲੀ ਅਮਨ ਬਹੁਤ ਸਿਆਣੀ ਸੀ। ਉਸ ਨੇ ਗਿੰਦਰ ਨੂੰ ਘਰਾਂ ਦੀਆਂ ਡਿਗਦੀਆਂ ਕੀਮਤਾਂ ਬਾਰੇ ਦੱਸਿਆ ਤਾਂ ਉਨ੍ਹਾਂ ਘਰ ਖਰੀਦ ਲਿਆ। ਹੁਣ ਗਿੰਦਰ ਕੋਲ ਸਭ ਕੁਝ ਸੀ। ਘਰ, ਘਰਵਾਲੀ ਤੇ ਬਿਜਨਸ। ਉਹ ਬਹੁਤ ਖੁਸ਼ ਸੀ।

ਜਿਵੇਂ ਕਹਿੰਦੇ ਨੇ, ਗਰੀਬ ਦੇ ਚਾਅ ਛੋਟੇ ਹੁੰਦੇ ਨੇ, ਤੇ ਥੋੜ੍ਹੇ ਵਕਤ ਲਈ ਹੀ ਹੁੰਦੇ ਨੇ, ਇੱਦਾਂ ਹੀ ਗਿੰਦਰ ਨਾਲ ਹੋਈ। ਉਹਦਾ ਮਿੱਤਰ ਨੇਕ ਐਕਸੀਡੈਂਟ ਵਿਚ ਮਾਰਿਆ ਗਿਆ। ਉਹ ਖ਼ਬਰ ਸੁਣ ਕੇ ਗਿੰਦਰ ਪਿੰਡ ਗਿਆ। ਉਹ ਅੱਜ ਜੋ ਕੁਝ ਸੀ, ਨੇਕ ਦੀ ਬਦੌਲਤ ਹੀ ਤਾਂ ਸੀ। ਗਿੰਦਰ ਨੇ ਕੰਧਾਂ ਵਿਚ ਬਥੇਰੀਆਂ ਟੱਕਰਾਂ ਮਾਰੀਆਂ, ਪਰ ਉਹਦਾ ਮਿੱਤਰ ਨਾ ਮੁੜਿਆ! ਉਹਦੀਆਂ ਯਾਦਾਂ ਸੀਨੇ ਵਿਚ ਸਾਂਭ, ਗਿੰਦਰ ਵਾਪਸ ਅਮਰੀਕਾ ਪਰਤ ਆਇਆ। ਮਿੱਤਰ ਦੇ ਗਮ ਵਿਚ ਫਿਰ ਸ਼ਰਾਬ ਪੀਣ ਲੱਗ ਪਿਆ। ਅਮਨ ਨੇ ਕਹਿ ਕੇ ਟੱਬਰ ਦੇ ਸਾਰੇ ਜੀਆਂ ਦੇ ਪੇਪਰ ਭਰਾ ਦਿੱਤੇ।

ਸ਼ਿੰਦੇ ਅਤੇ ਪਾਲੀ ਦਾ ਵਿਆਹ ਕਰ ਦਿੱਤਾ ਗਿਆ। ਪਿੰਡ ਉਨ੍ਹਾਂ ਨੂੰ ਜ਼ਮੀਨ ਵੀ ਹੋਰ ਲੈ ਕੇ ਦਿੱਤੀ। ਦੇਖਦਿਆਂ-ਦੇਖਦਿਆਂ ਪਿੰਡ ਵਿਚ ਗਿੰਦਰ ਹੋਰਾਂ ਦਾ ਕੰਮ ਇਕ ਨੰਬਰ 'ਤੇ ਹੋ ਗਿਆ। ਦੂਜੇ ਪਾਸੇ ਨੇਕ ਦੇ ਤੁਰ ਜਾਣ ਬਾਅਦ ਉਨ੍ਹਾਂ ਦਾ ਕੰਮ ਥੱਲੇ ਡਿੱਗਦਾ ਗਿਆ। ਨੌਬਤ ਇਥੋਂ ਤੱਕ ਆ ਗਈ ਕਿ ਨੇਕ ਦੇ ਪਿਤਾ ਨੂੰ ਜ਼ਮੀਨ ਵੇਚਣ ਲਈ ਗਿੰਦਰ ਦੇ ਘਰ ਆਉਣਾ ਪਿਆ। ਸ਼ਿੰਦਾ ਤੇ ਪਾਲੀ ਤਾਂ ਖੁਸ਼ ਹੋ ਗਏ, ਪਰ ਜਦੋਂ ਗਿੰਦਰ ਨੂੰ ਪਤਾ ਲੱਗਾ ਤਾਂ ਉਸ ਦੀ ਧਾਹ ਨਿਕਲ ਗਈ। ਉਹਨੇ ਆਪਣੇ ਭਰਾਵਾਂ ਨੂੰ ਗਾਲ੍ਹਾਂ ਕੱਢੀਆਂ, ਤੇ ਨੇਕ ਦੇ ਪਿਤਾ ਨੂੰ ਕਿਹਾ, "ਤਾਇਆ, ਜ਼ਮੀਨ ਨਹੀਂ ਵੇਚਣੀ, ਜਿੰਨੇ ਪੈਸੇ ਚਾਹੀਦੇ ਹਨ...ਦੱਸ।" ਨੇਕ ਦਾ ਪਿਤਾ ਖੁਸ਼ ਹੋ ਗਿਆ ਕਿ ਗਿੰਦਰ ਨੇ ਅਹਿਸਾਨਾਂ ਦਾ ਮੁੱਲ ਮੋੜ ਦਿੱਤਾ ਹੈ। ਉਹਨੂੰ ਜ਼ਮੀਨ ਨਹੀਂ ਵੇਚਣੀ ਪਈ।

ਇਸੇ ਦੌਰਾਨ ਅਮਨ ਨੇ ਗਿੰਦਰ ਨੂੰ ਇੰਡੀਆ ਪੈਸੇ ਭੇਜਣ ਤੋਂ ਹਟਾ ਦਿੱਤਾ। ਪਿੰਡ ਵਾਲਿਆਂ ਦੀ ਖੜ੍ਹੀ ਮੁੱਛ ਡਿੱਗਣ ਲੱਗੀ। ਅਮਨ ਆਪ ਰੈਸਟੋਰੈਂਟ ਦਾ ਕੰਮ ਸੰਭਾਲਦੀ। ਕਮਾਈ ਬਹੁਤ ਹੋ ਰਹੀ ਸੀ। ਗਿੰਦਰ ਆਪਣੇ ਮਿੱਤਰ ਨੇਕ ਦੇ ਗਮ ਵਿਚ ਡੁੱਬਿਆ ਰਹਿੰਦਾ। ਕਈ ਸਾਲਾਂ ਬਾਅਦ ਅਮਨ ਨੇ ਪੁੱਤਰ ਨੂੰ ਜਨਮ ਦਿੱਤਾ। ਗਿੰਦਰ ਦੇ ਬੇਬੇ ਬਾਪੂ ਵੀ ਆ ਗਏ। ਉਧਰ ਸ਼ਿੰਦੇ ਤੇ ਪਾਲੀ ਦੇ ਬੱਚੇ ਵੀ ਹੋ ਗਏ। ਬਾਹਰੋਂ ਪੈਸਾ ਨਾ ਮਿਲਣ ਕਰ ਕੇ ਉਨ੍ਹਾਂ ਦੇ ਲੱਕ 'ਤੇ ਪਜਾਮਾ ਖੜ੍ਹਨੋਂ ਹਟ ਗਿਆ। ਉਹ ਹੌਲੀ-ਹੌਲੀ ਪਹਿਲਾਂ ਵਾਲੇ ਹਾਲਾਤ ਵੱਲ ਵਧਣ ਲੱਗੇ। ਇੰਡੀਆ ਵਿਚਲੀ ਸਾਰੀ ਕਬੀਲਦਾਰੀ ਦਾ ਬੋਝ ਬਾਹਰਲੇ ਬੰਦੇ 'ਤੇ ਹੀ ਪੈਂਦਾ ਹੈ। ਜੇ ਭੈਣ ਦੀ ਮੱਝ ਮਰ'ਗੀ ਤਾਂ ਪਰਦੇਸੀ ਭਰਾ 'ਤੇ ਆ ਪਈ। ਜੇ ਭੈਣ ਦਾ ਘਰ ਡਿੱਗ ਪਿਆ ਤਾਂ ਪਰਦੇਸੀ ਭਰਾ ਥੱਲੇ ਆਇਆ। ਜੇ ਭੂਆ ਦੇ ਪੁੱਤ ਨੇ ਬਾਹਰ ਆਉਣਾ ਹੈ, ਤਾਂ ਫਿਰ ਮਾਮੇ ਦੇ ਪੁੱਤ ਦੀ ਬੈਂਕ ਨੂੰ ਡਾਕਾ ਪੈ ਗਿਆ ਸਮਝੋ।...

ਜੇ ਪਰਦੇਸੀ ਪਿਛਲੇ ਧੋਣੇ ਧੋਣ 'ਤੇ ਲੱਗਾ ਰਹਿੰਦਾ ਹੈ ਤਾਂ ਇਥੇ ਆਪਣਾ ਸਭ ਕੁਝ ਗੁਆ ਲੈਂਦਾ ਹੈ। ਜੇ ਪਿੰਡ ਪੈਸੇ ਭੇਜਣ ਤੋਂ ਹਟ ਜਾਂਦਾ ਹੈ ਤਾਂ ਪਿਛਲੇ ਕਹਿਣ ਲੱਗ ਪੈਂਦੇ ਹਨ, "ਆਹ ਜਿੰਦਣ ਦੀ ਬਿਗਾਨੀ ਧੀ ਆਈ ਐ, ਉਦਣ ਦਾ ਸਾਡਾ ਪੁੱਤ ਸਾਨੂੰ ਭੁੱਲ ਗਿਆ। ਸਾਨੂੰ ਤਾਂ ਫੋਨ ਕਰਨ ਵੀ ਨਹੀਂ ਦਿੰਦੀ। ਪੁੱਤ ਤਾਂ ਸਾਡਾ ਬਹੁਤ ਸਿਆਣਾ ਸੀ, ਪਰ ਕਲਜੋਗਣ ਨੇ ਆਪਣੇ ਮਗਰ ਲਾ ਲਿਆ।" ਇਸ ਤਰ੍ਹਾਂ ਦੀਆਂ ਵੀਹ ਗੱਲਾਂ ਕਰਦੇ, ਪਰ ਸੱਚ ਇਹ ਹੈ ਕਿ ਹਰ ਪਰਦੇਸੀ ਦੀ ਦਿਲੀ ਤਮੰਨਾ ਇਹੀ ਹੁੰਦੀ ਹੈ ਕਿ ਉਹਨੂੰ ਭਾਵੇਂ ਤਲਵਾਰਾਂ ਦੇ ਫੱਟ ਸਹਿਣੇ ਪੈ ਜਾਣ, ਉਹਦੇ ਪਰਿਵਾਰ ਨੂੰ ਕੰਡਾ ਨਾ ਲੱਗੇ!...ਪੰਜਾਬ ਵਿਚ ਸੜਕੀ ਅਤਿਵਾਦ ਦਾ ਇਕ ਕਾਰਨ ਪਰਦੇਸੀਆਂ ਦੀ ਇਹੀ ਸੋਚ ਹੈ। ਆਪ ਇਥੇ ਪੁਰਾਣੀ ਗੱਡੀ ਰੱਖੀ ਹੋਊ, ਤੇ ਪਿਛਲਿਆਂ ਨੂੰ ਨਵੀਂ ਸਫ਼ਾਰੀ ਲੈ ਕੇ ਦੇ ਦੇਣਗੇ। ਅਮਨ ਨੂੰ ਵੀ ਇਸੇ ਤਰ੍ਹਾਂ ਦੇ ਤਾਅਨੇ-ਮਿਹਣੇ ਸੁਣਨੇ ਪਏ। ਗਿੰਦਰ ਦੀ ਮਾਂ ਸ਼ਾਇਦ ਭੁੱਲ ਗਈ ਸੀ ਕਿ ਗਿੰਦਰ ਨੇ ਕਿੰਨੀ ਕੁਰਬਾਨੀ ਕੀਤੀ ਹੈ, ਪਰ ਮਾਨ ਸਿੰਘ ਦੇ ਸਾਹਾਂ ਵਿਚ ਅੱਜ ਵੀ ਗਿੰਦਰ ਦੇ ਦਿੱਤੇ ਸਾਹ ਚੱਲਦੇ ਸਨ।

ਪਿਛਲੇ ਭਰਾਵਾਂ ਨੇ ਬਾਪੂ ਦੇ ਤਰਲੇ ਪਾਏ, 'ਬਾਈ ਨੂੰ ਕਹਿ ਕੇ ਸਾਨੂੰ ਛੇਤੀ ਅਮਰੀਕਾ ਸੱਦੇ, ਇਥੇ ਤਾਂ ਕੁਝ ਬਣਦਾ ਨਹੀਂ।' ਜੋ ਬਣਿਆ, ਉਹ ਵੀ ਜਾਂਦਾ ਰਹੂ।' ਖ਼ੈਰ! ਵਕਤ ਲੰਘਦਾ ਗਿਆ। ਘਰਾਂ ਦੀਆਂ ਡਿੱਗੀਆਂ ਕੀਮਤਾਂ ਫਿਰ ਅਸਮਾਨੀਂ ਚੜ੍ਹਨ ਲੱਗੀਆਂ। ਅਮਨ ਨੇ ਗਿੰਦਰ ਨੂੰ ਸਲਾਹ ਦਿੱਤੀ ਕਿ ਆਪਾਂ ਘਰ ਵੇਚ ਦੇਈਏ। ਘਰੇ ਬੈਠਿਆਂ ਹੀ ਤਿੰਨ ਲੱਖ ਡਾਲਰ ਮਿਲਦਾ ਹੈ। ਗਿੰਦਰ ਮੰਨ ਗਿਆ ਤੇ ਉਨ੍ਹਾਂ ਘਰ ਵੇਚ ਦਿੱਤਾ, ਤੇ ਮੁੜ ਅਪਾਰਟਮੈਂਟ ਵਿਚ ਆ ਗਏ। ਗਿੰਦਰ ਦੀ ਬੇਬੇ ਤਾਂ ਲੱਗ ਪਈ ਰੋਣ, ਕਹੇ...ਤੀਵੀਂ ਮਗਰ ਲੱਗ ਕੇ ਮਹਿਲਾਂ ਵਰਗਾ ਘਰ ਵੇਚ ਦਿੱਤਾ ਤੇ ਆਹ ਝੁੱਗੀ ਜਿਹੀ ਵਿਚ ਆ ਵੜਿਆ। ਅਖੇ...ਤੇਰੇ ਡਾਲਰ ਇਹਨੇ ਪੇਕਿਆਂ ਨੂੰ ਧੱਕ ਦੇਣੇ ਆਂ। ਗਿੰਦਰ ਕਹਿੰਦਾ, "ਮਾਤਾ! ਨੂੰਹ ਜਿੰਨੀ ਮਰਜ਼ੀ ਸਿਆਣੀ ਹੋਵੇ, ਤੁਸੀਂ ਉਹਨੂੰ ਘੁੰਨੀ ਹੀ ਬਣਾਉਣਾ ਹੁੰਦਾ। ਧੀ ਹੋਵੇ ਭਾਵੇਂ ਘੁੰਨੀ, ਪਰ ਮਾਂਵਾਂ ਆਖਣਗੀਆਂ, ਧੀ ਜਿੰਨਾ ਤਾਂ ਕੋਈ ਸਿਆਣਾ ਹੀ ਨਹੀਂ। ਜੋ ਅਮਨ ਕਰਦੀ ਹੈ, ਉਹਨੂੰ ਕਰ ਲੈਣ ਦੇ।" ਤਿੰਨ ਸਾਲ ਲੰਘੇ, ਘਰਾਂ ਦੀਆਂ ਕੀਮਤਾਂ ਥੱਲੇ ਆਈਆਂ, ਤਾਂ ਅਮਨ ਨੇ ਕਿਸੇ ਹੋਰ ਸ਼ਹਿਰ ਵਿਚ ਘਰ ਲੈ ਲਿਆ ਤੇ ਗੈਸ ਸਟੇਸ਼ਨ ਵੀ ਖਰੀਦ ਲਿਆ। ਪਰਮਾਤਮਾ ਨੇ ਉਨ੍ਹਾਂ ਦੀ ਬਾਂਹ ਫੜੀ ਹੋਈ ਸੀ। ਸਾਫ ਦਿਲ ਅਤੇ ਸਿੱਧੀਆਂ ਨੀਤਾਂ ਨੂੰ ਮੁਰਾਦਾਂ ਮਿਲਦੀਆਂ ਹਨ। ਗਿੰਦਰ ਨੂੰ ਪਰਮਾਤਮਾ ਨੇ ਫਿਰ ਪੁੱਤਰ ਦੀ ਦਾਤ ਬਖ਼ਸ਼ੀ।

ਦੂਜੇ ਪਾਸੇ ਸ਼ਿੰਦੇ ਅਤੇ ਪਾਲੀ ਦੇ ਪੇਪਰ ਵੀ ਨਿਕਲ ਆਏ। ਪਹਿਲਾਂ ਦੋਵੇਂ ਭਰਾ ਆ ਗਏ। ਉਨ੍ਹਾਂ ਨੂੰ ਨਾਲ ਰੱਖ ਕੇ ਕਾਰ ਦਾ ਲਾਇਸੈਂਸ ਦਿਵਾਇਆ। ਫਿਰ ਟਰੱਕ ਦਾ ਲਾਇਸੈਂਸ ਦਿਵਾ ਕੇ ਕੰਮ 'ਤੇ ਤੋਰਿਆ, ਫਿਰ ਵੱਖਰੀ ਅਪਾਰਟਮੈਂਟ ਲੈ ਕੇ ਦਿੱਤੀ, ਤੇ ਸਾਰਾ ਫਰਨੀਚਰ ਵੀ। ਸਾਲ ਬਾਅਦ ਦੋਵੇਂ ਭੈਣਾਂ ਵਾਰੋ-ਵਾਰੀ ਆ ਗਈਆਂ। ਫਿਰ ਉਨ੍ਹਾਂ ਦੀ ਬੁਣਤੀ ਨਵੇਂ ਸਿਰਿਉਂ ਧਰ ਕੇ ਪੂਰੀ ਕੀਤੀ। ਗਿੰਦਰ ਦੀ ਬੇਬੇ ਕਹੇ, ਇਨ੍ਹਾਂ ਨੂੰ ਘਰ ਕਿਉਂ ਨਹੀਂ ਖਰੀਦ ਕੇ ਦਿੰਦਾ, ਝੁੱਗੀਆਂ ਵਿਚ ਵਾੜੀ ਜਾਂਦਾ ਹੈ। ਇਕ ਦਿਨ ਮਾਨ ਸਿੰਘ ਕਹਿੰਦਾ, "ਗਿੰਦਰ ਦੀ ਬੇਬੇ, ਰੱਬ ਤੋਂ ਡਰੀਦਾ ਹੁੰਦਾ। ਉਹ ਵਕਤ ਯਾਦ ਕਰ, ਜਦੋਂ ਮੱਝਾਂ ਦੇ ਪਿਛਵਾੜੇ ਤੇਰੀ ਪਤੀਲੀ ਰੱਖੀ ਹੁੰਦੀ ਸੀ। ਪੁੱਤ ਤੇਰੇ ਤੂੜੀ ਵਾਲੇ ਅੰਦਰ ਸੌਂਦੇ ਹੁੰਦੇ ਸਨ, ਤੇ ਧੀਆਂ ਦੋਵੇਂ ਪੜਛੱਤੀ 'ਤੇ।" ਬੇਬੇ ਨੂੰ ਸੱਚੀਆਂ ਸੁਣ ਕੇ ਸਭ ਕੁਝ ਯਾਦ ਆ ਗਿਆ।

ਸ਼ਿੰਦੇ ਤੇ ਪਾਲੀ ਨੇ ਟਰੱਕਾਂ 'ਤੇ ਬੜੀ ਮਿਹਨਤ ਕੀਤੀ। ਆਪਣੇ ਘਰ ਬਣਾ ਲਏ। ਗਿੰਦਰ ਦੀਆਂ ਭੈਣਾਂ ਵੀ ਆਪੋ-ਆਪਣੀ ਥਾਂ ਵਧੀਆ ਰਹਿ ਰਹੀਆਂ ਸਨ। ਮਾਨ ਸਿੰਘ ਤੇ ਗਿੰਦਰ ਕਦੇ-ਕਦੇ ਪਿਆਲਾ ਸਾਂਝਾ ਕਰਦੇ। ਪਿਛਲੀਆਂ ਯਾਦਾਂ ਵਿਚੋਂ ਇਕੱਠੇ ਲੰਘਦੇ। ਹੁਣ ਗਿੰਦਰ ਕਹਿੰਦਾ ਸੀ ਕਿ ਨੇਕ ਦੇ ਮੁੰਡੇ ਨੂੰ ਇਥੇ ਸੱਦਣਾ ਹੈ। ਆਪਣੀ ਬਚਪਨ ਦੀ ਯਾਰੀ ਤੋੜਨੀ ਨਹੀਂ, ਅੱਗੇ ਤੋਰਨੀ ਹੈ। ਯਾਰ ਤੁਰ ਗਿਆ ਤਾਂ ਕੀ ਹੋਇਆ! ਉਹਦਾ ਪੁੱਤ ਵੀ ਮੇਰਾ ਪੁੱਤ ਹੈ। ਬਾਪੂ ਗਿੰਦਰ ਨੂੰ ਦਲੇਰੀ ਦਿੰਦਾ। ਅਮਨ ਨੇ ਬੇਬੇ ਬਾਪੂ ਨੂੰ ਪੈਨਸ਼ਨ ਲਵਾ ਦਿੱਤੀ। ਸ਼ਿੰਦਾ ਕਹੇ, ਬੇਬੇ-ਬਾਪੂ ਮੈਂ ਸਾਂਭਣੇ ਹਨ। ਪਾਲੀ ਕਹੇ, ਬੇਬੇ-ਬਾਪੂ ਮੇਰੇ ਹਨ। ਭੈਣਾਂ ਕਹਿੰਦੀਆਂ, ਸਾਨੂੰ ਮਾਂ-ਬਾਪ ਸਿੱਟੇ ਹੋਏ ਨੇ, ਸਾਡੇ ਨਾਲ ਰਹਿ ਪੈਣ। ਬੇਬੇ ਕਹਿੰਦੀ, ਪਾਲੀ ਨਾਲ ਜਾਣਾ ਹੈ। ਬਾਪੂ ਕਹਿੰਦਾ, ਉਹਨੇ ਗਿੰਦਰ ਨਾਲ ਹੀ ਰਹਿਣਾ ਹੈ...ਜਿਸ ਦੀ ਬਦੌਲਤ ਸਾਰਾ ਟੱਬਰ ਨਰਕ ਵਿਚੋਂ ਨਿਕਲ ਕੇ ਆਇਆ ਹੈ...।

ਇਕ ਦਿਨ ਦੋਵੇਂ ਛੋਟੇ ਭਰਾ ਪਿਛਲੀ ਜ਼ਮੀਨ ਦੇ ਮਾਮਲੇ ਨੂੰ ਲੈ ਕੇ ਗਿੰਦਰ ਨਾਲ ਲੜਨ ਲੱਗ ਪਏ। ਮਾਨ ਸਿੰਘ ਕਹਿੰਦਾ, "ਗੱਲ ਸੁਣੋ ਓਏ ਵੱਡਿਓ ਸਿਆਣਿਓ! ਇਸ ਬੰਦੇ ਦੇ ਪੈਰ ਧੋ ਕੇ ਪੀਵੋ। ਦੇਸ ਕੌਮ ਲਈ ਮਰਨ ਵਾਲਾ ਇਕ ਦਿਨ ਮਰ ਕੇ ਕੁਰਬਾਨੀ ਕਰ ਜਾਂਦਾ ਹੈ, ਇਹ ਬੰਦਾ ਸਾਡੇ ਲਈ ਨਿੱਤ ਦਿਨ ਮਰਦਾ ਰਿਹਾ, ਨਿੱਤ ਨਵੀਂ ਕੁਰਬਾਨੀ ਕਰਦਾ ਰਿਹਾ। ਤੁਸੀਂ ਭੁੱਲ ਗਏ ਉਹ ਦਿਨ, ਜਦੋਂ ਤੁਹਾਨੂੰ ਕੋਈ ਮੰਗਿਆਂ ਖੇਤੀ ਦਾ ਸੰਦ ਨਹੀਂ ਸੀ ਦਿੰਦਾ। ਤੁਹਾਨੂੰ ਰਿਸ਼ਤੇ ਤਾਂ ਕੀ, ਕਿਸੇ ਨੇ ਬੱਕਰੀ ਦੀ ਸੰਗਲੀ ਨਹੀਂ ਸੀ ਫੜਾਉਣੀ। ਅੱਜ ਤੁਸੀਂ ਅਮਰੀਕਾ ਵਾਲੇ ਬਣੇ ਬੈਠੇ ਹੋ। ਜੇ ਅਮਨ ਤੁਹਾਡੇ ਪੇਪਰ ਨਾ ਭਰਾਉਂਦੀ, ਤਾਂ ਤੁਸੀਂ ਪਿੰਡ ਹੀ ਮਰਨਾ ਸੀ।" ਮਾਨ ਸਿੰਘ ਦੀ ਖਰੀਆਂ-ਖਰੀਆਂ ਸੁਣ ਕੇ ਦੋਵੇਂ ਪੈਰੀਂ ਡਿੱਗ ਪਏ। ਮਾਨ ਸਿੰਘ ਗਿੰਦਰ ਨੂੰ ਕਹਿੰਦਾ, "ਪੁੱਤ ਪਰਦੇਸੀ ਦੇ ਹਿੱਸੇ ਆਹੀ ਕੁਝ ਹੈ।"

## ਬਲਬੀਰ ਸਿੰਘ

*(ਪਿਛਲੇ ਸਫੇ ਦੀ ਬਾਕੀ)*

ਸਥਿਤੀ ਇਹ ਬਣ ਗਈ ਕਿ ਵਿਸ਼ਵ ਦੇ ਅੱਵਲ ਨੰਬਰ ਹਾਕੀ ਖਿਡਾਰੀ ਨੂੰ ਕਿਸੇ ਹੋਰ ਹਾਕੀ ਖਿਡਾਰੀ ਦੇ ਨਾਮ ਨਾਲ ਜੋੜਿਆ ਅਵਾਰਡ ਲੈਣਾ ਪਿਆ।

ਬਲਬੀਰ ਸਿੰਘ ਨੇ ਹਾਕੀ ਇੰਡੀਆ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਨੂੰ ਲੰਡਨ ਹੋਈਆਂ ਓਲੰਪਿਕ ਖੇਡਾਂ-2012 ਸਮੇਂ ਇਸ ਕਰ ਕੇ ਖੁਸ਼ੀ ਹੋਈ ਸੀ ਕਿ ਕੌਮਾਂਤਰੀ ਓਲੰਪਿਕ ਕਮੇਟੀ ਨੇ ਇਕ ਭਾਰਤੀ ਹਾਕੀ ਖਿਡਾਰੀ ਨੂੰ ਓਲੰਪਿਕ ਆਈਕੋਨ ਚੁਣਿਆ। ਅੱਜ ਖੁਸ਼ੀ ਹੈ ਕਿ ਮੇਰੇ ਦੇਸ਼ ਦੀ ਹਾਕੀ ਸੰਸਥਾ ਨੇ ਮੈਨੂੰ ਸਨਮਾਨਿਤ ਕੀਤਾ।

ਹਾਕੀ ਇੰਡੀਆ ਨੇ ਤਾਂ ਬਲਬੀਰ ਸਿੰਘ ਨੂੰ ਅਵਾਰਡ ਦੇ ਹੀ ਦਿੱਤਾ ਹੈ। ਵੇਖਦੇ ਹਾਂ, ਭਾਰਤ ਸਰਕਾਰ ਭਾਰਤ ਦੇ ਓਲੰਪਿਕ ਰਤਨ ਨੂੰ 'ਭਾਰਤ ਰਤਨ' ਨਾਲ ਕਦੋਂ ਸਨਮਾਨਿਤ ਕਰਦੀ ਹੈ? 'ਗੋਲਡਨ ਗੋਲ' ਬਾਰੇ ਬਲਬੀਰ ਸਿੰਘ ਕਹਿੰਦਾ ਹੈ, "ਮੈਚ ਬਰਾਬਰ ਰਹਿ ਜਾਣ ਪਿੱਛੋਂ ਐਕਸਟਰਾ ਟਾਈਮ ਦਿੱਤਾ ਜਾਂਦਾ ਹੈ। ਐਕਸਟਰਾ ਟਾਈਮ ਵਿਚ ਵੀ ਮੈਚ ਬਰਾਬਰ ਰਹੇ ਤਾਂ ਗੋਲਡਨ ਗੋਲ ਦਾ ਸਮਾਂ ਹੁੰਦਾ ਹੈ। ਮੈਂ ਵੀ ਹੁਣ ਗੋਲਡਨ ਗੋਲ ਦੇ ਦੌਰ ਵਿਚ ਹਾਂ। ਖੇਡ ਹੁਣ ਉਪਰਲੇ ਨਾਲ ਹੈ। ਜਦੋਂ ਗੋਲਡਨ ਗੋਲ ਹੋ ਗਿਆ ਤਾਂ ਖੇਡ ਖ਼ਤਮ ਹੋ ਜਾਵੇਗੀ।"

ਸੁਆਲ ਹੈ, "ਕੀ ਭਾਰਤ ਸਰਕਾਰ ਖੇਡ ਖ਼ਤਮ ਹੋਣ ਪਿੱਛੋਂ ਜਾਗੇਗੀ?"

# ਮੁਹੰਮਦ ਸਦੀਕ ਨੂੰ ਮੈਂ ਤਾਂ ਇੱਦਾਂ ਜਾਣਦਾਂ...

*(ਸਫਾ 25 ਦੀ ਬਾਕੀ)*

ਮਿਲਾਈ। ਸਦੀਕ ਤਾਂ ਪਤਾ ਨਹੀਂ ਕੀ ਮਹਿਸੂਸ ਕਰਦਾ ਸੀ, ਪਰ ਮੈਂ ਦਾਰੂ ਪੀਤੀ, ਤੇ ਰੋਟੀ ਖਾਧੇ ਬਿਨਾਂ ਹੀ, ਦੁਖੀ ਘਰ ਪਰਤਿਆ। ਮੇਰੇ ਨਾਲ ਦੇ ਮਿੱਤਰਾਂ ਨੇ ਕਈ ਵਾਰ ਪੁੱਛਿਆ, "ਸਦੀਕ ਤਾਂ ਹਰ ਸਟੇਜ 'ਤੇ ਤੇਰਾ ਵੱਡੇ ਪੱਤਰਕਾਰ ਵਜੋਂ ਨਾਂ ਲੈਂਦਾ ਹੁੰਦਾ ਸੀ, ਅੱਜ ਕੀ ਹੋਇਆ?" ਮੈਂ ਕਿਹਾ, "ਸਵਰਨਾ ਰਾਮ ਤੋਂ ਸੈਂਸਰ ਬੋਰਡ ਤਾਂ ਬਣਿਆ ਨਹੀਂ, ਪਰ ਆਹ ਚੰਦ ਜ਼ਰੂਰ ਚੜ੍ਹ ਗਿਆ।"

ਸਾਲ 2012 ਵਿਚ ਜਦੋਂ ਉਹ ਭਦੌੜ ਤੋਂ ਚੋਣ ਲੜਨ ਲਈ ਨਿਤਰਿਆ ਤਾਂ ਮੈਂ ਰੇਡੀਓ ਚੜ੍ਹਦੀ ਕਲਾ 'ਤੇ ਕੰਮ ਕਰਦਾ ਸੀ। ਕੁਝ ਸਰੋਤਿਆਂ ਨੇ ਵਾਰ-ਵਾਰ ਸਦੀਕ ਨਾਲ ਗੱਲ ਕਰਵਾਉਣ ਲਈ ਆਖਿਆ। ਮੈਂ ਇਸੇ ਮੁਲਾਕਾਤ ਦੀ ਇੱਛਾ ਨਾਲ ਫੋਨ ਕੀਤਾ, ਤਾਂ ਉਹ ਇੱਦਾਂ ਗੱਲ ਕਰੇ, ਜਿਵੇਂ ਕਦੇ ਕੁਝ ਹੋਇਆ ਹੀ ਨਾ ਹੋਵੇ। ਚੋਣ ਪ੍ਰਚਾਰ ਵਾਂਗ ਫਿਰ ਮੈਂ ਉਹਦੇ ਹੱਕ ਵਿਚ ਕਈ ਮੁਲਾਕਾਤਾਂ ਵੀ ਕੀਤੀਆਂ। ਐਮ.ਐਲ.ਏ. ਬਣ ਕੇ ਜਦੋਂ ਉਹ ਅਮਰੀਕਾ ਆਇਆ, ਤਾਂ ਮੈਂ ਉਹਦੇ ਫਰਿਜ਼ਨੋ ਵਸਦੇ ਭਣੋਈਏ ਸ਼ੌਕਤ ਅਲੀ ਨੂੰ ਫੋਨ ਕੀਤਾ। ਸਦੀਕ ਕਹਿਣ ਲੱਗਾ, "ਹਾਂ ਅਸ਼ੋਕ, ਗੁਰਦਾਸ ਤੋਂ ਪਤਾ ਲੱਗਾ ਸੀ ਕਿ ਤੂੰ ਕਾਫੀ ਬਿਮਾਰ ਰਿਹੈਂ, ਤੇਰੀ ਖ਼ਬਰ ਨੂੰ ਆਵਾਂਗਾ।" ਫਿਰ ਉਹ ਖੁਦ ਜਦੋਂ ਰੇਡੀਓ ਦੇ ਸਟੂਡੀਓ ਆਇਆ, ਤਾਂ ਮੈਂ ਇਕ ਸਵਾਲ ਪੁੱਛਿਆ, "ਵਿਧਾਨ ਸਭਾ ਵਿਚ ਤੈਥੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਗੀਤ ਸੁਣਨ ਦੇ ਬਹਾਨੇ ਤੇਰੀ ਕਾਫੀ ਹੇਠੀ ਕੀਤੀ?" ਸਵਾਲ ਤਾਂ ਮੈਂ ਉਹਦੇ ਨਾਲ ਹਮਦਰਦੀ ਤੇ ਬਾਦਲ ਸਾਹਿਬ ਦੇ ਵਿਰੁਧ ਕੀਤਾ ਸੀ, ਪਰ ਉਹ ਹੱਸ ਪਿਆ, "ਬਜ਼ੁਰਗ ਸਿਆਸਤਦਾਨ ਹੈ, ਫਿਰ ਮੈਂ ਉਹਦੀ ਕਦਰ ਕਰਦਾ ਹਾਂ, ਭਾਵੇਂ ਉਹਨੇ ਜੋ ਕੀਤਾ ਸੀ, ਉਹ ਮੇਰੀ ਆਤਮਾ ਨੂੰ ਗੋਲ ਗੰਢ ਦੇ ਗਿਆ ਸੀ।"

ਸਾਲ 2005 ਵਿਚ ਲੰਡਨ ਈਸਟਹੋਮ ਵਿਚ ਪ੍ਰੋਗਰਾਮ ਸੀ। ਪ੍ਰੋਗਰਾਮ ਵਿਚ ਸੁਰਿੰਦਰ ਸ਼ਿੰਦਾ ਵੀ ਸੀ ਤੇ ਸਦੀਕ, ਸੁਖਜੀਤ ਕੌਰ ਵੀ। ਰੱਬ ਦੀ ਮਰਜ਼ੀ, ਪਤਾ ਨਹੀਂ ਪ੍ਰਬੰਧਕਾਂ ਨੇ ਜਾਣ ਕੇ ਕੀਤਾ ਸੀ ਜਾਂ ਇਤਫਾਕ ਕਿ ਤੀਹ ਸਾਲ ਨਾਲ ਗਾਉਣ ਵਾਲੀ ਰਣਜੀਤ ਕੌਰ ਗਲਾ ਖਰਾਬ ਹੋਣ ਦੀ ਸਜ਼ਾ ਭੁਗਤਦੀ ਅੱਖੀਂ ਦੇਖੀ ਸੀ। ਉਹਨੇ ਜਦੋਂ 'ਖਾਲੀ ਘੋੜੀ ਹਿਣਕਦੀ, ਉਤੇ ਨੀਂ ਦੀਂਹਦਾ ਵੀਰ' ਇਕੱਲੀ ਨੇ ਗਾਇਆ, ਤਾਂ ਹੌਲ ਮੇਰੇ ਵੀ ਪੈ ਗਿਆ। ਉਹਨੂੰ ਮੈਂ ਡਰੈਸਿੰਗ ਰੂਮ ਵਿਚ ਪੁੱਛਿਆ, "ਅੱਜ ਕਿਵੇਂ ਲਗਦੈ ਇਹ ਹਾਲਾਤ ਵੇਖ ਕੇ?" ਉਹਨੇ ਅੱਖਾਂ ਭਰ ਲਈਆਂ ਤੇ ਬੋਲੀ, "ਅਸ਼ੋਕ, ਚਲੋ ਭਾਜੀ ਦੀ ਮਰਜ਼ੀ।"

ਪਿਛਲੇ ਸਾਲ (2014 ਵਿਚ) ਉਹ ਮੇਰੇ ਸਹੁਰਿਆਂ ਦੇ ਘਰ ਮਖਸੂਸਪੁਰ ਆਈ ਤਾਂ ਦੁਖਦੀ ਰਗ ਜਿਵੇਂ ਮੈਥੋਂ ਫਿਰ ਛੇੜ ਹੋ ਗਈ ਹੋਵੇ! ਆਖਣ ਲੱਗੀ, "ਅਸ਼ੋਕ, ਮੈਂ ਤਾਂ ਇਕ ਪ੍ਰੋਗਰਾਮ ਫੜ ਲਿਆ ਸੀ, ਪਰ ਭਾਜੀ ਕਹਿੰਦੇ...ਨਹੀਂ, ਹੁਣ ਤੂੰ ਆਪ ਹੀ ਕਰ ਲਵੀਂ। ਪਤਾ ਨਹੀਂ ਭਾਜੀ ਨੂੰ ਕੀ ਹੋ ਗਿਆ ਸੀ?" ਫਿਰ ਉਹ ਗਲੇ 'ਤੇ ਹੱਥ ਰੱਖ ਕੇ ਕਹਿਣ ਲੱਗੀ, "ਆਹ ਚੰਦਰਾ ਸਾਥ ਜੂ ਛੱਡ ਗਿਐ।"

ਕੁਝ ਵੀ ਹੋਵੇ, ਹੁਣ ਅਸੀਂ ਹੱਥ ਵੀ ਘੁੱਟ ਕੇ ਮਿਲਾਉਂਦੇ ਹਾਂ, ਤੇ ਜੱਫੀ ਵੀ ਘੁੱਟ ਕੇ ਪਾਉਂਦੇ ਹਾਂ, ਉਨ੍ਹਾਂ ਪੌੜੀਆਂ 'ਤੇ ਫਿਰ ਇਕੱਠੇ ਪੈਰ ਰੱਖੀਦੇ ਨੇ, ਜਿਹੜੀਆਂ ਮੁਹੱਬਤ ਦੀ ਪਹਾੜੀ 'ਤੇ ਬਣੇ ਮੰਦਰ ਵੱਲ ਜਾਂਦੀਆਂ ਹਨ। ਹੁਣ ਜਦੋਂ ਰਣਜੀਤ ਨਾਲ ਗੱਲਾਂ ਕਰੀਦੀਆਂ ਨੇ ਤਾਂ ਉਹ ਇਹ ਆਖਦੀ ਹੈ, "ਭਾਜੀ ਕਿਸੇ ਨਾਲ ਮੈਨੂੰ ਗੱਲ ਹੀ ਨਹੀਂ ਸਨ ਕਰਨ ਦਿੰਦੇ।"

ਖ਼ੈਰ! ਉਹ ਦੋਵੇਂ ਭਾਵੇਂ ਅਲੱਗ ਹੋਣ, ਪਰ ਮੇਰੇ ਨੇੜੇ ਜ਼ਰੂਰ ਹਨ। ਮੁਹੰਮਦ ਸਦੀਕ ਤੇ ਰਣਜੀਤ ਕੌਰ ਨੂੰ ਕਦੇ ਵੀ ਪੰਜਾਬੀ ਗਾਇਕੀ ਵਿਚ ਮਨਫੀ ਨਹੀਂ ਕੀਤਾ ਜਾ ਸਕੇਗਾ; ਖਾਸ ਤੌਰ 'ਤੇ ਉਦੋਂ ਤੱਕ, ਜਦੋਂ ਤੱਕ ਦੋ-ਗਾਣਾ ਰੰਗ ਉਘੜਦਾ ਰਹੇਗਾ। ਭਲੇ ਵੇਲਿਆਂ ਵਿਚ ਇਸ ਜੋੜੀ ਦੇ ਤਵੇ ਬਲੈਕ ਵਿਚ ਵਿਕਦੇ ਹੁੰਦੇ ਸਨ। ਹੁਣ ਵੀ ਸਦੀਕ ਤੀਹ-ਪੈਂਤੀ-ਪੰਜਾਹ ਹਜ਼ਾਰ ਨੂੰ ਪ੍ਰੋਗਰਾਮ ਕਰੀ ਜਾਂਦਾ ਹੈ। 1995 ਵਿਚ ਉਹਨੂੰ ਮੈਂ ਆਪਣੇ ਪਿੰਡ ਇਕ ਵਿਆਹ 'ਤੇ ਬੁਲਾਇਆ। ਤੁਰਨ ਲੱਗੇ ਨੂੰ ਪੈਸਿਆਂ ਬਾਰੇ ਪੁੱਛਿਆ ਤਾਂ ਉਤਰ ਦੇਖੋ, "ਅਸ਼ੋਕ ਲਈਦਾ ਤਾਂ ਹੁਣ 'ਟੈਂਨ ਪਲੱਸ ਟੂ' ਐ, ਤੂੰ ਜੋ ਦੇਣਾ ਦੇ ਦੇ।"

ਇਹ ਜੋੜੀ ਸੱਚੀਂ ਲੋਕਾਂ ਦੀ ਗਾਇਕ ਜੋੜੀ ਇਸ ਕਰ ਕੇ ਰਹੀ ਹੈ ਕਿਉਂਕਿ ਇਸ ਜੋੜੀ ਨੂੰ ਗਰੀਬ ਤੇ ਅਮੀਰ- ਦੋਵੇਂ ਬੁਲਾ ਸਕਦੇ ਸਨ। ਸਦੀਕ ਦੀ ਗੱਲ ਕਰ ਕੇ ਮੈਂ ਇਸ ਕਰ ਕੇ ਖੁਸ਼ ਹੋ ਜਾਂਦਾ ਹਾਂ ਕਿ ਸਾਡੀਆਂ ਟੁੱਟੀਆਂ ਵੀ ਗੰਢੀਆਂ ਗਈਆਂ ਹਨ, ਉਹ ਸਰੀਰਕ ਪੱਖੋਂ ਉਹੋ ਜਿਹਾ ਹੀ ਹੈ ਤੇ ਹੁਣ ਐਮ.ਐਲ.ਏ. ਵੀ ਹੈ। ਉਹਨੂੰ ਦਾਰੂ ਪੀਂਦੇ ਨੂੰ ਨੱਚਣ ਦਾ ਖਰੂਦ ਕਰਦਿਆਂ ਖੰਨੇ ਸਰਦੂਲ ਸਿਕੰਦਰ ਦੇ ਮੁੰਡੇ ਦੀ ਲੋਹੜੀ 'ਤੇ ਵੇਖਿਆ ਸੀ। ਗਾਇਕੀ ਦੇ ਇਤਿਹਾਸ ਵਿਚ ਸਦੀਕ ਦੀ ਗੱਲ ਮੁਕਾਉਣ ਨੂੰ ਜੀਅ ਨਹੀਂ ਕਰਦਾ ਕਿਉਂਕਿ ਕੋਇਲ ਦੇ ਕੌੜਾ ਬੋਲਣ ਦਾ ਸ਼ੱਕ ਕੀਤਾ ਹੀ ਨਹੀਂ ਜਾ ਸਕਦਾ।

# ਆਮਿਰ ਆਮਿਰ ਹੈ ਬਈ...



ਹਿੰਦੀ ਫਿਲਮ ਜਗਤ ਵਿਚ ਆਪਣੀ ਨਿਵੇਕਲੀ ਅਤੇ ਜ਼ੋਰਦਾਰ ਪੈਂਠ ਬਣਾਉਣ ਵਾਲਾ ਅਦਾਕਾਰ ਆਮਿਰ ਖ਼ਾਨ ਹੁਣ ਆਪਣੀ ਨਵੀਂ ਫਿਲਮ 'ਦੰਗਲ' ਦੇ ਨਿਰਮਾਣ ਵਿਚ ਰੁੱਝਿਆ ਹੋਇਆ ਹੈ। ਇਹ ਫਿਲਮ ਅਗਲੇ ਸਾਲ (2016) ਕ੍ਰਿਸਮਸ ਮੌਕੇ ਰਿਲੀਜ਼ ਕੀਤੀ ਜਾ ਰਹੀ ਹੈ। ਇਸ ਫਿਲਮ ਦੀ ਕਹਾਣੀ ਇਕ ਅਜਿਹੇ ਪਹਿਲਵਾਨ ਦੀ ਕਹਾਣੀ ਹੈ ਜੋ ਵਿਰੋਧੀ ਹਾਲਾਤ ਦੇ ਬਾਵਜੂਦ ਆਪਣਾ ਕੰਮ ਜਾਰੀ ਰੱਖਦਾ ਹੈ ਅਤੇ ਕੁੜੀਆਂ ਨੂੰ ਭਲਵਾਨੀ ਦੇ ਗੁਰ ਸਿਖਾ ਕੇ ਤਮਗੇ ਜਿੱਤਣ ਜੋਗੀਆਂ ਬਣਾਉਂਦਾ ਹੈ। ਇਸ ਸ਼ੁਭ ਕਾਰਜ ਲਈ ਉਹ ਸਾਰੇ ਸਮਾਜ ਨਾਲ ਟਕਰਾਅ ਜਾਂਦਾ ਹੈ।

'ਦੰਗਲ' ਦੀ ਕਹਾਣੀ ਦਾ ਨਾਇਕ ਅਸਲੀ ਜ਼ਿੰਦਗੀ ਵਿਚ ਵਿਚਰ ਰਿਹਾ ਹਰਿਆਣੇ ਦਾ ਪਹਿਲਵਾਨ ਮਹਾਂਵੀਰ ਸਿੰਘ ਫੋਗਟ ਹੈ ਜਿਸ ਨੇ ਆਪਣੇ ਭਾਈਚਾਰਕ ਅਤੇ ਸਮਾਜਕ ਵਿਰੋਧ ਦੇ ਬਾਵਜੂਦ ਆਪਣੀਆਂ ਧੀਆਂ ਨੂੰ ਭਲਵਾਨ ਬਣਾਇਆ। ਅਸਲ ਵਿਚ ਆਮਿਰ ਖਾਨ ਜਦੋਂ ਆਪਣਾ ਚਰਚਿਤ ਸ਼ੋਅ 'ਸਤਿਆਮੇਵ ਜਯਤੇ' ਕਰ ਰਿਹਾ ਸੀ ਤਾਂ

**ਕੀਰਤ ਕਾਸ਼ਣੀ**

ਕੁੜੀਆਂ ਨਾਲ ਸਬੰਧਤ ਇਕ ਕੜੀ ਵਿਚ ਮਹਾਂਵੀਰ ਸਿੰਘ ਫੋਗਟ ਦੀਆਂ ਧੀਆਂ ਗੀਤਾ ਫੋਗਟ ਅਤੇ ਬਬੀਤਾ ਫੋਗਟ ਵੀ ਸ਼ੋਅ ਵਿਚ ਸ਼ਾਮਲ ਹੋਈਆਂ ਸਨ। ਆਮਿਰ ਖਾਨ ਇਨ੍ਹਾਂ ਕੁੜੀਆਂ ਦੀ ਦਲੇਰੀ ਅਤੇ ਮਹਾਂਵੀਰ ਸਿੰਘ ਫੋਗਟ ਦੀ ਦ੍ਰਿੜਤਾ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ। ਫਿਰ ਜਦੋਂ ਫਿਲਮਸਾਜ਼ ਨਿਤੇਸ਼ ਤਿਵਾੜੀ ਨੇ ਉਹਨੂੰ ਇਸ ਕਹਾਣੀ ਉਤੇ ਆਧਾਰਤ ਪਟਕਥਾ ਸੁਣਾਈ ਤਾਂ ਆਮਿਰ ਨੇ ਫਿਲਮ ਬਣਾਉਣ ਲਈ ਝੱਟ 'ਹਾਂ' ਕਰ ਦਿੱਤੀ। ਇਸ ਫਿਲਮ ਖਾਤਰ ਉਹਨੇ ਆਪਣਾ ਭਾਰ 22 ਕਿਲੋ ਹੋਰ ਵਧਾ ਕੇ 90 ਕਿਲੋ ਕਰ ਲਿਆ ਹੈ। ਉਹ ਚਾਹੁੰਦਾ ਹੈ ਕਿ ਫਿਲਮ ਵਿਚ ਉਸ ਦੀ ਦਿੱਖ ਭਲਵਾਨ ਫੋਗਟ ਵਰਗੀ ਦਿਸੇ। ਨਿਤੇਸ਼ ਤਿਵਾੜੀ ਇਸ ਤੋਂ ਪਹਿਲਾਂ 'ਚਿਲਰ ਪਾਰਟੀ', 'ਭੂਤਨਾਥ ਰਿਟਰਨਜ਼' ਵਰਗੀਆਂ ਫਿਲਮਾਂ ਬਣਾ ਚੁੱਕਾ ਹੈ ਅਤੇ ਇਨ੍ਹਾਂ ਫਿਲਮਾਂ ਦੀ ਖੂਬ ਚਰਚਾ ਵੀ ਹੋਈ ਸੀ ਤੇ ਇਨ੍ਹਾਂ ਫਿਲਮਾਂ ਨੇ ਚੋਖੀ ਕਮਾਈ ਕੀਤੀ ਸੀ।

ਭਾਰ ਵਧਾਉਣ ਬਾਰੇ ਪੁੱਛਣ 'ਤੇ ਆਮਿਰ ਖਾਨ ਕਹਿੰਦਾ ਹੈ ਕਿ ਅਜਿਹਾ ਕਰਨਾ ਸਿਹਤ ਨਾਲ ਖਿਲਵਾੜ ਕਰਨਾ ਤਾਂ ਹੈ, ਪਰ ਉਹ ਚਾਹੁੰਦਾ ਹੈ ਕਿ ਫਿਲਮ ਦਾ ਕਿਰਦਾਰ, ਅਸਲ ਕਿਰਦਾਰ ਦੇ ਨੇੜੇ-ਤੇੜੇ ਜ਼ਰੂਰ ਲੱਗੇ। ਯਾਦ ਰਹੇ, ਆਮਿਰ ਆਪਣੀ ਪਹਿਲੀਆਂ ਫਿਲਮਾਂ ਵਿਚ ਵੀ ਅਜਿਹਾ ਹੀ ਖਬਤ ਪਾਲ ਚੁੱਕਾ ਹੈ ਅਤੇ ਇਸ ਖਬਤ ਕਰ ਕੇ ਹੀ ਸਾਰੀ ਫਿਲਮ ਸਨਅਤ ਉਹਨੂੰ ਮੰਨਦੀ ਹੈ।



*ਅਦਾਕਾਰ ਆਮਿਰ ਖਾਨ ਆਪਣੀ ਪਤਨੀ ਕਿਰਨ ਰਾਓ ਨਾਲ।*

# ਅੰਦਾਜ਼-ਏ-ਮਧੂਬਾਲਾ...

***14 ਫਰਵਰੀ 1933 ਨੂੰ ਦਿੱਲੀ ਵਿਚ ਜਨਮੀ ਮਧੂਬਾਲਾ ਦਾ ਅਸਲ ਨਾਂ ਮੁਮਤਾਜ ਜਹਾਂ ਸੀ। ਉਸ ਦੀਆਂ ਪਹਿਲੀਆਂ 7 ਫਿਲਮਾਂ ਮੁਮਤਾਜ ਦੇ ਨਾਂ ਹੇਠ ਹੀ ਆਈਆਂ ਸਨ। ਇਨ੍ਹਾਂ ਵਿਚੋਂ ਪਹਿਲੀਆਂ ਪੰਜ ਫਿਲਮਾਂ ਵਿਚ ਉਹਨੇ ਬਾਲ ਕਲਾਕਾਰ ਵਜੋਂ ਕਿਰਦਾਰ ਨਿਭਾਏ ਅਤੇ 7ਵੀਂ ਫਿਲਮ 'ਨੀਲ ਕਮਲ' ਵਿਚ ਉਹ ਬਤੌਰ ਹੀਰੋਇਨ ਨਜ਼ਰ ਆਈ। ਉਸ ਵੇਲੇ ਉਸ ਦੀ ਉਮਰ ਮਹਿਜ਼ 14 ਵਰ੍ਹੇ ਸੀ। ਇਹ ਫਿਲਮ ਬਹੁਤੀ ਸਫ਼ਲ ਨਾ ਹੋਈ ਅਤੇ ਬਾਅਦ ਵਿਚ ਉਹ ਮੁਮਤਾਜ ਤੋਂ ਮਧੂਬਾਲਾ ਹੋ ਗਈ।***

ਅਦਾਕਾਰਾ ਮਧੂਬਾਲਾ ਦੀਆਂ ਇਹ 'ਬਲੈਕ ਐਂਡ ਵ੍ਹਾਈਟ ਤਸਵੀਰਾਂ 'ਲਾਈਫ਼' ਮੈਗਜ਼ੀਨ ਨੇ ਉਚੇਚੇ ਤੌਰ 'ਤੇ ਖਿੱਚੀਆਂ ਹਨ। ਇਨ੍ਹਾਂ ਤਸਵੀਰਾਂ ਵਿਚ ਮਧੂਬਾਲਾ ਦੀ ਖੂਬਸੂਰਤੀ, ਸੁਹਜ ਅਤੇ ਸਹਿਜ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਮਧੂਬਾਲਾ ਨੇ ਆਪਣਾ ਫਿਲਮੀ ਕਰੀਅਰ ਬਾਲ ਕਲਾਕਾਰ ਵਜੋਂ ਅਰੰਭ ਕੀਤਾ ਸੀ। 1933 ਵਿਚ ਜਨਮੀ ਮਧੂਬਾਲਾ ਦੀ ਪਹਿਲੀ ਫਿਲਮ 'ਬਸੰਤ' 1942 ਵਿਚ ਰਿਲੀਜ਼ ਹੋਈ ਸੀ। ਇਸ ਤੋਂ ਬਾਅਦ ਉਸ ਨੇ ਮੁਮਤਾਜ ਮਹਿਲ, ਧੰਨਾ ਭਗਤ, ਪੁਜਾਰੀ, ਫੂਲਵਾੜੀ ਅਤੇ ਰਾਜਪੂਤਾਨੀ ਫਿਲਮਾਂ ਵਿਚ ਬਾਲ ਕਲਾਕਾਰ ਵਜੋਂ ਕੰਮ ਕੀਤਾ। 1947 ਵਿਚ ਆਈ ਫਿਲਮ 'ਨੀਲ ਕਮਲ' ਵਿਚ ਬਤੌਰ ਹੀਰੋਇਨ ਉਹਦੀ ਪਹਿਲੀ ਫਿਲਮ ਸੀ। ਉਸ ਵੇਲੇ ਉਸ ਦੀ ਉਮਰ ਮਹਿਜ਼ 14 ਵਰ੍ਹਿਆਂ ਸੀ। ਇਹ ਫਿਲਮ ਬਾਕਸ ਆਫ਼ਿਸ 'ਤੇ ਬਹੁਤਾ ਕ੍ਰਿਸ਼ਮਾ ਤਾਂ ਨਹੀਂ ਵਿਖਾ ਸਕੀ, ਪਰ ਇਸ ਫਿਲਮ ਵਿਚ ਮਧੂਬਾਲਾ ਦੀ ਅਦਾਕਾਰੀ ਤੋਂ ਸਪਸ਼ਟ ਹੋ ਗਿਆ ਕਿ ਉਹ ਆਉਣ ਵਾਲੇ ਸਾਲਾਂ ਵਿਚ ਫਿਲਮ ਜਗਤ ਵਿਚ ਆਪਣੀਆਂ ਨਿਵੇਕਲੀਆਂ ਪੈੜਾਂ ਜ਼ਰੂਰ ਪਾਵੇਗੀ। ਇਸ ਫਿਲਮ ਵਿਚ ਉਸ ਦਾ ਹੀਰੋ ਰਾਜ ਕਪੂਰ ਸੀ। ਇਸ ਤੋਂ ਬਾਅਦ ਫਿਲਮਸਾਜ਼ ਕਮਾਲ ਅਮਰੋਹੀ ਦੀ ਫਿਲਮ 'ਮਹਿਲ' ਜੋ 1949 ਵਿਚ ਰਿਲੀਜ਼ ਹੋਈ ਸੀ, ਨਾਲ ਉਹਨੇ ਆਪਣੇ ਬਾਰੇ ਹੋਈ ਇਹ ਭਵਿੱਖਵਾਣੀ ਸੱਚ ਕਰ ਵਿਖਾਈ। ਹਰ ਪਾਸੇ ਉਹਦੀ ਅਦਾ ਅਤੇ ਅਦਾਕਾਰੀ ਦਾ ਡੰਕਾ ਵੱਜ ਗਿਆ। 'ਮੁਗਲ-ਏ-ਆਜ਼ਮ' ਵਰਗੀ ਫਿਲਮ ਨਾਲ ਉਸ ਨੇ ਫਿਲਮੀ ਦੁਨੀਆਂ ਵਿਚ ਸਿਖਰਾਂ ਛੋਹੀਆਂ। ਫਿਲਮਸਾਜ਼ ਕੇ. ਆਸਿਫ਼ ਦੀ ਇਹ ਫਿਲਮ 1960 ਵਿਚ ਆਈ ਸੀ ਅਤੇ ਇਸ ਵਿਚ ਮਧੂਬਾਲਾ ਨੇ ਅਨਾਰਕਲੀ ਦਾ ਕਿਰਦਾਰ ਨਿਭਾਇਆ ਸੀ। ਇਸ ਅਦਾਕਾਰੀ ਬਦਲੇ ਮਧੂਬਾਲਾ ਦਾ ਨਾਂ ਫਿਲਮਫੇਅਰ ਐਵਾਰਡ ਲਈ ਸਰਵੋਤਮ ਅਦਾਕਾਰਾ ਵਜੋਂ ਨਾਮਜ਼ਦ ਹੋਇਆ ਸੀ।



*ਅਦਾਕਾਰਾ ਮਧੂਬਾਲਾ ਦਾ ਇਕ ਅੰਦਾਜ਼।*

ਮਧੂਬਾਲਾ ਦੀ ਆਖਰੀ ਫਿਲਮ 'ਸ਼ਰਾਬੀ' ਸੀ ਜੋ 1964 ਵਿਚ ਰਿਲੀਜ਼ ਹੋਈ। ਸਿਰਫ 36 ਵਰ੍ਹਿਆਂ ਦੀ ਉਮਰ ਵਿਚ 23 ਫਰਵਰੀ 1969 ਨੂੰ ਇਸ ਖੂਬਸੂਰਤ ਅਦਾਕਾਰਾ ਦੀ ਮੌਤ ਹੋ ਗਈ। ਮੀਨਾ ਕੁਮਾਰੀ ਤੇ ਨਰਗਿਸ ਵਰਗੀਆਂ ਅਦਾਕਾਰਾਵਾਂ ਉਸ ਦੀਆਂ ਸਮਕਾਲੀ ਸਨ। ਉਹਦੀਆਂ ਯਾਦਗਾਰੀ ਫਿਲਮਾਂ ਵਿਚ ਮਹਿਲ, ਅਮਰ, ਮਿਸਟਰ ਐਂਡ ਮਿਸੇਜ਼, ਚਲਤੀ ਕਾ ਨਾਮ ਗਾੜੀ, ਮੁਗਲ-ਏ-ਆਜ਼ਮ ਅਤੇ ਬਰਸਾਤ ਕੀ ਰਾਤ ਹਨ। ਮਧੂਬਾਲਾ ਦੀ ਫਿਲਮ 'ਜਵਾਲਾ' ਉਹਦੀ ਮੌਤ ਤੋਂ ਬਆਦ 1971 ਵਿਚ ਰਿਲੀਜ਼ ਹੋਈ। ਇਹ ਭਾਵੇਂ 1950ਵਿਆਂ 'ਚ ਬਣੀ ਸੀ, ਪਰ ਕੁਝ ਕਾਰਨਾਂ ਕਰ ਕੇ ਪਰਦੇ ਤੱਕ ਨਹੀਂ ਸੀ ਪੁੱਜ ਸਕੀ।



# ਰਿਮਾਂਡ ਹੋਮ ਦਾ ਸੱਚ 'ਬਲੈਕ ਹੋਮ'



*ਚਿਤਰਾਸ਼ੀ ਰਾਵਤ*

ਫਿਲਮਸਾਜ਼ ਅਸ਼ੀਸ਼ ਦਿਓ ਦੀ ਹਾਲ ਹੀ ਵਿਚ ਰਿਲੀਜ਼ ਹੋਈ ਫਿਲਮ 'ਬਲੈਕ ਹੋਮ' ਵਿਚ ਭਾਰਤ ਦੇ ਰਿਮਾਂਡ ਹੋਮਜ਼ ਦਾ ਕੱਚਾ ਚਿੱਠਾ ਖੋਲ੍ਹਿਆ ਗਿਆ ਹੈ। ਫਿਲਮ ਵਿਚ ਜਿਹੜੇ ਤੱਥ ਪੇਸ਼ ਕੀਤੇ ਗਏ ਹਨ, ਉਹ ਵੇਖਦਿਆਂ-ਸੁਣਦਿਆਂ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ। ਇਸ ਫਿਲਮ ਵਿਚ ਮੁੱਖ ਭੂਮਿਕਾ ਅਦਾਕਾਰਾ ਚਿਤਰਾਸ਼ੀ ਰਾਵਤ ਨੇ ਨਿਭਾਈ ਹੈ ਜਿਸ ਨੇ ਆਪਣਾ ਫਿਲਮੀ ਕਰੀਅਰ 2007 ਵਿਚ ਫਿਲਮ 'ਚੱਕ ਦੇ ਇੰਡੀਆ' ਨਾਲ ਸ਼ੁਰੂ ਕੀਤਾ ਸੀ। 'ਚੱਕ ਦੇ ਇੰਡੀਆ' ਵਿਚ ਉਸ ਨੇ ਕੋਮਲ ਚੌਟਾਲਾ ਨਾਂ ਦਾ ਰੋਲ ਨਿਭਾਇਆ ਸੀ। ਉਹ ਖੁਦ ਵੀ ਹਾਕੀ ਖਿਡਾਰੀ ਰਹੀ ਹੈ। ਉਹ ਕਿਸੇ ਵੇਲੇ ਉਤਰਾਖੰਡ ਸਟੇਟ ਵਲੋਂ ਖੇਡਦੀ ਹੁੰਦੀ ਸੀ। ਫਿਲਮ 'ਬਲੈਕ ਹੋਮ' ਵਿਚ ਚਿਤਰਾਸ਼ੀ ਤੋਂ ਇਲਾਵਾ ਅਸ਼ੂਤੋਸ਼ ਰਾਣਾ, ਮੁਰਲੀ ਸ਼ਰਮਾ ਅਤੇ ਅਚਿੰਤ ਕੌਰ ਨੇ ਅਹਿਮ ਤੇ ਜਾਨਦਾਰ ਭੂਮਿਕਾਵਾਂ ਨਿਭਾਈਆਂ ਹਨ। ਇਸ ਫਿਲਮ ਵਿਚ ਰਿਮਾਂਡ ਹੋਮ ਵਿਚ ਭੇਜੀਆਂ ਜਾਂਦੀਆਂ ਕੁੜੀਆਂ ਨਾਲ ਜੋ ਕੁਝ ਵਾਪਰਦਾ ਹੈ, ਉਸ ਬਾਰੇ ਸੱਚੀਆਂ ਕਹਾਣੀਆਂ ਬਿਆਨ ਕੀਤੀਆਂ ਗਈਆਂ ਹਨ। ਫਿਲਮ ਵਿਚ ਚਿਤਰਾਸ਼ੀ ਵਲੋਂ ਨਿਭਾਏ ਕਿਰਦਾਰ 'ਮਿਰਚੀ' ਨਾਲ ਉਹਨੇ ਇਨਸਾਫ਼ ਕੀਤਾ ਹੈ। ਇਸ ਫਿਲਮ ਤੋਂ ਬਾਅਦ ਸਗੋਂ ਚਿਤਰਾਸ਼ੀ ਦਾ ਨਾਂ 'ਮਿਰਚੀ' ਹੀ ਪੈ ਗਿਆ ਹੈ। ਚਿਤਰਾਸ਼ੀ ਮੁਤਾਬਕ ਉਹ ਫਿਲਮ ਵਿਚ ਨਾਇਕਾ ਬਣਨ ਦੀ ਦੌੜ ਵਿਚ ਕਦੇ ਨਹੀਂ ਪਈ। ਅੱਜ ਤੱਕ ਉਹਨੇ ਫਿਲਮ ਦੇ ਕਿਰਦਾਰ ਵੱਲ ਹੀ ਵਧੇਰੇ ਧਿਆਨ ਦਿੱਤਾ ਹੈ। ਇਸੇ ਕਰ ਕੇ ਉਹਦਾ ਨਿਭਾਇਆ ਹਰ ਕਿਰਦਾਰ ਯਾਦਗਾਰੀ ਹੋ ਨਿਬੜਿਆ ਹੈ।



*ਚਿਤਰਾਸ਼ੀ*



*ਅਚਿੰਤ ਕੌਰ*



*ਅਸ਼ੂੋਤਸ਼ ਰਾਣਾ*



*ਮੁਰਲੀ ਸ਼ਰਮਾ*


GLOBAL HAWK
PROPERTY & CASUALTY
INSURANCE COMPANY
GLOBAL HAWK INSURANCE CO. RRG
Are You a Young Driver or Have No Experience?
We've Got A Special Program For You!
You Will Be Offered Options If You're Having Difficulty Purchasing Truck Insurance, Currently Insured with California Assigned Risk Plan Finding it Hard to Comply With Their Paper Work & Inspection or Even If You Have A Negative Driving Record Then We Are Your Best Option, Call Us Today!
"From Truck Driving Expert To Insurance Industry Expert...Let Us Share Our Expertise With You!"
Call For The Best Insurance Options:
✓ Seasonal Haulers
✓ Local & 48 States
✓ Sand & Gravel
✓ Container Trucks
✓ Tow Trucks
✓ Owner Operators
✓ Trucking Co.(s)
✓ Dump Trucks
✓ Auto Haulers
Mono-line & Package policies & MUCH MORE!
ਕੀ ਤੁਸੀ ਟਰੱਕਿੰਗ ਦੇ ਬਿਜ਼ਨਸ ਚ ਨਵੇਂ ਨਵੇਂ ਡਰਾਈਵਰ ਹੋ?
ਕੋਈ ਗੱਲ ਨਹੀਂ ਜੇਕਰ ਤੁਹਾਡਾ ਡਰਾਈਵਿੰਗ ਰਿਕਾਰਡ ਵੀ ਮਾੜਾ ਹੈ
ਜੇਕਰ ਤੁਸੀਂ ਕੈਲੀਫੋਰਨੀਆ ਦੀ ਅਸਾਂਈਡ ਰਿਸਕ ਇਨਸ਼ੋਰੈਂਸ ਪਲੈਨ ਤੇ ਹੋ
ਅਤੇ ਤੁਹਾਨੂੰ ਪੇਪਰ ਵਰਕ ਅਤੇ ਇੰਸਪੈਕਸ਼ਨ ਕੰਮ ਬਹੁਤ ਔਖਾ ਲਗਦਾ ਹੈ
GLOBAL HAWK ਕੋਲ ਇਨਸ਼ੋਰੈਂਸ ਦੇ ਉਹ ਮਾਹਿਰ ਮੌਜੂਦ ਹਨ
ਜੋ ਤੁਹਾਨੂੰ ਫਿਕਸ ਅਤੇ ਅਸਾਨ ਵਿਕੱਲਪ ਦੇਣਗੇ
Marco Ext. 124
Brenda Ext. 215
Tiffany Ext. 167
Sarbjit Ext.508
Jessica Ext.220
(925)493-7500
www.ghins.com
Download our app "GHINS"
Google play
Available on the iPhone App Store

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans
Under One Roof

ਪਿਛਲੇ 27 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

We can sell your house in short sale at no cost to you.

Selling Homes from Gilroy to Sacramento, CA

Call us before visiting any model homes to save big time.





2506 Dry Creek Way
Stockton, CA 95206
4 Bedrooms, 2.5 Bathrooms
2 Car Garage
Area:1485 Sq. Ft.
Lot: 5,000 Sq. Ft.
Asking: $219,000




32535 Karen Ct.
Union City, CA 94587
Fully updated
4 Bedrooms, 2 Full Bath
2 Car Garage, 1463 sq ft
Award winning school
Asking: $710,000

Coming Soon

1643 Orleans Dr.,
San Jose, CA 95122
Updated 3 bedrooms
2 full bath, Separate
family room, 2 car garage
1283 sq ft living area
Asking: $559000



824 Gilchrist Dr. #4
San Jose, CA 95133
2 bedrooms, 1 bath
Parking: 231 sq ft
Area: 903 sq ft
Lot: 1483 sq ft
Asking: $325,000



240 Lloyd Ave.
Fremont, CA 94536
Fully Updated
4 Bedrooms, 2.5 Bathrooms
2 Car Garage
Area: 1880 sq ft
Asking: $849,000

JUST SOLD

1. 32535 Karen Ct. Union City, CA 94587
2. 2506 Dry Creek Way Stockton, CA 95206
3. 32469 Monterey Dr., Union City 94587
4. 129 Orchard Park Pl., Hayward, CA 94544
5. 31305 Meadowbrook Ave., Hayward, CA 94544
6. 6560 Rochelle Ave., Newark, CA 94560
7. 6092 Sunstone Dr., San Jose, CA 95123
8. 1087 N. Park Victoria, Milpitas, CA 95035
9. 839 Padova Dr., Gilroy, CA 95020

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes
from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



Jaswinder Gill M.Sc (PAU)
CA BRE# 00966763
Broker/Owner/Notary

Grand Master Award Winner
2012, 2013 & 2014

Commercial Unit
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
DHMS, Loan Broker
@ 510-207-9067
CA BRE Lic.#01180969
NMLS# 352095